**Reo-Bankowned Properties**
From Sanjose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY



**Hardeep S.Rai** Attorney-at-Law
ਇੰਮੀਗਰੇਸ਼ਨ ਵਕੀਲ
ਨੌਵੀਂ ਸਰਕਟ ਕੋਰਟ ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ਇਮੀਗ੍ਰੇਸ਼ਨ ਕੋਰਟ ਦੇ ਕੇਸ
ਡਿਪੋਰਟੇਸ਼ਨ ਦੇ ਕੇਸ ਫੈਮਿਲੀ ਪਟੀਸ਼ਨਾਂ ਲੇਬਰ ਦੇ ਕੇਸ ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO TEL: 415.693.9131 FAX: 415.693.9135
rai@hsrai.com www.hsrai.com
SAN JOSE TEL: 408.280.1111 FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication ਕੈਲੇਫੋਰਨੀਆ ਐਡੀਸ਼ਨ Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 33, August 15, 2009 20451 N Plum Grove Rd. Palatine, IL 60074 Ph:847-359-0746, Fax:847-705-9388




ਬਾਦਲ ਪਰਿਵਾਰ:ਸੋਮਵਾਰ ਨੂੰ ਪੰਜਾਬ ਰਾਜ ਭਵਨ ਵਿਚ ਅਹੁਦੇ ਦਾ ਹਲਫ ਲੈਣ ਪਿਛੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਪਣੇ ਪਿਤਾ ਸ. ਪ੍ਰਕਾਸ਼ ਸਿੰਘ ਬਾਦਲ, ਮਾਤਾ ਸੁਰਿੰਦਰ ਕੌਰ ਬਾਦਲ, ਪਤਨੀ ਹਰਸਿਮਰਤ ਕੌਰ ਐਮ ਪੀ ਅਤੇ ਬੱਚਿਆਂ ਨਾਲ

## ਪ੍ਰਵਾਸੀਆਂ ਨੂੰ ਫਾਹੁਣ ਲਈ ਨਵਾਂ ਜਾਲ

# ਪੰਜਾਬ ਸਰਕਾਰ ਵਲੋਂ ਪ੍ਰਵਾਸੀਆਂ ਬਾਰੇ ਜਾਣਕਾਰੀ ਇਕੱਤਰ ਕਰਨ ਦੇ ਹੁਕਮ

**ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਪੰਜਾਬ ਸਰਕਾਰ ਨੇ ਰਾਜ ਪ੍ਰਸ਼ਾਸਨ ਨੂੰ ਪੰਜਾਬੀ ਪ੍ਰਵਾਸੀਆਂ ਸੰਬੰਧੀ ਵਿਸਤ੍ਰਿਤ ਅੰਕੜੇ ਇਕੱਠੇ ਕਰਨ ਲਈ ਕਿਹਾ ਹੈ। ਲੰਘੀ 11 ਅਗਸਤ ਨੂੰ ਇਥੇ ਜਾਰੀ ਸਰਕਾਰੀ ਹੁਕਮਾਂ ਅਨੁਸਾਰ ਰਾਜ ਵਿਚੋਂ ਦੂਜੇ ਦੇਸ਼ਾਂ ਵਿਚ ਗਏ ਤਕਰੀਬਨ 20 ਲੱਖ ਪ੍ਰਵਾਸੀਆਂ ਸਬੰਧੀ ਵਿਸਤ੍ਰਿਤ ਅੰਕੜੇ ਇਕੱਠੇ ਕਰਨ ਲਈ ਵਿਸ਼ੇਸ਼ ਮਰਦਮਸ਼ੁਮਾਰੀ ਦੇ ਪੱਧਰ ਦਾ ਸਰਵੇਖਣ ਕਰਵਾਇਆ ਜਾਵੇਗਾ।

ਸਰਕਾਰ ਦਾ ਆਖਣਾ ਹੈ ਕਿ ਅਜਿਹਾ ਪ੍ਰਵਾਸੀ ਭਾਰਤੀਆਂ ਲਈ ਭਲਾਈ ਸਕੀਮਾਂ ਸ਼ੁਰੂ ਕਰਨ ਦੇ ਮਨਸ਼ੇ ਨਾਲ ਕੀਤਾ ਜਾ ਰਿਹਾ ਹੈ। ਪੰਜਾਬ ਦੇ ਉਪ ਮੁੱਖ ਮੰਤਰੀ ਸ਼੍ਰੀ ਸੁਖਬੀਰ ਸਿੰਘ ਬਾਦਲ, ਜੋ ਪੰਜਾਬ ਪ੍ਰਵਾਸੀ ਵਿਭਾਗ ਦੇ ਮੁਖੀ ਵੀ ਹਨ, ਨੇ ਜਾਰੀ ਇਕ ਹੁਕਮ ਵਿਚ ਰਾਜ ਦੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਹੈ ਕਿ ਘਰ ਘਰ ਜਾ ਕੇ ਪੰਜਾਬ ਵਿਚੋਂ ਪਰਦੇਸਾਂ ਵਿਚ ਗਏ ਲੋਕਾਂ ਸਬੰਧੀ ਅੰਕੜੇ ਇਕੱਤਰ ਕੀਤੇ ਜਾਣ ਤਾਂ ਕਿ ਪਰਦੇਸਾਂ ਵਿਚ ਵਸਦੇ ਪੰਜਾਬੀਆਂ ਸਬੰਧੀ ਵਿਸਤ੍ਰਿਤ ਡਾਟਾ ਬੈਂਕ ਤਿਆਰ ਕੀਤਾ ਜਾ ਸਕੇ।

ਇਕ ਸਰਕਾਰੀ ਅਧਿਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ ਵਲੋਂ ਇਹ ਹੁਕਮ ਐਨ.ਆਰ.ਆਈ. ਅਤੇ ਉਤਰੀ ਆਇਰਲੈਂਡ ਵਿਚ ਭਾਰਤ ਦੇ ਕੌਂਸਲਰ ਅਤੇ ਜੀ.ਓ.ਪੀ.ਆਈ.ਓ. ਇੰਟਰਨੈਸ਼ਨਲ ਦੇ ਪ੍ਰਧਾਨ ਲਾਰਡ ਰਾਣਾ ਨਾਲ ਗੱਲਬਾਤ ਤੋਂ ਬਾਅਦ ਜਾਰੀ ਕੀਤਾ ਗਿਆ। ਸੁਖਬੀਰ ਬਾਦਲ ਨੇ ਐਨ.ਆਰ.ਆਈ. ਮਾਮਲਿਆਂ ਬਾਰੇ ਕਮਿਸ਼ਨਰ ਸ਼੍ਰੀ ਗਗਨਦੀਪ ਸਿੰਘ ਬਰਾੜ ਨੂੰ ਜਾਰੀ ਕੀਤੇ ਇਕ ਹੁਕਮ ਵਿਚ ਕਿਹਾ ਹੈ ਕਿ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਜਾਵੇ ਕਿ ਘਰ ਘਰ ਜਾ ਕੇ ਪ੍ਰਵਾਸੀਆਂ ਸਬੰਧੀ ਵਿਸਤ੍ਰਿਤ ਜਾਣਕਾਰੀ ਇਕੱਤਰ ਕਰਨ ਅਤੇ ਜ਼ਿਲਾ ਪੱਧਰ 'ਤੇ ਇਸ ਸਬੰਧ ਵਿਚ ਮੁਕੰਮਲ ਜਾਣਕਾਰੀ ਦਾ ਇਕ ਭੰਡਾਰ ਇਕੱਤਰ ਕਰਨ। ਉਨ੍ਹਾਂ ਕਿਹਾ ਹੈ ਕਿ ਮਾਲ ਵਿਭਾਗ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ, ਪਟਵਾਰੀਆਂ ਸਮੇਤ ਪੇਂਡੂ ਖੇਤਰ ਵਿਚੋਂ ਇਹ ਜਾਣਕਾਰੀ ਇਕੱਤਰ ਕਰ ਸਕਦੇ ਹਨ। ਸ਼ਹਿਰੀ ਖੇਤਰਾਂ ਵਿਚ ਇਹ ਜ਼ਿੰਮੇਵਾਰੀ ਮਿਊਂਸਿਪਲ ਕਾਰਪੋਰੇਸ਼ਨਾਂ ਤੇ ਮਿਊਂਸਿਪਲ ਕੌਂਸਲਾਂ ਅਤੇ ਨਗਰ ਪੰਚਾਇਤਾਂ ਨੂੰ ਸੌਂਪੀ ਜਾ ਸਕਦੀ ਹੈ।

ਇਥੇ ਜ਼ਿਕਰਯੋਗ ਹੈ ਕਿ 2007 ਵਿਚ ਅਕਾਲੀ-ਭਾਜਪਾ ਵਲੋਂ ਪੰਜਾਬ ਵਿਚ ਸਰਕਾਰ ਬਣਾਉਣ ਤੋਂ ਪਿੱਛੋਂ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਪੰਜਾਬ ਦਾ ਮੁੱਖ ਮੰਤਰੀ ਬਣਨ ਤੋਂ ਬਾਅਦ ਵੀ ਇਕ ਵਾਰ ਪਰਦੇਸਾਂ ਵਿਚ ਵਸੇ ਪ੍ਰਵਾਸੀਆਂ ਨੂੰ ਲੁਭਾਉਣ ਲਈ ਪੰਜਾਬ ਸਰਕਾਰ ਨੇ ਵੱਡੀਆਂ ਕੋਸ਼ਿਸ਼ਾਂ ਕੀਤੀਆਂ ਸਨ। ਇਸ ਸਬੰਧ ਵਿਚ ਜਲੰਧਰ ਵਿਚ ਇਕ ਵਿਸ਼ਾਲ ਪ੍ਰਵਾਸੀ

(ਬਾਕੀ ਸਫਾ 6 ਉਤੇ)

# ਲਾਦੇਨ ਵਾਂਗ ਬੈਤੁੱਲਾ ਦੀ ਮੌਤ ਵੀ ਭੰਬਲਭੂਸਾ ਬਣੀ

**ਬਿੰਦਰ ਬਸਰਾ**

ਪਾਕਿਸਤਾਨ 'ਚ ਸਰਗਰਮ ਜਥੇਬੰਦੀ ਤਹਿਰੀਕ-ਏ-ਤਾਲਿਬਾਨ ਦੇ ਮੁਖੀ ਬੈਤੁੱਲਾ ਮਹਿਸੂਦ ਦੀ ਮੌਤ ਬਾਰੇ ਭੰਬਲਭੂਸਾ ਹਾਲੇ ਤੱਕ ਕਾਇਮ ਹੈ। ਪਾਕਿਸਤਾਨ ਸਰਕਾਰ ਜਿੱਥੇ ਬੈਤੁੱਲਾ ਦੇ ਮਾਰੇ ਜਾਣ ਦੇ ਦਾਅਵੇ ਕਰ ਰਹੀ ਹੈ, ਉਥੇ ਤਾਲਿਬਾਨੀ ਇਸ ਦਾ ਖੰਡਨ ਕਰਦੇ ਆ ਰਹੇ ਹਨ ਪਰ ਨਾ ਤਾਂ ਪਾਕਿਸਤਾਨ ਸਰਕਾਰ ਨੇ ਬੈਤੁੱਲਾ ਮਹਿਸੂਦ ਦੀ ਮੌਤ ਦੀ ਖ਼ਬਰ ਦੀ ਪੁਸ਼ਟੀ ਲਈ ਕੋਈ ਸਬੂਤ ਪੇਸ਼ ਕੀਤਾ ਹੈ ਅਤੇ ਨਾ ਹੀ ਤਾਲਿਬਾਨ ਨੇ ਆਪਣੇ ਆਗੂ ਦੇ ਜ਼ਿੰਦਾ ਹੋਣ ਦਾ ਪੁਖ਼ਤਾ ਸਬੂਤ ਦਿੱਤਾ ਹੈ। ਸਗੋਂ ਪਾਕਿਸਤਾਨ ਸਰਕਾਰ ਵਲੋਂ ਇਸ ਤੋਂ ਅਗਲੇ ਘਟਨਾਕ੍ਰਮ ਦੌਰਾਨ ਬੈਤੁੱਲਾ ਦੇ ਅਗਲੇ ਜਾਨਸ਼ੀਨਾਂ ਦੇ ਮਾਰੇ ਜਾਣ ਦੀਆਂ ਖਬਰਾਂ ਵੀ ਨਸ਼ਰ ਕੀਤੀਆਂ ਗਈਆਂ ਹਨ। ਅਹੁਦੇ ਨੂੰ ਲੈ ਕੇ ਜਥੇਬੰਦੀ ਦੇ ਬੁਲਾਰੇ ਹਕੀਮ-ਉਲਾ ਮਹਿਸੂਦ ਅਤੇ ਦੂਜੇ ਤਾਲਿਬਾਨ ਸੀਨੀਅਰ ਨੇਤਾ ਵਲੀ-ਉਰ-ਰਹਿਮਾਨ ਦਰਮਿਆਨ ਹੋਈ ਸ਼ੂਰਾ ਦੀ ਮੀਟਿੰਗ ਦੌਰਾਨ ਇਕ ਖੂਨੀ ਝੜਪ 'ਚ ਹਕੀਮ-ਉਲਾ ਦੇ ਮਾਰੇ ਜਾਣ ਦੀਆਂ ਖਬਰਾਂ ਛਪੀਆਂ ਹਨ। ਪਰ ਜਥੇਬੰਦੀ ਨੇ ਅਜਿਹੇ ਕਿਸੇ ਟਕਰਾਅ ਤੋਂ ਇਨਕਾਰ ਕੀਤਾ ਹੈ।

ਅਫਗਾਨਿਸਤਾਨ ਨਾਲ ਲੱਗਦੇ ਸਰਹੱਦੀ ਸੂਬੇ ਦਾ ਰਹਿਣ ਵਾਲਾ ਮਹਿਸੂਦ ਇਸ ਇਲਾਕੇ ਦਾ ਅਸਰਦਾਰ ਕੱਟੜਪੰਥੀ ਮੰਨਿਆ ਜਾਂਦਾ ਹੈ। ਮਹਿਸੂਦ ਨੇ ਪਿਛਲੇ ਦਿਨੀਂ ਕਈ ਤਾਲਿਬਾਨੀ ਸੰਗਠਨਾਂ ਨੂੰ ਮਿਲਾ ਕੇ ਤਾਲਿਬਾਨ-ਏ-ਪਾਕਿਸਤਾਨ ਨਾਂ ਦਾ ਸੰਗਠਨ ਬਣਾਇਆ ਸੀ। ਸਾਬਕਾ ਸੋਵੀਅਤ ਯੂਨੀਅਨ ਦੇ ਅਫਗਾਨਿਸਤਾਨ ਉਪਰ ਕਬਜ਼ੇ ਦੇ ਸਮੇਂ ਤੋਂ ਉਹ ਪਾਕਿਸਤਾਨ ਅਤੇ ਅਮਰੀਕਾ ਦੀ ਬਣਾਈ ਤਾਲਿਬਾਨੀ ਫੌਜ ਦਾ ਸਿਪਾਹ-ਸਲਾਰ ਸੀ। ਉਸ ਸਮੇਂ ਤੋਂ ਉਸ ਨੇ ਪਾਕਿਸਤਾਨੀ ਸਮਾਜ, ਸਰਕਾਰੀ ਮਸ਼ੀਨਰੀ ਅਤੇ ਫੌਜ 'ਚ ਚੰਗੀ ਥਾਂ ਬਣਾ ਲਈ ਸੀ। ਉਸ ਦੀ ਹਿੱਟ ਲਿਸਟ 'ਚ 10 ਸ਼ੀਆ ਨੇਤਾਵਾਂ ਦੇ ਨਾਂ ਵੀ ਸ਼ਾਮਲ ਹੋਣ ਦੀਆਂ ਖਬਰਾਂ ਸਨ।

ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ

(ਬਾਕੀ ਸਫਾ 6 ਉਤੇ)


Bank Owned/Foreclosed Homes
Central Valley Specialist



Your Dream House @ Right Price.
ਤੁਹਾਡੇ ਸੁਪਨਿਆਂ ਦਾ ਘਰ ਸਹੀ ਕੀਮਤ ਉਤੇ
Loan approvals with-in minutes.
Free List of homes available.
Manjit Gill
Real Estate/Loans
Dre#01524555
American Realty & Business Corp
2937 Veneman Ave, Suite B-150 Modesto CA
510-415-2368
209-524-4008
www.gillfinancial.com

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com


Law Offices Of Manpreet S. Gahra




*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

## ਭਾਰਤੀ ਇਨਕਲਾਬੀ ਅਜ਼ਾਦੀ ਲਹਿਰ ਦੇ ਲੋਕ-ਮਹਾਂਨਾਇਕ
## ਬਾਬਾ ਭਗਤ ਸਿੰਘ ਬਿਲਗਾ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਵਸਾਖਾ ਸਿੰਘ
## ਨੂੰ ਸਮਰਪਿਤ

# ਗਦਰੀ ਬਾਬਿਆਂ ਦਾ ਮੇਲਾ



ਬਾਬਾ ਵਸਾਖਾ ਸਿੰਘ



ਬਾਬਾ ਭਗਤ ਸਿੰਘ ਬਿਲਗਾ



ਬਾਬਾ ਸੋਹਣ ਸਿੰਘ ਭਕਨਾ

**22 ਅਗਸਤ, 2009 ਦਿਨ ਸਨਿਚਰਵਾਰ**
ਦੁਪਹਿਰ 1 ਵਜੇ ਤੋਂ ਸ਼ਾਮ 6 ਵਜੇ ਤੱਕ

ਸਥਾਨ:ਫ਼ਰਿਜ਼ਨੋ ਫੇਅਰ ਗਰਾਊਂਡਜ਼ ਹਾਲ
(ਇੰਡਸਟਰੀ ਕਮਰਸ ਬਿਲਡਿੰਗ)
1121 S. Chance Ave, Fresno

**ਮੁੱਖ ਮਹਿਮਾਨ:ਬਲਵਿੰਦਰ ਸਿੰਘ ਚਾਵਲਾ** (Ex-Head of political science Dept. **ਖਾਲਸਾ ਕਾਲਜ ਅੰਮ੍ਰਿਤਸਰ**)

ਲੋਕ-ਮਨਾਂ ਵਿਚ ਵਸੇ ਮਹਾਂ-ਨਾਇਕ, ਜੋ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਹਰਿਆਵਲ ਦਸਤਾ ਬਣ ਕੇ ਗੋਲੀਆਂ ਦਾ ਨਿਸ਼ਾਨਾ ਬਣ ਗਏ ਜਾਂ ਹੱਸ ਹੱਸ ਫਾਂਸੀ ਚੜ੍ਹ ਗਏ, ਸਮੇਂ ਦੇ ਹਾਕਮਾਂ ਦੀਆਂ ਜੇਲ੍ਹਾਂ ਦੇ ਤਸੀਹੇ-ਕੇਂਦਰਾਂ ਵਿਚ ਜ਼ੁਲਮ ਸਹਿੰਦੇ ਸਦਾ ਲਈ ਨਕਾਰਾ ਹੋ ਗਏ, ਜਲਾਵਤਨ ਹੋਏ, ਜਾਇਦਾਦਾਂ ਦੀ ਕੁਰਕੀ ਕਰਵਾ ਕੇ ਵੀ ਆਪਣੇ ਆਖਰੀ ਸਾਹ ਤੱਕ ਦੇਸ਼ ਦੀ ਸੰਪੂਰਨ ਆਜ਼ਾਦੀ ਲਈ ਲੜ੍ਹਦੇ ਰਹੇ, ਜੀਹਦਾ ਉਨ੍ਹਾਂ ਸੁਪਨਾ ਲਿਆ ਸੀ। ਆਜ਼ਾਦੀ ਤੋਂ ਬਾਅਦ ਉਨ੍ਹਾਂ ਦੀ ਕੁਰਬਾਨੀ ਨੂੰ ਅਣਗੌਲਿਆਂ ਕਰ ਦਿੱਤਾ ਗਿਆ ਪਰ ਜਦੋਂ ਜਾਗਰਿਤ ਲੋਕ ਮਹਾਂ-ਨਾਇਕਾਂ ਨੂੰ ਆਪਣੇ ਮਨਾਂ ਵਿਚ ਉਹ ਥਾਂ ਦਿੰਦੇ ਹਨ, ਜੀਹਦੇ ਉਹ ਹੱਕਦਾਰ ਹੁੰਦੇ ਹਨ, ਤਾਂ ਇਤਿਹਾਸ ਬਦਲਦਿਆਂ ਦੇਰ ਨਹੀਂ ਲਗਦੀ। ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ, ਫਰਿਜਨੋ, ਲੋਕ ਮਨਾਂ ਵਿਚ ਵਸੇ ਇਨ੍ਹਾਂ ਮਹਾਨ ਯੋਧਿਆਂ ਨੂੰ ਸਮਰਪਿਤ ਹੁੰਦੀ ਹੋਈ, ਜਾਗਰਿਤ ਲੋਕ ਮਨਾਂ ਨੂੰ ਵੀ ਲੱਖ ਲੱਖ ਪ੍ਰਣਾਮ ਕਰਦੀ ਹੈ।

**ਇਲਾਕਾ ਨਿਵਾਸੀਆਂ ਨੂੰ ਅਤੇ ਭਰਾਤਰੀ ਜਥੇਬੰਦੀਆਂ ਨੂੰ ਇਸ ਮੇਲੇ ਵਿਚ ਆਉਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।**
**ਦੇਸ਼ ਭਗਤਾਂ ਦੀ ਯਾਦ ਨੂੰ ਸਮਰਪਿਤ ਇਸ ਮੇਲੇ ਵਿਚ ਪਰਿਵਾਰਾਂ ਸਮੇਤ ਆ ਕੇ ਸ਼ਹੀਦਾਂ ਪ੍ਰਤੀ ਆਪਣਾ ਫਰਜ਼ ਪੂਰਾ ਕਰੋ।**

### ਪ੍ਰੋਗਰਾਮ ਦਾ ਵੇਰਵਾ

ਨਾਟਕ: ਸਕਿੱਟ, ਉਪੇਰਾ, ਕੋਰੀਓਗ੍ਰਾਫੀ
ਲੋਕ ਗਾਇਕ: ਸੁਖਵੰਤ ਸੁੱਖੀ-ਬੱਬੂ ਗੁਰਪਾਲ,
ਧਰਮਵੀਰ ਥਾਂਦੀ-ਪ੍ਰੀਤਮ ਸੋਹੀ-ਰਾਜ ਬਰਾੜ
ਕਵੀਸ਼ਰੀ, ਗਿੱਧਾ, ਭੰਗੜਾ, ਮਲਵਈ ਗਿੱਧਾ
ਕਵੀ ਆਪਣੀਆਂ ਰਚਨਾਵਾਂ ਪੇਸ਼ ਕਰਨਗੇ

ਬੱਚਿਆਂ ਦੀਆਂ ਦਿਲਕਸ਼ ਆਈਟਮਾਂ
ਫੋਟੋ ਪ੍ਰਦਰਸ਼ਨੀ,
ਚਾਹ-ਪਾਣੀ ਅਤੇ ਲੰਗਰ ਦਾ ਪ੍ਰਬੰਧ
ਮੁਫਤ ਡਾਕਟਰੀ ਕੈਂਪ
ਸੰਸਥਾ ਦਾ ਮੈਗਜ਼ੀਨ ਮੁਫ਼ਤ ਵੰਡਿਆ ਜਾਵੇਗਾ

**Directions**
From 99 South, Exit at Ventura Ave. Go East. Ventura turns into Kings Canyon. Pass Chance Ave and Fairground entrance is on right side.

From 99 North, Exit at Chestnut Ave. Go North on Chestnut Ave. Make left at Kings Canyon Rd. Pass Maple Ave. Fairground entrance is on left side.

**Free Parking** ਮੁਫਤ ਪਾਰਕਿੰਗ

**ਪ੍ਰਬੰਧਕ ਕਮੇਟੀ:** ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ (ਪ੍ਰਧਾਨ), ਸਾਧੂ ਸਿੰਘ ਸੰਘਾ (ਮੀਤ ਪ੍ਰਧਾਨ), ਸੰਤੋਖ ਸਿੰਘ ਮਿਨਹਾਸ (ਜਨਰਲ ਸਕੱਤਰ), ਪਾਲ ਧਾਲੀਵਾਲ (ਸਹਾਇਕ ਸਕੱਤਰ), ਰਜਿੰਦਰ ਬਰਾੜ ਵੈਰੋਕੇ (ਵਿੱਤ ਸਕੱਤਰ), ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਨਿਰਮਲ ਗਿੱਲ, ਗੁਰਨੇਕ ਸਿੰਘ ਰਾਏ, ਰਣਜੀਤ ਗਿੱਲ, ਪਸ਼ੌਰਾ ਸਿੰਘ ਢਿੱਲੋਂ, ਹਰਪਾਲ ਸੰਧੂ, ਅਜੀਤਪਾਲ ਢਿੱਲੋਂ, ਹਾਕਮ ਸਿੰਘ ਢਿੱਲੋਂ, ਸਤਵੰਤ ਸਿੰਘ ਵਿਰਕ, ਪੁਸ਼ਪਿੰਦਰ ਕੁਮਾਰ, ਬਿਕਰਮ ਸਿੰਘ ਕਾਹਲੋਂ, ਸੁਲੱਖਣ ਸਿੰਘ ਗਿੱਲ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:(559) 707-2270, 283-6376, 457-8552, 942-6999**

# ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ (ਫਰਿਜ਼ਨੋ)

# ਇਤਿਹਾਸ ਨੂੰ ਨਿਰਪੱਖ ਹੋ ਕੇ ਵੇਖਣ ਦਾ ਮੌਕਾ ਦੇਵੇਗਾ ਨਾਟਕ 'ਗਦਰ ਐਕਸਪ੍ਰੈਸ'

**ਫਰੀਮਾਂਟ:** ਨਾਟਕ ਗਦਰ ਐਕਸਪ੍ਰੈਸ ਇਤਿਹਾਸ ਨੂੰ ਨਿਰਪੱਖ ਹੋ ਕੇ ਵੇਖਣ ਦਾ ਮੌਕਾ ਦੇਵੇਗਾ। ਇਹ ਵਿਚਾਰ ਇਸ ਨਾਟਕ ਦੇ ਲੇਖਕ ਅਤੇ ਨਿਰਦੇਸ਼ਕ ਉਘੇ ਨਾਟਕਾਰ ਡਾ. ਆਤਮਜੀਤ ਨੇ ਇਥੇ ਨਾਟਕ ਦੀ ਰਿਹਰਸਲ ਤੋਂ ਬਾਅਦ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਪ੍ਰਗਟਾਏ। ਡਾ. ਆਤਮਜੀਤ ਜੋ ਕਿ ਅਮਰਦੀਪ ਕਾਲਜ ਮੁਕੰਦਪੁਰ ਪ੍ਰਿੰਸੀਪਲ ਹਨ, ਇੰਡੀਆ ਤੋਂ ਆ ਕੇ ਪਿਛਲੇ ਇਕ ਹਫਤੇ ਤੋਂ ਸਹਿ ਨਿਰਦੇਸ਼ਕ ਸੁਰਿੰਦਰ ਸਿੰਘ ਧਨੋਆ ਅਤੇ ਪੰਜਾਬ ਲੋਕ ਰੰਗ ਮੰਚ ਦੇ ਕਲਾਕਾਰਾਂ ਨਾਲ ਇਸ ਨਾਟਕ ਦੀ ਤਿਆਰੀ ਕਰਵਾ ਰਹੇ ਹਨ।




ਡਾ. ਆਤਮਜੀਤ ਨੇ ਆਖਿਆ ਕਿ ਜਿਸ ਸ਼ਹਿਰ ਸੈਕਰਾਮੈਂਟੋ ਵਿਚ ਗਦਰ ਲਹਿਰ ਨੇ ਜਨਮ ਲਿਆ ਸੀ ਕਰੀਬ ਸੌ ਸਾਲ ਬਾਅਦ ਉਸੇ ਸ਼ਹਿਰ ਵਿਚ ਇਸ ਨਾਟਕ ਰਾਹੀਂ ਇਤਿਹਾਸ ਦੁਹਰਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਨਾਟਕ 22 ਅਗਸਤ ਨੂੰ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ ਵਲੋਂ ਕਰਵਾਈ ਜਾ ਰਹੀ ਪਹਿਲੀ ਗਦਰ ਯਾਦਗਾਰੀ ਪੰਜਾਬੀ ਕਾਨਫਰੰਸ ਦੇ ਮੌਕੇ ਸੈਕਰਾਮੈਂਟੋ ਵਿਚ ਖੇਡਿਆ ਜਾ ਰਿਹਾ ਹੈ।

ਪਿਛਲੇ ਚਾਰ ਦਹਾਕਿਆਂ ਤੋਂ ਨਾਟਕ ਰੰਗ-ਮੰਚ ਉਤੇ ਆਪਣੀ ਇਕ ਵੱਖਰੀ ਪਿਰਤ ਬਣਾ ਕੇ ਤੁਰਨ ਵਾਲੇ ਡਾ. ਆਤਮਜੀਤ ਨੇ ਨਾਟਕ ਬਾਰੇ ਆਖਿਆ ਕਿ ਗਦਰ ਲਹਿਰ ਉਪਰ ਲਿਖਿਆ ਗਿਆ ਇਹ ਪਹਿਲਾ ਅਜਿਹਾ ਨਾਟਕ ਹੈ ਜਿਸ ਵਿਚ ਗਦਰ ਲਹਿਰ ਦੇ ਲੀਡਰ ਅਤੇ ਸ਼ਹੀਦ ਹੋਏ ਬਹੁਤ ਸਾਰੇ ਵਿਅਕਤੀ ਇਕੋ ਵਾਰ ਪਾਤਰਾਂ ਦੇ ਰੂਪ ਵਿਚ ਸਟੇਜ ਉਤੇ ਦੇਖੇ ਜਾਣਗੇ। ਨਾਟਕ ਵਿਚ ਸ਼ਹੀਦ ਮੇਵਾ ਸਿੰਘ ਲੋਪੋਕੇ, ਕਾਸ਼ੀ ਰਾਮ, ਅਬਦੁੱਲਾ, ਹਰਨਾਮ ਸਿੰਘ ਅਤੇ ਕਿਚਲੂ ਵਰਗੇ ਸ਼ਹੀਦ ਖੁਦ ਆਪਣਾ ਇਤਿਹਾਸ ਸਟੇਜ ਉਤੇ ਦੱਸਣਗੇ ਜਦੋਂਕਿ ਜੋਧ ਸਿੰਘ ਅਤੇ ਰੁਕਮਣੀ ਵਰਗੇ ਘੱਟ ਜਾਣੇ ਜਾਂਦੇ ਪਾਤਰਾਂ ਧੂ ਪਾਉਣ ਵਾਲੇ ਜਜ਼ਬਾਤ ਨੂੰ ਇਹ ਨਾਟਕ ਉਭਾਰਦਾ ਹੈ। ਉਨ੍ਹਾਂ ਆਖਿਆ ਕਿ ਇਹ ਨਾਟਕ ਪੰਜਾਬੀ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਦੇ ਨਾਲ ਨਾਲ ਮਰਾਠਿਆਂ ਅਤੇ ਬੰਗਾਲੀਆਂ ਦਾ ਵੀ ਜ਼ਿਕਰ ਕਰਦਾ ਹੈ। ਨਾਟਕ ਉਨ੍ਹਾਂ ਦੁਖਦਾਈ ਘਟਨਾਵਾਂ ਦਾ ਵੀ ਜ਼ਿਕਰ ਕਰਦਾ ਹੈ ਜਿਨ੍ਹਾਂ ਨੂੰ ਤੱਕ ਕੇ ਸਾਨੂੰ ਸ਼ਰਮ ਆਵੇਗੀ। ਭਾਵੁਕ ਹੁੰਦਿਆਂ ਡਾ. ਆਤਮਜੀਤ ਨੇ ਕਿਹਾ ਕਿ ਜੋ ਲੋਕ ਭਾਰਤ ਦੀ ਆਜ਼ਾਦੀ ਦੀਆਂ ਲਹਿਰਾਂ ਅਤੇ ਇਨ੍ਹਾਂ ਦੇ ਨਾਇਕਾਂ ਨੂੰ ਪਿਆਰ ਕਰਦੇ ਹਨ, ਉਨ੍ਹਾਂ ਸਭਨਾਂ ਨੂੰ ਇਹ ਨਾਟਕ ਆਪਣੇ ਪਰਿਵਾਰਾਂ ਸਹਿਤ ਦੇਖਣਾ ਚਾਹੀਦਾ ਹੈ।

ਉਧਰ ਗਦਰ ਮੈਮੋਰੀਅਲ ਫਾਊਂਡੇਸ਼ਨ ਵਲੋਂ ਗਦਰ ਪੰਜਾਬੀ ਕਾਨਫਰੰਸ ਲਈ ਤਿਆਰੀਆਂ ਨੂੰ ਅੰਤਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਪ੍ਰੋਗਰਾਮ ਸੈਕਰਾਮੈਂਟੋ ਦੇ ਸੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਆਰਟਸ ਸੈਂਟਰ ਵਿਚ ਹੋ ਰਿਹਾ ਹੈ। ਪ੍ਰੋਗਰਾਮ ਲਈ ਦਾਖਲਾ ਅਤੇ ਪਾਰਕਿੰਗ ਮੁਫਤ ਹੈ।

# ਬਲਵੰਤ ਸਿੰਘ ਦੀ ਫਾਂਸੀ ਕੁਝ ਸਮੇਂ ਲਈ ਟਲੀ

**ਚੰਡੀਗੜ੍ਹ :** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ 'ਚ ਮੌਤ ਦੀ ਸਜ਼ਾ ਦੀ ਉਡੀਕ ਕਰ ਰਹੇ ਬਲਵੰਤ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਮੁੱਖ ਅਪੀਲਾਂ ਨਾਲ ਕਰਨ ਦੇ ਹੁਕਮ ਜਾਰੀ ਕੀਤੇ ਹਨ।



ਬਲਵੰਤ ਸਿੰਘ

ਜਸਟਿਸ ਕੇ.ਐਸ. ਗਰੇਵਾਲ 'ਤੇ ਆਧਾਰਤ ਡਵੀਜ਼ਨ ਬੈਂਚ ਨੇ ਕਿਹਾ ਕਿ ਹੱਤਿਆ ਦੇ ਮਾਮਲੇ 'ਚ ਮੌਤ ਦੀ ਸਜ਼ਾ ਪਾਉਣ ਵਾਲੇ ਮੁਜ਼ਰਮਾਂ ਦੀਆਂ ਅਪੀਲਾਂ ਜਾਂ ਅਰਜ਼ੀਆਂ ਅਲੱਗ-ਅਲੱਗ ਸੁਣੀਆਂ ਜਾ ਸਕਦੀਆਂ ਹਨ। ਬੈਂਚ ਨੇ ਬਲਵੰਤ ਸਿੰਘ ਨੂੰ ਅਦਾਲਤ ਵਲੋਂ ਮੁਫਤ ਵਕੀਲ ਦੇਣ ਦੇ ਹੁਕਮਾਂ ਨਾਲ ਐਸ.ਐਸ. ਦੀਨਾਰਪੁਰ ਨੂੰ ਉਨ੍ਹਾਂ ਦਾ ਵਕੀਲ ਨਿਯੁਕਤ ਕੀਤਾ ਅਤੇ ਮਾਮਲੇ ਦੀ ਸੁਣਵਾਈ 20 ਅਕਤੂਬਰ ਲਈ ਮੁਲਤਵੀ ਕਰ ਦਿੱਤੀ।

ਜ਼ਿਕਰਯੋਗ ਹੈ ਕਿ ਬਲਵੰਤ ਸਿੰਘ ਨਾਮੀ ਇਸ ਸਿੱਖ ਖਾੜਕੂ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਸਹੀ ਮੰਨਦੇ ਹੋਏ ਉੱਚ ਅਦਾਲਤ 'ਚ ਉਸ ਨੂੰ ਫਾਂਸੀ ਜਲਦ ਤੋਂ ਜਲਦ ਦੇਣ ਦੀ ਬੇਨਤੀ ਕੀਤੀ ਸੀ। ਪਰ ਹਾਈਕੋਰਟ ਨੇ ਹਾਲ ਦੀ ਘੜੀ ਉਸ ਨੂੰ ਦਿੱਤੀ ਜਾਣ ਵਾਲੀ ਫਾਂਸੀ ਦੀ ਸਜ਼ਾ ਅਪੀਲਾਂ ਦੇ ਫੈਸਲੇ ਤੱਕ ਟਾਲ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਅਗਸਤ 1995 ਵਿਚ ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਨੂੰ ਪੰਜਾਬ ਸਕੱਤਰੇਤ ਦੇ ਐਨ ਸਾਹਮਣੇ ਬੰਬ ਧਮਾਕੇ ਵਿਚ ਮਾਰ ਦਿੱਤਾ ਗਿਆ ਸੀ।

*www.punjabtimesusa.com*


PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
• ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538



# ਫਾਰਮਰਜ਼ ਇੰਸ਼ੋਰੈਂਸ

*Auto*Home*Life*Business
*Workers Comp.

*Farmers offers more discounts than anybody else.*

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

*Call me today to insure that your assets are protected.*

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

**Kiran Hundal**
**(209)345-0183**
khundal@farmersagent.com
CA insurance License # 0F96503

**1900 Standiford Ave.**
**Modesto, Ca 95350**

FARMERS INSURANCE GROUP
Symbol of Superior Service
FARMERS

*ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜੂਰਸ਼ੁਦਾ ਹੈ।*





ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ

**Truck Insurance at very competitive rates.**

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ



# Real Estate and Home Loans

**For buying or selling your home**

**Call Aman Hundal at: 209-918-6464**

**Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.**

**ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ**

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

Century 21
M&M and Associates

*ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।*

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com

# ਗੁਰਦੁਆਰਾ ਸੈਨ ਹੋਜ਼ੇ ਦੇ ਸਾਬਕਾ ਸਕੱਤਰ ਨੂੰ ਔਖੇ ਸਵਾਲ ਦਾ ਸਾਹਮਣਾ

**ਸੈਨ ਹੋਜ਼ੇ:** ਗੁਰਦੁਆਰਾ ਸੈਨ ਹੋਜ਼ੇ ਦੇ ਸਾਬਕਾ ਸੈਕਟਰੀ ਅਤੇ ਮੌਜੂਦਾ ਪ੍ਰਬੰਧ ਵਿਚ ਵਿਰੋਧੀ ਧਿਰ ਦੇ ਆਗੂ ਸ. ਜਸਵੰਤ ਸਿੰਘ ਹੋਠੀ ਲਈ ਉਸ ਸਮੇਂ ਕਸੂਤੀ ਸਥਿਤੀ ਬਣੀ ਜਦੋਂ ਜਨਰਲ ਸਕੱਤਰ ਸ. ਭੁਪਿੰਦਰ ਸਿੰਘ ਢਿੱਲੋਂ ਨੇ ਸੰਗਤ ਦੀ ਖੁੱਲ੍ਹੀ ਮੀਟਿੰਗ 'ਚ ਪਹਿਲੀਆਂ ਬਣੀਆਂ ਤਿੰਨ ਬਿਲਡਿੰਗਾਂ ਦਾ ਹਿਸਾਬ ਕਿਤਾਬ ਮੰਗਿਆ। ਯਾਦ ਰਹੇ ਸ. ਹੋਠੀ ਪਿਛਲੇ ਸਾਲ ਅਗਸਤ ਮਹੀਨੇ ਤੱਕ ਕਈ ਵਰ੍ਹਿਆਂ ਤੋਂ ਜਨਰਲ ਸੈਕਟਰੀ ਦੀ ਸੇਵਾ ਨਿਭਾਉਂਦੇ ਆ ਰਹੇ ਸਨ ਅਤੇ ਭਾਈ ਢਿੱਲੋਂ ਅਨੁਸਾਰ ਸਾਰਾ ਹਿਸਾਬ ਕਿਤਾਬ ਇਨ੍ਹਾਂ ਦੇ ਹੀ ਕੋਲ ਹੈ। ਪ੍ਰਬੰਧਕ ਕਮੇਟੀ ਨੇ ਤਕਰੀਬਨ 6 ਮਹੀਨੇ ਪਹਿਲਾਂ ਇਸੇ ਹਿਸਾਬ ਕਿਤਾਬ ਦੀ ਮੰਗ ਕੀਤੀ ਸੀ ਪਰ ਅਜੇ ਤੱਕ ਸ. ਹੋਠੀ ਨੇ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਕੋਈ ਵੀ ਹਿਸਾਬ ਕਿਤਾਬ ਨਹੀਂ ਦਿੱਤਾ ਹੈ। ਹੁਣ ਆਡਿਟ ਕਮੇਟੀ ਇਸੇ ਹੀ ਹਿਸਾਬ ਕਿਤਾਬ ਦੀ ਮੰਗ ਕਰ ਰਹੀ ਹੈ ਪਰ ਸ. ਹੋਠੀ ਦੇ ਟਾਲ ਮਟੋਲ ਵਾਲੇ ਰਵੱਈਏ ਕਰਕੇ ਆਡਿਟ ਕਮੇਟੀ ਦੇ ਚਲ ਰਹੇ ਕੰਮ 'ਚ ਵੀ ਦੇਰੀ ਹੋ ਸਕਦੀ ਹੈ।

ਪ੍ਰਬੰਧਕਾਂ ਦੀ ਤਰਫੋਂ ਸੈਨ ਹੋਜ਼ੇ ਗੁਰਦੁਆਰਾ ਮੀਡੀਆ ਕਮੇਟੀ ਵਲੋਂ ਜਾਰੀ ਬਿਆਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਦੋ ਹਫਤੇ ਪਹਿਲਾਂ ਐਤਵਾਰ ਜਨਰਲ ਬਾਡੀ ਦੀ ਮੀਟਿੰਗ 'ਚ ਵਿਰੋਧੀ ਧਿਰ ਦੇ ਕਿਸੇ ਵੀ ਮੈਂਬਰ ਨੇ ਪਹਿਲੀਆਂ ਬਣੀਆਂ ਤਿੰਨ ਬਿਲਡਿੰਗਾਂ ਦੇ ਹਿਸਾਬ-ਕਿਤਾਬ ਦੀ ਕੋਈ ਵੀ ਗੱਲ ਨਹੀਂ ਕੀਤੀ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਇਸ ਹਿਸਾਬ-ਕਿਤਾਬ ਦਾ ਜ਼ਿੰਮੇਵਾਰ ਸ. ਹੋਠੀ ਹੀ ਹੈ। ਵਿਰੋਧੀ ਧਿਰ ਦੇ ਇੱਕ ਹੋਰ ਮੈਂਬਰ ਜੋ ਗੁਰੂ ਘਰ ਨੂੰ ਮਾਇਆ ਨਾ ਦੇਣ ਲਈ ਸਾਧ ਸੰਗਤ ਨੂੰ ਫੋਨ ਅਤੇ ਈ ਮੇਲਾਂ ਕਰਦਾ ਰਿਹਾ, ਨੇ ਵੀ ਆਪਣੀ ਨੋਕਾ-ਟੋਕੀ ਜਾਰੀ ਰੱਖੀ ਪਰ ਅਖੀਰ ਜਦੋਂ ਭੁਪਿੰਦਰ ਸਿੰਘ ਢਿੱਲੋਂ ਨੇ ਸਟੇਜ ਤੋਂ ਉਸ ਦਾ ਝੂਠ ਨੰਗਾ ਕੀਤਾ ਤਾਂ ਬੜੀ ਸ਼ਰਮ ਨਾਲ ਨਿਮੋਝੂਣਾ ਹੋ ਕੇ ਬਹਿਣਾ ਪਿਆ। ਇੱਕ ਹੋਰ ਸਵਾਲ ਬਖਸ਼ੀਸ਼ ਸਿੰਘ ਚਾਹਲ ਨੇ ਕੀਤਾ ਸੀ ਜਿਸ ਵਿਚ ਉਸਨੇ ਲੜਾਈ ਦੇ ਮੈਦਾਨ ਵਿਚ ਜਨਰਲ ਦੀ ਮਿਸਾਲ ਦਿੱਤੀ ਸੀ, ਉਸਦਾ ਉਤਰ ਦਿੰਦਿਆ ਭਾਈ ਢਿੱਲੋਂ ਨੇ ਕਿਹਾ ਕਿ ਅਸੀਂ ਸੰਗਤ ਦੇ ਸਹਿਯੋਗ ਨਾਲ ਗੁਰੂ ਨਾਨਕ ਦਾ ਦਰਬਾਰ ਬਣਾ ਰਹੇ ਹਾਂ, ਇਹ ਕੋਈ ਮੈਦਾਨੇ ਜੰਗ ਜਾਂ ਕੋਈ ਲੜਾਈ ਦਾ ਮੈਦਾਨ ਨਹੀ ਹੈ। ਗੁਰੂ ਘਰ ਦੇ ਮੁਖ ਸੇਵਾਦਾਰ ਭਾਈ ਹਰਦੇਵ ਸਿੰਘ ਤੱਖਰ ਨੇ ਵੀ ਸ. ਜਸਵੰਤ ਸਿੰਘ ਹੋਠੀ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਪਹਿਲੇ ਫੇਸ ਦਾ ਹਿਸਾਬ-ਕਿਤਾਬ ਜਲਦੀ ਦਿੱਤਾ ਜਾਵੇ ਤਾਂ ਕਿ ਆਡਿਟ ਕਮੇਟੀ ਸਮੇਂ ਸਿਰ ਆਪਣਾ ਕੰਮ ਸੰਪੂਰਨ ਕਰ ਸਕੇ।

ਇਕ ਹੋਰ ਬਿਆਨ ਵਿਚ ਅਡਿਟ ਕਮੇਟੀ ਨੇ ਪਿਛਲੇ ਹਫਤੇ ਬੇ-ਏਰੀਆ ਤੋਂ ਛਪਦੇ ਇੱਕ ਅਖਬਾਰ ਵਿਚ ਛਪੀ ਖ਼ਬਰ ਦੇ ਹਵਾਲੇ ਨਾਲ ਕਿਹਾ ਕਿ ਇਸ ਨੇ ਅਜਿਹਾ ਕੋਈ ਬਿਆਨ ਨਹੀਂ ਦਿੱਤਾ ਜਿਸ ਵਿਚ ਕਿਹਾ ਹੋਵੇ ਕਿ ਮੌਜੂਦਾ ਕਮੇਟੀ ਅਡਿਟ ਕਮੇਟੀ ਨੂੰ ਕੋਈ ਪੇਪਰ ਨਹੀਂ ਦੇ ਰਹੀ। ਆਡਿਟ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਮੌਜੂਦਾ ਕਮੇਟੀ ਸਾਨੂੰ ਪੂਰਾ ਸਹਿਯੋਗ ਦੇ ਰਹੀ ਹੈ ਅਤੇ ਸੰਗਤ ਇਸ ਤਰਾਂ ਦੇ ਕਿਸੇ ਵੀ ਗੁੰਮਰਾਹਕੁਨ ਬਿਆਨਬਾਜ਼ੀ ਤੇ ਵਿਸ਼ਵਾਸ ਨਾ ਕਰੇ।





*ਹੇਵਰਡ:ਬੰਦਾ ਸਿੰਘ ਬਹਾਦਰ ਫੁਟਬਾਲ ਕਲੱਬ ਵਲੋਂ ਇਥੇ ਆਪਣਾ ਦੂਜਾ ਸਾਲਾਨਾ ਸੌਕਰ ਟੂਰਨਾਮੈਂਟ ਬੀਤੇ ਦਿਨੀਂ ਕਰਵਾਇਆ ਗਿਆ ਜਿਸ ਵਿਚ ਸੱਤ ਟੀਮਾਂ ਸ਼ਾਮਲ ਹੋਈਆਂ। ਪਹਿਲਾ ਇਨਾਮ ਗੁਰੂ ਨਾਨਕ ਫੁਟਬਾਲ ਕਲੱਬ (ਪੀਲੇ ਰੰਗ ਦੀ ਜਰਸੀ) ਨੇ ਜਿੱਤਿਆ ਅਤੇ ਦੂਜਾ ਬੰਦਾ ਸਿੰਘ ਬਹਾਦਰ ਫੁਟਬਾਲ ਕਲੱਬ ਦੇ ਹਿੱਸੇ ਆਇਆ। ਇਸ ਟੂਰਨਾਮੈਂਟ ਨੂੰ ਕਾਮਯਾਬ ਕਰਨ ਵਿਚ ਸ਼ਮਸ਼ੇਰ ਸਿੰਘ ਵੜੈਚ, ਮਨਵਿੰਦਰ ਸਿੰਘ ਢੀਂਡਸਾ, ਤਰਲੋਚਨ ਸਿੰਘ ਮੁਸਿਆਣਾ, ਜਸਵਿੰਦਰ ਸਿੰਘ ਧਾਲੀਵਾਲ ਤੇ ਸੋਨੀ ਬੱਲ ਨੇ ਭਰਵੀਂ ਮਿਹਨਤ ਕੀਤੀ।*

# 5 ਹੋਰ ਜ਼ਿੰਦਗੀਆਂ ਨਿਗਲ ਗਿਆ ਸਵਾਈਨ ਫਲੂ

**ਮੁੰਬਈ:** ਸਵਾਈਨ ਫਲੂ ਨਾਲ ਮੌਤਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਲੰਘੀ 11 ਅਗਸਤ ਨੂੰ ਇਸ ਨੇ 5 ਹੋਰ ਜ਼ਿੰਦਗੀਆਂ ਨਿਗਲ ਲਈਆਂ, ਜਿਨ੍ਹਾਂ ਵਿਚ 2 ਕੁੜੀਆਂ ਤੇ ਇਕ 63 ਸਾਲਾ ਔਰਤ ਵੀ ਸ਼ਾਮਲ ਹਨ ਤੇ ਕੁਲ ਗਿਣਤੀ 12 'ਤੇ ਪਹੁੰਚ ਗਈ ਹੈ। ਦਿਨ ਸਮੇਂ ਉਕਤ 3 ਮੌਤਾਂ ਤੋਂ ਬਾਅਦ ਬੀਤੀ ਰਾਤ ਪੂਣੇ ਵਿਚ ਇਕ ਤੇ ਕੇਰਲਾ ਵਿਚ ਵੀ ਇਕ ਹੋਰ ਮੌਤ ਹੋ ਗਈ। ਹਰਿਆਣਾ ਵਿਚ ਮਹਾਮਾਰੀ ਐਕਟ ਲਾਗੂ ਕਰ ਦਿੱਤਾ ਗਿਆ ਹੈ।

ਜਲੰਧਰ ਤੋਂ ਖਬਰ ਹੈ ਕਿ ਵਿਸ਼ਵ ਭਰ ਵਿਚ ਫੈਲੇ ਸਵਾਈਨ ਫਲੂ ਦੇ ਲੱਛਣਾਂ ਕਾਰਨ ਇਕ ਵਿਅਕਤੀ ਨੂੰ ਸਿਵਲ ਹਸਪਤਾਲ ਵਿਚ ਦਾਖਲ ਕੀਤਾ ਗਿਆ ਹੈ। ਸਿਹਤ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਵਿਅਕਤੀ ਸੁਖਵਿੰਦਰ ਸਿੰਘ ਫਰਾਂਸ 'ਚ ਰਹਿੰਦਾ ਹੈ ਤੇ 4 ਅਗਸਤ ਨੂੰ ਜਲੰਧਰ ਪਹੁੰਚਿਆ ਸੀ। ਉਸ 'ਚ ਸਵਾਈਨ ਫਲੂ ਦੇ ਲੱਛਣ ਹੋਣ ਕਾਰਨ ਉਹ ਜਦ ਸਿਵਲ ਹਸਪਤਾਲ ਵਿਚ ਜਾਂਚ ਕਰਵਾਉਣ ਪਹੁੰਚਿਆ ਤਾਂ ਉਸ ਨੂੰ ਦਾਖ਼ਲ ਕਰ ਲਿਆ ਗਿਆ। ਅੰਮ੍ਰਿਤਸਰ ਵਿਚ ਦੁਬਈ ਤੋਂ ਆਏ ਜਸਵਿੰਦਰ ਕੁਮਾਰ (30) ਨੂੰ ਇਸ ਰੋਗ ਦੇ ਸ਼ੱਕ ਵਿਚ ਹਸਪਤਾਲ ਦਾਖ਼ਲ ਕਰਵਾਇਆ ਗਿਆ। ਜੰਮੂ-ਕਸ਼ਮੀਰ ਵਿਚ ਪੁਣੇ ਤੋਂ ਆਈ ਇਕ ਵਿਦਿਆਰਥਣ ਵਿਚ ਵੀ ਫਲੂ ਦੇ ਲੱਛਣ ਹਨ। ਉਸ ਨੂੰ ਵੀ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਹੈ। ਬੰਗਲੌਰ ਵਿਚ ਇਕ ਹੋਰ ਸਕੂਲ ਬੰਦ ਹੋ ਗਿਆ ਹੈ। ਪਹਿਲਾਂ 3 ਸਕੂਲ ਬੰਦ ਹੋ ਚੁੱਕੇ ਹਨ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਸਰਨਾ ਨੂੰ ਕਾਨੂੰਨੀ ਸ਼ਿਕੰਜੇ 'ਚ ਲੈਣ ਲਈ ਉਤਾਵਲੀ ਹੋਈ ਬਾਦਲ ਸਰਕਾਰ**

-ਦਿੱਲੀ 'ਚ ਬਾਦਲਾਂ ਨੂੰ ਚਨੇ ਚਬਾਉਣ ਵਾਲਾ ਸਰਨਾ ਈ ਐ। ਮਸਾਂ ਤੇ ਦਾੜ੍ਹ ਹੇਠਾਂ ਆਇਐ।

***ਮਰਜੂੰਗਾ ਪਰ ਕੁਰਸੀ ਨਹੀਂ ਛੱਡਾਂਗਾ-ਬੂਟਾ ਸਿੰਘ**

-ਤੁਹਾਡਾ 'ਕੱਲਿਆਂ ਦਾ ਨਹੀਂ ਹਰੇਕ ਭਾਰਤੀ ਲੀਡਰ ਦਾ ਇਹੋ ਈ ਮੋਟੋ ਐ। ਵੱਖਰੀ ਗੱਲ ਐ ਤੁਸੀਂ ਦੱਸ 'ਤਾ।

***ਸੀ.ਐਮ. ਸਾਹਿਬ! ਸ਼ਹੀਦ ਊਧਮ ਸਿੰਘ ਦੇ ਬੇਟੇ ਕਿੱਥੇ ਹਨ?**

-ਸੀ.ਐਮ. ਸਾਬ੍ਹ ਨੂੰ ਤੇ ਇੰਨਾ ਪਤੈ ਬਈ ਉਨ੍ਹਾਂ ਦਾ ਬੇਟਾ ਫਿਰ ਮੁੱਖ ਮੰਤਰੀ ਦੀ ਕੁਰਸੀ ਦੇ ਨੇੜੇ ਪਹੁੰਚ ਗਿਐ।

***ਵਿਆਨਾ 'ਚ ਸਿੱਖਾਂ 'ਤੇ ਤਸ਼ੱਦਦ ਬਾਰੇ ਰਿਪੋਰਟ ਨਹੀਂ ਮਿਲੀ-ਜਥੇਦਾਰ ਗੁਰਬਚਨ ਸਿੰਘ**

-ਜੇ ਮਿਲ ਜਾਂਦੀ ਉਹਦਾ ਹਸ਼ਰ ਵੀ ਤਾਂ ਉਹੀ ਹੋਣਾ ਸੀ ਜਿਹੜਾ ਪੰਜਾਬ ਵਾਲੀਆਂ ਰਿਪੋਰਟਾਂ ਦਾ ਹੁੰਦਾ।

***ਜ਼ਿੰਦਗੀ ਮੇਂ ਤੋ ਸਭੀ ਪਿਆਰ ਕੀਆ ਕਰਤੇ ਹੈਂ, ਮੈਂ ਤੋ ਮਰ ਕਰ ਭੀ ਮੇਰੀ ਜਾਨ ਤੁਝੇ ਚਾਹੂੰਗਾ-ਇਕ ਗ਼ਜ਼ਲ**

-ਯਾਨਿ ਕਿ ਭੂਤ ਬਣਕੇ ਤੰਗ ਕਰੇਂਗਾ।

***ਪੰਜਾਬ ਅਮਨ-ਅਮਾਨ ਨਾਲ ਖੁਸ਼ਹਾਲੀ ਵਲ ਵਧ ਰਿਹੈ**

-ਭੂੰ-ਮਾਫੀਆ, ਡਰੱਗ ਲੀਡਰ, ਭ੍ਰਿਸ਼ਟਾਚਾਰੀ ਤੇ ਲੋਟੂ ਖੁਸ਼ਹਾਲ ਹੋ ਰਹੇ ਨੇ। ਲੋਕ ਸੁੱਤੇ ਪਏ ਐ ਇਸੇ ਲਈ ਸਾਰਾ ਕੁਝ ਅਮਨ-ਅਮਾਨ ਨਾਲ ਹੋ ਰਿਹੈ।

***ਸੁਖਬੀਰ ਬਾਦਲ ਮੁੱਖ ਮੰਤਰੀ ਬਣੇਗਾ ਜਾਂ ਉਪ ਮੁੱਖ ਮੰਤਰੀ?**

-ਭਾਵੇਂ ਕੁਝ ਵੀ ਨਾ ਬਣੇ, ਮੁੱਖ ਮੰਤਰੀ ਜਿੰਨੀ ਪਾਵਰ ਤਾਂ ਉਹਦੇ ਕੋਲ ਫਿਰ ਵੀ ਹੈਗੀ ਆ।


HOME LOANS Sacramento and Central Valley

ਜੈਗ ਭੰਗੂ ਜੋ ਇਕ ਹਜ਼ਾਰ ਤੋਂ ਵੱਧ ਹਰ ਕਿਸਮ ਦੇ ਲੋਨ ਕਰ ਚੁੱਕੇ ਹਨ

Attention Home Buyers & Realtors
Get qualified for loan before looking for a house.

Free Credit & Loan pre approval



ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਲਈ ਲੋਨ ਚੰਗੀਆਂ ਸ਼ਰਤਾਂ ਲੈਣ ਲਈ ਮੈਂ ਤੁਹਾਡੀ ਮਦਦ ਕਰ ਸਕਦਾ ਹਾਂ

ਰੀਫਾਇਨਾਂਸ ਕਰਵਾਓ ਅਤੇ ਆਪਣੀ ਵਿਆਜ ਦਰ ਤੇ ਕਿਸ਼ਤ ਘਟਾਓ

Purchase home with 3.5% Down FHA

Loan can be approved even if your bank/loan officer said NO

Low credit score ... We can do the loan

ਜੈਗ ਭੰਗੂ
408-598-9605
916-759-1923
CA DRE Lic 01364174

Realtors get your client pre approved ...Call for details

ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

Direct Mortgage Lender Rates Are LOW Now

Self Employed OK
First Time Home Buyers OK
Loan Available For Bank Owned Properties

DIRECT LENDERS AND MAJOR BANKS LOAN AVAILABLE

# ਅਕਾਲੀ-ਭਾਜਪਾ ਗੱਠਜੋੜ ਨੇ ਜ਼ਿਮਨੀ ਚੋਣਾਂ 'ਚ ਮੁਕੰਮਲ ਹੂੰਝਾ ਫੇਰਿਆ

## ਸੁਖਬੀਰ 80662, ਸੇਖਵਾਂ 12,044 ਤੇ ਬਨੀ 19,809 ਵੋਟਾਂ ਦੇ ਫ਼ਰਕ ਨਾਲ ਜੇਤੂ

**ਜਲਾਲਾਬਾਦ :** ਸ਼੍ਰੋਮਣੀ ਅਕਾਲੀ ਦਲ ਨੇ 3 ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਮੁਕੰਮਲ ਤੌਰ 'ਤੇ ਰਗੜਾ ਫੇਰ ਦਿੱਤਾ ਹੈ। ਲੰਘੀ 6 ਅਗਸਤ ਨੂੰ ਸਾਹਮਣੇ ਆਏ ਚੋਣ ਨਤੀਜਿਆਂ 'ਚ ਕਾਂਗਰਸ ਨੂੰ ਇਕ ਵੀ ਸੀਟ ਨਹੀਂ ਮਿਲੀ ਅਤੇ ਕਾਂਗਰਸੀ ਉਮੀਦਵਾਰਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਚੋਣ ਨਤੀਜਿਆਂ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਮੈਡਮ ਕੁਸਮਜੀਤ ਸਿੱਧੂ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਦਾ ਕੰਮ ਸ਼ਾਂਤੀਪੂਰਨ ਨੇਪਰੇ ਚੜ੍ਹ ਗਿਆ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਨੇ ਤਿੰਨੇ ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਅਕਾਲੀ ਦਲ ਦੇ ਤਿੰਨੇ ਉਮੀਦਵਾਰਾਂ ਜਿਨ੍ਹਾਂ 'ਚ ਸੁਖਬੀਰ ਸਿੰਘ ਬਾਦਲ ਨੇ ਜਲਾਲਾਬਾਦ ਤੋਂ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਹੰਸ ਰਾਜ ਜੋਸਨ ਨੂੰ 80,662 ਵੋਟਾਂ ਦੇ ਰਿਕਾਰਡ ਫਰਕ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ ਹੈ, ਜਦੋਂ ਕਿ ਬਨੂੜ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਜਸਜੀਤ ਸਿੰਘ ਬੰਨੀ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਦੀਪਇੰਦਰ ਸਿੰਘ ਢਿੱਲੋਂ ਨੂੰ 19,809 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ।

ਇਸ ਤੋਂ ਇਲਾਵਾ ਕਾਹਨੂੰਵਾਨ ਹਲਕੇ 'ਤੋਂ ਅਕਾਲੀ ਉਮੀਦਵਾਰ ਸੇਵਾ ਸਿੰਘ ਸੇਖਵਾਂ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਫਤਿਹਜੰਗ ਸਿੰਘ ਬਾਜਵਾ ਨੂੰ 12044 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ ਹੈ। ਚੋਣ ਅਧਿਕਾਰੀ ਨੇ ਦੱਸਿਆ ਕਿ ਜਲਾਲਾਬਾਦ ਹਲਕੇ ਤੋਂ ਸੁਖਬੀਰ ਬਾਦਲ ਨੂੰ 107120 ਵੋਟਾਂ ਪਈਆਂ, ਜਦੋਂ ਕਿ ਉਨ੍ਹਾਂ ਦੇ ਵਿਰੋਧੀ ਹੰਸ ਰਾਜ ਜੋਸਨ ਨੂੰ ਕੁੱਲ 26458 ਵੋਟਾਂ ਪਈਆਂ। ਇਨ੍ਹਾਂ ਤੋਂ ਇਲਾਵਾ ਜਲਾਲਾਬਾਦ ਤੋਂ ਹੀ ਖੜ੍ਹੇ ਹੋਏ ਉਮੀਦਵਾਰਾਂ ਜਿਨ੍ਹਾਂ ਵਿਚ ਅਕਾਲੀ ਦਲ 1920 ਦੇ ਕੁਲਵਿੰਦਰ ਸਿੰਘ ਨੂੰ ਸਿਰਫ 363 ਵੋਟਾਂ, ਜਨਤਾ ਦਲ ਦੇ ਦਰਸ਼ਨ ਸਿੰਘ ਨੂੰ 261, ਅਖਿਲ ਭਾਰਤੀਨ ਸ਼ਿਵ ਸੈਨਾ ਰਾਸ਼ਟਰਵਾਦੀ ਦੇ ਮਨੋਜ ਕੁਮਾਰ ਨੂੰ 69, ਆਜ਼ਾਦ ਉਮੀਦਵਾਰਾਂ ਅਮਰਿੰਦਰ ਸਿੰਘ ਨੂੰ 76, ਹੰਸ ਰਾਜ ਨੂੰ 105, ਕੁਲਵਿੰਦਰ ਸਿੰਘ ਨੂੰ 201, ਜਗਦੀਸ਼ ਕੁਮਾਰ ਨੂੰ 353 ਅਤੇ ਬਲਦੇਵ ਸਿੰਘ ਨੂੰ 584 ਵੋਟਾਂ ਪਈਆਂ।



ਬਨੂੜ ਤੋਂ ਚੋਣ ਜਿੱਤਣ ਉਪਰੰਤ ਚੰਡੀਗੜ੍ਹ ਵਿਖੇ ਆਪਣੇ ਨਿਵਾਸ ਸਥਾਨ 'ਤੇ ਸ. ਜਸਜੀਤ ਸਿੰਘ ਬੰਨੀ, ਉਨ੍ਹਾਂ ਦੀ ਮਾਤਾ ਬੀਬੀ ਸਰਬਜੀਤ ਕੌਰ, ਪਤਨੀ ਸੰਜੀਤ ਕੌਰ ਤੇ ਹੋਰ ਪਰਿਵਾਰਕ ਮੈਂਬਰ।

ਉਨ੍ਹਾਂ ਦੱਸਿਆ ਕਿ ਜਲਾਲਾਬਾਦ ਹਲਕੇ ਵਿਚ ਕੁੱਲ 135590 ਵੋਟਾਂ ਪੋਲ ਹੋਈਆਂ ਸਨ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਕਾਹਨੂੰਵਾਨ ਹਲਕੇ ਤੋਂ ਅਕਾਲੀ ਉਮੀਦਵਾਰ ਸੇਵਾ ਸਿੰਘ ਸੇਖਵਾਂ ਨੂੰ 53853 ਵੋਟਾਂ ਪਈਆਂ, ਜਦੋਂ ਕਿ ਉਨ੍ਹਾਂ ਦੇ ਵਿਰੋਧੀ ਕਾਂਗਰਸੀ ਉਮੀਦਵਾਰ ਫਤਿਹਜੰਗ ਸਿੰਘ ਬਾਜਵਾ ਨੂੰ 41809 ਵੋਟਾਂ ਪਈਆਂ।

ਇਨ੍ਹਾਂ ਤੋਂ ਇਲਾਵਾ 3 ਆਜ਼ਾਦ ਉਮੀਦਵਾਰਾਂ, ਜਿਨ੍ਹਾਂ ਵਿਚੋਂ ਅਵਤਾਰ ਸਿੰਘ ਨੂੰ 459, ਸੁਰਿੰਦਰ ਸਿੰਘ ਨੂੰ 261 ਅਤੇ ਖੁਸ਼ਹਾਲ ਸਿੰਘ ਨੂੰ 441 ਵੋਟਾਂ ਪਈਆਂ। ਉਨ੍ਹਾਂ ਕਿਹਾ ਕਿ ਕਾਹਨੂੰਵਾਨ ਹਲਕੇ ਵਿਚ ਕੁੱਲ 96823 ਵੋਟਾਂ ਪੋਲ ਹੋਈਆਂ ਸਨ। ਬਨੂੜ ਹਲਕੇ ਵਿਚ ਅਕਾਲੀ ਦਲ ਦੇ ਉਮੀਦਵਾਰ ਜਸਜੀਤ ਸਿੰਘ ਬੰਨੀ ਨੂੰ ਕੁੱਲ 74167 ਵੋਟਾਂ ਪਈਆਂ, ਜਦੋਂ ਕਿ ਉਨ੍ਹਾਂ ਦੇ ਵਿਰੋਧੀ ਕਾਂਗਰਸੀ ਉਮੀਦਵਾਰ ਦੀਪਇੰਦਰ ਸਿੰਘ ਢਿੱਲੋਂ ਨੂੰ 54358 ਵੋਟਾਂ ਪਈਆਂ। ਇਨ੍ਹਾਂ ਤੋਂ ਇਲਾਵਾ ਰਾਸ਼ਟਰੀ ਕ੍ਰਾਂਤੀਕਾਰੀ ਸਮਾਜਵਾਦੀ ਪਾਰਟੀ ਦੇ ਉਮੀਦਵਾਰ ਮਦਨ ਗੋਪਾਲ ਸ਼ਰਮਾ ਨੂੰ 561, ਬਹੁਜਨ ਸੰਘਰਸ਼ ਪਾਰਟੀ, ਕਾਂਸ਼ੀ ਰਾਮ ਦੇ ਉਮੀਦਵਾਰ ਨੂੰ 334 ਵੋਟਾਂ ਪਈਆਂ। ਜਦੋਂ ਕਿ 2 ਆਜ਼ਾਦ ਉਮੀਦਵਾਰਾਂ ਹਰਪ੍ਰੀਤ ਸਿੰਘ ਸੋਨੂ ਨੂੰ 443 ਅਤੇ ਗੁਰਚਰਨ ਸਿੰਘ ਨੂੰ 814 ਵੋਟਾਂ ਪਈਆਂ।

ਤਿੰਨੇ ਜ਼ਿਮਨੀ ਚੋਣਾਂ ਜਿੱਤਣ ਤੋਂ ਬਾਅਦ ਇਕ ਬਿਆਨ ਜਾਰੀ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਇਹ ਜਿੱਤ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ ਅਕਾਲੀ ਦਲ-ਭਾਜਪਾ ਦੇ ਪ੍ਰੋਗਰਾਮਾਂ ਅਤੇ ਨੀਤੀਆਂ ਦੇ ਹੱਕ ਵਿੱਚ ਵੱਡਾ ਫਤਵਾ ਦਿੱਤਾ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਜਲਾਲਾਬਾਦ ਤੋਂ ਜਿੱਤ ਪ੍ਰਾਪਤ ਕਰਨ ਵਾਲੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਲੋਕਾਂ ਨੇ ਅਕਾਲੀ-ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਤੇ ਦੂਰ ਦ੍ਰਿਸ਼ਟੀ ਵਿਚ ਵਿਸ਼ਵਾਸ ਪ੍ਰਗਟਾਇਆ ਹੈ। ਇਸੇ ਤਰ੍ਹਾਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਨੇ ਇਸ ਜਿੱਤ ਨੂੰ ਵੱਡੀ ਪ੍ਰਾਪਤੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਮੂੰਹ ਦੀ ਖਾਧੀ ਹੈ।


## Matrimonials

Gursikh parents seeking suitable match for 26 Year old, 5' 3" daughter. Girl has done B.A. B.Ed. and is working as teacher in a reputed english medium school. Girl and Parents visiting US on tourist visa. Brother settled and working in US. Contact:408-544-0538, jaswinder_kaur_in@yahoo.com

Wanted suitable match for Jatt Sikh girl 5'7"/26.5yrs, pursuing higher education in USA contact-509-771-9297 or e-mail: deep3250@gmail.com

Brother invites correspondence for Punjabi Hindu, 32, 5'11", well settled, down to earth, small educated family. Caste no bar. Issueless divorcee can also contact. Repond to 414-803-7420 or unitedlending@gmail.com

## Wanted Gas Station Cashier

Looking for gas station cashier in Tampa, Florida. Gas station experience preferred. Good communication skills must. Accommodation will be provided. Looking for long term commitment. Call:972-814-5719


# ਨਿਸ਼ਾਨ-ਏ-ਸਿੱਖੀ ਟਰੱਸਟ ਵਲੋਂ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦਾ ਉਦਘਾਟਨ

**ਖਡੂਰ ਸਾਹਿਬ :** ਨਿਸ਼ਾਨ-ਏ-ਸਿੱਖੀ ਟਰੱਸਟ ਵਲੋਂ ਇਤਿਹਾਸਕ ਨਗਰ ਖਡੂਰ ਸਾਹਿਬ ਵਿਖੇ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦੀ ਸਥਾਪਨਾ ਕੀਤੀ ਗਈ ਹੈ। ਇਸ ਦਾ ਉਦਘਾਟਨ ਲੰਘੀ 6 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵਲੋਂ ਕੀਤਾ ਗਿਆ। ਟਰੱਸਟ ਦੇ ਚੇਅਰਮੈਨ ਬਾਬਾ ਸੇਵਾ ਸਿੰਘ ਮੁੱਖ ਸੇਵਾਦਾਰ ਕਾਰ ਸੇਵਾ ਡੇਰਾ ਖਡੂਰ ਸਾਹਿਬ ਨੇ ਦੱਸਿਆ ਕਿ



ਇਸ ਗੁਰਮਤਿ ਇੰਸਟੀਚਿਊਟ ਵਿਚ 10+2 ਪਾਸ ਵਿਦਿਆਰਥੀ ਦਾਖਲ ਕੀਤੇ ਗਏ ਹਨ। ਇਨ੍ਹਾਂ ਨੂੰ ਗੁਰਬਾਣੀ, ਸਿੱਖ ਧਰਮ ਦਰਸ਼ਨ, ਸਿੱਖ ਇਤਿਹਾਸ ਅਤੇ ਪੁਰਾਤਨ ਗ੍ਰੰਥਾਂ ਦਾ ਅਧਿਐਨ ਕਰਾਇਆ ਜਾਵੇਗਾ। ਇਥੇ ਸੰਸਾਰ ਦੇ ਪ੍ਰਮੁੱਖ ਧਰਮਾਂ ਦੀ ਤੁਲਨਾਤਮਕ ਜਾਣਕਾਰੀ ਦੇ ਕੇ ਉੱਚ ਕੋਟੀ ਦੇ ਪ੍ਰਚਾਰਕ, ਕਥਾਵਾਚਕ, ਧਾਰਮਿਕ ਅਧਿਆਪਕ ਅਤੇ ਗੁਰਮਤਿ ਦੇ ਖੋਜਾਰਥੀ ਤਿਆਰ ਕੀਤੇ ਜਾਣਗੇ।

ਇਹ ਗੁਰਮਤਿ ਦੀ ਪੰਜ ਸਾਲਾ ਡਿਗਰੀ ਹੋਵੇਗੀ ਅਤੇ ਇਸ ਦੇ ਨਾਲ ਪਟਿਆਲਾ ਯੂਨੀਵਰਸਿਟੀ ਤੋਂ ਪੱਤਰ ਵਿਹਾਰ ਰਾਹੀਂ ਬੀ.ਏ. ਅਤੇ ਐਮ.ਏ. ਧਰਮ ਅਧਿਐਨ ਵੀ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਅੰਗਰੇਜ਼ੀ ਅਤੇ ਫਾਰਸੀ ਆਦਿ ਭਾਸ਼ਾਵਾਂ ਦਾ ਗਿਆਨ ਵੀ ਦਿੱਤਾ ਜਾਵੇਗਾ। ਇਥੇ ਜ਼ਿਕਰਯੋਗ ਹੈ ਕਿ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵਲੋਂ ਗੁਰਬਾਣੀ ਦੇ ਸੁਧ ਉਚਾਰਣ ਅਤੇ ਗੁਰਬਾਣੀ ਵਿਆਕਰਣ ਬਾਰੇ ਆਪ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਨਿਸ਼ਾਨ-ਏ-ਸਿੱਖੀ ਸੰਸਥਾ ਬਣਾਉਣ ਦਾ ਐਲਾਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਆਗਮਨ ਪੁਰਬ ਮੌਕੇ ਸ਼ਤਾਬਦੀ ਜਸ਼ਨਾਂ ਦੌਰਾਨ ਖਡੂਰ ਸਾਹਿਬ ਵਿਖੇ ਖਾਲਸਾ ਪੰਥ ਵਲੋਂ ਕੀਤਾ ਗਿਆ ਸੀ ਤੇ ਇਸ ਮੰਤਵ ਲਈ ਖਡੂਰ ਸਾਹਿਬ ਵਿਖੇ ਅੱਠ ਮੰਜ਼ਲਾ ਇਮਾਰਤ ਬਣ ਕੇ ਲਗਭਗ ਤਿਆਰ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਸਰਪ੍ਰਸਤ ਸੰਚਾਲਕ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਹੋਣਗੇ।

ਇਸ ਮੌਕੇ ਡਾ. ਬਲਵੰਤ ਸਿੰਘ ਢਿੱਲੋਂ ਗੁਰੂ ਨਾਨਕ ਧਰਮ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ, ਵਰਿਆਮ ਸਿੰਘ ਸਾਬਕਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾ. ਅਮਰਜੀਤ ਸਿੰਘ ਪ੍ਰਿੰਸੀਪਲ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ, ਪ੍ਰੋ. ਬ੍ਰਿਜਪਾਲ, ਪ੍ਰਿੰਸੀਪਲ ਦਲਜੀਤ ਸਿੰਘ, ਪ੍ਰਿੰਸੀਪਲ ਗੁਰਦਿਆਲ ਸਿੰਘ ਹਾਜ਼ਰ ਸਨ।







**Punjab Times**
**Established in 2000**
**10th Year of Publication**
Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 75 ਡਾਲਰ,
ਪੰਜ ਸਾਲ ਲਈ: 350 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲਾਦੇਨ ਵਾਂਗ ਬੈਤੁੱਲਾ ਦੀ ਮੌਤ ਵੀ ਭੰਬਲਭੂਸਾ ਬਣੀ


ਦੀ ਹੱਤਿਆ ਪਿੱਛੇ ਤਾਲਿਬਾਨ ਆਗੂ ਬੈਤੁੱਲਾ ਮਹਿਸੂਦ ਦਾ ਨਾਂ ਸਭ ਤੋਂ ਉੱਪਰ ਸੀ। ਭਾਵੇਂ ਉਸ ਨੇ ਇਸ ਹੱਤਿਆ ਤੋਂ ਇਨਕਾਰ ਕੀਤਾ ਹੈ। ਇਸ ਤੋਂ ਇਲਾਵਾ ਜਨਵਰੀ, 2007 'ਚ ਮੈਰੀਅਟ ਹੋਟਲ 'ਚ ਹੋਏ ਆਤਮਘਾਤੀ ਹਮਲੇ 'ਚ ਉਸ ਦੇ ਸਮਰਥਕਾਂ ਦਾ ਹੱਥ ਹੋਣ ਦਾ ਸ਼ੱਕ ਪ੍ਰਗਟ ਕੀਤਾ ਗਿਆ ਸੀ।

ਰਿਪੋਰਟਾਂ ਅਨੁਸਾਰ ਬੈਤੁੱਲਾ ਕੋਲ 20 ਹਜ਼ਾਰ ਤਾਲਿਬਾਨ ਸਮਰਥਕ ਲੜਾਕੇ ਹਨ। ਉਨ੍ਹਾਂ 'ਚੋਂ ਜ਼ਿਆਦਾਤਰ ਮਹਿਸੂਦ ਕਬੀਲੇ 'ਚੋਂ ਹਨ। ਦੱਖਣੀ ਵਜ਼ੀਰਸਤਾਨ ਦੇ ਇਲਾਕੇ ਨੂੰ ਪਨਾਹਗਾਹ ਵਜੋਂ ਵਰਤ ਰਹੇ ਇਹ ਤਾਲਿਬਾਨ ਆਤਮਘਾਤੀ ਧਮਾਕਿਆਂ ਅਤੇ ਅਫਗਾਨਿਸਤਾਨ 'ਚ ਮੌਜੂਦ ਕੌਮਾਂਤਰੀ ਸੈਨਾ ਖਿਲਾਫ ਹਮਲੇ ਕਰਨ ਲਈ ਸਰਗਰਮ ਹਨ। ਅਮਰੀਕਾ ਨੇ ਪਾਕਿਸਤਾਨ ਅਤੇ ਅਫਗਾਨਿਸਤਾਨ 'ਚ ਸਰਗਰਮ ਤਾਲਿਬਾਨ ਅਤੇ ਅਲਕਾਇਦਾ ਦੇ ਜਿਹੜੇ ਦੋ ਨੇਤਾਵਾਂ ਦੀ ਸੂਚਨਾ ਦੇਣ 'ਤੇ 50-50 ਲੱਖ ਡਾਲਰ ਦੇਣ ਦਾ ਐਲਾਨ ਕੀਤਾ ਹੈ, ਉਨ੍ਹਾਂ 'ਚ ਬੈਤੁੱਲਾ ਮਹਿਸੂਦ ਵੀ ਸ਼ਾਮਲ ਹੈ। ਪਾਕਿਸਤਾਨੀ ਫੌਜ ਨੇ ਦੱਖਣੀ ਵਜ਼ੀਰਸਤਾਨ ਦੇ ਇਸ ਇਲਾਕੇ ਨੂੰ ਕੱਟੜਪੰਥੀਆਂ ਤੋਂ ਮੁਕਤ ਕਰਾਉਣ ਲਈ ਕਈ ਮੁਹਿੰਮਾਂ ਚਲਾਈਆਂ ਪਰ ਕਾਮਯਾਬੀ ਨਾ ਮਿਲੀ। 8 ਫਰਵਰੀ, 2005 ਨੂੰ ਮਹਿਸੂਦ ਨੇ ਪਾਕਿਸਤਾਨੀ ਫੌਜ ਨਾਲ ਸੰਘਰਸ਼ ਵਿਰਾਮ ਕੀਤਾ ਸੀ, ਪਰ ਬਾਅਦ 'ਚ ਉਸ ਨੇ ਮੋਰਚਾ ਖੋਲ੍ਹ ਦਿੱਤਾ।

ਪਾਕਿਸਤਾਨ ਸਰਕਾਰ ਨੇ ਕਿਹਾ ਹੈ ਕਿ ਬੈਤੁੱਲਾ ਮਹਿਸੂਦ ਕਬਾਇਲੀ ਇਲਾਕੇ 'ਚ ਉਨ੍ਹਾਂ ਦੇ ਸਹੁਰੇ ਪਰਿਵਾਰ ਦੇ ਘਰ 'ਤੇ 5 ਅਗਸਤ ਨੂੰ ਹੋਏ ਡਰੋਨ ਹਮਲੇ ਦੌਰਾਨ, ਸਹੁਰੇ, ਦੂਜੀ ਪਤਨੀ ਅਤੇ ਹੋਰ ਲੋਕਾਂ ਸਮੇਤ ਮਾਰਿਆ ਗਿਆ ਹੈ। ਪਰ ਤਾਲਿਬਾਨ ਆਗੂ ਕਰੀਮ-ਉਲਾ ਨੇ ਉਸ ਦੇ ਜ਼ਿੰਦਾ ਹੋਣ ਦਾ ਦਾਅਵਾ ਕਰਕੇ ਇਸ ਖਬਰ ਨੂੰ ਨਵਾਂ ਮੋੜ ਦੇ ਦਿੱਤਾ। ਉਸ ਤੋਂ ਬਾਅਦ ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਤਾਲਿਬਾਨ ਆਗੂ ਬੈਤੁੱਲਾ ਦੇ ਮਾਰੇ ਜਾਣ ਅਤੇ ਉਸ ਤੋਂ ਬਾਅਦ ਉਤਰਾਧਿਕਾਰੀ ਲਈ ਤਾਲਿਬਾਨ ਵਿਚਾਲੇ ਛਿੜੀ ਆਪਸੀ ਲੜਾਈ ਦੌਰਾਨ ਇਕ ਹੋਰ ਸੀਨੀਅਰ ਕਮਾਂਡਰ ਕਰੀਮ-ਉਲਾ ਦੇ ਮਾਰੇ ਜਾਣ ਦਾ ਦਾਅਵਾ ਕਰ ਦਿੱਤਾ ਅਤੇ ਤਾਲਿਬਾਨ ਨੂੰ ਆਪਣੇ ਆਗੂਆਂ ਬਾਰੇ ਸਬੂਤ ਦੇਣ ਦੀ ਚੁਣੌਤੀ ਦਿੱਤੀ। ਤਾਲਿਬਾਨ ਕਮਾਂਡਰਾਂ ਨੇ ਆਪਣੇ ਆਗੂਆਂ ਦੇ ਜ਼ਿੰਦਾ ਹੋਣ ਦਾ ਸਬੂਤ ਮੰਗਣ ਦੀ ਪਾਕਿਸਤਾਨ ਸਰਕਾਰ ਦੀ ਚੁਣੌਤੀ ਨੂੰ ਇਕ ਹਥਕੰਡਾ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਦੀ ਇਹ ਚਾਲ ਹੈ ਕਿ ਤਾਲਿਬਾਨ ਆਗੂ ਸਾਹਮਣੇ ਆ ਜਾਣ ਤਾਂ ਕਿ ਉਨ੍ਹਾਂ ਨੂੰ ਸੌਖਿਆਂ ਹੀ ਨਿਸ਼ਾਨਾ ਬਣਾਇਆ ਜਾ ਸਕੇ। ਇਥੇ ਜ਼ਿਕਰਯੋਗ ਹੈ ਕਿ ਪਾਕਿਸਤਾਨ ਅਤੇ ਤਾਲਿਬਾਨ ਵਲੋਂ ਆਪਣੇ-ਆਪਣੇ ਦਾਅਵਿਆਂ ਦੀ ਪੁਸ਼ਟੀ ਲਈ ਕੋਈ ਸਬੂਤ ਨਹੀਂ ਪੇਸ਼ ਕੀਤੇ ਗਏ।

ਬੈਤੁੱਲਾ ਮਹਿਸੂਦ ਦੀ ਮੌਤ ਬਾਰੇ ਹਾਲੇ ਤਕ ਭੰਬਲਭੂਸਾ ਬਰਕਰਾਰ ਹੈ, ਪਰ ਉਸ ਦੀ ਮੌਤ ਨਾਲ ਜੁੜੀਆਂ ਕਹਾਣੀਆਂ ਮੀਡੀਆ 'ਚ ਚਰਚਾ ਦਾ ਵਿਸ਼ਾ ਬਣ ਰਹੀਆਂ ਹਨ। 'ਦਿ ਸੰਡੇ ਟਾਈਮਜ਼' ਦੀ ਰਿਪੋਰਟ ਮੁਤਾਬਕ ਪੁੱਤਰ ਦੀ ਚਾਹਤ ਹੀ ਬੈਤੁੱਲਾ ਦੀ ਮੌਤ ਦਾ ਸਬੱਬ ਬਣੀ। ਚਾਰ ਧੀਆਂ ਦੇ ਬਾਪ ਮਹਿਸੂਦ ਦੀ ਪੁੱਤਰ ਪੈਦਾ ਕਰਨ ਦੀ ਹਸਰਤ ਉਸ ਲਈ ਜਾਨਲੇਵਾ ਸਾਬਤ ਹੋਣ ਦੀਆਂ ਖ਼ਬਰਾਂ ਹਨ। ਖਬਰਾਂ ਮੁਤਾਬਕ 35 ਸਾਲਾ ਮਹਿਸੂਦ ਦੀ ਪਹਿਲੀ ਪਤਨੀ ਦੀਆਂ ਚਾਰ ਬੇਟੀਆਂ ਸਨ ਅਤੇ ਉਸ ਨੇ ਪਿਛਲੇ ਨਵੰਬਰ ਮਹੀਨੇ 'ਚ ਇਕ ਪ੍ਰਭਾਵਸ਼ਾਲੀ ਮੌਲਵੀ ਦੀ ਧੀ ਨਾਲ ਦੂਜਾ ਵਿਆਹ ਕੀਤਾ ਸੀ। ਮਹਿਸੂਦ ਆਪਣੀ ਦੂਜੀ ਪਤਨੀ ਨਾਲ ਰਾਤ ਬਿਤਾਉਣ ਲਈ ਜੰਗਰਾਹ ਪਿੰਡ 'ਚ ਠਹਿਰਿਆ ਸੀ, ਜਿਸ ਦੌਰਾਨ ਅਮਰੀਕੀ ਡਰੋਨ ਹਮਲੇ 'ਚ ਪਤਨੀ ਸਣੇ ਮਾਰਿਆ ਗਿਆ। ਮਿਜ਼ਾਇਲ ਉਸ ਦੇ ਸਹੁਰੇ ਘਰ 'ਤੇ ਦਾਗੀ ਗਈ, ਜੋ ਉਸ ਲਈ ਘਾਤਕ ਸਾਬਤ ਹੋਈ। ਜ਼ਿਕਰਯੋਗ ਹੈ ਕਿ ਵਜ਼ੀਰਿਸਤਾਨ ਦੇ ਕਬਾਇਲੀ ਇਲਾਕੇ ਵਿਚ ਪੁੱਤਰ ਦੇ ਜਨਮ ਦਿਨ 'ਤੇ ਹੀ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਇਸ ਚਾਹਤ ਨੂੰ ਪੂਰਾ ਕਰਨ ਲਈ ਹੀ ਉਸ ਨੇ ਦੂਜਾ ਵਿਆਹ ਕੀਤਾ ਸੀ। ਦੱਖਣੀ ਵਜ਼ੀਰਿਸਤਾਨ ਵਿਚ ਕੜਾਕੇ ਦੀ ਗਰਮੀ ਪੈਂਦੀ ਹੈ। ਸ਼ੂਗਰ ਦਾ ਮਰੀਜ਼ ਬੈਤੁੱਲਾ ਉਸ ਦਿਨ ਗਰਮੀ ਤੋਂ ਵੀ ਪ੍ਰੇਸ਼ਾਨ ਸੀ। ਰਾਤ ਨੂੰ ਜਦੋਂ ਉਹ ਘਰ ਦੀ ਛੱਤ 'ਤੇ ਸੁੱਤਾ ਸੀ ਤਾਂ ਅਮਰੀਕੀ ਡਰੋਨ ਦੇ ਕੈਮਰੇ ਨੇ ਉਸ ਦੀ ਤਸਵੀਰ ਲੈ ਲਈ। ਉਸ ਪਿੱਛੋਂ ਨਿਬਾਦਾ ਦੇ ਰੇਗਿਸਤਾਨ ਤੋਂ ਮਿਜ਼ਾਇਲ ਹਮਲਾ ਕੀਤਾ ਗਿਆ। ਜਿਸ 'ਚ ਉਸ ਦੀ ਮੌਤ ਹੋ ਗਈ। ਪਾਕਿਸਤਾਨੀ ਖੁਫੀਆ ਅਧਿਕਾਰੀ ਨੇ ਬੈਤੁੱਲਾ ਅਤੇ ਉਸ ਦੀ ਪਤਨੀ ਸਮੇਤ 12 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ।

ਬੈਤੁੱਲਾ ਮਹਿਸੂਦ ਦੀ ਮੌਤ ਦੇ ਠੋਸ ਸਬੂਤ ਦੀ ਅਜੇ ਭਾਵੇਂ ਉਡੀਕ ਕੀਤੀ ਜਾ ਰਹੀ ਹੈ, ਪਰ ਜੇ ਇਹ ਖ਼ਬਰ ਸੱਚੀ ਹੈ ਤਾਂ ਪਾਕਿਸਤਾਨ ਲਈ ਰਾਹਤ ਵਾਲੀ ਗੱਲ ਹੋਵੇਗੀ। ਮਹਿਸੂਦ ਦੀ ਮੌਤ ਨਾਲ ਭਾਵੇਂ ਦੱਖਣੀ ਵਜ਼ੀਰਸਤਾਨ ਇਲਾਕੇ 'ਚ ਸ਼ਾਂਤੀ ਨਹੀਂ ਹੋ ਜਾਣੀ, ਪਰ ਪਾਕਿਸਤਾਨ ਅਤੇ ਅਮਰੀਕਾ ਵਲੋਂ ਅਤਿਵਾਦ ਵਿਰੁਧ ਲੜਨ ਵਾਲਿਆਂ ਦੇ ਹੌਸਲੇ ਜ਼ਰੂਰ ਬੁਲੰਦ ਹੋਣਗੇ।



ਬੈਤੁੱਲਾ ਮਹਿਸੂਦ

## ਕੁੱਤੀ ਚੁੰਘਾਉਂਦੀ ਹੈ ਗਲਹਿਰੀ ਦੇ ਬੱਚੇ ਨੂੰ ਦੁੱਧ

**ਮਾਛੀਵਾੜਾ:** ਇਸ ਨੂੰ ਚਾਹੇ ਕ੍ਰਿਸ਼ਮਾ ਕਹੋ ਜਾਂ ਮਮਤਾ ਦੀ ਇਕ ਅਨੋਖੀ ਮਿਸਾਲ ਕਿ ਇਕ ਕੁੱਤੀ ਮਾਂ ਵਾਂਗ ਨਵਜੰਮੇ ਗਲਹਿਰੀ ਦੇ ਇਕ ਬੱਚੇ ਨੂੰ ਸਿਰਫ ਆਪਣਾ ਦੁੱਧ ਹੀ ਨਹੀਂ ਚੁੰਘਾਉਂਦੀ, ਸਗੋਂ ਉਸ ਨੂੰ ਨਵਜੰਮੇ ਬੱਚੇ ਵਾਂਗ ਆਪਣੀ ਗੋਦ ਵਿਚ ਲੁਕੋ ਕੇ ਵੀ ਰੱਖਦੀ ਹੈ। ਬਲੀਬੇਗ ਰੋਡ 'ਤੇ ਸਥਿਤ ਮਹਾਰਾਜਾ ਰਣਜੀਤ ਸਿੰਘ ਨਗਰ ਦੇ ਨਿਵਾਸੀ ਸੁਵਿੰਦਰਪਾਲ ਸਿੰਘ ਹੈਪੀ ਨੇ ਇਸ ਘਟਨਾ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਾਰ ਕੁ ਦਿਨ ਪਹਿਲਾਂ ਮੀਂਹ ਪੈਣ ਸਮੇਂ ਰਾਤ ਵੇਲੇ ਉਨ੍ਹਾਂ ਦੇ ਘਰ ਲੱਗੀ ਤੋਰੀਆਂ ਦੀ ਵੇਲ ਤੋਂ ਇਕ ਨਵਜੰਮਿਆ ਗਲਹਿਰੀ ਦਾ ਬੱਚਾ ਡਿੱਗਿਆ, ਜਿਸ ਨੂੰ ਉਨ੍ਹਾਂ ਦੀ ਪਾਲਤੂ ਕੁੱਤੀ ਰੌਕੀ ਨੇ ਚੁੱਕ ਲਿਆ। ਉਹ ਉਸ ਨਾਲ ਲਾਡ ਕਰਨ ਲੱਗੀ।

# ਪ੍ਰਵਾਸੀਆਂ ਨੂੰ ਫਾਹੁਣ ਲਈ ਨਵਾਂ ਜਾਲ

(ਸਫਾ ਇਕ ਦੀ ਬਾਕੀ)

ਪੰਜਾਬੀ ਸਮਾਗਮ ਵੀ ਕੀਤਾ ਗਿਆ ਸੀ ਪਰ ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਸਰਕਾਰ ਦੇ ਹੱਥ ਪੱਲੇ ਬਹੁਤਾ ਕੁਝ ਨਹੀਂ ਸੀ ਪਿਆ ਅਤੇ ਬਹੁਤੇ ਪ੍ਰਵਾਸੀ ਪੰਜਾਬੀ ਪੰਜਾਬ ਵਿਚ ਨਿਵੇਸ਼ ਲਈ ਸਾਹਮਣੇ ਨਹੀਂ ਸਨ ਆਏ।

ਪ੍ਰਵਾਸੀ ਪੰਜਾਬੀਆਂ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਰਾਜ ਵਿਚ ਸਿਰੇ ਤੱਕ ਭ੍ਰਿਸ਼ਟ ਹੋ ਚੁੱਕੇ ਪ੍ਰਸ਼ਾਸਨ ਕਾਰਨ ਕੋਈ ਵੀ ਕਾਰੋਬਾਰ ਸਫਲ ਨਹੀਂ ਹੁੰਦਾ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਵਿਚ ਕਾਫੀ ਪ੍ਰਵਾਸੀ ਪੰਜਾਬੀਆਂ ਨੇ ਪੰਜਾਬ ਵਿਚ ਵੱਖ ਵੱਖ ਸਨਅਤਾਂ ਵਿਚ ਪੈਸਾ ਲਾਇਆ ਸੀ ਅਤੇ ਅਖੀਰ ਨੂੰ ਉਹ ਇਥੋਂ ਕੱਖੋਂ ਹੌਲੇ ਹੋ ਕੇ ਨਿਕਲੇ ਸਨ। ਇਸ ਆਰਥਿਕ ਉਜਾੜੇ ਦਾ ਪ੍ਰਮੁੱਖ ਕਾਰਨ ਅਸਲ ਵਿਚ ਸਮੁੱਚੇ ਸਰਕਾਰੀ ਪ੍ਰਸ਼ਾਸਨ ਵਿਚ ਫੈਲਿਆ ਭ੍ਰਿਸ਼ਟਾਚਾਰ ਹੀ ਹੈ। ਉਂਝ ਇਸ ਸਬੰਧ ਵਿਚ ਇਹ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਦੂਜੀ ਵਾਰ ਉਪ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਸੁਖਬੀਰ ਬਾਦਲ ਨੇ ਵੱਡੀ ਪੱਧਰ 'ਤੇ ਪ੍ਰਸ਼ਾਸਨਿਕ ਸੁਧਾਰਾਂ ਦਾ ਵਾਅਦਾ ਕੀਤਾ ਹੈ।

ਅਸਲ ਵਿਚ ਪ੍ਰਵਾਸੀਆਂ ਨੂੰ ਕਿਸੇ ਵੀ ਕਿਸਮ ਦਾ ਸੱਦਾ ਦੇਣ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਪ੍ਰਸ਼ਾਸਨਿਕ ਸੁਧਾਰਾਂ ਵਲ ਵਿਆਪਕ ਧਿਆਨ ਦੇਣਾ ਹੋਵੇਗਾ। ਇਹ ਕੰਮ ਪੰਜਾਬ ਵਿਚ ਰਾਜ ਕਰਦੀ ਕਿਸੇ ਵੀ ਸਰਕਾਰ ਲਈ ਸੌਖਾ ਨਹੀਂ ਹੈ। ਸੁਖਬੀਰ ਬਾਦਲ ਨੂੰ ਇਸ ਰਾਹ ਉਪਰ ਤੁਰਦਿਆਂ ਟੋਕਣ ਵਾਲੀ ਸਭ ਤੋਂ ਪਹਿਲੀ ਹਸਤੀ ਉਨ੍ਹਾਂ ਦੇ ਪਿਤਾ ਹੀ ਹੋਣਗੇ। ਯਾਦ ਰਹੇ ਕੁਝ ਸਮਾਂ ਪਹਿਲਾਂ ਸੁਖਬੀਰ ਬਾਦਲ ਨੇ ਜਦੋਂ ਪੰਜਾਬ ਦੀ ਵੱਡੀ ਅਫਸਰਸ਼ਾਹੀ ਨਾਲ ਪੰਗਾ ਲੈਣ ਦੀ ਕੋਸ਼ਿਸ਼ ਕੀਤੀ ਸੀ ਤਾਂ ਇਹ ਉਨ੍ਹਾਂ ਦੇ ਪਿਤਾਸ਼੍ਰੀ ਪ੍ਰਕਾਸ਼ ਸਿੰਘ ਬਾਦਲ ਹੀ ਸਨ ਜਿਨ੍ਹਾਂ ਨੇ ਸੁਖਬੀਰ ਦੇ ਨਵੇਂ ਖ਼ੂਨ ਨੂੰ ਠੰਡਾ ਰਹਿਣ ਅਤੇ ਕੁਝ ਧੀਰਜ ਰੱਖਣ ਦੀ ਮੱਤ ਦਿੱਤੀ ਸੀ। ਅਕਾਲੀ-ਭਾਜਪਾ ਸਰਕਾਰ ਦੇ ਢਾਈ ਸਾਲ ਗੁਜ਼ਰ ਚੁੱਕੇ ਹਨ ਅਤੇ ਆਉਂਦੇ ਢਾਈ ਸਾਲਾਂ ਵਿਚ ਉਹ ਅਜਿਹੇ ਸੁਧਾਰਾਂ ਵਾਲੇ ਪਾਸੇ ਕਿੰਨਾ ਕੁ ਤੁਰ ਸਕਦੇ ਹਨ, ਇਸ ਦੇ ਨਾਲ ਹੀ ਅਕਾਲੀ-ਭਾਜਪਾ ਗਠਜੋੜ ਦੇ ਭਵਿੱਖ ਦੀ ਕੋਈ ਰੂਪ-ਰੇਖਾ ਬਣਨੀ ਹੈ।

# ਸੰਤ ਲੌਂਗੋਵਾਲ ਦੀ ਬਰਸੀ ਮੌਕੇ ਵੱਖਰਾ ਸਮਾਗਮ ਕਰਨ ਦਾ ਫੈਸਲਾ

## ਸੁਰਜੀਤ ਸਿੰਘ ਬਰਨਾਲਾ ਧੜਾ ਵੱਖਰੀਆਂ ਕਾਰਵਾਈਆਂ ਵਿਚ ਰੁੱਝਾ

**ਧਨੌਲਾ :** ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਬਾਗੀ ਹੋਏ ਅਕਾਲੀ ਆਗੂਆਂ ਤੇ ਵਰਕਰਾਂ ਨੇ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਦੀ ਪਤਨੀ ਬੀਬੀ ਸੁਰਜੀਤ ਕੌਰ ਬਰਨਾਲਾ ਦੀ ਅਗਵਾਈ ਹੇਠ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 20 ਅਗਸਤ ਨੂੰ ਮਨਾਈ ਜਾਣ ਵਾਲੀ ਬਰਸੀ ਵੱਖਰੇ ਤੌਰ 'ਤੇ ਮਨਾਏ ਜਾਣ ਦਾ ਫੈਸਲਾ ਕੀਤਾ ਹੈ। ਇਸ ਸਬੰਧ ਵਿਚ ਸਥਾਨਕ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਸਰਕਲ ਧਨੌਲਾ ਦੀ ਮੀਟਿੰਗ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਬੀਬੀ ਸੁਰਜੀਤ ਕੌਰ ਬਰਨਾਲਾ ਨੇ ਕਿਹਾ ਕਿ ਪੰਜਾਬ ਅਤੇ ਪੰਥ ਦਾ ਬਾਦਲ ਦਲ ਵਾਲਿਆਂ ਨੇ ਬਹੁਤ ਨੁਕਸਾਨ ਕੀਤਾ ਹੈ, ਜਿਸ ਕਰਕੇ 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੂੰ ਮੁੜ ਸੁਰਜੀਤ ਕੀਤਾ ਜਾਵੇਗਾ ਅਤੇ ਦਲ ਵਲੋਂ ਵੱਖਰਾ ਬਰਸੀ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਉਹ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਹੀਂ ਰਿਹਾ, ਜੋ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਹੋਰਾਂ ਵੇਲੇ ਸੀ। ਉਨ੍ਹਾਂ ਕਿਹਾ ਕਿ ਮੌਜੂਦਾ ਸਥਿਤੀਆਂ ਵਿਚ ਕਿਸੇ ਵੀ ਟਕਸਾਲੀ ਅਤੇ ਕੁਰਬਾਨੀਆਂ ਵਾਲੇ ਸਿੱਖ ਆਗੂ ਜਾਂ ਵਰਕਰ ਦੀ ਕੋਈ ਪੁੱਛ ਪੜਤਾਲ ਨਹੀਂ, ਸਗੋਂ ਸਰਮਾਏਦਾਰਾਂ, ਰਿਸ਼ਤੇਦਾਰਾਂ ਅਤੇ ਅਫੀਮ, ਭੁੱਕੀ ਤੇ ਸ਼ਰਾਬ ਦਾ ਕਾਰੋਬਾਰ ਕਰਨ ਵਾਲੇ ਵੱਡੇ ਲੋਕਾਂ ਨੂੰ ਬਾਦਲ ਵਲੋਂ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਸੰਗਤਾਂ ਨੂੰ ਪੁੱਜਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੂੰ ਮੁੜ ਸੁਰਜੀਤ ਕੀਤੇ ਜਾਣ ਦਾ ਐਲਾਨ ਵੀ ਕੀਤਾ ਜਾਵੇਗਾ। ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਧਰਮ ਯੁੱਧ ਮੋਰਚੇ ਦੇ ਨਾਂ 'ਤੇ ਸੰਘਰਸ਼ ਆਰੰਭ ਕੀਤਾ ਸੀ, ਜਿਸ ਤਹਿਤ ਅਨੇਕਾਂ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸੰਤ ਲੌਂਗੋਵਾਲ ਨੇ ਹਿੰਦੂ-ਸਿੱਖ ਏਕਤਾ ਕਾਇਮ ਰੱਖਣ ਅਤੇ ਪੰਜਾਬ ਦੇ ਭਲੇ ਲਈ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਸਮਝੌਤਾ ਕੀਤਾ ਸੀ। ਉਨ੍ਹਾਂ ਦੋਸ਼ ਲਗਾਇਆ ਕਿ ਸ੍ਰੀ ਬਾਦਲ ਨੇ ਜਥੇਦਾਰ ਟੌਹੜਾ ਨੂੰ ਨਾਲ ਲੈ ਕੇ ਸਥਿਤੀ ਨੂੰ ਪ੍ਰਵਾਨ ਨਹੀਂ ਕੀਤਾ।

ਮੀਟਿੰਗ ਨੂੰ ਜਥੇਦਾਰ ਸੁਖਵੰਤ ਸਿੰਘ ਧਨੌਲਾ, ਜਥੇਦਾਰ ਭਰਪੂਰ ਸਿੰਘ ਧਨੌਲਾ, ਜਥੇਦਾਰ ਸ਼ਮਸ਼ੇਰ ਸਿੰਘ, ਜਥੇਦਾਰ ਮੋਹਨ ਸਿੰਘ ਭੁੱਲਰ, ਹਰਦੇਵ ਸਿੰਘ ਧਨੌਲਾ, ਜਥੇਦਾਰ ਕਰਨੈਲ ਸਿੰਘ ਦੁਲਟ ਲੌਂਗੋਵਾਲ, ਐਡਵੋਕੇਟ ਰੁਪਿੰਦਰ ਸਿੰਘ ਸੰਧੂ, ਜਥੇਦਾਰ ਗੁਰਨਾਮ ਸਿੰਘ ਕੱਟੂ, ਜਥੇਦਾਰ ਕੁਲਵੰਤ ਸਿੰਘ ਧਨੌਲਾ, ਸੁਦਾਗਰ ਸਿੰਘ ਰਾਜੀਆ, ਜੋਗਾ ਸਿੰਘ ਸਾਬਕਾ ਸਰਪੰਚ ਰਾਜਗੜ੍ਹ, ਸਾਧੂ ਸਿੰਘ ਗਰੇਵਾਲ, ਸਰੂਪ ਸਿੰਘ ਭੂਰੇ ਨੇ ਸੰਬੋਧਨ ਕੀਤਾ।

ਮੀਟਿੰਗ ਵਿਚ ਬੁਲਾਰਿਆਂ ਨੇ ਅਕਾਲੀ ਦਲ (ਲੌਂਗੋਵਾਲ) ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਅਤੇ 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਵਿਚ ਪੁੱਜਣ ਦੀ ਅਪੀਲ ਕੀਤੀ। ਬਾਹਰੋਂ ਪੁੱਜੇ ਅਕਾਲੀ ਆਗੂਆਂ ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਵਲੋਂ ਸਿਰੋਪੇ ਭੇਟ ਕੀਤੇ ਗਏ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਦਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਵੱਖਰੀ ਕਮੇਟੀ ਦੇ ਮੁੱਦੇ 'ਤੇ ਕੇਂਦਰ ਵਲੋਂ ਹੁੱਡਾ ਨੂੰ ਸੰਜਮ ਦੀ ਸਲਾਹ

- ਕਾਂਗਰਸ ਨੇ ਪੈਰ ਪਿੱਛੇ ਖਿੱਚੇ
- ਨਿਹੰਗਾਂ ਕਿਹਾ ਅਕਾਲ ਤਖਤ ਦੇ ਹੁਕਮ ਨੂੰ ਮੰਨਾਂਗੇ
- ਇਸ ਮੁੱਦੇ ਨੂੰ ਲੈ ਕੇ ਅਕਾਲੀਆਂ ਪਾਰਲੀਮੈਂਟ ਦੀ ਕਾਰਵਾਈ ਰੋਕੀ

**ਨਵੀਂ ਦਿੱਲੀ :** ਹਰਿਆਣੇ 'ਚ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੇ ਸਬੰਧ 'ਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਹਰਿਆਣੇ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਅਜਿਹੀ ਕਿਸੇ ਗੱਲ ਦੇ ਹੱਕ 'ਚ ਨਹੀਂ ਜਿਸ ਨਾਲ ਪੰਜਾਬ ਤੇ ਵਿਸ਼ਵ ਭਰ 'ਚ ਫੈਲੇ ਸਿੱਖ ਭਾਈਚਾਰੇ ਦੇ ਮਨਾਂ 'ਚ ਫਿਰਕੂ ਤਣਾਓ ਪੈਦਾ ਹੋਵੇ। ਕੇਂਦਰੀ ਲੀਡਰਸ਼ਿਪ ਹਾਲ ਹੀ ਵਿਚ ਮੁੱਖ ਮੰਤਰੀ ਸ੍ਰੀ ਹੁੱਡਾ ਦੇ ਇਸ ਬਿਆਨ ਕਿ 'ਜੇ ਕੋਈ ਕਾਨੂੰਨੀ ਅੜਚਨ ਨਾ ਹੋਈ ਤਾਂ ਪਹਿਲੀ ਨਵੰਬਰ ਤੋਂ ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਬਣਾ ਦਿੱਤੀ ਜਾਵੇਗੀ' ਤੋਂ ਵੀ ਕਾਫੀ ਚਿੰਤਤ ਹੈ। ਮੁੱਖ ਮੰਤਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਹ ਵੀ ਕਿਹਾ ਸੀ ਕਿ ਐਚ.ਐਸ. ਚੱਢਾ ਕਮੇਟੀ ਵਲੋਂ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੀ ਤਜਵੀਜ਼ ਬਾਰੇ ਰਿਪੋਰਟ ਦਾ ਕਾਨੂੰਨੀ ਪੱਖ ਤੋਂ ਅਧਿਐਨ ਕੀਤਾ ਜਾ ਰਿਹਾ ਹੈ।

ਐਸ.ਜੀ.ਪੀ.ਸੀ. ਕਿਉਂਕਿ ਸਿੱਖਾਂ ਦੇ ਮਾਮਲਿਆਂ ਬਾਰੇ ਫੈਸਲਾ ਲੈਣ ਵਾਲੀ ਇਕੋ-ਇਕ ਅਥਾਰਟੀ ਹੈ, ਇਸ ਲਈ ਕੇਂਦਰ ਸਰਕਾਰ ਇਸ 84 ਸਾਲ ਪੁਰਾਣੀ ਸੰਸਥਾ ਨੂੰ ਵੰਡ ਕੇ ਅੱਗ ਨਾਲ ਖੇਡਣ ਦੇ ਰਉਂ 'ਚ ਨਹੀਂ ਹੈ।

ਇਕ ਸੀਨੀਅਰ ਕਾਂਗਰਸੀ ਆਗੂ ਨੇ ਦੱਸਿਆ ਕਿ ਸਰਕਾਰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਵੀ ਇਹ ਕਹਿਣ ਦੇ ਰਉਂ 'ਚ ਹੈ ਕਿ ਸ਼੍ਰੋਮਣੀ ਕਮੇਟੀ 'ਚ ਵੰਡੀਆਂ ਪਾਉਣ ਬਾਰੇ ਜੇ ਹਰਿਆਣਾ ਜ਼ੋਰ ਵੀ ਪਾਵੇ ਤਾਂ ਵੀ ਕੋਈ ਨੋਟੀਫਿਕੇਸ਼ਨ ਜਾਰੀ ਨਾ ਕੀਤਾ ਜਾਵੇ। ਇਸ ਸਬੰਧ ਵਿਚ ਅੰਤਿਮ ਨੋਟੀਫਿਕੇਸ਼ਨ ਗ੍ਰਹਿ ਮੰਤਰਾਲੇ ਵਲੋਂ ਜਾਰੀ ਕੀਤਾ ਜਾਣਾ ਹੈ। ਉਧਰ ਹਰਿਆਣਾ ਵਿਚਲੇ ਸੂਤਰਾਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਸਿਰਫ ਗ੍ਰਹਿ ਮੰਤਰਾਲੇ ਨੂੰ ਆਪਣੀ ਸਿਫਾਰਸ਼ 'ਤੇ ਵਿਧਾਨ ਸਭਾ ਦਾ ਫੈਸਲਾ ਹੀ ਭੇਜੇਗੀ। ਸੂਤਰਾਂ ਅਨੁਸਾਰ ਇਸ ਸਬੰਧੀ ਕਾਨੂੰਨੀ ਪੱਖ ਵੀ ਵਿਚਾਰਿਆ ਜਾ ਰਿਹਾ ਹੈ ਕਿ ਕੀ ਰਾਜ ਸਰਕਾਰ ਆਪਣੇ ਤੌਰ 'ਤੇ ਐਸ.ਜੀ.ਪੀ.ਸੀ. ਐਕਟ 'ਚ ਸੋਧ ਕਰ ਸਕਦੀ ਹੈ ਜਾਂ ਨਹੀਂ। ਇਸ ਸਬੰਧ 'ਚ 1966 ਵਾਲੇ ਰਾਜਾਂ ਦੇ ਪੁਨਰਗਠਨ ਐਕਟ ਦਾ ਵੀ ਅਧਿਐਨ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਹਰਿਆਣਾ ਦੇ 6 ਐਸ.ਜੀ.ਪੀ.ਸੀ. ਮੈਂਬਰਾਂ ਤੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ 15 ਪ੍ਰਧਾਨਾਂ ਨੇ ਖੁੱਲ੍ਹ ਕੇ ਵੱਖਰੀ ਕਮੇਟੀ ਦਾ ਵਿਰੋਧ ਕੀਤਾ ਹੈ। ਜ਼ਿਕਰਯੋਗ ਹੈ ਕਿ ਹਰਿਆਣਾ ਦੀਆਂ ਕੁਲ 18 ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਹਨ। ਹਰਿਆਣਾ ਦੇ ਐਸ.ਜੀ.ਪੀ.ਸੀ. ਮੈਂਬਰਾਂ ਤੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਧਾਨਾਂ ਨੇ ਲੰਘੀ 6 ਅਗਸਤ ਨੂੰ ਇਥੇ ਮੀਡੀਆ ਸਾਹਮਣੇ ਆਪਣਾ ਸ਼ਕਤੀ ਪ੍ਰਦਰਸ਼ਨ ਕੀਤਾ। ਇਸ ਮੌਕੇ ਐਸ.ਜੀ.ਪੀ.ਸੀ. ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਤੇ ਹਰਿਆਣਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੋਗਿੰਦਰ ਸਿੰਘ ਅਹਿਰਵਾਨ ਤੇ ਹੋਰ ਸਿੱਖ ਨੇਤਾ ਵੀ ਵੱਡੀ ਗਿਣਤੀ 'ਚ ਮੌਜੂਦ ਸਨ। ਇਸ ਮੌਕੇ ਮੌਜੂਦ ਹਰਿਆਣਾ ਦੇ ਐਸ.ਜੀ.ਪੀ.ਸੀ. ਮੈਂਬਰਾਂ 'ਚ ਬਲਦੇਵ ਸਿੰਘ ਕੈਮਪੁਰ, ਗੁਰਦੀਪ ਸਿੰਘ ਭਾਨੋਖੇੜੀ ਤੋਂ ਇਲਾਵਾ ਹੋਰਨਾਂ ਸਿੱਖ ਆਗੂਆਂ 'ਚ ਭੁਪਿੰਦਰ ਸਿੰਘ ਅਸੰਧ, ਬੀਬੀ ਕਰਤਾਰ ਕੌਰ ਤੇ ਬਲਕਾਰ ਸਿੰਘ ਦੇ ਨਾਂ ਜ਼ਿਕਰਯੋਗ ਹਨ। 15 ਲੋਕਲ ਕਮੇਟੀਆਂ ਦੇ ਪ੍ਰਧਾਨਾਂ ਤੋਂ ਇਲਾਵਾ ਬਾਕੀ ਅਹੁਦੇਦਾਰ ਵੀ ਇਸ ਮੌਕੇ ਪੱਤਰਕਾਰ ਸੰਮੇਲਨ 'ਚ ਮੌਜੂਦ ਸਨ।

ਉਧਰ ਕਾਂਗਰਸ ਪਾਰਟੀ ਨੇ ਵੀ ਫਿਲਹਾਲ ਆਪਣੇ ਆਪ ਨੂੰ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਨ ਦੇ ਮੁੱਦੇ ਤੋਂ ਪਰ੍ਹੇ ਕਰ ਲਿਆ ਹੈ। ਪਾਰਟੀ ਦੇ ਤਰਜਮਾਨ ਜਯੰਤੀ ਨਟਰਾਜਨ ਨੇ ਕਿਹਾ, "ਸਿੱਖ ਭਾਈਚਾਰੇ ਦੇ ਬਹੁਤ ਸਾਰੇ ਮੈਂਬਰਾਂ ਨੇ ਹਰਿਆਣਾ ਸਰਕਾਰ ਤੋਂ ਸੂਬੇ ਵਿਚ ਦਿੱਲੀ ਦੀ ਤਰ੍ਹਾਂ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੀ ਬੇਨਤੀ ਕੀਤੀ ਸੀ ਅਤੇ ਇਸੇ ਆਧਾਰ 'ਤੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇਸ ਮਾਮਲੇ ਦੀ ਘੋਖ-ਪੜਤਾਲ ਲਈ ਇਕ ਕਮੇਟੀ ਦਾ ਗਠਨ ਕੀਤਾ ਸੀ। ਕਮੇਟੀ ਨੇ ਰਿਪੋਰਟ ਦੇ ਦਿੱਤੀ ਹੈ ਅਤੇ ਸ੍ਰੀ ਹੁੱਡਾ ਇਸ ਦੀ ਪੜਤਾਲ ਕਰ ਰਹੇ ਹਨ। ਇਸ ਕਰਕੇ ਅਜੇ ਕੋਈ ਅਹਿਮ ਫੈਸਲਾ ਨਹੀਂ ਲਿਆ ਗਿਆ। ਇਸ ਕਰਕੇ ਇਸ ਮੁੱਦੇ 'ਤੇ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਵਕਤ ਟਿੱਪਣੀ ਕਰਨੀ ਵਾਜਬ ਨਹੀਂ। ਇਕ ਸਵਾਲ ਦੇ ਜਵਾਬ ਵਿਚ ਮੈਡਮ ਨਟਰਾਜਨ ਨੇ ਕਿਹਾ ਕਿ ਕਾਂਗਰਸ ਸਰਕਾਰ ਅਜਿਹੇ ਫੈਸਲੇ ਨਹੀਂ ਲੈਂਦੀ, ਜੋ ਲੋਕਾਂ ਨੂੰ ਵੰਡਦੇ ਹੋਣ। ਇਸ ਮੁੱਦੇ 'ਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਦਲ ਖਾਲਸਾ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਸਿੱਖ ਗੁਰਦੁਆਰਾ ਚੋਣ ਕਮਿਸ਼ਨ ਰਾਹੀਂ ਹਰਿਆਣੇ ਦੇ ਸਿੱਖਾਂ ਦੀ ਇੱਛਾ ਜਾਨਣ ਲਈ ਰਾਇਸ਼ੁਮਾਰੀ ਕਰਵਾਉਣੀ ਚਾਹੀਦੀ ਹੈ।

ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਅਤੇ ਪਾਰਟੀ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਇਹ ਹਰਿਆਣੇ ਦੇ ਸਿੱਖਾਂ ਉਤੇ ਨਿਰਭਰ ਕਰਦਾ ਹੈ ਕਿ ਉਹ ਵੱਖਰੀ ਕਮੇਟੀ ਚਾਹੁੰਦੇ ਹਨ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਹਿਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਹਰਿਆਣੇ ਦੇ ਸਿੱਖਾਂ ਨੂੰ ਆਪਣਾ ਪੱਖ ਪ੍ਰਗਟ ਕਰਨ ਦਾ ਖੁੱਲ੍ਹਾ ਮੌਕਾ ਅਤੇ ਮਾਹੌਲ ਦਿੱਤਾ ਜਾਣਾ



ਚਾਹੀਦਾ ਹੈ, ਜਿਹੜਾ ਕਿ ਉਨ੍ਹਾਂ ਦਾ ਸੰਵਿਧਾਨਕ ਅਤੇ ਜਮਹੂਰੀ ਹੱਕ ਹੈ। ਆਗੂਆਂ ਨੇ ਕਿਹਾ ਕਿ ਸਿੱਖ ਗੁਰਦੁਆਰਾ ਚੋਣ ਅਤੇ ਇਸ ਦਾ ਨਤੀਜਾ ਸਮੁੱਚੀਆਂ ਧਿਰਾਂ ਲਈ ਮੰਨਣਾ ਲਾਜ਼ਮੀ ਹੋਵੇ।

ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਣਾਉਣ ਦੀ ਜ਼ਰੂਰਤ ਉਤੇ ਜ਼ੋਰ ਦਿੰਦਿਆਂ ਆਗੂਆਂ ਨੇ ਕਿਹਾ ਕਿ ਲੰਮੇ ਸਮੇਂ ਤੋਂ ਅਕਾਲੀ ਦਲ ਵੀ ਇਸ ਦੀ ਮੰਗ ਕਰ ਰਿਹਾ ਸੀ, ਪਰ ਇਸ ਦੀ ਮੌਜੂਦਾ ਲੀਡਰਸ਼ਿਪ ਨੇ ਗੋਲਕ ਖੁੱਸਣ ਦੇ ਡਰ ਤੋਂ ਇਸ ਮੰਗ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਦੀ ਮੰਗ ਅਕਾਲੀ ਦਲ ਵਲੋਂ 4 ਅਗਸਤ, 1982 ਨੂੰ ਅਰੰਭੇ ਗਏ ਧਰਮ ਯੁੱਧ ਮੋਰਚੇ ਦੀਆਂ ਹੋਰ ਬਹੁਤ ਸਾਰੀਆਂ ਮੰਗਾਂ ਵਿਚ ਵੀ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਇਸ ਐਕਟ ਨਾਲ ਜਿਥੇ ਪੂਰੇ ਭਾਰਤ ਦੇ ਸਿੱਖ ਇਕ-ਦੂਜੇ ਦੇ ਨੇੜੇ ਆਉਣਗੇ, ਉਥੇ ਅਕਾਲ ਤਖ਼ਤ ਸਾਹਿਬ ਵਲੋਂ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਨੂੰ ਦੇਸ਼ ਭਰ ਦੇ ਹਰ ਗੁਰਦੁਆਰੇ ਅਤੇ ਪੰਜਾਂ ਤਖ਼ਤਾਂ ਉੱਤੇ ਇਕਸਾਰ ਲਾਗੂ ਕਰਾਉਣ ਦਾ ਰਾਹ ਪੱਧਰਾ ਹੋ ਜਾਵੇਗਾ।

ਇਸੇ ਦੌਰਾਨ ਨਿਹੰਗ ਜਥੇਬੰਦੀਆਂ ਨੇ ਕਿਹਾ ਹੈ ਕਿ ਉਹ ਇਸ ਮਾਮਲੇ ਵਿਚ ਅਕਾਲ ਤਖਤ ਤੋਂ ਆਉਣ ਵਾਲੇ ਹੁਕਮਨਾਮੇ ਦੀਆਂ ਪਾਬੰਦ ਹਨ। ਨਿਹੰਗ ਜਥੇਬੰਦੀ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ ਨੇ ਇਸ ਸਬੰਧ ਵਿਚ ਪਿਛਲੇ ਦਿਨੀਂ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਿੰਦਰ ਸਿੰਘ ਗੋਗੀ ਅਤੇ ਬਾਬਾ ਨਾਗਰ ਸਿੰਘ ਹਰੀਆਂ ਵੇਲਾਂ ਵਾਲੇ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜੋ ਵੀ ਹੁਕਮ ਅਕਾਲ ਤਖ਼ਤ ਤੋਂ ਆਵੇਗਾ, ਉਹ ਉਸ 'ਤੇ ਫੁੱਲ ਚੜ੍ਹਾਉਣਗੇ। ਉਧਰ ਬਾਬਾ ਬੁੱਢਾ ਨਾਲ 96ਵੇਂ ਕਰੋੜੀ ਦੇ ਸਿੰਘ ਸਾਹਿਬ ਬਾਬਾ ਬਲਵੀਰ ਸਿੰਘ ਵਲੋਂ ਭੇਜੇ ਬਾਬਾ ਜੱਸਾ ਸਿੰਘ ਨੇ ਵੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਸਬੰਧੀ ਕਿਹਾ ਕਿ ਉਹ ਹਰ ਹਾਲ ਵਿਚ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ 'ਤੇ ਪਹਿਰਾ ਦੇਣਗੇ।

ਯਾਦ ਰਹੇ ਹਰਿਆਣਾ ਸਰਕਾਰ ਵਲੋਂ ਵੱਖਰੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਸਬੰਧੀ ਕੀਤੇ ਐਲਾਨ ਨੂੰ ਲੈ ਕੇ ਸੰਸਦ ਦੇ ਦੋਹਾਂ ਸਦਨਾਂ ਵਿਚ ਅਕਾਲੀ ਦਲ ਅਤੇ ਭਾਜਪਾ ਮੈਂਬਰਾਂ ਨੇ ਬੀਤੀ 6 ਅਗਸਤ ਨੂੰ ਭਾਰੀ ਹੰਗਾਮਾ ਕੀਤਾ ਸੀ, ਜਿਸ ਕਾਰਨ ਸਦਨ ਦੀ ਕਾਰਵਾਈ ਸ਼ੁਰੂ ਹੋਣ ਦੇ ਥੋੜੇ ਸਮੇਂ ਬਾਅਦ ਹੀ ਰੋਕਣੀ ਪਈ ਸੀ। ਲੋਕ ਸਭਾ ਦੇ ਹੰਗਾਮੇ ਕਾਰਨ ਪਹਿਲਾਂ ਸਾਢੇ 11 ਵਜੇ ਤੱਕ ਕਾਰਵਾਈ ਰੋਕਣੀ ਪਈ, ਉਸ ਤੋਂ ਬਾਅਦ ਸਦਨ ਵਿਚ ਹੰਗਾਮਾ ਜਾਰੀ ਰਹਿਣ ਕਾਰਨ ਮੁੜ 12 ਵਜੇ ਤੱਕ ਕਾਰਵਾਈ ਰੋਕ ਦਿੱਤੀ ਗਈ। ਇਸ ਤੋਂ ਪਹਿਲਾਂ ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਅਕਾਲੀ ਦਲ ਦੇ ਰਤਨ ਸਿੰਘ ਅਜਨਾਲਾ ਅਤੇ ਹਰਸਿਮਰਤ ਕੌਰ ਬਾਦਲ ਨੇ ਇਹ ਮੁੱਦਾ ਚੁੱਕਿਆ, ਜਿਸ ਦਾ ਭਾਜਪਾ ਅਤੇ ਜਨਤਾ ਦਲ (ਯੂ) ਦੇ ਮੈਂਬਰਾਂ ਨੇ ਜ਼ੋਰਦਾਰ ਸਮਰਥਨ ਕੀਤਾ। ਇਹ ਮੈਂਬਰ ਪ੍ਰਸ਼ਨਕਾਲ ਰੋਕ ਕੇ ਇਸ ਮੁੱਦੇ 'ਤੇ ਚਰਚਾ ਦੀ ਮੰਗ ਕਰ ਰਹੇ ਸਨ। ਸ. ਅਜਨਾਲਾ ਅਤੇ ਹਰਸਿਮਰਤ ਕੌਰ ਇਸ ਮੁੱਦੇ ਨੂੰ ਲੈ ਕੇ ਸਪੀਕਰ ਦੇ ਸਾਹਮਣੇ ਆ ਗਏ ਅਤੇ ਸ. ਅਜਨਾਲਾ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੱਖਰੇ ਕਰਨ ਦੇ ਮੁੱਦੇ ਨੂੰ ਲੈ ਕੇ ਕਿਹਾ ਕਿ ਜਦੋਂ ਤੱਕ ਉਨ੍ਹਾਂ ਨੂੰ ਨਿਆਂ ਨਹੀਂ ਮਿਲੇਗਾ, ਉਹ ਸਪੀਕਰ ਦੇ ਸਾਹਮਣੇ ਬੈਠੇ ਰਹਿਣਗੇ। ਸਪੀਕਰ ਮੀਰਾ ਕੁਮਾਰ ਨੇ ਕਿਹਾ ਕਿ ਉਹ ਮੈਂਬਰਾਂ ਦੀਆਂ ਭਾਵਨਾਵਾਂ ਸਮਝਦੇ ਹਨ, ਪਰ ਪ੍ਰਸ਼ਨਕਾਲ ਰੋਕਣ ਦਾ ਕੋਈ ਨਿਯਮ ਨਹੀਂ ਹੈ। ਉਨ੍ਹਾਂ ਕਿਹਾ ਕਿ 4 ਅਗਸਤ ਨੂੰ ਇਸ ਮੁੱਦੇ 'ਤੇ ਗੱਲ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੂੰ ਮੌਕਾ ਦਿੱਤਾ ਗਿਆ ਸੀ, ਪਰ ਉਸ ਸਮੇਂ ਉਹ ਸਦਨ ਵਿਚ ਮੌਜੂਦ ਨਹੀਂ ਸਨ। ਮੀਰਾ ਕੁਮਾਰ ਨੇ ਇਹ ਵੀ ਕਿਹਾ ਕਿ ਸਿਫ਼ਰ ਕਾਲ ਵਿਚ ਇਸ ਮੁੱਦੇ 'ਤੇ ਵਿਸਥਾਰ ਨਾਲ ਗੱਲ ਕੀਤੀ ਜਾ ਸਕਦੀ ਹੈ। ਪਰ ਅਕਾਲੀ ਦਲ ਦੇ ਮੈਂਬਰ ਆਪਣੀ ਗੱਲ 'ਤੇ ਅੜ੍ਹੇ ਰਹੇ, ਜਿਸ ਦਾ ਭਾਜਪਾ ਅਤੇ ਜਨਤਾ ਦਲ (ਯੂ) ਨੇ ਸਮਰਥਨ ਕੀਤਾ। ਸਦਨ ਵਿਚ ਪ੍ਰਸ਼ਨਕਾਲ ਵਿਚ ਰੁਕਾਵਟ ਪੈਣ ਕਾਰਨ ਸਦਨ ਦੇ ਆਗੂ ਪ੍ਰਣਬ ਮੁਖਰਜੀ ਗੁੱਸੇ ਵਿਚ ਨਜ਼ਰ ਆਏ। ਜ਼ਿਕਰਯੋਗ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਬੀਤੇ ਦਿਨੀਂ ਐਲਾਨ ਕੀਤਾ ਸੀ ਕਿ ਇਕ ਨਵੰਬਰ ਨੂੰ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕਰ ਦਿੱਤਾ ਜਾਵੇਗਾ।

ਦੂਜੇ ਪਾਸੇ ਇਸ ਮੁੱਦੇ ਨੂੰ ਲੈ ਕੇ 6 ਅਗਸਤ ਨੂੰ ਰਾਜ ਸਭਾ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਦੁਪਹਿਰ 12 ਵਜੇ ਤੱਕ ਰੋਕ ਦਿੱਤੀ ਗਈ। ਨਵੇਂ ਮੈਂਬਰਾਂ ਨੂੰ ਸਹੁੰ ਚੁਕਾਉਣ ਤੋਂ ਬਾਅਦ ਚੇਅਰਮੈਨ ਹਾਮਿਦ ਅੰਸਾਰੀ ਨੇ ਪ੍ਰਸ਼ਨਕਾਲ ਸ਼ੁਰੂ ਕਰਨ ਦਾ ਐਲਾਨ ਕੀਤਾ, ਪਰ ਭਾਜਪਾ, ਅਕਾਲੀ ਦਲ ਅਤੇ ਸ਼ਿਵ ਸੈਨਾ ਦੇ ਮੈਂਬਰਾਂ ਅਤੇ ਆਜ਼ਾਦ ਸਾਂਸਦ ਤ੍ਰਿਲੋਚਨ ਸਿੰਘ ਨੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਮੁੱਦਾ ਚੁੱਕਦਿਆਂ ਚਰਚਾ ਦੀ ਮੰਗ ਕੀਤੀ। ਇਸ ਦੌਰਾਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੀ ਸਦਨ ਵਿਚ ਮੌਜੂਦ ਸਨ। ਭਾਜਪਾ ਦੇ ਸਾਂਸਦ ਐਸ.ਐਸ. ਆਹਲੂਵਾਲੀਆ ਨੇ ਅਕਾਲੀ ਸੰਸਦ ਮੈਂਬਰਾਂ ਦੀ ਹਮਾਇਤ ਕੀਤੀ।

## ਬ੍ਰਿਟੇਨ ਦੀ ਸਭ ਤੋਂ ਵੱਡੀ ਸਿੱਖ ਜਥੇਬੰਦੀ ਵਲੋਂ ਗੁਰਦੁਆਰਾ ਕਾਨੂੰਨ 'ਚ ਤਬਦੀਲੀ ਦਾ ਵਿਰੋਧ

**ਲੰਡਨ :** ਬ੍ਰਿਟੇਨ ਦੀ ਸਭ ਤੋਂ ਵੱਡੀ ਸਿੱਖ ਜਥੇਬੰਦੀ ਨੇ ਭਾਰਤ ਵਿਚ ਗੁਰਦੁਆਰਾ ਕਾਨੂੰਨ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਦਾ ਵਿਰੋਧ ਕੀਤਾ ਹੈ। ਲੰਡਨ ਦੇ ਪੱਛਮੀ ਭਾਗ ਵਿਚ ਸਥਿਤ ਮੂਲ ਤੌਰ 'ਤੇ ਭਾਰਤੀ ਬਹੁ-ਗਿਣਤੀ ਵਾਲੇ ਨਗਰ ਸਾਊਥਹਾਲ ਦੇ ਵੱਡੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਸੁਰਿੰਦਰ ਪੁਰੇਵਾਲ ਨੇ ਕਿਹਾ ਹੈ ਕਿ ਭਾਰਤ ਸਰਕਾਰ ਦਾ ਇਹ ਪ੍ਰਸਤਾਵ ਕਿ ਦੇਸ਼ ਦੇ ਹਰ ਪ੍ਰਾਂਤ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ ਵੱਖ-ਵੱਖ ਕਮੇਟੀਆਂ ਹੋਣੀਆਂ ਚਾਹੀਦੀਆਂ ਹਨ, ਸਿੱਖ ਪੰਥ ਦੀ ਏਕਤਾ ਤੋੜਨ ਤੇ ਉਸ ਨੂੰ ਕਮਜ਼ੋਰ ਕਰਨ ਦਾ ਯਤਨ ਹੈ। ਸਾਰਾ ਸਿੱਖ ਜਗਤ ਅਜਿਹੀ ਹਰੇਕ ਕੋਸ਼ਿਸ਼ ਦਾ ਡਟ ਕੇ ਵਿਰੋਧ ਕਰੇਗਾ। ਪੁਰੇਵਾਲ ਨੇ ਕਿਹਾ ਕਿ 1921 ਕਾਨੂੰਨ ਤਹਿਤ ਸਥਾਪਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤ ਦੇ ਸਾਰੇ ਗੁਰਦੁਆਰਿਆਂ ਦੀ ਪ੍ਰਮੁੱਖ ਸੰਸਥਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਤਬਦੀਲੀ ਲਿਆਉਣ ਦੀ ਕੋਸ਼ਿਸ਼ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣ ਦੀ ਕੋਸ਼ਿਸ਼ ਹੈ।


BABA MEHAR SINGH MEMORIAL
COLLEGE OF NURSING

Approved by Govt. of Punjab, Recognized by I.N.C., New Delhi & PNRC Chd.
(Affiliated to Baba Farid University of Health Sciences, Faridkot)

Admission Notice
B.Sc.-Nursing

- 5.5 Acre Campus
- Excellent Hostel Facility
- Equipped with Modern Techniques

ADMISSION OPEN FOR
N.R.I. QUOTA SEATS

Ph. -91-98156-39312, 91-9781614156

E-mail:bmsmcollege@rediffmail.com
Located at Gurdaspur-Mukerian Highway,
VPO-Purana Shalla District-Gurdaspur (Pb), INDIA



B & Sons Travel

- All Airlines
- International and Domestic
- Wholesale Fares Around the World

We Will Beat or Match any Fare !

Office Hours
Mon-Fri:
9am -6pm
Saturday
9am-5pm



CST. REG. # 2092042-40

President : Avtar Singh

Tel:707-703-1451, Cell:707-688-6094

Fax : (707) 427-6573, Email:bsonstravel@yahoo.com

1652 West Texas St. Suite 205, Fairfield, CA 94533

We Also Have Special Vacation Packages

Contact any time from anywhere

# ਅਮਰੀਕੀ ਨਾਗਰਿਕਤਾ ਲਈ ਅਰਜੀ ਧਿਆਨ ਨਾਲ ਭਰਨ ਦੀ ਸਲਾਹ

**ਸੈਨ ਫਰਾਂਸਿਸਕੋ:** ਇਮੀਗਰੇਸ਼ਨ ਕਾਨੂੰਨਾਂ ਦੇ ਮਾਹਿਰ ਵਕੀਲ ਸ੍ਰੀ ਹਰਦੀਪ ਸਿੰਘ ਰਾਏ ਨੇ ਸਿਆਸੀ ਸ਼ਰਣ ਰਾਹੀਂ ਗਰੀਨ ਕਾਰਡ ਹਾਸਲ ਕਰਨ ਵਾਲੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਸਿਟੀਜ਼ਨਸ਼ਿਪ ਜਾਂ ਨਾਗਰਿਕਤਾ ਲਈ ਪਟਿਸ਼ਨ ਭਰਨ ਵੇਲੇ ਜ਼ਰੂਰੀ ਇਹਤਿਆਤ ਦੀ ਵਰਤੋ ਕਰਨ।

ਸ੍ਰੀ ਰਾਏ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਦੌਰਾਨ ਕੁਝ ਕੇਸਾਂ ਵਿਚ ਸਿਟੀਜ਼ਨਸ਼ਿਪ ਦੇ ਕਾਗਜ਼ ਭਰਦਿਆਂ ਲੋਕਾਂ ਨੇ ਅਜਿਹੀਆਂ ਗਲਤੀਆਂ ਕੀਤੀਆਂ ਹਨ ਕਿ ਇੰਟਰਵਿਊ ਦੌਰਾਨ ਉਨ੍ਹਾਂ ਦੇ ਕੇਸ ਦੁਬਾਰਾ ਖੁਲ੍ਹ ਰਹੇ ਹਨ। ਸ੍ਰੀ ਰਾਏ ਨੇ ਸਲਾਹ ਦਿੱਤੀ ਕਿ ਸਿਟੀਜ਼ਨਸ਼ਿਪ ਕਾਗਜ਼ ਆਪਣੇ ਮਾਹਿਰ ਇਮੀਗਰੇਸ਼ਨ ਵਕੀਲ ਰਾਹੀਂ ਹੀ ਭਰੇ ਜਾਣ। ਇਸ ਮਾਮਲੇ ਨੂੰ ਹਲਕੇ ਜਿਹੇ ਨਹੀਂ ਲਿਆ ਜਾਣਾ ਚਾਹੀਦਾ। ਸਿਟੀਜ਼ਨਸ਼ਿਪ ਲਈ ਕਾਗਜ਼ ਸਾਰੇ ਪਹਿਲੂਆਂ ਨੂੰ ਧਿਆਨ ਵਿਚ ਰੱਖਦੇ ਅਤੇ ਪੂਰੀ ਤਿਆਰੀ ਨਾਲ ਹੀ ਭਰਨੇ ਚਾਹੀਦੇ ਹਨ। ਇੰਟਰਵਿਊ ਲਈ ਵੀ ਪੂਰੀ ਤਿਆਰੀ ਨਾਲ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਕੇ ਅਣਕਿਆਸੀਆਂ ਮੁਸ਼ਕਲਾਂ ਤੋਂ ਬਚਿਆ ਜਾ ਸਕਦਾ ਹੈ। ਇਸ ਮਾਮਲੇ ਵਿਚ ਉਨ੍ਹਾਂ ਲੋਕਾਂ ਨੂੰ ਖਾਸ ਹੀ ਖਿਆਲ ਕਰਨਾ ਚਾਹੀਦਾ ਹੈ ਜਿਹੜੇ ਅਸਾਈਲਮ ਜਾਂ ਸਿਆਸੀ ਪਨਾਹ ਦੇ ਆਧਾਰ ਉਤੇ ਗਰੀਨ ਕਾਰਡ ਲੈਣ ਪਿਛੋਂ ਆਪਣੇ ਦੇਸ਼ ਜਾ ਕੇ ਪਰਤਦੇ ਹਨ।

# ਸੰਤ ਅਮਰਦਾਸ ਨੂੰ ਨਿੱਘੀ ਸ਼ਰਧਾਂਜਲੀ

**ਯੂਬਾ ਸਿਟੀ:** ਇਥੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਵਿਖੇ ਡੇਰਾ ਬਾਬਾ ਕੱਲਰਾਂ, ਸ਼ੇਰਪੁਰ ਢੱਕੋਂ (ਹੁਸ਼ਿਆਰਪੁਰ) ਦੀ ਯਾਦ ਵਿਚ ਇਕ ਵਿਸ਼ੇਸ਼ ਕੀਰਤਨ ਦਰਬਾਰ ਸਜਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਉਪਰੰਤ ਭਾਈ ਕੁਲਵਿੰਦਰ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕਰਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਚੇਅਰਮੈਨ ਪ੍ਰਿਸ਼ੋਤਮ ਸੂਦ ਅਤੇ ਪ੍ਰਧਾਨ ਸ੍ਰੀ ਸ਼ਿੰਗਾਰਾ ਰੱਲ੍ਹ ਨੇ ਸੰਤ ਅਮਰਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਜ਼ਿਕਰਯੋਗ ਹੈ ਕਿ ਸੰਤ ਅਮਰਦਾਸ ਕੁਝ ਸਮਾਂ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ।

ਸ੍ਰੀ ਸੂਦ ਨੇ ਦੱਸਿਆ ਕਿ ਇਹ ਸਮਾਗਮ ਉਨ੍ਹਾਂ ਸੰਗਤਾਂ ਵਲੋਂ ਕੀਤਾ ਗਿਆ ਹੈ ਜੋ ਸੰਤਾਂ ਦੇ ਅਕਾਲ ਚਲਾਣੇ ਉਪਰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਡੇਰਾਂ ਕੱਲਰਾਂ ਨਹੀਂ ਜਾ ਸਕੀ। ਇਸ ਮੌਕੇ ਗੁਰਦੁਆਰਾ ਕਮੇਟੀ ਵਲੋਂ ਬੀਬੀ ਨਰਿੰਦਰ ਕੌਰ ਚੁੰਬਰ (ਸੈਕਰਾਮੈਂਟੋ) ਨੂੰ ਸੰਤ ਅਮਰਦਾਸ ਦੀ ਯਾਦ 'ਚ ਪਹਿਲਾ ਸਿਰੋਪਾਓ ਬਖਸ਼ਿਸ਼ ਕੀਤਾ ਗਿਆ।



# ਸੁਖਬੀਰ ਬਾਦਲ ਮੁੜ ਬਣੇ ਪੰਜਾਬ ਦੇ ਉਪ ਮੁੱਖ ਮੰਤਰੀ

**ਚੰਡੀਗੜ੍ਹ :** ਜਲਾਲਾਬਾਦ ਹਲਕੇ ਤੋਂ ਰਿਕਾਰਡ ਤੋੜ ਵੋਟਾਂ ਦੇ ਫਰਕ ਨਾਲ ਜਿੱਤਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਉਪ ਮੁੱਖ ਮੰਤਰੀ ਵਜੋਂ ਮੁੜ ਸਹੁੰ ਚੁੱਕੀ ਹੈ। ਇਥੇ ਪੰਜਾਬ ਰਾਜ ਭਵਨ ਵਿਖੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਸਮਾਗਮ ਦੌਰਾਨ ਰਾਜਪਾਲ ਐਸ.ਐਫ. ਰੋਡਰਿਗਜ਼ ਨੇ ਸੁਖਬੀਰ ਨੂੰ ਅਹੁਦੇ ਦੀ ਸਹੁੰ ਚੁਕਵਾਈ।

ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਮੰਤਰੀ ਮੰਡਲ ਦੇ ਮੈਂਬਰ, ਭਾਜਪਾ ਦੇ ਸੀਨੀਅਰ ਨੇਤਾ ਤੇ ਸੀਨੀਅਰ ਅਧਿਕਾਰੀਆਂ ਸਮੇਤ ਵੱਖ-ਵੱਖ ਜ਼ਿਲਿਆਂ 'ਚੋਂ ਅਕਾਲੀ ਆਗੂ ਤੇ ਵਰਕਰ ਵੱਡੀ ਗਿਣਤੀ 'ਚ ਪਹੁੰਚੇ। ਸਹੁੰ ਚੁੱਕ ਸਮਾਗਮ 'ਚ ਮੁੱਖ ਮੰਤਰੀ ਬਾਦਲ ਤੋਂ ਇਲਾਵਾ ਭਾਜਪਾ ਪੰਜਾਬ ਦੇ ਇੰਚਾਰਜ ਤੇ ਕੇਂਦਰੀ ਆਗੂ ਬਲਬੀਰ ਪੁੰਜ, ਪ੍ਰਦੇਸ਼ ਭਾਜਪਾ ਪ੍ਰਧਾਨ ਰਾਜਿੰਦਰ ਭੰਡਾਰੀ, ਮੈਂਬਰ ਪਾਰਲੀਮੈਂਟ ਨਵਜੋਤ ਸਿੱਧੂ, ਭਾਜਪਾ ਵਿਧਾਇਕ ਦਲ ਦੇ ਨੇਤਾ ਮਨੋਰੰਜਨ ਕਾਲੀਆ, ਸੀਨੀਅਰ ਆਗੂ ਬਲਰਾਮਜੀ ਦਾਸ ਟੰਡਨ, ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ, ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ, ਦਿੱਲੀ ਅਕਾਲੀ ਦਲ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਸੀਨੀਅਰ ਆਗੂ ਓਂਕਾਰ ਸਿੰਘ ਥਾਪਰ, ਅਵਤਾਰ ਸਿੰਘ ਹਿਤ, ਮੈਂਬਰ ਪਾਰਲੀਮੈਂਟ ਸ਼ੇਰ ਸਿੰਘ ਘੁਬਾਇਆ, ਪਰਮਜੀਤ ਕੌਰ ਗੁਲਸ਼ਨ, ਐਸ.ਜੀ.ਪੀ.ਸੀ. ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਬੀਬੀ ਜਗੀਰ ਕੌਰ, ਪੰਜਾਬ ਦੇ ਐਡਵੋਕੇਟ ਜਨਰਲ ਐਚ.ਐਸ. ਮਤੇਵਾਲ, ਯੂਥ ਆਗੂ ਬੱਬੀ ਬਾਦਲ, ਪਰਮਜੀਤ ਸਿੰਘ ਸਿੱਧਵਾਂ ਆਦਿ ਆਗੂ ਸ਼ਾਮਲ ਸਨ। ਸਰਕਾਰੀ ਤੌਰ 'ਤੇ ਜਾਰੀ ਪ੍ਰੈੱਸ ਰਿਲੀਜ਼ ਅਨੁਸਾਰ ਸੁਖਬੀਰ ਬਾਦਲ ਨੇ ਗ੍ਰਹਿ ਵਿਭਾਗ ਦੇ ਨਾਲ ਸੂਚਨਾ ਤੇ ਲੋਕ ਸੰਪਰਕ, ਜਲ ਸਪਲਾਈ, ਖੇਡਾਂ ਤੇ ਯੁਵਾ ਮਾਮਲੇ, ਐਨ.ਆਰ.ਆਈ. ਤੇ ਗੈਰ ਰਵਾਇਤੀ ਊਰਜਾ ਵਿਭਾਗ ਦਿੱਤੇ ਗਏ ਹਨ। ਅਹੁਦਾ ਸਾਂਭਦਿਆਂ ਹੀ ਸੁਖਬੀਰ ਬਾਦਲ ਨੇ ਪੰਜਾਬ ਵਿਚ ਪ੍ਰਸ਼ਾਸ਼ਨਿਕ ਸੁਧਾਰਾਂ ਦਾ ਵਾਅਦਾ ਕੀਤਾ ਹੈ।



*ਪੰਜਾਬ ਦੇ ਰਾਜਪਾਲ ਸ੍ਰੀ ਐਸ.ਐਫ. ਰੌਡਰਿਗਜ਼ ਚੰਡੀਗੜ੍ਹ ਵਿਚ ਸ. ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦੇ ਉੱਪ-ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਉਂਦੇ ਹੋਏ।*

ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਪੰਜਾਬ ਸਿਵਲ ਸਕੱਤਰੇਤ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਹੁਣ ਉਹ ਚੋਣਾਂ ਤੋਂ ਵਿਹਲੇ ਹੋ ਗਏ ਹਨ ਅਤੇ ਆਪਣਾ ਸਾਰਾ ਧਿਆਨ ਆਪਣੇ ਏਜੰਡੇ 'ਤੇ ਕੇਂਦਰਿਤ ਕਰਨਗੇ। ਇਸ ਮੰਤਵ ਲਈ ਹਰ ਮਹੀਨੇ ਕੰਮ 'ਤੇ ਨਜ਼ਰਸਾਨੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦਸੰਬਰ ਤੱਕ ਤਬਦੀਲੀ ਸਪੱਸ਼ਟ ਨਜ਼ਰ ਆ ਜਾਵੇਗੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਕੀ ਖੇਤਰ ਵਿਚ ਪੂਰੀ ਚੁਸਤੀ ਲਿਆਂਦੀ ਜਾਵੇਗੀ ਅਤੇ ਇਸ ਮੰਤਵ ਲਈ ਡਾ. ਪ੍ਰਮੋਦ ਕੁਮਾਰ ਦੀ ਅਗਵਾਈ ਹੇਠ ਬਣੇ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਅਮਲੀ ਰੂਪ ਦਿੱਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਬਿਜਲੀ ਦਾ ਸੰਕਟ ਕੇਵਲ ਪੰਜਾਬ ਦਾ ਨਹੀਂ, ਸਗੋਂ ਕੌਮੀ ਪੱਧਰ ਦਾ ਹੈ।

ਪੰਜਾਬ ਚਾਰ ਨਵੇਂ ਪਾਵਰ ਪ੍ਰਾਜੈਕਟਾਂ ਨੂੰ ਪਹਿਲ ਦੇ ਰਿਹਾ ਹੈ ਅਤੇ ਇਸੇ ਤਰ੍ਹਾਂ ਖੇਤੀ ਦੀ ਰਹਿੰਦ-ਖੂੰਹਦ ਤੋਂ 500 ਮੈਗਾਵਾਟ ਬਿਜਲੀ ਤਿਆਰ ਕਰਨ ਦਾ ਨਿਸ਼ਾਨਾ ਹੈ। ਮੌਜੂਦਾ ਸਾਧਨਾਂ ਨੂੰ ਮਜ਼ਬੂਤ ਕਰਕੇ ਪੰਜਾਬ ਦੀ ਆਰਥਿਕ ਸਥਿਤੀ ਵਿਚ ਸੁਧਾਰ ਲਿਆਂਦਾ ਜਾਵੇਗਾ। ਉਨ੍ਹਾਂ ਹੋਰ ਕਿਹਾ ਕਿ ਮਾਲਵਾ ਵਿਚ ਕੈਂਸਰ ਦੀ ਬਿਮਾਰੀ ਦੇ ਟਾਕਰੇ ਲਈ ਪ੍ਰਧਾਨ ਮੰਤਰੀ ਨੂੰ ਕੇਂਦਰੀ ਟੀਮ ਭੇਜਣ ਲਈ ਬੇਨਤੀ ਕੀਤੀ ਗਈ ਹੈ।

# ਪਤੀ ਦੀ ਮੌਤ ਤੇ ਗਰੀਬੀ ਨੇ ਨਕਲੀ ਕਰੰਸੀ ਦੇ ਧੰਦੇ ਵਲ ਧੱਕਿਆ ਸਵਿੰਦਰ ਨੂੰ

**ਚੰਡੀਗੜ੍ਹ :** ਪਤੀ ਦੀ ਅਚਾਨਕ ਮੌਤ, ਗਰੀਬੀ ਅਤੇ ਆਰਥਿਕ ਤੰਗੀ ਨੇ ਸਵਿੰਦਰ ਕੌਰ ਨੂੰ ਨਕਸਲੀ ਕਰਾਂਸੀ ਸਮਗਲ ਕਰਨ ਦੇ ਧੰਦੇ ਵਲ ਧੱਕ ਦਿੱਤਾ। ਭਾਰਤ ਦੀ 4.58 ਲੱਖ ਰੁਪਏ ਦੀ ਨਕਲੀ ਕਰੰਸੀ ਸਮੇਤ ਫੜੀ ਸਵਿੰਦਰ ਕੌਰ ਨੂੰ ਆਈ.ਐਸ.ਆਈ. ਦੇ ਏਜੰਟ ਦੇਸ਼ ਦੇ ਖੁਫੀਆ ਦਸਤਾਵੇਜ਼ਾਂ ਤੇ ਤਸਵੀਰਾਂ ਹਾਸਲ ਕਰਨ ਲਈ ਵੀ ਵਰਤਦੇ ਸਨ। ਆਈ.ਐਸ.ਆਈ. ਦੇ ਏਜੰਟਾਂ ਨੇ ਇਸ ਔਰਤ ਕੋਲੋਂ ਇਕ ਭੇਤਭਰੀ ਕਿਤਾਬ ਵੀ ਪਾਕਿਸਤਾਨ ਮੰਗਵਾਈ ਸੀ ਅਤੇ ਭਾਰਤੀ ਫੌਜ ਦੀਆਂ ਛਾਉਣੀਆਂ ਦੇ ਨਕਸ਼ੇ ਅਤੇ ਅਹਿਮ ਪੁਲਾਂ ਦੀਆਂ ਤਸਵੀਰਾਂ ਦੇਣ ਲਈ ਵੀ ਲਾਲਚ ਦਿੰਦੇ ਰਹੇ ਸਨ।

ਚੰਡੀਗੜ੍ਹ ਪੁਲਿਸ ਵਲੋਂ ਦੋ ਅਗਸਤ ਨੂੰ ਪਾਕਿਸਤਾਨ ਤੋਂ ਲਿਆਂਦੀ ਨਕਲੀ ਕਰੰਸੀ ਸਮੇਤ ਫੜੀ ਗਈ ਅੰਮ੍ਰਿਤਸਰ ਦੀ ਸਵਿੰਦਰ ਕੌਰ ਵਲੋਂ ਪੁੱਛ-ਪੜਤਾਲ ਦੌਰਾਨ ਇਹ ਖੁਲਾਸਾ ਕਰਨ ਤੋਂ ਬਾਅਦ ਦੇਸ਼ ਦੀਆਂ ਪ੍ਰਮੁੱਖ ਖੁਫੀਆ ਏਜੰਸੀਆਂ ਹੋਰ ਚੌਕਸ ਹੋ ਗਈਆਂ ਹਨ। ਇਕ ਪੁਲਿਸ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦਸਿਆ ਕਿ ਇਸ ਔਰਤ ਨੇ ਸਨਸਨੀਖੇਜ਼ ਖੁਲਾਸਾ ਕੀਤਾ ਹੈ ਕਿ ਉਸ ਨੇ ਲਾਹੌਰ ਵਿਖੇ ਤੋ ਵਿਅਕਤੀਆਂ ਸਾਦਿਕ ਅਤੇ ਚਾਚਾ ਸ਼ਬੀਰ ਨੂੰ ਇਕ ਪੁਸਤਕ ਮੁਹੱਈਆ ਕੀਤੀ ਸੀ। ਇਹ ਪੁਸਤਕ ਉਰਦੂ ਜਾਂ ਅਰਬੀ ਭਾਸ਼ਾ ਵਿਚ ਜਾਪਦੀ ਸੀ ਅਤੇ ਇਸ ਵਿਚ ਮਸਜਿਦ ਆਦਿ ਜਿਹੀਆਂ ਕੁਝ ਤਸਵੀਰਾਂ ਵੀ ਸਨ।

ਪ੍ਰਾਪਤ ਜਾਣਕਾਰੀ ਅਨੁਸਾਰ ਸਵਿੰਦਰ ਕੌਰ ਨੇ ਪੁਲਿਸ ਨੂੰ ਦੱਸਿਆ ਹੈ ਕਿ ਉਸ ਦੀ ਇਕ ਨਜ਼ਦੀਕੀ ਰਿਸ਼ਤੇਦਾਰ ਨੇ ਇਸ ਵਰ੍ਹੇ ਦੇ ਸ਼ੁਰੂ ਵਿਚ ਉਸ ਨੂੰ ਦੱਸਿਆ ਸੀ ਕਿ ਕੋਈ 'ਵਿਸ਼ੇਸ਼' ਬੰਦਾ ਉਸ ਨੂੰ ਇਕ ਪੁਸਤਕ ਦੇ ਕੇ ਗਿਆ ਹੈ, ਜੋ ਲਾਹੌਰ ਵਿਖੇ ਸਾਦਿਕ ਨਾਮ ਦੇ ਵਿਅਕਤੀ ਨੂੰ ਮੁਹੱਈਆ ਕਰਨੀ ਹੈ।

ਇਸੇ ਵਰ੍ਹੇ ਜਨਵਰੀ ਦੇ ਸ਼ੁਰੂ ਵਿਚ ਇਹ ਔਰਤ ਆਪਣੇ ਕੁਝ ਰਿਸ਼ਤੇਦਾਰਾਂ ਨਾਲ ਪਾਕਿਸਤਾਨ ਗਈ ਸੀ। ਪੁਲਿਸ ਅਨੁਸਾਰ ਭਾਵੇਂ ਇਸ ਔਰਤ ਕੋਲ ਉਸ ਵੇਲੇ ਇਹ ਪੁਸਤਕ ਮੌਜੂਦ ਸੀ, ਪਰ ਉਸ ਨੇ ਇਹ ਸਾਦਿਕ ਦੇ ਹਵਾਲੇ ਨਹੀਂ ਕੀਤੀ ਸੀ। ਇਕ ਪੁਲਿਸ ਅਧਿਕਾਰੀ ਅਨੁਸਾਰ ਹੋ ਸਕਦਾ ਹੈ ਕਿ ਇਸ ਔਰਤ ਨੇ ਵੱਡਾ ਲਾਲਚ ਪਾਲਦਿਆਂ ਉਦੋਂ ਇਹ ਪੁਸਤਕ ਇਨ੍ਹਾਂ ਏਜੰਟਾ ਹਵਾਲੇ ਨਾ ਕੀਤੀ ਹੋਵੇ। ਫਿਰ ਇਸੇ ਵਰ੍ਹੇ ਹੀ ਜਨਵਰੀ ਦੇ ਅਖੀਰਲੇ ਹਫਤੇ ਇਹ ਔਰਤ ਮੁੜ ਕਾਰ ਸੇਵਾ ਦੇ ਮਕਸਦ ਨਾਲ ਨਨਕਾਣਾ ਸਾਹਿਬ ਗਈ ਸੀ। ਇਹ ਡੇਹਰਾ ਸਾਹਿਬ ਗੁਰਦੁਆਰਾ ਠਹਿਰੀ ਸੀ। ਉਦੋਂ ਮੁੜ ਉਸ ਨੂੰ ਸਾਦਿਕ ਤੇ ਚਾਚਾ ਸ਼ਬੀਰ ਮਿਲੇ ਸਨ। ਔਰਤ ਨੇ ਦੱਸਿਆ ਹੈ ਕਿ ਇਸ ਮੌਕੇ ਉਸ ਨੇ ਪੁਸਤਕ ਇਨ੍ਹਾਂ ਦੇ ਹਵਾਲੇ ਕਰ ਦਿੱਤੀ ਸੀ।

ਖੁਫੀਆ ਏਜੰਸੀਆਂ ਇਸ ਪੁਸਤਕ ਦੇ ਜਿਥੇ ਭੇਤ ਖੋਲ੍ਹਣ ਵਿਚ ਜੁਟੀਆਂ ਹਨ, ਉਥੇ ਇਸ ਨੂੰ ਮੁਹੱਈਆ ਕਰਨ ਵਾਲੇ 'ਵਿਸ਼ੇਸ਼' ਵਿਅਕਤੀ ਦੀ ਸ਼ਨਾਖ਼ਤ ਕਰਨ ਦਾ ਯਤਨ ਵੀ ਕੀਤਾ ਜਾ ਰਿਹਾ ਹੈ। ਉਧਰ ਇਸ ਔਰਤ ਨੂੰ ਦੇਸ਼ ਦੇ ਖੁਫੀਆ ਦਸਤਾਵੇਜ਼ ਹਾਸਲ ਕਰਨ ਲਈ ਲਾਲਚ ਦੇਣ ਵਾਲੇ ਸਾਦਿਕ ਦੀ ਵੀ ਬਿੜਕ ਲਈ ਜਾ ਰਹੀ ਹੈ।




*ਸਵਿੰਦਰ ਕੌਰ ਤੇ ਉਸ ਦੇ ਸਾਥੀ ਨੂੰ ਅਦਾਲਤ 'ਚ ਲਿਜਾਂਦੀ ਪੁਲਿਸ*

ਪ੍ਰਾਪਤ ਜਾਣਕਾਰੀ ਅਨੁਸਾਰ ਸਵਿੰਦਰ ਕੌਰ ਦਾ 1973 ਵਿਚ ਸ੍ਰੀਨਗਰ ਦੇ ਮਹਿੰਦਰਪਾਲ ਸਿੰਘ ਨਾਲ ਵਿਆਹ ਹੋਇਆ ਸੀ। ਮਹਿੰਦਰਪਾਲ ਉਥੇ ਟਾਈਪ ਮਸ਼ੀਨਾਂ ਦੇ ਮਕੈਨਿਕ ਦਾ ਕੰਮ ਕਰਦਾ ਸੀ। ਮਹਿੰਦਰਪਾਲ ਸ੍ਰੀਨਗਰ ਵਿਖੇ ਆਰਮੀ ਏਰੀਆ ਵਿਚ ਬਾਅਦ 'ਚ ਟਾਈਪਰਾਈਟਰ ਮਸ਼ੀਨਾਂ ਦੀ ਸਪਲਾਈ ਵੀ ਕਰਦਾ ਰਿਹਾ ਹੈ। ਮਹਿੰਦਰਪਾਲ ਦੀ ਹੁਣ ਮੌਤ ਹੋ ਚੁੱਕੀ ਹੈ। ਸਵਿੰਦਰ ਕੌਰ 13 ਅਗਸਤ ਤੱਕ ਪੁਲਿਸ ਦੇ ਰਿਮਾਂਡ 'ਤੇ ਹੈ ਅਤੇ ਚੰਡੀਗੜ੍ਹ ਪੁਲਿਸ ਸਮੇਤ ਦੇਸ਼ ਦੀਆਂ ਹੋਰ ਖੁਫੀਆ ਏਜੰਸੀਆਂ ਇਸ ਔਰਤ ਕੋਲੋਂ ਪੁੱਛ-ਪੜਤਾਲ ਕਰ ਰਹੀਆਂ ਹਨ। ਦੋ ਲੜਕੀਆਂ ਤੇ ਇਕ ਲੜਕੇ ਦੀ ਮਾਂ ਸਵਿੰਦਰ ਕੌਰ ਦੀ ਵਿੱਤੀ ਹਾਲਤ ਕੋਈ ਬਿਹਤਰ ਨਹੀਂ ਹੈ। ਇਹ ਪਰਿਵਾਰ 1978 ਵਿਚ ਸ੍ਰੀਨਗਰ ਤੋਂ ਅੰਮ੍ਰਿਤਸਰ ਵਿਖੇ ਸ਼ਿਫਟ ਹੋ ਗਿਆ ਸੀ।

ਸਵਿੰਦਰ ਕੌਰ ਨੇ ਬਟਾਲਾ ਰੋਡ ਅੰਮ੍ਰਿਤਸਰ ਵਿਖੇ ਆਪਣਾ ਮਕਾਨ ਬਣਾਇਆ ਸੀ। ਸਾਲ 1989 ਵਿਚ ਇਸ ਦੀ ਦੂਸਰੀ ਮੰਜ਼ਿਲ ਦੀ ਉਸਾਰੀ ਕੀਤੀ ਗਈ। ਮੁੱਢ ਵਿਚ ਇਹ ਬੀਬੀ ਕੰਬਲਾਂ ਦੇ ਕਿਨਾਰਿਆਂ ਦੀਆਂ ਪੱਟੀਆਂ ਦੀ ਸਿਲਾਈ ਕਰਨ ਦਾ ਕੰਮ ਕਰਦੀ ਸੀ। ਕੁਝ ਸਮੇਂ ਬਾਅਦ ਹੀ ਇਸ ਨੇ ਆਪਣਾ ਇਹ ਮਕਾਨ ਵੇਚ ਦਿੱਤਾ ਸੀ ਅਤੇ ਕਿਰਾਏ 'ਤੇ ਰਹਿਣ ਲੱਗ ਪਈ ਸੀ। ਇਸ ਦਾ ਲੜਕਾ ਅੰਮ੍ਰਿਤਸਰ ਵਿਚ ਰਿਕਸ਼ੇ ਕਿਰਾਏ 'ਤੇ ਦੇਣ ਦਾ ਕੰਮ ਕਰਦਾ ਹੈ।

North American Truck Stop

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਬਰਮੋਕਿੰਗ ਐਂਡ
ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ
ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Kashmir S. Thandi
Office: (866) 933-3038
Balhar S. Rana
Cell:916-502-7733

Call For Special Price

4585 Pell Dr. Secramento CA, 95838

# ਅਣਖ ਦੇ ਨਾਂ 'ਤੇ ਇਕ ਹੋਰ ਨੌਜਵਾਨ ਜੋੜੇ ਦੀ ਕੁਰਬਾਨੀ

**ਝੱਜਰ :** ਹਰਿਆਣਾ ਵਿਚ ਫੋਕੀ ਅਣਖ ਦੀ ਖਾਤਰ ਕਤਲਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਤੇ ਇਸ ਜ਼ਿਲ੍ਹੇ ਦੇ ਇਕ ਪਿੰਡ ਸਿਵਾਨਾ ਵਿਚ ਇਕ ਨੌਜਵਾਨ ਤੇ ਇਕ ਲੜਕੀ ਦੀਆਂ ਲਾਸ਼ਾਂ ਦਰਖਤ ਨਾਲ ਲਟਕਦੀਆਂ ਮਿਲੀਆਂ। ਇਹ ਦੋਵੇਂ ਕੁਝ ਦਿਨ ਪਹਿਲਾਂ ਘਰੋਂ ਲਾਪਤਾ ਹੋ ਗਏ ਸਨ।

ਜ਼ਿਲ੍ਹਾ ਪੁਲਿਸ ਮੁਖੀ ਸੌਰਭ ਸਿੰਘ ਨੇ ਇਸ ਦੱਸਿਆ, "ਫਿਲਹਾਲ ਅਸੀਂ ਇਹ ਨਤੀਜਾ ਨਹੀਂ ਕੱਢ ਸਕਦੇ ਕਿ ਇਹ ਆਤਮ ਹੱਤਿਆਵਾਂ ਦਾ ਕੇਸ ਹੈ ਜਾਂ ਕਤਲ ਦਾ। ਉਂਜ ਕੇਸ ਦੇ ਪਿਛੋਕੜ ਅਤੇ ਮੌਕਾ-ਏ-ਵਾਰਦਾਤ ਨੂੰ ਵੇਖਦਿਆਂ ਅਣਖ ਦੀ ਖਾਤਰ ਕਤਲ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ।" ਸੰਦੀਪ ਤੇ ਮੋਨਿਕਾ ਦੋਵੇਂ ਪਿੰਡ ਸਿਵਾਨਾ ਦੇ ਵਸਨੀਕ ਸਨ। ਉਨ੍ਹਾਂ ਦੇ ਸਕੂਲ ਪ੍ਰਮਾਣ ਪੱਤਰਾਂ ਮੁਤਾਬਕ ਸੰਦੀਪ ਦੀ ਉਮਰ 22 ਸਾਲ ਸੀ, ਜਦਕਿ ਮੋਨਿਕਾ ਅਜੇ ਨਾਬਾਲਗ ਸੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਲਾਸ਼ਾਂ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ। ਇਹ ਜੋੜਾ ਕੁਝ ਦਿਨ ਪਹਿਲਾਂ ਪਿੰਡ ਤੋਂ ਦੌੜ ਗਿਆ ਸੀ ਅਤੇ ਲੜਕੀ ਦੇ ਪਰਿਵਾਰ ਨੇ ਸੰਦੀਪ ਖਿਲਾਫ 5 ਅਗਸਤ ਨੂੰ ਸ਼ਿਕਾਇਤ ਦਰਜ ਕਰਵਾਈ ਸੀ। ਪੋਸਟਮਾਰਟਮ ਅਤੇ ਫਾਰੈਂਸਿਕ ਜਾਂਚ ਰਿਪੋਰਟਾਂ ਮਿਲਣ ਤੋਂ ਬਾਅਦ ਮਾਮਲਾ ਸਪਸ਼ਟ ਹੋ ਜਾਵੇਗਾ। ਪੁਲਿਸ ਸੂਤਰਾਂ ਨੇ ਦੱਸਿਆ ਕਿ ਮ੍ਰਿਤਕਾਂ ਦੀਆਂ ਲੱਤਾਂ 'ਤੇ ਸੱਟਾਂ ਦੇ ਨਿਸ਼ਾਨ ਪਾਏ ਗਏ ਹਨ।

ਤਿੰਨ ਦਿਨ ਪਹਿਲਾਂ ਰੋਹਤਕ ਜ਼ਿਲੇ ਦੇ ਇਕ ਪਿੰਡ ਵਿਚ ਲੜਕੀ ਦੇ ਪਰਿਵਾਰ ਵਲੋਂ ਨੌਜਵਾਨ ਪ੍ਰੇਮੀ ਜੋੜੇ ਨੂੰ ਝੂਠੀ ਅਣਖ ਦੀ ਖਾਤਰ ਮਾਰਨ ਦਾ ਮਾਮਲਾ ਸਾਹਮਣੇ ਆਇਆ ਸੀ।

ਹਰਿਆਣਾ ਦੇ ਜ਼ਿਲਾ ਝੱਜਰ ਦੇ ਕਸਬਾ ਬੇਰੀ ਵਿਚ ਕਰਵਾਈ ਗਈ ਸਰਵ ਖਾਪ ਪੰਚਾਇਤ ਨੇ ਕੁਨਬੇ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਵਿਆਹ ਕਰਵਾਉਣ ਵਾਲੇ ਜੋੜੇ ਨੂੰ ਪਿੰਡ ਵਿਚੋਂ ਛੇਕ ਦੇਣ ਦਾ ਫੈਸਲਾ ਕੀਤਾ ਸੀ।

ਪੰਚਾਇਤ ਦੀ ਬੈਠਕ ਦੌਰਾਨ ਹਿੰਸਕ ਘਟਨਾਵਾਂ ਵੀ ਵਾਪਰੀਆਂ। ਗਹਿਲੋਤ ਜਾਤੀ ਦੇ ਮੁੰਡੇ ਅਤੇ ਕਾਦਿਆਨ ਜਾਤੀ ਦੀ ਕੁੜੀ ਵਿਚਾਲੇ ਵਿਆਹ ਦੇ ਮਾਮਲੇ ਬਾਰੇ ਕੀਤੀ ਗਈ ਇਸ ਪੰਚਾਇਤ ਦੌਰਾਨ ਹਿੰਸਾ ਵਿਚ ਇਕ ਪੱਤਰਕਾਰ ਤੇ ਇਕ ਪੁਲਿਸ ਮੁਲਾਜ਼ਮ ਜ਼ਖਮੀ ਹੋਏ। ਹਰਿਆਣਾ ਤੇ ਦਿੱਲੀ ਦੀਆਂ 54 ਖਾਪਾਂ 'ਤੇ ਆਧਾਰਤ ਪੰਚਾਇਤ ਨੇ ਦਿਨ ਭਰ ਦੀ ਬੈਠਕ ਮਗਰੋਂ ਐਲਾਨ ਕੀਤਾ ਕਿ ਮੁੰਡੇ ਰਵਿੰਦਰ ਗਹਿਲੋਤ ਦੇ ਪਿਤਾ ਰੋਹਤਾਸ਼ ਸਿੰਘ ਨੂੰ ਵੀ ਤਿੰਨ ਮਹੀਨੇ ਲਈ ਪਿੰਡ ਧਰਾਣਾ ਵਿਚੋਂ ਛੇਕਿਆ ਜਾਵੇਗਾ। ਪੰਚਾਇਤ ਨੇ ਸੁਭਾਸ਼ ਦਹੀਆ ਦੀ ਅਗਵਾਈ ਵਿਚ ਰਵਿੰਦਰ ਦੇ ਦੋ ਚਾਚਿਆਂ ਨੂੰ ਸੰਕੇਤਕ ਜੁਰਮਾਨਾ ਵੀ ਕੀਤਾ।

ਪੰਚਾਇਤ ਦੀ ਬੈਠਕ ਮੁਕੰਮਲ ਹੋਣ ਨੇੜੇ ਕਾਦਿਆਨ ਤੇ ਗਹਿਲੋਤ ਖਾਪਾਂ ਦੇ ਮੈਂਬਰਾਂ ਵਿਚਾਲੇ ਕਿਸੇ ਗੱਲੋਂ ਘਸੁੰਨ-ਮੁੱਕੀ ਵੀ ਹੋਈ, ਜਿਸ ਦੌਰਾਨ ਇਕ ਹਿੰਦੀ ਅਖਬਾਰ ਦਾ ਫੋਟੋ ਪੱਤਰਕਾਰ ਜ਼ਖਮੀ ਹੋਇਆ ਤੇ ਉਸ ਦਾ ਕੈਮਰਾ ਤੋੜ ਦਿੱਤਾ ਗਿਆ।

ਬਚ-ਬਚਾਈ ਕਰਵਾਉਣ ਦੀ ਕੋਸ਼ਿਸ਼ ਵਿਚ ਇਕ ਪੁਲਿਸ ਮੁਲਾਜ਼ਮ ਵੀ ਜ਼ਖਮੀ ਹੋ ਗਿਆ। ਪੰਚਾਇਤ ਬੈਠਕ ਨਾਲ ਕਾਦਿਆਨ ਖਾਪ ਦੀ ਪੰਚਾਇਤ ਵਲੋਂ ਰਵਿੰਦਰ ਦੇ ਪਰਿਵਾਰ ਨੂੰ ਪਿੰਡ ਧਰਾਣਾ ਛੱਡ ਦੇਣ ਬਾਰੇ ਸੁਣਾਏ ਹੁਕਮ ਮਗਰੋਂ ਦੋਹੇਂ ਧਿਰਾਂ ਵਿਚਾਲੇ 25 ਦਿਨਾਂ ਤੋਂ ਆਈ ਖੜੋਤ ਮੁੱਕ ਗਈ ਹੈ। ਵਿਆਹ ਵਾਲੇ ਜੋੜੇ 'ਤੇ ਦੋਸ਼ ਲਾਇਆ ਗਿਆ ਸੀ ਕਿ ਉਨ੍ਹਾਂ ਭਾਈਚਾਰਕ-ਗੋਤ ਵਿਚ ਵਿਆਹ ਕਰਵਾਇਆ, ਜੋ ਦੋਹੇਂ ਪੱਖਾਂ ਦੇ ਸਮਾਜਿਕ ਨਿਯਮਾਂ ਦੇ ਖਿਲਾਫ ਹੈ।

ਰਵਿੰਦਰ ਦਾ ਪਰਿਵਾਰ ਜੋ ਕਿ ਕਾਦਿਆਨ ਖਾਪ ਪੰਚਾਇਤ ਦੇ ਹੁਕਮ ਮਗਰੋਂ ਹਫਤਾ ਕੁ ਪਿੰਡੋਂ ਬਾਹਰ ਰਹਿ ਕੇ ਪਰਤ ਆਇਆ ਸੀ। ਹੁਣ ਤਕ ਪਿੰਡ ਵਿਚ ਪੁਲਿਸ ਸੁਰੱਖਿਆ ਅਧੀਨ ਹੀ ਰਹਿ ਰਿਹਾ ਸੀ। ਉਂਜ ਸਰਵ ਖਾਪ ਪੰਚਾਇਤ ਦੇ ਫੈਸਲੇ 'ਤੇ ਪਰਿਵਾਰ ਨੇ ਕੋਈ ਪ੍ਰਤੀਕਰਮ ਨਾ ਦਿੱਤਾ।

# ਨਸ਼ਿਆਂ ਨੇ ਪਿੰਡ ਬੱਬੇਹਾਲੀ ਦੇ ਤਿੰਨ ਭਰਾਵਾਂ ਦੀ ਜਾਨ ਲਈ, ਇਕ ਮੰਜੇ 'ਤੇ

**ਗੁਰਦਾਸਪੁਰ :** ਕਾਹਨੂੰਵਾਨ ਸੜਕ 'ਤੇ ਪੈਂਦੇ ਪਿੰਡ ਬੱਬੇਹਾਲੀ ਨੇੜੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵਲੋਂ ਚਲਾਏ ਜਾ ਰਹੇ ਨਸ਼ਾ ਛੁਡਾਓ ਕੇਂਦਰ ਵਲੋਂ ਕਰੀਬ ਦੋ ਮਹੀਨੇ ਪਹਿਲਾਂ ਨਸ਼ਿਆਂ ਕਾਰਨ ਜ਼ਿਲ੍ਹੇ ਅੰਦਰ ਸੈਂਕੜਿਆਂ ਦੀ ਗਿਣਤੀ ਵਿਚ ਨੌਜਵਾਨਾਂ ਦੇ ਮਰਨ ਦੇ ਖੁਲਾਸੇ ਕੀਤੇ ਗਏ ਸਨ। ਇਨ੍ਹਾਂ ਸਨਸਨੀਖੇਜ਼ ਖੁਲਾਸਿਆਂ ਤੋਂ ਬਾਅਦ ਕੇਂਦਰ ਵਿਚ ਇਲਾਜ ਅਧੀਨ ਇਕ ਹੋਰ ਵਿਅਕਤੀ ਨੇ ਆਪਣੇ ਤਿੰਨ ਸਕੇ ਭਰਾਵਾਂ ਦੇ ਨਸ਼ੇ ਕਾਰਨ ਜਾਨ ਗੁਆਉਣ ਅਤੇ ਇਕ ਹੋਰ ਭਰਾ ਦੇ ਗੰਭੀਰ ਹਾਲਤ ਵਿਚ ਬਿਸਤਰੇ 'ਤੇ ਪਏ ਹੋਣ ਦਾ ਖੁਲਾਸਾ ਕੀਤਾ ਹੈ।

ਇਥੇ ਨਸ਼ਾ ਛੁਡਾਓ ਕੇਂਦਰ ਵਿਚ ਜੇਰੇ ਇਲਾਜ ਥਾਣਾ ਸ੍ਰੀ ਹਰਗੋਬਿੰਦਪੁਰ ਅਧੀਨ ਪੈਂਦੇ ਪਿੰਡ ਭਾਮੜੀ ਦੇ ਵਾਸੀ ਗੁਰਮੇਜ ਸਿੰਘ (38) ਪੁੱਤਰ ਸਰਦਾਰਾ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਟਾਂਡਾ ਵਿਖੇ ਐਫ.ਸੀ.ਆਈ. ਦੇ ਇਕ ਗੁਦਾਮ ਵਿਚ ਬਤੌਰ ਮਜ਼ਦੂਰ ਕੰਮ ਕਰਦਾ ਸੀ। ਉਸ ਨੂੰ ਪ੍ਰਤੀ ਮਹੀਨਾ 3500 ਰੁਪਏ ਤਨਖਾਹ ਮਿਲਦੀ ਸੀ। ਇਸ ਦੌਰਾਨ ਹੀ ਉਸ ਨੂੰ ਸ਼ਰਾਬ ਪੀਣ ਦੀ ਆਦਤ ਲਗ ਗਈ। ਆਦਤ ਵੀ ਅਜਿਹੀ ਕਿ ਉਸ ਦੀ ਸਾਰੀ ਤਨਖਾਹ ਹੀ ਨਸ਼ੇ ਵਿਚ ਖਰਚ ਹੋਣ ਲੱਗ ਪਈ। ਇਸ ਕਾਰਨ ਉਸ ਦੀ ਘਰਵਾਲੀ ਅਤੇ ਤਿੰਨ ਬੱਚੇ ਇਸ ਆਦਤ ਤੋਂ ਡਾਢੇ ਪ੍ਰੇਸ਼ਾਨ ਸਨ। ਉਸ ਨੇ ਦੱਸਿਆ ਕਿ ਉਹ ਪੰਜ ਭਰਾ ਸਨ। ਜਿਨ੍ਹਾਂ 'ਚੋਂ ਤਿੰਨ ਭਰਾ ਬਲਦੇਵ ਸਿੰਘ, ਬਸ਼ੀਰ ਸਿੰਘ ਅਤੇ ਅਜੀਜ ਸਿੰਘ ਪਹਿਲਾਂ ਹੀ ਨਸ਼ੇ ਦੇ ਸੇਵਨ ਕਾਰਨ ਆਪਣੀ ਜਾਨ ਗੁਆ ਚੁੱਕੇ ਹਨ। ਉਸ ਦਾ ਇਕ ਹੋਰ ਭਰਾ ਕਸ਼ਮੀਰ ਸਿੰਘ ਵੀ ਨਸ਼ਿਆਂ ਦਾ ਆਦੀ ਹੋਣ ਕਾਰਨ ਸ਼ਰੀਰਿਕ ਤੌਰ 'ਤੇ ਨਕਾਰਾ ਹੋ ਚੁੱਕਾ ਹੈ ਅਤੇ ਬਿਸਤਰ 'ਤੇ ਪਿਆ ਹੋਇਆ ਹੈ।

## ਅਮਰੀਕਾ 'ਚ ਬੇਰੁਜ਼ਗਾਰੀ ਭੱਤਾ ਲੈਣ ਵਾਲਿਆਂ ਦੀ ਗਿਣਤੀ ਘਟੀ

**ਵਾਸ਼ਿੰਗਟਨ :** ਅਮਰੀਕਾ ਵਿਚ ਬੇਰੁਜ਼ਗਾਰੀ ਭੱਤਾ ਲੈਣ ਵਾਲਿਆਂ ਦੀ ਗਿਣਤੀ 'ਚ ਇਕ ਅਗਸਤ ਨੂੰ ਖ਼ਤਮ ਹਫ਼ਤੇ ਵਿਚ 38000 ਦੀ ਕਮੀ ਆਈ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਕਲਾਤਮਿਕ ਮੰਦੀ ਕਾਰਨ ਬੇਰੁਜ਼ਗਾਰੀ ਦੀ ਦਲਦਲ ਵਿਚ ਫਸਦੀ ਜਾ ਰਹੀ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ਕਿਰਤ ਬਾਜ਼ਾਰ ਸੰਭਾਲਣ ਲੱਗਿਆ ਹੈ। ਅਮਰੀਕਾ ਦੇ ਕਿਰਤ ਵਿਭਾਗ ਅਨੁਸਾਰ ਇਕ ਅਗਸਤ ਨੂੰ ਖ਼ਤਮ ਹਫਤੇ ਵਿਚ ਬੇਰੁਜ਼ਗਾਰੀ ਭੱਤਾ ਸਹਾਰਾ ਲੈਣ ਵਾਲਿਆਂ ਦੀ ਗਿਣਤੀ 5,50000 'ਤੇ ਆ ਗਈ ਹੈ, ਜੋ ਪਿਛਲੇ ਹਫ਼ਤੇ 5,88000 ਸੀ।

# ਸੁਰਿੰਦਰ ਹੇਮਜਯੋਤੀ ਤੇ ਰੰਧਾਵਾ ਦੀ ਯਾਦ 'ਚ ਸਮਾਗਮ

**ਲੁਧਿਆਣਾ :** ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ ਸੱਤਰਵਿਆਂ ਦੀ ਇਨਕਲਾਬੀ ਸਾਹਿਤਕ ਸਭਿਆਚਾਰਕ ਲਹਿਰ ਦੇ ਮੋਢੀ, ਉਸ ਸਮੇਂ ਦੀ ਮਸ਼ਹੂਰ ਸਾਹਿਤਕ ਪੱਤ੍ਰਿਕਾ ਹੇਮਜਯੋਤੀ ਦੇ ਸੰਪਾਦਕ ਸੁਰਿੰਦਰ ਹੇਮਜਯੋਤੀ ਦੀ ਯਾਦ 'ਚ ਲੰਘੀ 9 ਅਗਸਤ ਨੂੰ ਪੰਜਾਬੀ ਭਵਨ ਵਿਖੇ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਇਨਕਲਾਬੀ ਵਿਦਿਆਰਥੀ ਲਹਿਰ ਦੇ ਜੁਝਾਰੂ ਆਗੂ ਸ਼ਹੀਦ ਪ੍ਰਿਥੀਪਾਲ ਰੰਧਾਵਾ ਨੂੰ ਵੀ ਸ਼ਰਧਾਂਜਲੀ ਭੇਟ ਕਤੀ ਗਈ। ਦੋਵਾਂ ਸ਼ਖ਼ਸੀਅਤਾਂ ਨੂੰ ਕ੍ਰਮਵਾਰ ਕਹਾਣੀਕਾਰ ਅਤਰਜੀਤ ਅਤੇ ਵਿਦਿਆਰਥੀ ਆਗੂ ਮਨਪ੍ਰੀਤ ਸਿੰਘ ਨੇ ਸ਼ਰਧਾਂਜਲੀ ਭੇਟ ਕੀਤੀ।

ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਹੇਮਜਯੋਤੀ ਯਾਦਗਾਰੀ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਇਸ ਯਾਦਗਾਰੀ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਾਹਿਤ ਅਕੈਡਮੀ ਐਵਾਰਡ ਜੇਤੂ ਨਾਵਲਕਾਰ ਮਿੱਤਰ ਸੈਨ ਮੀਤ, ਹੇਮਜਯੋਤੀ ਯਾਦਗਾਰੀ ਕਮੇਟੀ ਦੇ ਪ੍ਰਧਾਨ ਡਾ. ਹਰਬੰਸ ਸਿੰਘ ਸੰਧੂ, ਨਾਟਕਕਾਰ ਹੰਸਾ ਸਿੰਘ ਆਦਿ ਸੁਸ਼ੋਭਿਤ ਸਨ। ਪ੍ਰਸਿੱਧ ਆਲੋਚਕ ਤੇ ਚਿੰਤਕ ਡਾ. ਸੁਰਜੀਤ (ਮੁਕਤਸਰ) ਵਲੋਂ 'ਅਜੋਕੇ ਪ੍ਰਸੰਗ 'ਚ ਹੇਮਜਯੋਤੀ ਦਾ ਮੁਲਾਂਕਣ' ਵਿਸ਼ੇ 'ਤੇ ਆਪਣਾ ਭਾਸ਼ਣ ਦਿੱਤਾ ਗਿਆ।

# ਲੇਖਕ ਇਕਬਾਲ ਸਿੰਘ ਰਾਮੂਵਾਲੀਆ ਕੈਨੇਡਾ ਸਰਕਾਰ ਦੀ ਇਕ ਅਹਿਮ ਕਮੇਟੀ ਦੇ ਮੈਂਬਰ ਬਣੇ

**ਟੋਰਾਂਟੋ :** ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਮੰਤਰੀ ਮਿਸਟਰ ਜੇਸਨ ਕੈਨੀ ਨੇ ਲੰਮੇ ਸਮੇਂ ਤੋਂ ਕੈਨੇਡਾ 'ਚ ਵਸ ਰਹੇ ਨਾਮਵਰ ਪੰਜਾਬੀ-ਅੰਗ੍ਰੇਜ਼ੀ ਲੇਖਕ ਇਕਬਾਲ ਰਾਮੂਵਾਲੀਆ (ਇਕਬਾਲ ਗਿੱਲ) ਨੂੰ ਕੈਨੇਡੀਅਨ ਹੈਰੀਟੇਜ ਰੈਕਗਨਿਸ਼ਨ ਪ੍ਰੋਗਰਾਮ ਨਾਮ ਦੀ ਇਕ ਅਹਿਮ ਕਮੇਟੀ ਦਾ ਮੈਂਬਰ ਥਾਪਿਆ ਹੈ। ਤਿੰਨ ਮੈਂਬਰਾਂ 'ਤੇ ਆਧਾਰਤ ਇਹ ਕਮੇਟੀ, ਕੈਨੇਡਾ ਸਰਕਾਰ ਵਲੋਂ ਕਾਮਾਗਾਟਾ ਮਾਰੂ ਜਹਾਜ਼ ਦੇ ਦੁਖਾਂਤ ਨਾਲ ਸਬੰਧਤ, ਕਮਿਊਨਿਟੀ ਪ੍ਰੋਜੈਕਟਸ ਲਈ ਰੱਖੀ ਪੱਚੀ ਲੱਖ ਡਾਲਰ ਦੀ ਰਕਮ ਨੂੰ ਕਮਿਊਨਿਟੀ ਸੰਸਥਾਵਾਂ ਦੇ ਪ੍ਰੋਜੈਕਟਾਂ ਤੱਕ ਪਹੁੰਚਾਉਣ ਦੀਆਂ ਸਿਫ਼ਾਰਸ਼ਾਂ ਕਰਨ ਲਈ ਜ਼ਿੰਮੇਵਾਰ ਹੋਵੇਗੀ।

ਯਾਦ ਰਹੇ ਕਿ 1914 ਵਿਚ ਕੈਨੇਡਾ ਸਰਕਾਰ ਦੀ ਨਸਲਵਾਦੀ ਨੀਤੀ ਤਹਿਤ, ਭਾਰਤੀਆਂ ਨੂੰ ਸਮੁੰਦਰੀ ਜਹਾਜ਼ ਰਾਹੀਂ ਕੈਨੇਡਾ 'ਚ ਦਾਖ਼ਲ ਹੋਣ ਤੋਂ ਰੋਕ ਦਿੱਤਾ ਗਿਆ ਸੀ ਤੇ ਇਹ ਭਾਰਤੀ ਆਪਣੇ ਜਹਾਜ਼ ਰਾਹੀਂ ਜਦੋਂ ਭਾਰਤ ਵਾਪਸ ਪਹੁੰਚੇ ਤਾਂ ਇਨ੍ਹਾਂ ਵਿਚੋਂ ਬਹੁਤਿਆਂ ਨੂੰ ਭਾਰਤ ਦੀ ਬਰਤਾਨਵੀ ਸਰਕਾਰ ਨੇ ਗੋਲੀਆਂ ਨਾਲ ਭੁੰਨ ਦਿੱਤਾ ਸੀ। ਲੰਮੇ ਸਮੇਂ ਤੋਂ ਕੈਨੇਡੀਅਨ ਭਾਰਤੀਆਂ ਵਲੋਂ ਕੈਨੇਡਾ ਦੀਆਂ ਸਰਕਾਰਾਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਸੌ ਸਾਲ ਪਹਿਲਾਂ ਵਾਪਰੇ ਇਸ ਅਣਮਨੁੱਖੀ ਵਰਤਾਰੇ ਲਈ ਕੈਨੇਡਾ ਸਰਕਾਰ ਮੁਆਫ਼ੀ ਮੰਗੇ, ਪਰ ਬੀਤੇ ਸਮੇਂ ਦੀਆਂ ਲਿਬਰਲ ਅਤੇ ਕੰਜ਼ਰਵੇਟਿਵ ਸਰਕਾਰਾਂ ਟਾਲ-ਮਟੋਲ ਕਰਦੀਆਂ ਰਹੀਆਂ, ਪਰ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਦੀ ਅਗਵਾਈ ਵਾਲੀ ਮੌਜੂਦਾ ਕਨਜ਼ਰਵੇਟਿਵ ਸਰਕਾਰ ਨੇ ਇਸ ਦੁਖਾਂਤ ਦੀ ਭਾਰਤੀ ਲੋਕਾਂ ਤੋਂ ਮੁਆਫ਼ੀ ਵੈਨਕੂਵਰ ਨਾਮ ਦੇ ਉਸੇ ਸ਼ਹਿਰ ਵਿਚ ਜਾ ਕੇ ਮੰਗ ਲਈ, ਜਿਥੇ ਇਹ ਦੁਖਾਂਤ ਵਾਪਰਿਆ ਸੀ। ਕੈਨੇਡਾ ਦੀਆਂ ਵਾਟਰਲੂ, ਟੋਰਾਂਟੋ, ਡਲਹੌਜ਼ੀ ਅਤੇ ਯਾਰਕ ਯੂਨੀਵਰਸਿਟੀਆਂ ਵਿਚੋਂ ਉੱਚ ਵਿਦਿਆ ਹਾਸਲ ਕਰਨ ਤੋਂ ਬਾਅਦ, ਇਕਬਾਲ ਰਾਮੂਵਾਲੀਆ 26 ਸਾਲ ਤੋਂ ਕੈਨੇਡਾ 'ਚ ਵੱਖ ਵੱਖ ਅਹੁਦਿਆਂ 'ਤੇ ਬਿਰਾਜਮਾਨ ਰਹੇ ਹਨ। ਪੰਜਾਬੀ ਵਿਚ ਢੇਰ ਸਾਰੀ ਸ਼ਾਇਰੀ ਅਤੇ ਅੰਗਰੇਜ਼ੀ ਵਿਚ ਦੋ ਨਾਵਲ ਲਿਖਣ ਦੇ ਨਾਲ-ਨਾਲ, ਉਨ੍ਹਾਂ ਨੇ ਪੰਜ-ਛੇ ਸਾਲ ਬਰੈਂਪਟਨ ਤੋਂ ਛਪਦੇ ਹਫ਼ਤਾਵਾਰੀ ਅਖ਼ਬਾਰ 'ਖਬਰਨਾਮਾ' ਦੀ ਐਡੀਟਰੀ ਵੀ ਕੀਤੀ।


ਇਕਬਾਲ ਰਾਮੂਵਾਲੀਆ

ਕੈਨੇਡੀਅਨ ਰੇਡੀਓ ਅਤੇ ਟੀ.ਵੀ. ਉਪਰ ਟਿੱਪਣੀਆਂ ਕਰਨ ਅਤੇ ਕੈਨੇਡਾ ਦੇ ਪੰਜਾਬੀ ਮੀਡੀਆ 'ਚ ਸਰਗਰਮ ਹੋਣ ਕਾਰਨ ਸ੍ਰੀ ਰਾਮੂਵਾਲੀਆ ਕੈਨੇਡਾ ਦੇ ਪੰਜਾਬੀ ਹਲਕਿਆਂ ਵਿਚ ਖੂਬ ਜਾਣੀ-ਪਛਾਣੀ ਸ਼ਖ਼ਸੀਅਤ ਹਨ। ਸ੍ਰੀ ਰਾਮੂਵਾਲੀਆ ਨੂੰ ਇਹ ਅਹੁਦਾ ਉਨ੍ਹਾਂ ਦੀਆਂ ਵਿਦਿਅਕ ਯੋਗਤਾਵਾਂ, ਟੀਚਿੰਗ, ਸਾਹਿਤਕ ਸੇਵਾਵਾਂ ਅਤੇ ਕਮਿਊਨਿਟੀ ਸੇਵਾਵਾਂ ਨੂੰ ਮੁੱਖ ਰੱਖ ਕੇ ਦਿੱਤਾ ਗਿਆ ਹੈ।



MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:jkulwant@sbcglobal.net
2123 Port Way, San Jose, CA 95133
CST: 2097308-40

Asiana Airlines THAI KOREAN AIR malaysia SINGAPORE AIRLINES Emirates
We Also Offer Notary Service



Editing & Translation
Professional Text Editing in English and Translation Work from Punjabi to English (Academic, Technical and Creative)
Prithvi Raj
prithviraj46@yahoo.com
shaprithvi@gmail.com
Cell (India)-094173-50789



NCP College of Nursing
Educate | Grow | Succeed

Start Your Career in Nursing Today!
12- Month Vocational Nursing (LVN) Program
21-Day Nursing Assistant (CNA) Program
Choose which one is right for you...Your career is a call away. CALL TODAY!
• (LVN) Vocational Nursing Program (Full-time & Part-time classes)
• Required General Science Courses for the LVN Program
• CNA Nursing Assistant Training*
• CNA Acute Care Training*
• NCLEX-PN Test Preparation Workshop
• IV Therapy & Blood Withdrawal Certification Course *
• CPR *
*Offered by Nursing Care Providers, Inc.
For SSF Campus: 257 Longford Drive, Rm#5 South San Francisco, CA 94080 1-800-339-5145
Hayward Campus 21615 Hesperian Blvd. Suite A, Hayward, CA 94541 1-800-611-4054
100% Pass Rate SSF Campus 5 Consecutive Quarters January 2008 – March 2009
Job Placement
Affordable Payment Plans as Low as $10/month On approved credit
www.ncpcollegeofnursing.com



FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਜ਼ਿਮਨੀ ਚੋਣਾਂ 'ਚ ਨਮੋਸ਼ੀ ਭਰੀ ਹਾਰ ਕਾਰਨ ਪੰਜਾਬ ਕਾਂਗਰਸ ਵਿਚ ਹਲਚਲ

**ਚੰਡੀਗੜ੍ਹ :** ਪੰਜਾਬ ਅੰਦਰ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਕਾਂਗਰਸ ਪਾਰਟੀ ਨੂੰ ਮਿਲੀ ਹਾਰ ਕਾਰਨ ਪਾਰਟੀ ਅੰਦਰਲੇ ਕੈਪਟਨ ਵਿਰੋਧੀ ਖੇਮੇ ਨੂੰ ਆਪਣੇ ਤੇਵਰ ਤਿੱਖੇ ਕਰਨ ਲਈ ਦੁਬਾਰਾ ਮੌਕਾ ਮਿਲ ਗਿਆ ਹੈ। ਇਨ੍ਹਾਂ ਨਤੀਜਿਆਂ ਨੂੰ ਆਧਾਰ ਬਣਾ ਕੇ ਕੈਪਟਨ ਵਿਰੁਧ ਖੁਸਰ-ਮੁਸਰ ਸ਼ੁਰੂ ਹੋ ਗਈ ਹੈ ਤੇ ਉਨ੍ਹਾਂ ਦੇ ਵਿਰੋਧੀ ਖੇਮੇ ਨੇ ਇਸ ਹਾਰ ਦਾ ਜ਼ਿੰਮਾ ਕੈਪਟਨ ਸਿਰ ਮੜਨ ਲਈ ਮੁਹਿੰਮ ਤੇਜ਼ ਕਰ ਦਿੱਤੀ ਹੈ।

ਬੇਸ਼ੱਕ ਅਮਰਿੰਦਰ ਪੰਜਾਬ ਕਾਂਗਰਸ ਦੇ ਪ੍ਰਧਾਨ ਨਹੀਂ ਹਨ, ਪਰ ਇਹ ਸਮਝਿਆ ਜਾ ਰਿਹਾ ਹੈ ਕਿ ਪਾਰਟੀ ਦੀ ਚੋਣ ਮੁਹਿੰਮ ਦੇ ਮੁਖੀ ਹੋਣ ਕਾਰਨ ਅਤੇ ਪਾਰਟੀ ਅੰਦਰ ਇਕ ਸ਼ਕਤੀਸ਼ਾਲੀ ਨੇਤਾ ਹੋਣ ਕਾਰਨ ਜਿੱਤ ਜਾਂ ਹਾਰ ਦੀ ਜ਼ਿੰਮੇਵਾਰੀ ਉਨ੍ਹਾਂ ਸਿਰ ਵਧ ਬਣਦੀ ਹੈ। ਕੁਝ ਪਾਰਟੀ ਲੀਡਰਾਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਹੈ ਕਿ ਜੇਕਰ ਕੈਪਟਨ ਨੇ ਜ਼ਿਮਨੀ ਚੋਣਾਂ ਦੀ ਮੁਹਿੰਮ ਦੌਰਾਨ ਪੂਰੀ ਦਿਲਚਸਪੀ ਲਈ ਹੁੰਦੀ ਤਾਂ ਉਸ ਨਾਲ ਪਾਰਟੀ ਦੇ ਹੇਠਲੇ ਕੇਡਰ ਵਿਚ ਉਤਸ਼ਾਹਜਨਕ ਸੰਦੇਸ਼ ਜਾਂਦਾ, ਜਿਸ ਨਾਲ ਇੰਨੀ ਬੁਰੀ ਤਰ੍ਹਾਂ ਪਾਰਟੀ ਨੂੰ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪੈਂਦਾ। ਉਨ੍ਹਾਂ ਦਾ ਦੋਸ਼ ਹੈ ਕਿ ਕੈਪਟਨ ਨੇ ਪੂਰੀ ਤਨਦੇਹੀ ਨਾਲ ਇਸ ਮੁਹਿੰਮ ਵਿਚ ਸ਼ਮੂਲੀਅਤ ਨਹੀਂ ਕੀਤੀ। ਨਤੀਜੇ ਵਜੋਂ ਪਾਰਟੀ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ।

ਬੇਸ਼ੱਕ ਜ਼ਿਮਨੀ ਚੋਣਾਂ ਦੌਰਾਨ ਸੱਤਾਧਾਰੀ ਪਾਰਟੀ ਦਾ ਹੱਥ ਉੱਪਰ ਰਹਿਣ ਦੀ ਪ੍ਰਥਾ ਪਿਛਲੇ ਕੁਝ ਸਾਲਾਂ ਤੋਂ ਕਾਇਮ ਰਹੀ ਹੈ, ਪਰ ਜਲਾਲਾਬਾਦ ਹਲਕੇ ਅੰਦਰ ਜਿਸ ਤਰ੍ਹਾਂ ਵੱਡੀ ਜਿੱਤ ਸੁਖਬੀਰ ਸਿੰਘ ਬਾਦਲ ਨੇ ਹਾਸਲ ਕੀਤੀ ਹੈ, ਉਸ ਨਾਲ ਕਾਂਗਰਸ ਪਾਰਟੀ ਦੀਆਂ ਹਾਈਕਮਾਂਡ ਤੱਕ ਜੜ੍ਹਾਂ ਹਿੱਲ ਗਈਆਂ ਹਨ। ਕਾਂਗਰਸ ਆਗੂ ਭਾਵੇਂ ਖੁੱਲ੍ਹ ਕੇ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਹਨ, ਪਰ ਉਹ ਅੰਦਰਖਾਤੇ ਇਸ ਵਾਸਤੇ ਅਮਰਿੰਦਰ ਧੜੇ ਨੂੰ ਵੀ ਜ਼ਿੰਮੇਵਾਰ ਠਹਿਰਾ ਰਹੇ ਹਨ ਅਤੇ ਆਪਣੀ ਪਾਰਟੀ ਹਾਈਕਮਾਂਡ ਕੋਲ ਵੀ ਇਹੀ ਸੰਦੇਸ਼ ਪਹੁੰਚਾ ਰਹੇ ਹਨ। ਅਜਿਹੇ ਆਗੂਆਂ ਦਾ ਮੰਨਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਦੇ ਰਵਾਇਤੀ ਸੱਭਿਆਚਾਰ ਨੂੰ ਛੱਡ ਕੇ ਜਿਹੜੇ ਨਵੇਂ ਤਜ਼ਰਬੇ ਕੀਤੇ ਹਨ, ਉਨ੍ਹਾਂ ਤਜ਼ਰਬਿਆਂ ਨਾਲ ਪਾਰਟੀ ਨੂੰ ਵੱਡਾ ਨੁਕਸਾਨ ਪੁੱਜਿਆ ਹੈ ਅਤੇ ਪਿਛਲੇ ਸਮਿਆਂ ਤੋਂ ਉਸ ਦੇ ਅਸਰ ਨੇ ਪੰਜਾਬ ਅੰਦਰ ਪਾਰਟੀ ਦੇ ਉਪਰ ਨੂੰ ਜਾਂਦੇ ਗਰਾਫ਼ 'ਤੇ ਵੀ ਸੱਟ ਮਾਰੀ ਹੈ। ਇਨ੍ਹਾਂ ਨੇਤਾਵਾਂ ਮੁਤਾਬਕ ਕਾਂਗਰਸ ਦਾ ਪੰਥਕੀਕਰਨ ਤੇ ਅਕਾਲੀ ਦਲ ਨਾਲ ਪਾਰਟੀ ਪੱਧਰ 'ਤੇ ਰਾਜਨੀਤਿਕ ਢੰਗ ਤਰੀਕਿਆਂ ਰਾਹੀਂ ਟੱਕਰ ਲੈਣ ਦੀ ਥਾਂ ਕੈਪਟਨ ਦੁਆਰਾ ਵੱਡੇ ਬਾਦਲ ਅਤੇ ਛੋਟੇ ਬਾਦਲ ਪ੍ਰਤੀ ਭੱਦੀ ਸ਼ਬਦਾਵਲੀ ਨੇ ਵੀ ਕਾਂਗਰਸ ਦਾ ਅਕਸ ਵਿਗਾੜ ਕੇ ਰੱਖ ਦਿੱਤਾ ਹੈ।




ਮਹਿੰਦਰ ਸਿੰਘ ਕੇ.ਪੀ. ਰਾਜਿੰਦਰ ਕੌਰ ਭੱਠਲ

ਇਹ ਵੀ ਪਤਾ ਲੱਗਾ ਹੈ ਕਿ ਜ਼ਿਮਨੀ ਚੋਣਾਂ ਵਿਚ ਬੁਰੀ ਤਰ੍ਹਾਂ ਮਿਲੀ ਹਾਰ ਕਾਰਨ ਕਾਂਗਰਸ ਅੰਦਰ ਕੌਮੀ ਪੱਧਰ 'ਤੇ ਹਲਚਲ ਮਚੀ ਹੋਈ ਹੈ ਅਤੇ ਕਾਂਗਰਸ ਹਾਈਕਮਾਂਡ ਹਾਰ ਦੇ ਕਾਰਨਾਂ ਦੀ ਪੜਤਾਲ ਕਰਨ ਲਈ ਕਾਰਵਾਈ ਕਰਕੇ ਸਬੰਧਤ ਲੀਡਰਾਂ ਦੀ ਜਵਾਬ ਤਲਬੀ ਕਰਨ 'ਤੇ ਵਿਚਾਰ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਹਾਰ ਤੋਂ ਬਾਅਦ ਪੰਜਾਬ ਅੰਦਰ ਕਾਂਗਰਸ ਪਾਰਟੀ ਵਿਚ ਇਕ-ਦੂਜੇ ਦੇ ਖਿਲਾਫ ਵੀ ਦੋਸ਼ ਪ੍ਰਤੀਦੋਸ਼ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ ਅਤੇ ਪਾਰਟੀ ਅੰਦਰਲੀ ਇਸ ਹਾਲਤ ਦਾ ਬਿਊਰਾ ਹਾਈਕਮਾਂਡ ਕੋਲ ਵੀ ਪਹੁੰਚ ਚੁੱਕਿਆ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਚੋਣਾਂ ਵਿਚ ਸ਼ਰਮਨਾਕ ਹਾਰ ਦੀ ਜ਼ਿੰਮੇਵਾਰੀ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਅਤੇ ਵਿਰੋਧੀ ਧਿਰ ਦੀ ਲੀਡਰ ਬੀਬੀ ਰਾਜਿੰਦਰ ਕੌਰ ਭੱਠਲ 'ਤੇ ਵੀ ਪਾਈ ਜਾ ਸਕਦੀ ਹੈ।

ਉਧਰ ਪਾਰਟੀ ਦੀ ਸੀਨੀਅਰ ਲੀਡਰ ਅਤੇ ਪੰਜਾਬ ਵਿਧਾਨ ਸਭਾ ਅੰਦਰ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਇਨ੍ਹਾਂ ਚੋਣ ਨਤੀਜਿਆਂ 'ਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਸੂਬਾਈ ਸਰਕਾਰ ਦੁਆਰਾ ਇਨ੍ਹਾਂ ਜ਼ਿਮਨੀ ਚੋਣਾਂ ਵਿਚ ਜਿਸ ਤਰੀਕੇ ਨਾਲ ਸਰਕਾਰੀ ਅਫਸਰਸ਼ਾਹੀ ਦੀ ਵਰਤੋਂ ਕੀਤੀ ਗਈ ਹੈ, ਉਹ ਇਕ ਖ਼ਤਰਨਾਕ ਰੁਝਾਨ ਹੈ ਤੇ ਇਸ ਨੂੰ ਤਰੰਤ ਰੋਕੇ ਜਾਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਦੁਆਰਾ ਇਸ ਵਾਰ ਸਿੱਧੇ ਤਰੀਕੇ ਨਾਲ ਚੋਣ ਧਾਂਦਲੀਆਂ ਨਹੀਂ ਕੀਤੀਆਂ ਗਈਆਂ, ਪਰ ਅਜਿਹੇ ਜਟਿਲ ਤਰੀਕੇ ਵਰਤੇ ਗਏ ਹਨ, ਜਿਨ੍ਹਾਂ ਨੇ ਰਾਜ ਅੰਦਰ ਨਿਰਪੱਖ ਚੋਣਾਂ ਕਰਵਾਏ ਜਾਣ ਦੇ ਕਲਚਰ ਨੂੰ ਗਹਿਰੀ ਢਾਅ ਲਾਈ ਹੈ।

ਨਾਲ ਹੀ ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ 'ਚ ਹੋਈ ਹਾਰ ਦੇ ਕਾਰਨਾਂ ਨੂੰ ਜਾਣਨ ਲਈ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਸਿਰ ਜੋੜ ਬੈਠੇਗੀ ਤੇ ਇਸ ਗੱਲ ਦਾ ਪਤਾ ਲਗਾਇਆ ਜਾਵੇਗਾ ਕਿ ਜਲਾਲਾਬਾਦ ਪੱਛਮੀ ਵਿਧਾਨ ਸਭਾ ਹਲਕੇ ਅੰਦਰ ਪਾਰਟੀ ਨੂੰ ਇਸ ਹੱਦ ਤੱਕ ਤੇ ਕਿਵੇਂ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

## ਸਰਕਾਰੀ ਵਕੀਲ ਨੇ ਕੈਪਟਨ, ਚੌਧਰੀ ਜਗਜੀਤ ਸਿੰਘ ਤੇ ਕਈ ਹੋਰਾਂ 'ਤੇ ਲਾਏ ਕਰੋੜਾਂ ਦੀ ਰਿਸ਼ਵਤ ਲੈਣ ਦੇ ਦੋਸ਼

**ਲੁਧਿਆਣਾ :** ਸੂਬੇ ਦੇ ਸਭ ਤੋਂ ਵੱਡੇ ਸਿਟੀ ਸੈਂਟਰ ਘਪਲੇ 'ਚ ਨਾਮਜ਼ਦ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹੋਰ ਦੋਸ਼ੀਆਂ 'ਤੇ ਦੋਸ਼ ਤੈਅ ਕਰਨ ਦੀ ਪ੍ਰੀਕਿਰਿਆ ਦੇ ਤਹਿਤ ਬਹਿਸ ਸ਼ੁਰੂ ਹੋ ਗਈ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਜੀ.ਕੇ. ਰਾਏ ਨੇ ਲੰਘੀ 8 ਅਗਸਤ ਨੂੰ ਮਾਮਲੇ ਦੀ ਸੁਣਵਾਈ ਦੌਰਾਨ ਇਸਤਗਾਸਾ ਪੱਖ ਦੀ ਬਹਿਸ ਸੁਣੀ ਤੇ ਬਾਕੀ ਰਹਿ ਗਈ ਬਹਿਸ ਲਈ 22 ਅਗਸਤ ਨੂੰ ਤਰੀਕ ਨਿਰਧਾਰਤ ਕੀਤੀ ਹੈ।



ਕੈ. ਅਮਰਿੰਦਰ ਸਿੰਘ

ਸਰਕਾਰੀ ਵਕੀਲ ਮਿੱਤਰ ਸੇਨ ਗੋਇਲ ਨੇ ਕੈਪਟਨ ਸਮੇਤ ਹੋਰਨਾਂ 'ਤੇ ਦੋਸ਼ ਤੈਅ ਕਰਨ ਲਈ ਕਿਹਾ ਕਿ ਕਰੋੜਾਂ ਰੁਪਏ ਦੇ ਸਿਟੀ ਸੈਂਟਰ ਨਿਰਮਾਣ ਨੂੰ ਲੈ ਕੇ ਸੁਨੀਲ ਨੂੰ ਪ੍ਰੋਜੈਕਟ ਡਿਜ਼ਾਈਨਰ ਨਿਯੁਕਤ ਕੀਤਾ ਗਿਆ ਸੀ ਤੇ ਸਲਾਹ ਮਸ਼ਵਰੇ ਲਈ ਇਕ ਕੰਪਨੀ ਵਲੋਂ ਅਸ਼ਵਜੀਤ ਨਿਯੁਕਤ ਸੀ, ਜਿਸ ਨੇ ਸਿਟੀ ਸੈਂਟਰ ਦੇ ਨਿਰਮਾਣ 'ਤੇ ਆਉਣ ਵਾਲੀ ਕੁਲ ਰਾਸ਼ੀ 'ਤੇ ਸੈਂਟਰ ਦੀਆਂ ਕਮੀਆਂ ਨੂੰ ਦੱਸਣਾ ਸੀ। ਸਰਕਰੀ ਵਕੀਲ ਮੁਤਾਬਕ ਸਾਲ 2003 ਵਿਚ ਉਸ ਵੇਲੇ ਦੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਅਸ਼ੋਕ ਗਰਚਾ ਨੂੰ ਇਕ ਫੋਨ ਕਾਲ ਆਈ, ਜਿਸ ਨੇ ਆਪਣੇ-ਆਪ ਨੂੰ ਕੈਪਟਨ ਰਾਜੇਸ਼ ਦੱਸਦਿਆਂ ਕਾਂਗਰਸ ਕਮੇਟੀ ਕੋਲ 100 ਕਰੋੜ ਰੁਪਏ ਜਮ੍ਹਾਂ ਕਰਵਾਉਣ ਲਈ ਕਿਹਾ।

ਦੂਜੇ ਪਾਸੇ ਬਚਾਅ ਪੱਖ ਦੇ ਵਕੀਲ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਗੱਲ ਦਾ ਦੋਸ਼ ਪੱਤਰ 'ਚ ਕੋਈ ਜ਼ਿਕਰ ਨਹੀਂ ਹੈ। ਸਰਕਾਰੀ ਵਕੀਲ ਨੇ ਕੈਪਟਨ ਸਿੰਘ 'ਤੇ ਵੀ ਦੋਸ਼ ਲਗਾਉਂਦਿਆਂ ਕਿਹਾ ਕਿ ਕੈਪਟਨ ਨੇ 50 ਕਰੋੜ 50 ਲੱਖ ਰੁਪਏ ਦੀ ਰਾਸ਼ੀ ਆਪਣੀ ਪਤਨੀ ਪਰਨੀਤ ਕੌਰ ਦੇ ਦਿੱਲੀ ਸਥਿਤ ਨਿਵਾਸ 'ਤੇ ਜੀ.ਕੇ. ਗੰਭੀਰ ਤੋਂ ਪ੍ਰਾਪਤ ਕੀਤੀ ਸੀ ਤੇ ਦਿੱਲੀ ਦੇ ਵਪਾਰੀ ਚੇਤਨ ਗੁਪਤਾ ਨੂੰ ਉਕਤ ਰਾਸ਼ੀ ਦੇ ਕੇ ਕਾਲੇ ਧਨ ਦੇ ਖਾਤੇ 'ਚ ਜਮ੍ਹਾ ਕਰਨ ਨੂੰ ਕਿਹਾ ਸੀ। ਇਸਤਗਾਸਾ ਪੱਖ ਮੁਤਾਬਕ ਉਕਤ ਰਾਸ਼ੀ ਕੈਪਟਨ ਦੇ ਪੁੱਤਰ ਰਣਇੰਦਰ ਸਿੰਘ ਤੇ ਰਮਿੰਦਰ ਰਿਚੀ ਨੇ 4 ਗੱਤੇ ਦੇ ਡੱਬਿਆਂ 'ਚ ਭਰ ਕੇ ਚੇਤਨ ਗੁਪਤਾ ਨੂੰ ਸੌਂਪੀ ਸੀ। ਸਰਕਾਰੀ ਵਕੀਲ ਨੇ ਕਿਹਾ ਕਿ ਟਰੱਸਟ ਦੇ ਐਸ.ਈ. ਮਨਮੋਹਨ ਸਿੰਘ ਨੂੰ ਜੀ.ਕੇ. ਗੰਭੀਰ ਨੇ ਹੋਟਲ ਪਾਰਕ ਪਲਾਜ਼ਾ 'ਚ 5 ਲੱਖ ਤੇ ਟਰੱਸਟ ਦੀ ਮੈਂਬਰ ਗੁਰਦਿਆਲ ਕੌਰ ਨੂੰ 25 ਲੱਖ ਰੁਪਏ ਦਿੱਤੇ ਸਨ।

ਇਹੋ ਨਹੀਂ 1.5.05 ਨੂੰ ਗੰਭੀਰ ਨੇ ਸਾਬਕਾ ਸਥਾਨਕ ਸਰਕਾਰ ਮੰਤਰੀ ਚੌਧਰੀ ਜਗਜੀਤ ਸਿੰਘ ਨੂੰ ਇਕ ਕਰੋੜ ਰੁਪਏ ਤੇ ਕੈਪਟਨ ਸਿੰਘ ਨੂੰ 4.5.05 ਨੂੰ ਤਿੰਨ ਕਰੋੜ ਤੇ 6.5.05 ਨੂੰ ਦੁਬਾਰਾ 3.50 ਕਰੋੜ ਰੁਪਏ ਟੂਡੇ ਹੋਮਜ਼ ਨੇ ਦਿੱਤੇ ਸਨ। ਮਿੱਤਰ ਸੇਨ ਨੇ ਕਿਹਾ ਕਿ ਟਰੱਸਟ ਦੇ ਚੇਅਰਮੈਨ ਪਰਮਜੀਤ ਸਿੰਘ ਸੀਬੀਆ ਨੇ ਵੀ ਆਪਣੀ ਜ਼ਿੰਮੇਵਾਰੀ ਠੀਕ ਢੰਗ ਨਾਲ ਨਹੀਂ ਨਿਭਾਈ ਤੇ ਗੈਰ ਕਾਨੂੰਨੀ ਹੁਕਮ ਪਾਸ ਕੀਤੇ। ਉਸ ਨੇ ਸ਼ਰਤਾਂ ਤੇ ਨਿਯਮਾਂ ਨੂੰ ਵੀ ਪਾਸੇ ਕਰ ਦਿੱਤਾ ਤਾਂ ਕਿ ਸਿਟੀ ਸੈਂਟਰ ਦਾ ਨਿਰਮਾਣ ਕਰਨ ਵਾਲੀ ਕੰਪਨੀ ਨੂੰ ਫਾਇਦਾ ਮਿਲ ਸਕੇ।

ਅਦਾਲਤ ਦਾ ਸਮਾਂ ਪੂਰਾ ਹੋਣ ਕਾਰਨ ਸਰਕਾਰੀ ਪੱਖ ਦੀ ਬਹਿਸ ਮੁਕੰਮਲ ਨਹੀਂ ਹੋ ਸਕੀ ਤੇ ਜੱਜ ਸ਼੍ਰੀ ਰਾਏ ਨੇ ਮਾਮਲੇ ਦੀ ਅਗਲੀ ਸੁਣਵਾਈ 22 ਅਗਸਤ ਲਈ ਟਾਲ ਦਿੱਤੀ ਹੈ। ਦੂਜੇ ਪਾਸੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਮੁਆਫ ਹੋਣ ਕਾਰਨ ਉਹ ਅਦਾਲਤ 'ਚ ਮੌਜੂਦ ਨਹੀਂ ਸਨ, ਜਦਕਿ ਰਣਇੰਦਰ ਸਿੰਘ, ਚੌਧਰੀ ਜਗਜੀਤ ਸਿੰਘ ਤੇ ਹੋਰ ਦੋਸ਼ੀ ਅਦਾਲਤ 'ਚ ਮੌਜੂਦ ਸਨ।

### ਵਕੀਲ ਨੇ ਪੰਜਾਬੀ ਵਰਤਣ ਲਈ ਕਿਹਾ

**ਲੁਧਿਆਣਾ :** ਸਿਟੀ ਸੈਂਟਰ ਘਪਲੇ ਦੀ ਸੁਣਵਾਈ ਦੌਰਾਨ ਸਥਿਤੀ ਉਸ ਵੇਲੇ ਅਜੀਬ ਹੋ ਗਈ, ਜਦੋਂ ਸਰਕਾਰੀ ਵਕੀਲ ਮਿੱਤਰ ਸੇਨ ਗੋਇਲ ਨੇ ਜੱਜ ਨੂੰ ਬੇਨਤੀ ਕੀਤੀ ਕਿ ਉਹ ਦੋਸ਼ ਤੈਅ ਕੀਤੇ ਜਾਣ 'ਤੇ ਬਹਿਸ ਅੰਗਰੇਜ਼ੀ ਭਾਸ਼ਾ ਦੀ ਬਜਾਏ ਪੰਜਾਬੀ ਭਾਸ਼ਾ 'ਚ ਕਰਨਗੇ। ਸ਼੍ਰੀ ਗੋਇਲ ਮੁਤਾਬਕ ਪੰਜਾਬ ਸਰਕਾਰ ਨੇ ਸਪੱਸ਼ਟ ਨਿਰਦੇਸ਼ ਦਿੱਤੇ ਹੋਏ ਹਨ ਕਿ ਪੰਜਾਬੀ ਭਾਸ਼ਾ ਦਾ ਜ਼ਿਆਦਾ ਇਸਤੇਮਾਲ ਕੀਤਾ ਜਾਵੇ। ਪੰਜਾਬੀ ਸਟੇਟ ਭਾਸ਼ਾ ਹੈ ਤੇ ਮਾਮਲਾ ਵੀ ਪੰਜਾਬ ਨਾਲ ਜੁੜਿਆ ਹੋਇਆ ਹੈ। ਦੂਜੇ ਪਾਸੇ ਦਿੱਲੀ ਤੋਂ ਆਏ ਵਕੀਲਾਂ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਬਹਿਸ ਅੰਗਰੇਜ਼ੀ ਭਾਸ਼ਾ 'ਚ ਹੀ ਕੀਤੀ ਜਾਵੇ ਤਾਂ ਕਿ ਉਹ ਸਮਝ ਸਕਣ ਜਾਂ ਫਿਰ ਕੋਈ ਅਨੁਵਾਦਕ ਨਿਯੁਕਤ ਕੀਤਾ ਜਾਵੇ। ਬਾਅਦ 'ਚ ਜੱਜ ਸ਼੍ਰੀ ਰਾਏ ਦੇ ਕਹਿਣ 'ਤੇ ਬਹਿਸ ਅੰਗਰੇਜ਼ੀ 'ਚ ਹੀ ਸ਼ੁਰੂ ਹੋਈ।

### ਚੰਡੀਗੜ੍ਹ ਵਿਚ ਪੰਜਾਬ ਦੇ ਕੋਟੇ ਨਾਲ ਕੋਈ ਛੇੜ ਛਾੜ ਨਹੀਂ ਹੋਵੇਗੀ-ਚਿਦਾਂਬਰਮ

**ਚੰਡੀਗੜ੍ਹ :** ਕੇਂਦਰੀ ਗ੍ਰਹਿ ਮੰਤਰੀ ਪੀ. ਚਿਦਾਂਬਰਮ ਨੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਪੰਜਾਬ ਦੇ ਕੋਟੇ ਨੂੰ ਨਜ਼ਰਅੰਦਾਜ਼ ਕਰਨ ਦੇ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਭਰੋਸਾ ਦਿੱਤਾ ਹੈ ਕਿ ਚੰਡੀਗੜ੍ਹ ਅੰਦਰ ਪੰਜਾਬ ਦੇ 60 ਫੀਸਦੀ ਕੋਟੇ ਨੂੰ ਹਰ ਹਾਲਤ 'ਚ ਪੂਰੀ ਤਰ੍ਹਾਂ ਬਰਕਰਾਰ ਰੱਖਿਆ ਜਾਵੇਗਾ, ਜਿਸ ਤਰ੍ਹਾਂ ਪਹਿਲਾਂ ਪੰਜਾਬ ਅਤੇ ਹਰਿਆਣਾ ਦਾ 60-40 ਦਾ ਅਨੁਪਾਤ ਨਿਰਧਾਰਤ ਕੀਤਾ ਗਿਆ ਹੈ। ਉੱਚ ਪੱਧਰੀ ਸੂਤਰਾਂ ਅਨੁਸਾਰ ਕੇਂਦਰੀ ਗ੍ਰਹਿ ਮੰਤਰੀ ਨੇ ਆਪਣੇ ਪੱਤਰ 'ਚ ਕਿਹਾ ਹੈ ਕਿ ਚੰਡੀਗੜ੍ਹ ਅੰਦਰ ਵੱਖ-ਵੱਖ ਅਹੁਦਿਆਂ 'ਤੇ ਤਾਇਨਾਤੀ ਨੂੰ ਲੈ ਕੇ ਕੋਈ ਨਿਯਮ ਨਹੀਂ ਬਣਾਇਆ ਗਿਆ, ਪਰ ਜਿਨ੍ਹਾਂ ਅਹੁਦਿਆਂ 'ਤੇ ਪੰਜਾਬ ਦੇ ਅਧਿਕਾਰੀ ਪਹਿਲਾਂ ਕੰਮ ਕਰਦੇ ਰਹੇ ਹਨ, ਨੂੰ ਵੀ ਪਹਿਲਾਂ ਦੀ ਤਰ੍ਹਾਂ ਹੀ ਬਰਕਰਾਰ ਰੱਖਿਆ ਜਾਵੇਗਾ। ਗ੍ਰਹਿ ਮੰਤਰੀ ਨੇ ਕਿਹਾ ਹੈ ਕਿ ਪੰਜਾਬ ਨਾਲ ਕਿਸੇ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਹੋਵੇਗਾ।



ਇਥੇ ਦੱਸਣਯੋਗ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਪੰਜਾਬ ਨਾਲ ਕੀਤੇ ਜਾ ਰਹੇ ਪੱਖਪਾਤ ਦਾ ਮਾਮਲਾ ਵਿਧਾਨ ਸਭਾ ਵਿਚ ਉੱਠਿਆ ਸੀ। ਇਸ ਤੋਂ ਪਹਿਲਾਂ ਹੀ ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦਾਂਬਰਮ ਨੂੰ ਪੱਤਰ ਲਿਖ ਕੇ ਰੋਸ ਪ੍ਰਗਟਾਇਆ ਸੀ ਕਿ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਪੰਜਾਬ ਨਾਲ ਪੱਖਪਾਤ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਅਤੇ ਹਰਿਆਣਾ ਲਈ ਨਿਰਧਾਰਤ 60-40 ਦੇ ਅਨੁਪਾਤ ਨੂੰ ਵੀ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਪੋਸਟਾਂ 'ਤੇ ਪਹਿਲਾਂ ਪੰਜਾਬ ਦੇ ਅਧਿਕਾਰੀ ਤਾਇਨਾਤ ਸਨ, ਉਨ੍ਹਾਂ ਦੀ ਥਾਂ ਹੁਣ ਹਰਿਆਣਾ ਦੇ ਅਧਿਕਾਰੀਆਂ ਨੂੰ ਲਾ ਦਿੱਤਾ ਗਿਆ ਹੈ। ਮੁੱਖ ਮੰਤਰੀ ਦੇ ਪੱਤਰ ਦੇ ਜਵਾਬ 'ਚ ਗ੍ਰਹਿ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਪੰਜਾਬ ਨਾਲ ਕਿਸੇ ਤਰ੍ਹਾਂ ਦਾ ਵੀ ਪੱਖਪਾਤ ਨਹੀਂ ਹੋਣ ਦਿੱਤਾ ਜਾਵੇਗਾ।

ਪਤਾ ਲੱਗਾ ਹੈ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਰਾਜ ਦੇ ਮੁੱਖ ਸਕੱਤਰ ਐਸ.ਸੀ. ਅਗਰਵਾਲ ਨੇ ਵੀ ਇਹ ਮਾਮਲਾ ਚੰਡੀਗੜ੍ਹ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਂਦਾ ਹੈ ਅਤੇ ਸਰਕਾਰ ਵਲੋਂ ਇਹ ਲਿਸਟਾਂ ਵੀ ਤਿਆਰ ਕੀਤੀਆਂ ਜਾ ਰਹੀਆਂ ਹਨ ਕਿ ਪਹਿਲਾਂ ਕਿਹੜੀਆਂ ਅਸਾਮੀਆਂ 'ਤੇ ਪੰਜਾਬ ਦੇ ਅਧਿਕਾਰੀ ਤਾਇਨਾਤ ਸਨ, ਜਿਨ੍ਹਾਂ ਦੀ ਥਾਂ ਹਰਿਆਣਾ ਦੇ ਅਧਿਕਾਰੀਆਂ ਨੂੰ ਲਾਇਆ ਗਿਆ ਹੈ। ਇਸ ਤੋਂ ਬਾਅਦ ਸਰਕਾਰ ਚੰਡੀਗੜ੍ਹ ਪ੍ਰਸ਼ਾਸਨ 'ਤੇ ਦਬਾਅ ਪਾਵੇਗੀ ਕਿ ਇਨ੍ਹਾਂ ਅਹੁਦਿਆਂ 'ਤੇ ਪੰਜਾਬ ਦੇ ਅਧਿਕਾਰੀਆਂ ਨੂੰ ਹੀ ਲਾਇਆ ਜਾਵੇ।



# ਸਾਂਝੀਆਂ ਸ਼ਮਸ਼ਾਨਘਾਟਾਂ ਵਾਲੇ ਪਿੰਡ ਵੀ ਬਥੇਰੇ ਹਨ ਪੰਜਾਬ ਵਿਚ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਜਲੰਧਰ :** ਪਿਛਲੇ ਕੁਝ ਸਮੇਂ ਵਿਚ ਜਦੋਂ ਤੋਂ ਦਲਿਤ/ਸਿੱਖ ਜਾਂ ਦਲਿਤ/ਜੱਟ ਕਲੇਸ਼ ਉਭਰਿਆ ਹੈ। ਇਸ ਕਿਸਮ ਦੀਆਂ ਰਿਪੋਰਟਾਂ ਆਮ ਹੋ ਗਈਆਂ ਹਨ ਕਿ ਪੰਜਾਬ ਦੇ ਪਿੰਡਾਂ ਵਿਚ ਵੱਖ-ਵੱਖ ਜਾਤਾਂ ਦੇ ਗੁਰਦੁਆਰੇ ਜਾਂ ਧਾਰਮਿਕ ਸਥਾਨ ਵੱਖ-ਵੱਖ ਹੋ ਗਏ ਹਨ। ਇਹ ਵੀ ਕਿ ਬਹੁਤੇ ਪਿੰਡਾਂ ਦੇ ਸ਼ਮਸ਼ਾਨਘਾਟ ਵੀ ਕਥਿਤ ਉਪਰਲੀਆਂ ਅਤੇ ਹੇਠਲੀਆਂ ਜਾਤਾਂ ਦੇ ਵੱਖਰੇ-ਵੱਖਰੇ ਹਨ। ਪਰ ਇਹ ਸੱਚ ਪਿਛਲੇ ਕੁਝ ਦਿਨਾਂ ਵਿਚ ਇਕ ਸੰਸਥਾ ਵਲੋਂ ਕੀਤੇ ਗਏ ਸਰਵੇ ਵਿਚ ਸਾਹਮਣੇ ਆਇਆ ਹੈ ਕਿ ਜਲੰਧਰ ਦੇ ਆਸ-ਪਾਸ ਹੀ ਬਹੁਤ ਸਾਰੇ ਪਿੰਡ ਅਜਿਹੇ ਹਨ, ਜਿਨ੍ਹਾਂ ਦੀਆਂ ਸ਼ਮਸ਼ਾਨਘਾਟਾਂ ਸਾਂਝੀਆਂ ਹਨ। ਜਲੰਧਰ ਦੇ ਪੂਰਬੀ ਬਲਾਕ ਵਿਚ ਪੈਂਦਾ ਛੋਟਾ ਜਿਹਾ ਅਤੇ ਪੁਰਾਣਾ ਪਿੰਡ ਫੂਲਪੁਰ ਅਜਿਹੀ ਹੀ ਉਦਾਹਰਣ ਹੈ।

ਇਸ ਪਿੰਡ ਵਿਚ ਦਲਿਤਾਂ ਦੇ ਪੰਦਰਾਂ ਘਰ ਹਨ ਅਤੇ ਸਾਬਕਾ ਸਰਪੰਚ ਸ੍ਰੀ ਰਾਜਕੁਮਾਰ ਅਨੁਸਾਰ ਦਲਿਤਾਂ ਦੇ ਘੱਟ ਗਿਣਤੀ ਹੋਣ ਦੇ ਬਾਵਜੂਦ ਸਾਰੇ ਪਿੰਡ ਦੇ ਲੋਕ ਆਪਸ ਵਿਚ ਰਲ਼ ਮਿਲ ਕੇ ਰਹਿੰਦੇ ਹਨ, ਹਾਲਾਂ ਕਿ ਸਾਰੀਆਂ ਜਾਤਾਂ ਦੀ ਸ਼ਮਸ਼ਾਨਘਾਟ ਵੀ ਸਾਂਝੀ ਹੈ। ਦਲਿਤ ਭਾਈਚਾਰੇ ਨਾਲ ਸਬੰਧਤ ਇਸੇ ਪਿੰਡ ਦੇ ਹੋਰ ਵਿਅਕਤੀ ਦਾ ਆਖਣਾ ਹੈ ਕਿ ਸਾਡੇ ਪਿੰਡ ਵਿਚ ਮੁੱਢ ਤੋਂ ਹੀ ਸਾਂਝੀ ਸ਼ਮਸ਼ਾਨਘਾਟ ਰਹੀ ਹੈ ਅਤੇ ਇਥੇ ਕਦੇ ਵੀ ਕਿਸੇ ਨੂੰ ਵੱਖਰੀ ਸ਼ਮਸ਼ਾਨਘਾਟ ਲਈ ਆਵਾਜ਼ ਨਹੀਂ ਉਠਾਈ। ਦਲਿਤ ਭਾਵੇਂ ਇਸ ਪਿੰਡ ਵਿਚ ਘੱਟ ਗਿਣਤੀ ਵਿਚ ਹਨ, ਪਰ ਸਾਰੇ ਆਪਸ ਵਿਚ ਰਲ਼ ਮਿਲ ਕੇ ਰਹਿੰਦੇ ਹਨ। ਜਲੰਧਰ ਨਕੋਦਰ ਰੋਡ ਉੱਪਰ ਪੈਂਦੇ ਪਿੰਡ ਖਾਂਬੜਾ ਦੀ ਸ਼ਮਸ਼ਾਨਘਾਟ ਵੀ ਸਾਂਝੀ ਹੈ। ਇਸ ਦੇ ਬਾਵਜੂਦ ਕਿ ਇਸ ਪਿੰਡ ਦੇ 80% ਲੋਕ ਦਲਿਤ ਜਾਤੀਆਂ ਨਾਲ ਸਬੰਧਤ ਹਨ।

ਪਿੰਡ ਦੀ ਸਰਪੰਚ ਬੀਬੀ ਪ੍ਰਵੀਨ ਕੁਮਾਰੀ ਦਾ ਆਖਣਾ ਹੈ ਕਿ ਸ਼ੁਰੂ ਤੋਂ ਹੀ ਇਸ ਪਿੰਡ ਵਿਚ ਸ਼ਮਸ਼ਾਨਘਾਟ ਸਾਂਝੀ ਰਹੀ ਹੈ ਅਤੇ ਲੋਕ ਆਪਸ ਵਿਚ ਰਲ਼ ਮਿਲ ਕੇ ਰਹਿੰਦੇ ਰਹੇ ਹਨ ਅਤੇ ਆਪਣੇ ਤੁਰ ਜਾਣ ਵਾਲੇ ਸਕੇ ਸਬੰਧੀਆਂ ਦੇ ਅੰਤਿਮ ਸੰਸਕਾਰ ਇਕੋ ਥਾਂ ਕਰਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਸਾਡੇ ਵਡੇਰਿਆਂ ਨੇ ਇਸ ਕਿਸਮ ਦੀਆਂ ਉਦਾਹਰਣਾਂ ਅਤੇ ਰਵਾਇਤਾਂ ਕਾਇਮ ਕੀਤੀਆਂ ਹਨ। ਅਸੀਂ ਮਨੁੱਖ ਵਲੋਂ ਬਣਾਏ ਭੇਦਭਾਵਾਂ ਵਿਚ ਵਿਸ਼ਵਾਸ ਨਹੀਂ ਰੱਖਦੇ। ਉਨ੍ਹਾਂ ਕਿਹਾ ਕਿ ਇਸ ਧਰਤੀ ਉਤੇ ਜੀਣ ਵਾਲਾ ਹਰ ਵਿਅਕਤੀ ਪ੍ਰਮਾਤਮਾ ਦੀ ਔਲਾਦ ਹੈ ਅਤੇ ਵੱਖਰੀ ਸ਼ਮਸ਼ਾਨ ਘਾਟ ਦੀ ਲੋੜ ਹੀ ਕਿੱਥੇ। ਅਸਲ ਵਿਚ ਖਾਂਬੜਾ ਦੇ ਨਜ਼ਦੀਕ ਪੈਂਦੇ ਹੋਰ ਪਿੰਡਾਂ ਜਿਵੇਂ ਬਾਜੜਾ, ਬਾਦਸ਼ਾਹਪੁਰ ਅਤੇ ਸਿੰਘਾਂ ਆਦਿ ਵਿਚ ਵੀ ਸਾਂਝੀਆਂ ਸ਼ਮਸ਼ਾਨਘਾਟਾਂ ਹਨ, ਭਾਵੇਂ ਕਿ ਇਨ੍ਹਾਂ ਪਿੰਡਾਂ ਦੇ ਹੀ ਲਾਗੇ ਪੈਂਦੇ ਇਕ ਹੋਰ ਪਿੰਡ ਤਾਜਪੁਰ ਵਿਚ ਅਖੌਤੀ ਹੇਠਲੀਆਂ ਅਤੇ ਉਪਰਲੀਆਂ ਜਾਤਾਂ ਦੀਆਂ ਵੱਖ-ਵੱਖ ਸ਼ਮਸ਼ਾਨਘਾਟਾਂ ਹਨ। ਪਰ ਦਿਲਚਸਪ ਗੱਲ ਇਹ ਹੈ ਕਿ ਕਥਿਤ ਉੱਚ ਜਾਤੀਆਂ ਦੀ ਸ਼ਮਸ਼ਾਨਘਾਟ ਵਿਚ ਪਾਏ ਜਾਣ ਵਾਲੇ ਸ਼ੈਡ ਦਾ ਨੀਂਹ ਪੱਥਰ ਇਸ ਪਿੰਡ ਦੇ ਤਿੰਨ ਵਾਰ ਰਹੇ ਦਲਿਤ ਸਰਪੰਚ ਨੇ ਹੀ ਰੱਖਿਆ ਸੀ। ਤਾਜਪੁਰ ਦੇ ਦਲਿਤ ਭਾਈਚਾਰੇ ਨਾਲ ਸਬੰਧਤ ਸਰਪੰਚ ਅਸ਼ੋਕ ਕੁਮਾਰ ਨੇ ਗੱਲਬਾਤ ਵਿਚ ਦੱਸਿਆ ਕਿ ਇਸ ਕਿਸਮ ਦੀਆਂ ਰਵਾਇਤਾਂ ਬਹੁਤ ਪਹਿਲਾਂ ਪਿੰਡ ਦੇ ਬਜ਼ੁਰਗਾਂ ਨੇ ਹੀ ਰੱਖ ਦਿੱਤੀਆਂ ਸਨ।

## 200 ਦੀ ਰਫ਼ਤਾਰ ਨਾਲ ਕਾਰ ਭਜਾਉਂਦਾ ਪੰਜਾਬੀ ਕਾਬੂ

**ਟੋਰਾਂਟੋ :** ਟੋਰਾਂਟੋ ਦੀ ਪੁਲਿਸ ਨੇ ਇਕ ਪੰਜਾਬੀ ਨੌਜਵਾਨ ਨੂੰ ਹੱਦ ਤੋਂ ਤਿੰਨ ਗੁਣਾ ਵਧ ਰਫ਼ਤਾਰ 'ਤੇ ਕਾਰ ਭਜਾਉਂਦੇ ਨੂੰ ਫੜ੍ਹਿਆ ਹੈ, ਜਿਸ ਨੇ ਸਾਰੇ ਇਲਾਕੇ ਨੂੰ ਹੈਰਾਨੀ 'ਚ ਪਾ ਦਿੱਤਾ ਹੈ। ਬਰੈਂਪਟਨ ਨੇ ਪੰਜਾਬੀ ਪਰਿਵਾਰ ਦੇ ਇਸ 28 ਸਾਲਾ ਨੌਜਵਾਨ ਹਰਜਿੰਦਰ ਸੇਖੋਂ ਨੂੰ ਪੁਲਿਸ ਅਧਿਕਾਰੀ ਨੇ ਬਰੈਂਪਟਨ ਦੇ ਬਾਹਰਵਾਰ 80 ਕਿਲੋਮੀਟਰ ਪ੍ਰਤੀ ਘੰਟੇ ਦੀ ਸੀਮਾ ਵਾਲੀ ਸੜਕ 'ਤੇ ਕੋਈ 193 ਕਿਲੋਮੀਟਰ ਪ੍ਰਤੀ ਘੰਟਾ 'ਤੇ ਜਾਂਦੇ ਨੂੰ ਦੇਖਿਆ, ਪਰ ਜਦੋਂ ਉਨ੍ਹਾਂ ਉਸ ਨੂੰ ਰੋਕਣਾ ਚਾਹਿਆ ਤਾਂ ਉਸ ਨੇ ਕਾਰ ਨੂੰ 210 ਕਿਲੋਮੀਟਰ ਦੀ ਸਪੀਡ ਤੱਕ ਭਜਾ ਦਿੱਤਾ। ਆਖਰ ਉਸ ਨੂੰ ਪੁਲਿਸ ਨੇ ਉਸ ਦੇ ਘਰ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ ਹੀ ਦਬੋਚ ਲਿਆ।

ਉਸ ਵੇਲੇ ਸਵੇਰ ਦੇ ਕੋਈ ਦੋ ਵੱਜੇ ਸਨ। ਹਰਜਿੰਦਰ ਸੇਖੋਂ ਜਿਸ ਨੂੰ ਗ੍ਰਿਫ਼ਤਾਰੀ ਮਗਰੋਂ ਜ਼ਮਾਨਤ ਮਿਲ ਗਈ ਸੀ, ਨੂੰ ਹੁਣ ਅਗਲੀ ਪੇਸ਼ੀ ਲਈ ਲਾਗਲੇ ਸ਼ਹਿਰ ਓਰਿੰਜਵਿਲ ਦੀ ਅਦਾਲਤ 'ਚ ਪੇਸ਼ ਹੋਣ ਦੇ ਹੁਕਮ ਮਿਲੇ ਹਨ, ਕਿਉਂਕਿ ਜਿਸ ਇਲਾਕੇ 'ਚ ਉਸ ਨੂੰ ਫੜ੍ਹਿਆ ਗਿਆ ਸੀ, ਉਹ ਦੂਜੇ ਸ਼ਹਿਰ ਦੀ ਹੱਦ 'ਚ ਪੈਂਦਾ ਹੈ। ਉਸ ਦੀ ਮਿਤਸੁਬਿਸ਼ੀ ਲੈਂਸਰ ਕਾਰ ਹੁਣ ਪੁਲਿਸ ਦੇ ਕਬਜ਼ੇ 'ਚ ਹੈ ਅਤੇ ਉਸ ਦਾ ਲਾਇਸੰਸ ਸੱਤ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਸਟੰਟ ਡਰਾਈਵਿੰਗ ਵਾਸਤੇ ਉਸ ਨੂੰ 10 ਹਜ਼ਾਰ ਦਾ ਜੁਰਮਾਨਾ ਅਤੇ ਜੇਲ੍ਹ ਵੀ ਹੋ ਸਕਦੀ ਹੈ।

# ਇਕ ਪ੍ਰਵਾਸੀ ਭਾਰਤੀ ਦਾ ਸਾਮਾਨ ਚੋਰੀ ਹੋਣ ਕਾਰਨ ਏਅਰ ਇੰਡੀਆ ਸ਼ੱਕ ਦੇ ਘੇਰੇ 'ਚ

**ਚੰਡੀਗੜ੍ਹ :** ਨਿਊਯਾਰਕ ਤੋਂ ਭਾਰਤ ਪਰਤ ਰਹੇ ਇਕ ਪੰਜਾਬੀ ਜੋੜੇ ਦਾ ਲੱਖਾਂ ਰੁਪਏ ਦਾ ਕੀਮਤੀ ਸਾਮਾਨ ਹਵਾਈ ਜਹਾਜ਼ 'ਚ ਖੁਰਦ ਬੁਰਦ ਹੋਣ ਕਾਰਨ ਏਅਰ ਇੰਡੀਆ ਦੀ ਕਾਰਗੁਜ਼ਾਰੀ ਸ਼ੱਕੀ ਬਣ ਗਈ ਹੈ। ਪੰਜਾਬ ਦੇ ਸ਼ਹਿਰ ਬਰਨਾਲਾ ਦੇ ਮੂਲ ਵਾਸੀ ਸਤਿੰਦਰ ਕੁਮਾਰ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ 6 ਅਗਸਤ ਦੀ ਸ਼ਾਮ ਜਦੋਂ ਉਹ ਤੇ ਉਸ ਦੀ ਪਤਨੀ ਅਨੀਸ਼ਾ ਕੁਮਾਰ ਏਅਰਇੰਡੀਆ ਦੀ ਫਲਾਈਟ ਰਾਹੀਂ ਅੰਮ੍ਰਿਤਸਰ ਦੇ ਰਾਜਾਸਾਂਸੀ ਹਵਾਈ ਅੱਡੇ 'ਤੇ ਉਤਰੇ ਤਾਂ ਉਨ੍ਹਾਂ ਦੇ ਚਾਰ ਅਟੈਚੀ ਕੇਸਾਂ 'ਚੋਂ ਦੋ ਦੇ ਤਾਲੇ ਟੁੱਟੇ ਹੋਏ ਸਨ।

ਇਸ ਸਬੰਧੀ ਮੌਕੇ 'ਤੇ ਮੌਜੂਦ ਕਰਮਚਾਰੀਆਂ ਨੂੰ ਇਸ ਸਬੰਧੀ ਦੱਸਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਕਥਿਤ ਤੌਰ 'ਤੇ ਬਦਸਲੂਕੀ ਕੀਤੀ ਤੇ ਹਵਾਈ ਅੱਡੇ ਤੋਂ ਬਾਹਰ ਕੱਢ ਦਿੱਤਾ। ਇਨ੍ਹਾਂ ਅਟੈਚੀਆਂ 'ਚੋਂ 26-27 ਤੋਲੇ ਸੋਨੇ ਦੇ ਗਹਿਣੇ, ਚਾਰ ਕੀਮਤੀ ਘੜੀਆਂ, ਵੀਡੀਓ ਕੈਮਰਾ ਅਤੇ ਹੋਰ ਕਾਫੀ ਸਾਮਾਨ ਗਾਇਬ ਸੀ। ਸਤਿੰਦਰ ਕੁਮਾਰ ਨੇ ਦੱਸਿਆ ਕਿ ਇਸ ਸਾਰੇ ਸਾਮਾਨ ਦੀ ਕੁੱਲ ਕੀਮਤ 5 ਤੋਂ 6 ਲੱਖ ਰੁਪਏ ਬਣਦੀ ਹੈ।

ਪ੍ਰਵਾਸੀ ਭਾਰਤੀ ਨੇ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਕੇਂਦਰੀ ਮੰਤਰੀ ਪ੍ਰਫੁੱਲ ਪਟੇਲ ਨੂੰ ਪੱਤਰ ਲਿਖ ਕੇ ਸਾਰੀ ਸਥਿਤੀ ਤੋਂ ਜਾਣੂ ਕਰਾਇਆ ਹੈ ਤੇ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਸਤਿੰਦਰ ਕੁਮਾਰ ਨੇ ਸਵਾਲ ਉਠਾਇਆ ਹੈ ਕਿ ਸਿਰਫ ਉਨ੍ਹਾਂ ਹੀ ਅਟੈਚੀ ਕੇਸਾਂ ਦੇ ਜਿੰਦਰੇ ਤੋੜੇ ਗਏ ਜਿਨ੍ਹਾਂ 'ਚ ਕੀਮਤੀ ਸਾਮਾਨ ਸੀ। ਉਨ੍ਹਾਂ ਕਿਹਾ ਕਿ ਇਸ ਪਿੱਛੇ ਕੌਮਾਂਤਰੀ ਗਿਰੋਹ ਸਰਗਰਮ ਹੈ, ਕਿਉਂਕਿ ਹਵਾਈ ਅੱਡੇ 'ਤੇ ਸਾਮਾਨ ਦੀ ਸਕੈਨਿੰਗ ਕਰਨ ਵਾਲਿਆਂ ਨੂੰ ਹੀ ਇਸ ਤੱਥ ਦਾ ਪਤਾ ਹੁੰਦਾ ਹੈ ਕਿ ਕਿਸ ਅਟੈਚੀ 'ਚ ਕੀਮਤੀ ਸਾਮਾਨ ਹੈ।

ਸਤਿੰਦਰ ਕੁਮਾਰ ਨੇ ਕਿਹਾ ਕਿ ਇਸ ਤੋਂ ਪਹਿਲਾਂ ਨਵੀਂ ਦਿੱਲੀ ਹਵਾਈ ਅੱਡੇ 'ਤੇ ਉਹ ਪਰਿਵਾਰ ਸਮੇਤ ਕਈ ਵਾਰੀ ਉਤਰਿਆ ਹੈ, ਪਰ ਇਸ ਤਰ੍ਹਾਂ ਕਦੇ ਨਹੀਂ ਬੀਤੀ। ਉਹ ਪਹਿਲੀ ਦਫਾ ਹੀ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰਿਆ ਤੇ ਭਾਣਾ ਵਾਪਰ ਗਿਆ। ਉਸ ਨੇ ਇਹ ਵੀ ਕਿਹਾ ਕਿ ਭਵਿੱਖ 'ਚ ਉਹ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰਨ ਤੋਂ ਵੀ ਗੁਰੇਜ਼ ਕਰੇਗਾ, ਕਿਉਂਕਿ ਇਸ ਤੋਂ ਪਹਿਲਾਂ ਵੀ ਅੰਮ੍ਰਿਤਸਰ ਹਵਾਈ ਅੱਡੇ 'ਤੇ ਪ੍ਰਵਾਸੀਆਂ ਨਾਲ ਦੁਰ ਵਿਹਾਰ, ਖੱਜਲ ਖੁਆਰੀ ਤੇ ਲੁੱਟ ਦੀਆਂ ਘਟਨਾਵਾਂ ਬਾਰੇ ਉਹ ਅਮਰੀਕਾ 'ਚ ਰਹਿੰਦੇ ਭਾਰਤੀਆਂ ਪਾਸੋਂ ਸੁਣ ਚੁੱਕਾ ਹੈ। ਪ੍ਰਵਾਸੀ ਭਾਰਤੀ ਨੇ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਕਿ ਇਸ ਮਾਮਲੇ ਦੀ ਜਾਂਚ ਕਰਾਈ ਜਾਵੇ। ਸਤਿੰਦਰ ਕੁਮਾਰ ਨੇ ਦੱਸਿਆ ਕਿ ਅਗਲੇ ਹੀ ਦਿਨ ਉਹ ਏਅਰ ਇੰਡੀਆ ਦੇ ਅੰਮ੍ਰਿਤਸਰ ਸਥਿਤ ਦਫਤਰ ਗਿਆ ਤੇ ਆਪਣੀ ਸ਼ਿਕਾਇਤ ਦਰਜ ਕਰਾਈ, ਪਰ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਏਅਰ ਇੰਡੀਆ ਦੇ ਅਧਿਕਾਰੀ ਉਸ ਨੂੰ ਨਿਯਮ ਪੜ੍ਹਾਉਣ ਲੱਗ ਗਏ ਕਿ ਕੀਮਤੀ ਸਾਮਾਨ ਅਟੈਚੀ 'ਚ ਨਹੀਂ ਰੱਖਣਾ ਹੁੰਦਾ।

ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕਾਹਨ ਸਿੰਘ ਪਨੂੰ ਨੂੰ ਵੀ ਮਿਲ ਕੇ ਇਸ ਸਬੰਧੀ ਸ਼ਿਕਾਇਤ ਦਰਜ ਕਰਾਈ ਹੈ ਤੇ ਡੀ.ਸੀ. ਨੇ ਸਬੰਧਤ ਪੁਲਿਸ ਸਟੇਸ਼ਨ ਨੂੰ ਰਿਪੋਰਟ ਦਰਜ ਕਰਨ ਦੇ ਹੁਕਮ ਦਿੱਤੇ ਹਨ। ਉਸ ਨੇ ਦੱਸਿਆ ਕਿ ਅੰਮ੍ਰਿਤਸਰ ਸਥਿਤ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਸਹਾਇਕ ਡਾਇਰੈਕਟਰ ਪਵਾਰ ਨਾਲ ਵੀ ਸੰਪਰਕ ਕੀਤਾ, ਪਰ ਉਨ੍ਹਾਂ ਸਾਰੀ ਜ਼ਿੰਮੇਵਾਰੀ ਏਅਰਲਾਈਨ ਸਿਰ ਸੁੱਟ ਕੇ ਮਾਮਲੇ ਤੋਂ ਪੱਲਾ ਛੁਡਾ ਲਿਆ ਹੈ।

## ਕੈਨੇਡਾ ਵਿਚ 45000 ਨੌਕਰੀਆਂ ਜੁਲਾਈ ਮਹੀਨੇ ਵਿਚ ਖੁੱਸੀਆਂ

**ਟੋਰਾਂਟੋ :** ਟੋਰਾਂਟੋ ਦੀ ਬੇਰੁਜ਼ਗਾਰੀ ਦਾ ਗਰਾਫ ਹੋਰ ਚੜ੍ਹ ਗਿਆ ਹੈ। ਪਿਛਲੇ ਮਹੀਨੇ ਸ਼ਹਿਰ ਦੀ ਬੇਕਾਰੀ 10 ਫੀਸਦੀ 'ਤੇ ਜਾ ਪਈ ਹੈ, ਜੋ 1994 ਤੋਂ ਮਗਰੋਂ ਸਭ ਤੋਂ ਵਧ ਹੈ। ਇਹ ਅੰਕੜੇ ਬੀਤੀ 8 ਅਗਸਤ ਨੂੰ ਮੁਲਕ ਦੇ ਅੰਕੜਾ ਵਿਭਾਗ ਨੇ ਜਾਰੀ ਕੀਤੇ। ਆਰਥਿਕ ਪੰਡਤਾਂ ਅਨੁਸਾਰ ਇਹ ਗਿਰਾਵਟ ਕੈਨੇਡੀਅਨ ਡਾਲਰ ਦੀ ਤੇਜ਼ੀ ਅਤੇ ਠੰਡੇ-ਭਿੱਜੇ ਮੌਸਮ ਕਾਰਨ ਸੈਰ ਸਪਾਟਾ ਸਨਅਤ ਨੂੰ ਲੱਗੇ ਖੋਰੇ ਕਾਰਨ ਆਈ ਹੈ।

ਬਾਵਜੂਦ 45 ਹਜ਼ਾਰ ਨੌਕਰੀਆਂ ਦੇ ਘਾਣ ਦੇ ਕੈਨੇਡਾ ਦਾ ਕੌਮੀ ਗਰਾਫ ਅਜੇ ਵੀ 8.6 ਪ੍ਰਤੀਸ਼ਤ 'ਤੇ ਹੀ ਟਿਕਿਆ ਹੋਇਆ ਹੈ। ਅੰਕੜਿਆਂ ਅਨੁਸਾਰ ਸਕੂਲੀ ਵਿਦਿਆਰਥੀਆਂ ਦੀਆਂ ਮੌਸਮੀ ਨੌਕਰੀਆਂ ਦਾ ਨੁਕਸਾਨ ਵੱਡੇ ਪੱਧਰ 'ਤੇ ਰਿਕਾਰਡ ਕੀਤਾ ਗਿਆ ਹੈ।

ਵਿਦਿਆਰਥੀ ਆਮ ਤੌਰ 'ਤੇ ਜੁਲਾਈ ਵਿਚ ਛੁੱਟੀਆਂ ਹੋਣ ਕਾਰਨ ਕੰਮ ਭਾਲਦੇ ਹਨ, ਪਰ ਇਸ ਵਾਰ ਉਨ੍ਹਾਂ ਦਾ ਵੀ ਮੰਦਾ ਚਲ ਰਿਹਾ ਹੈ ਅਤੇ ਬੀਤੇ ਮਹੀਨੇ ਅਜਿਹੀਆਂ ਨੌਕਰੀਆਂ ਵਿਚ 20.9 ਪ੍ਰਤੀਸ਼ਤ ਬੇਕਾਰੀ ਵਧੀ ਹੈ, ਜੋ 1977 ਤੋਂ ਮਗਰੋਂ ਰਿਕਾਰਡ ਕੀਤੀ ਗਈ ਹੈ।






# ਪਿਛਲੇ ਪੰਦਰਾਂ ਦਿਨਾਂ ਅੰਦਰ ਆਸਟ੍ਰੇਲੀਆ 'ਚ ਹੋਏ ਤਿੰਨ ਹੋਰ ਹਮਲੇ

**ਨਵੀਂ ਦਿੱਲੀ :** ਭਾਵੇਂ ਕਿ ਭਾਰਤੀ ਵਿਦੇਸ਼ ਮੰਤਰੀ ਆਸਟ੍ਰੇਲੀਆ ਵਿਚ ਭਾਰਤੀ ਵਿਦਿਆਰਥੀਆਂ ਨੂੰ ਹਾਲ ਹੀ ਵਿਚ ਨਿਸ਼ਚਿੰਤ ਰਹਿਣ ਦਾ ਸੁਨੇਹਾ ਦਿੰਦੇ ਰਹੇ ਅਤੇ ਉਨ੍ਹਾਂ ਹਮਲੇ ਦਾ ਸ਼ਿਕਾਰ ਹੋਏ ਇਕ ਸਰਵਣ ਕੁਮਾਰ ਨਾਲ ਮੁਲਾਕਾਤ ਵੀ ਕੀਤੀ, ਪਰ ਇਸ ਮੁਲਕ ਵਿਚ ਹਾਲੇ ਵੀ ਭਾਰਤੀ ਵਿਦਿਆਰਥੀਆਂ 'ਤੇ ਨਸਲੀ ਹਮਲੇ ਜਾਰੀ ਹਨ।

ਯਾਦ ਰਹੇ ਪਿਛਲੇ ਪੰਦਰਾਂ ਕੁ ਦਿਨਾਂ ਦੇ ਸਮੇਂ ਵਿਚ ਆਸਟ੍ਰੇਲੀਆ ਵਿਚ ਭਾਰਤੀ ਪ੍ਰਵਾਸੀਆਂ ਨੂੰ ਤਿੰਨ ਹੋਰ ਖੂਨੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਹਮਲਿਆਂ ਦਾ ਸ਼ਿਕਾਰ ਹੋਣ ਵਾਲੇ ਵਿਦਿਆਰਥੀਆਂ ਵਿਚ ਇੰਦੌਰ ਦਾ ਮੋਹਿਤ ਗਿੱਲ, ਮੈਲਬੌਰਨ ਦੇ ਸ਼ੇਲਾ ਬੈਕਸਟਰ ਇੰਸਟੀਚਿਊਟ ਨਾਲ ਸਬੰਧਤ ਗੌਰਵ ਕੱਕੜ ਅਤੇ ਮੈਲਬੌਰਨ ਕੈਂਬਰਿਜ ਕਾਲਜ ਦੇ ਵਿਦਿਆਰਥੀ ਪਰਮਜੀਤ ਸਿੰਘ ਸ਼ਾਮਲ ਹਨ।

ਇੰਦੌਰ ਨਾਲ ਸਬੰਧਤ ਭਾਰਤੀ ਵਿਦਿਆਰਥੀ ਨੂੰ ਸਿਡਨੀ ਦੇ ਨੀਮ ਸ਼ਹਿਰੀ ਖੇਤਰ ਵਿਚ ਬੀਤੇ ਦਿਨੀਂ ਬੀਅਰ ਦੀਆਂ ਬੋਤਲਾਂ ਅਤੇ ਬੇਸਬਾਲ ਬੈਟਾਂ ਨਾਲ ਕੁੱਟਿਆ ਗਿਆ। ਜਿਸ ਸਮੇਂ ਉਸ ਨਾਲ ਇਹ ਘਟਨਾ ਵਾਪਰੀ, ਉਸ ਸਮੇਂ ਉਹ ਉਸ ਮਾਲ ਤੋਂ ਸਿਰਫ 500 ਮੀਟਰ ਦੀ ਦੂਰੀ 'ਤੇ ਸੀ, ਜਿੱਥੇ ਉਹ ਕੰਮ ਕਰਦਾ ਹੈ। ਇਹ ਘਟਨਾ ਐਨ ਉਸ ਸਮੇਂ ਵਾਪਰੀ, ਜਦੋਂ ਵਿਦੇਸ਼ੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਸ੍ਰੀ ਐਸ.ਐਮ. ਕ੍ਰਿਸ਼ਣਾ ਆਸਟ੍ਰੇਲੀਆ ਵਿਚ ਭਾਰਤੀ ਵਿਦਿਆਰਥੀਆਂ ਨੂੰ ਨਿਸ਼ਚਿੰਤ ਰਹਿਣ ਦੀਆਂ ਸਲਾਹਾਂ ਦੇ ਰਹੇ ਸਨ। ਲੰਘੀ 3 ਅਗਸਤ ਨੂੰ ਹਮਲਾਵਰਾਂ ਨੇ ਮੈਲਬੌਰਨ ਦੇ ਸ਼ੇਲਾ ਬੈਕਸਟਰ ਇੰਸਟੀਚਿਊਟ ਦੇ ਗੌਰਵ ਕੱਕੜ ਦੇ ਅੱਖਾਂ ਅਤੇ ਮੂੰਹ ਉੱਪਰ ਤਿੱਖੀਆਂ ਮਿਰਚਾਂ ਦਾ ਫੱਕਾ ਮਾਰਿਆ ਅਤੇ ਉਸ ਨੂੰ ਲੋਹੇ ਦੀਆਂ ਰਾਡਾਂ ਨਾਲ ਕੁੱਟਿਆ। ਇਸੇ ਤਰ੍ਹਾਂ 27 ਜੁਲਾਈ ਨੂੰ ਮੈਲਬੌਰਨ ਕੈਂਬਰਿਜ ਕਾਲਜ ਦੇ ਵਿਦਿਆਰਥੀ ਪਰਮਜੀਤ ਸਿੰਘ ਨੂੰ ਗਲੈਨਰਾਏ ਰੇਲਵੇ ਪਲੇਟਫਾਰਮ ਉੱਪਰ ਘੇਰ ਕੇ ਕੁੱਟਿਆ ਗਿਆ। ਯਾਦ ਰਹੇ ਪਿਛਲੇ ਤਿੰਨ ਮਹੀਨੇ ਤੋਂ ਭਾਰਤੀ ਵਿਦਿਆਰਥੀਆਂ ਉੱਪਰ ਨਸਲੀ ਹਮਲੇ ਜਾਰੀ ਹਨ। ਕੱਕੜ ਅਤੇ ਪਰਮਜੀਤ ਸਿੰਘ ਨੇ




ਟੈਲੀਫੋਨ ਉੱਪਰ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨਾਲ ਬੁਰੀ ਤਰ੍ਹਾਂ ਕੁੱਟ ਮਾਰ ਕੀਤੀ ਗਈ। ਗੌਰਵ ਕੱਕੜ ਨੇ ਆਪਣੇ ਨਾਲ ਵਾਪਰੀ ਘਟਨਾ ਦਾ ਵਿਸਥਾਰ ਦਿੰਦਿਆਂ ਦੱਸਿਆ ਕਿ ਚਾਰ ਪੰਜ ਆਸਟ੍ਰੇਲੀਆਈਆਂ ਨੇ ਉਸ ਦੇ ਮੂੰਹ ਉਪਰ ਸ਼ਿਮਲਾ ਮਿਰਚਾਂ ਦੀ ਸਪਰੇਅ ਅਤੇ ਤਿੱਖੀਆਂ ਲਾਲ ਮਿਰਚਾ ਦਾ ਪਾਊਡਰ ਮਾਰਿਆ। ਉਨ੍ਹਾਂ ਕਿਹਾ ਕਿ ਉਸ ਸਮੇਂ ਉਹ ਆਪਣੇ ਮਾਪਿਆਂ ਨੂੰ ਫੋਨ ਕਰਕੇ ਪਰਤ ਰਿਹਾ ਸੀ।

ਕੱਕੜ ਨੇ ਦੱਸਿਆ ਕਿ ਹਮਲਾਵਰ ਉਸ ਦਾ ਪਰਸ ਵੀ ਲੈ ਗਏ। ਇਹ ਘਟਨਾ ਮੈਲਬੌਰਨ ਵਿਚ ਉੱਤਰੀ ਕਾਰਲਟਨ ਵਿਚ ਵਾਪਰੀ। ਕੱਕੜ ਦੇ ਦੋਸਤ ਵਿਕਾਸ ਸ਼ਰਮਾ ਨੇ ਦੱਸਿਆ ਕਿ ਉਸ ਦੀਆਂ ਲੱਤਾਂ ਉੱਪਰ ਲੋਹੇ ਦੀਆਂ ਰਾਡਾਂ ਵੀ ਮਾਰੀਆਂ ਗਈਆਂ। ਹੇਅਰ ਡਰੈਸਿੰਗ ਅਤੇ ਮੈਨੇਜਮੈਂਟ ਦੇ ਵਿਦਿਆਰਥੀ ਨੇ ਆਪਣੇ ਸੈਲ ਫੋਨ ਉੱਪਰ ਪੁਲਿਸ ਨੂੰ ਜਾਣਕਾਰੀ ਦਿੱਤੀ। ਉਸ ਨੇ ਦੱਸਿਆ ਕਿ ਪੰਜ ਮਿੰਟ ਦੇ ਵਕਫੇ ਬਾਅਦ ਪੁਲਿਸ ਉਥੇ ਪਹੁੰਚ ਸਕਦੀ ਸੀ, ਪਰ ਤਕਰੀਬਨ ਪੰਜਾਹ ਮਿੰਟ ਬਾਅਦ ਪਹੁੰਚੀ। ਗੌਰਵ ਕੱਕੜ ਜ਼ਖਮੀ ਹਾਲਤ ਵਿਚ ਉਥੇ ਪਿਆ ਰਿਹਾ। ਉਸ ਨੇ ਦੱਸਿਆ ਕਿ ਉਹ ਤੁਰ ਫਿਰ ਵੀ ਨਹੀਂ ਸੀ ਸਕਦਾ ਅਤੇ ਉਸ ਦੀਆਂ ਅੱਖਾਂ ਮਿਰਚਾਂ ਨਾਲ ਬੰਦ ਹੋ ਚੁੱਕੀਆਂ ਸਨ। ਬਾਅਦ ਵਿਚ ਪੁਲਿਸ ਗੌਰਵ ਕੱਕੜ ਨੂੰ ਰਾਇਲ ਵਿਕਟੋਰੀਅਨ ਅੱਖਾਂ ਅਤੇ ਕੰਨਾਂ ਦੇ ਹਸਪਤਾਲ ਲੈ ਕੇ ਗਈ। ਜਿੱਥੇ ਉਨ੍ਹਾਂ ਉਸ ਦੀਆਂ ਅੱਖਾਂ ਵਿਚ ਦਵਾਈ ਪਾਈ ਅਤੇ ਲੱਤਾਂ ਦੇ ਐਕਸਰੇ ਲਏ ਗਏ। ਕੱਕੜ ਨੇ ਦੱਸਿਆ ਕਿ ਉਸ ਨੇ ਡਾਕਟਰ ਨੂੰ ਦੱਸਿਆ ਕਿ ਉਹ ਅੱਖਾਂ ਨਾਲ ਵੇਖ ਨਹੀਂ ਸਕਦਾ, ਪਰ ਅੱਗੋਂ ਡਾਕਟਰ ਦਾ ਆਖਣਾ ਸੀ ਕਿ ਉਹ ਮੇਰੇ ਨਾਲ ਖੇਡਾਂ ਨਾ ਕਰੇ। ਗੌਰਵ ਕੱਕੜ ਨੇ ਦੱਸਿਆ ਕਿ ਘਟਨਾ ਵਾਪਰੀ ਨੂੰ ਇਕ ਹਫਤਾ ਬੀਤ ਚੁੱਕਾ ਹੈ, ਪਰ ਹਾਲੇ ਤੱਕ ਉਸ ਨੂੰ ਸੱਜੀ ਅੱਖ ਤੋਂ ਵਿਖਾਈ ਨਹੀਂ ਦਿੰਦਾ।

ਉਸ ਦੇ ਦੋਸਤ ਵਿਕਾਸ ਸ਼ਰਮਾ ਨੇ ਦੱਸਿਆ ਕਿ ਉਸਦਾ ਵੀਜ਼ਾ ਲਗਭਗ ਪੂਰਾ ਹੋ ਚੁੱਕਾ ਹੈ ਅਤੇ ਉਸ ਕੋਲ ਹਸਪਤਾਲ ਦੇ ਬਿਲ ਦੇਣ ਜੋਗੇ ਪੈਸੇ ਵੀ ਨਹੀਂ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ 27 ਜੁਲਾਈ ਨੂੰ 23 ਸਾਲਾ ਵਿਦਿਆਰਥੀ ਪਰਮਜੀਤ ਸਿੰਘ ਜਦੋਂ ਇਕ ਸਥਾਨਕ ਟ੍ਰੇਨ ਰਾਹੀਂ ਅਸੈਂਡੈਂਟ ਤੋਂ ਗਲੈਨਰਾਏ ਪਰਤ ਰਿਹਾ ਸੀ ਤਾਂ ਚਾਰ ਪੰਜ ਆਸਟ੍ਰੇਲੀਆਈਆਂ ਨੇ ਕੁਝ ਲੜਕੀਆਂ ਨੂੰ ਅਵਾ ਤਵਾ ਬੋਲਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿਚੋਂ ਇਕ ਲੜਕੀ ਭਾਰਤੀ ਸੀ। ਜਦੋਂ ਪਰਮਜੀਤ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਮੁੰਡੇ ਵਾਪਸ ਆ ਗਏ। ਉਨ੍ਹਾਂ ਪਰਮਜੀਤ ਨੂੰ ਬੁਰੀ ਤਰ੍ਹਾਂ ਕੁੱਟਿਆ। ਇਕ ਗੋਰੇ ਵਿਅਕਤੀ ਨੇ ਮੁੰਡਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਉਹਦੇ ਵੀ ਜੜ ਦਿੱਤੀਆਂ। ਉਨ੍ਹਾਂ ਨੇ ਮੇਰਾ ਪਿੱਛਾ ਕੀਤਾ ਅਤੇ ਮੈਂ ਇਕ ਪਲੇਟਫਾਰਮ ਤੋਂ ਦੂਜੇ ਵਿਚਕਾਰ ਦੌੜਦਾ ਰਿਹਾ। ਉਹ ਪਲੇਟਫਾਰਮ ਦੇ ਕੈਮਰਿਆਂ ਤੋਂ ਵੀ ਨਹੀਂ ਘਬਰਾਏ।

ਪਿੱਛੋਂ ਪੁਲਿਸ ਇਕ ਪੈਰਾਮੈਡੀਕਲ ਵੈਨ ਰਾਹੀਂ ਪਹੁੰਚੀ ਅਤੇ ਉਨ੍ਹਾਂ ਮੈਨੂੰ ਫਸਟ ਏਡ ਦਿੱਤੀ। ਪੁਲਿਸ ਨੇ ਐਫ.ਆਈ.ਆਰ. ਦਰਜ ਕਰ ਲਈ ਹੈ।

ਇਸ ਦੌਰਾਨ ਭਾਰਤੀ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਕਿ ਉਨ੍ਹਾਂ ਨੂੰ ਆਸਟ੍ਰੇਲੀਆ ਸਰਕਾਰ ਵਲੋਂ ਜ਼ਬਰਦਸਤ ਭਰੋਸਾ ਦਿਵਾਇਆ ਗਿਆ ਕਿ ਦੇਸ਼ ਵਿਚਲੇ ਹਰ ਭਾਰਤੀ ਵਿਦਿਆਰਥੀ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ। ਉੱਤਰੀ ਆਸਟ੍ਰੇਲੀਆ ਵਿਚ ਪੈਸੇਫਿਕ ਆਈਲੈਂਡ ਫੋਰਮ ਦੀ ਬੈਠਕ ਮੌਕੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਕੇਵਿਨ ਰੁੱਡ ਤੇ ਆਪਣੇ ਆਸਟ੍ਰੇਲੀਆਈ ਹਮਰੁਤਬਾ ਸਟੀਫਨ ਸਮਿੱਥ ਨਾਲ ਗੱਲਬਾਤ-ਮਗਰੋਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਦੌਰਾਨ ਸ੍ਰੀ ਕ੍ਰਿਸ਼ਨਾ ਨੇ ਕਿਹਾ, "ਮੈਂ ਆਸਟ੍ਰੇਲੀਆ ਵਲੋਂ ਦਿੱਤੇ ਗਏ ਭਰੋਸੇ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ।"

ਸ੍ਰੀ ਕ੍ਰਿਸ਼ਨਾ ਪਿਛਲੇ ਦਿਨੀਂ ਆਸਟ੍ਰੇਲੀਆ ਦੇ 5 ਦਿਨਾਂ ਦੌਰੇ 'ਤੇ ਸਨ। ਉਨ੍ਹਾਂ ਪ੍ਰਧਾਨ ਮੰਤਰੀ ਸ੍ਰੀ ਰੁੱਡ ਤੇ ਵਿਦੇਸ਼ ਮੰਤਰੀ ਸ੍ਰੀ ਸਮਿੱਥ ਨਾਲ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਅਪਨਾਈ ਜਾਣ ਵਾਲੀ ਪ੍ਰਕਿਰਿਆ ਬਾਰੇ ਵਿਸਤ੍ਰਿਤ ਗੱਲਬਾਤ ਮਗਰੋਂ ਕਿਹਾ ਕਿ ਦੋਵੇਂ ਦੇਸ਼ਾਂ ਵਿਚਾਲੇ ਸਬੰਧ ਇੰਨੇ ਕੁ ਪ੍ਰੌੜ ਹਨ ਕਿ ਪਿਛਲੇ ਤਿੰਨ ਮਹੀਨੇ ਦੌਰਾਨ ਵਾਪਰੀਆਂ ਹਿੰਸਕ ਘਟਨਾਵਾਂ ਕਾਰਨ ਡਗਮਗਾ ਨਹੀਂ ਸਕਦੇ।

## ਮੈਲਬੌਰਨ ਵਿਚ ਪੰਜਾਬੀ ਟੈਕਸੀ ਚਾਲਕ 'ਤੇ ਹਮਲਾ

**ਮੈਲਬੌਰਨ :** ਆਸਟਰੇਲੀਆਈ ਪ੍ਰਧਾਨ ਮੰਤਰੀ ਵਲੋਂ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਦੇ ਦਾਅਵੇ ਉਦੋਂ ਧਰੇ-ਧਰਾਏ ਰਹਿ ਗਏ, ਜਦੋਂ ਮੈਲਬੌਰਨ ਸ਼ਹਿਰ ਦਰਮਿਆਨ ਦੋ ਗੋਰਿਆਂ ਨੇ ਇਕ ਪੰਜਾਬੀ ਟੈਕਸੀ ਚਾਲਕ ਨੂੰ ਹਮਲੇ ਦਾ ਸ਼ਿਕਾਰ ਬਣਾਇਆ। ਇਸ ਹਮਲੇ ਵਿਚ ਇਸ ਟੈਕਸੀ ਚਾਲਕ ਦੇ ਮੂੰਹ 'ਤੇ ਗੰਭੀਰ ਸੱਟਾਂ ਆਈਆਂ ਹਨ। ਹਮਲੇ ਬਾਰੇ ਜਾਣਕਾਰੀ ਦਿੰਦਿਆਂ ਟੈਕਸੀ ਚਾਲਕ ਨੇ ਦੱਸਿਆ ਕਿ ਸਵੇਰੇ ਗੋਰਿਆਂ ਨੇ ਉਸ ਦੀ ਟੈਕਸੀ ਵਿਚ ਬੈਠ ਕੇ ਉਸ ਨੂੰ ਹੋਲੀਸਟਰੀਟ ਰਿਚਮੰਡ ਜਾਣ ਲਈ ਕਿਹਾ।

ਗੱਡੀ 'ਚ ਬੈਠਣ ਦੇ ਥੋੜ੍ਹੀ ਦੇਰ ਬਾਅਦ ਹੀ ਇਨ੍ਹਾਂ ਨੌਜਵਾਨਾਂ ਨੇ ਉਸ 'ਤੇ ਕੈਂਚੀਆਂ ਨਾਲ ਹਮਲਾ ਕਰ ਦਿੱਤਾ ਤੇ ਉਸ ਤੋਂ ਪੈਸੇ ਮੰਗਣ ਲੱਗੇ। ਇਸ ਹਮਲੇ ਤੋਂ ਡਰਦਿਆਂ ਉਸ ਨੇ ਗੱਡੀ ਪ੍ਰਮੁੱਖ ਸੜਕ ਵਲ ਕੀਤੀ ਤਾਂ ਜੋ ਨੇੜਲੇ ਥਾਣੇ ਪਹੁੰਚਿਆ ਜਾ ਸਕੇ। ਇਸੇ ਦੌਰਾਨ ਇਹ ਨੌਜਵਾਨ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਫਰਾਰ ਹੋ ਗਏ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰਕੇ ਹਮਲਾਵਰ ਨੌਜਵਾਨਾਂ ਦੀ ਪਹਿਚਾਣ ਜਨਤਕ ਕਰ ਦਿੱਤੀ ਹੈ।

## ਬੂਟਾ ਸਿੰਘ ਲਈ ਇਕ ਹੋਰ ਮੁਸੀਬਤ, ਰਾਜਪਾਲ ਹੁੰਦਿਆਂ ਕੀਤੇ ਕੰਮਾਂ ਦੀਆਂ ਫਾਈਲਾਂ ਫਰੋਲੀਆਂ ਜਾਣਗੀਆਂ

**ਪਟਨਾ :** ਅਨੁਸੂਚਿਤ ਜਾਤੀ ਬਾਰੇ ਕੌਮੀ ਕਮਿਸ਼ਨ ਦੇ ਚੇਅਰਮੈਨ ਬੂਟਾ ਸਿੰਘ ਦੇ ਰਾਹ ਵਿਚ ਨਿੱਤ ਨਵੀਆਂ ਮੁਸੀਬਤਾਂ 'ਉਗ' ਰਹੀਆਂ ਹਨ। ਬਿਹਾਰ ਸਰਕਾਰ ਨੇ ਹੁਣ ਉਨ੍ਹਾਂ ਖਿਲਾਫ ਰਾਜ ਦੇ ਰਾਜਪਾਲ ਵੇਲੇ ਕੀਤੇ ਕੰਮਾਂ ਦੀਆਂ ਫਾਈਲਾਂ ਫਰੋਲਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸਰਕਾਰ ਨੇ ਉਨ੍ਹਾਂ ਵਲੋਂ 900 ਕਰੋੜ ਰੁਪਏ ਦੇ ਇਕ ਪ੍ਰਾਜੈਕਟ ਦੀ ਅਲਾਟਮੈਂਟ ਦੇ ਮਾਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ। ਸਾਬਕਾ ਰਾਜਪਾਲ 'ਤੇ ਉਂਗਲ ਉੱਠ ਰਹੀ ਹੈ ਕਿ ਉਨ੍ਹਾਂ ਨੇ ਜਿਸ ਫਰਮ ਨੂੰ ਬਾਗਮਤੀ ਨਦੀ 'ਤੇ ਬੰਨ੍ਹ ਬਣਾਉਣ ਦਾ ਕੰਮ ਸੌਂਪਿਆ ਸੀ, ਉਹ ਫਰਮ ਦੇ 'ਯੋਗ' ਹੀ ਨਹੀਂ ਸੀ। ਇਸ ਬੰਨ੍ਹ ਦੇ ਸੀਤਾਮੜੀ ਵਿਖੇ ਪਹਿਲੀ ਅਗਸਤ ਨੂੰ ਟੁੱਟਣ ਕਾਰਨ ਕਈ ਲੋਕ ਬੇਘਰ ਹੋ ਗਏ ਸਨ। ਰਾਜ ਦੇ ਜਲ ਵਸੀਲਿਆਂ ਬਾਰੇ ਮੰਤਰੀ ਵਰਿੰਦਰ ਯਾਦਵ ਨੇ ਦੱਸਿਆ ਕਿ ਸਾਲ 2005 ਵਿਚ ਰਾਜ ਵਿਚ ਰਾਸ਼ਟਰਪਤੀ ਸ਼ਾਸਨਕਾਲ ਦੌਰਾਨ ਤੱਤਕਾਲੀ ਰਾਜਪਾਲ ਬੂਟਾ ਸਿੰਘ ਨੇ ਬਾਗਮਤੀ ਨਦੀ 'ਤੇ ਬੰਨ੍ਹ ਬਣਾਉਣ ਦਾ ਕੰਮ ਹਿੰਦੁਸਤਾਨ ਸਟੀਲ ਵਰਕਸ ਕੰਸਟਰਕਸ਼ਨ ਲਿਮਟਿਡ (ਐਚ.ਐਸ.ਸੀ.ਐਲ.) ਨੂੰ ਸੌਂਪਿਆ ਸੀ। ਮੰਤਰੀ ਨੇ ਕਿਹਾ, "ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਐਚ.ਐਸ.ਸੀ.ਐਲ. ਨੂੰ ਇਹ ਜ਼ਿੰਮੇਵਾਰੀ ਮਨਮਰਜ਼ੀ ਨਾਲ ਸੌਂਪੀ ਗਈ, ਜਦਕਿ ਉਸ ਦਾ ਇਸ ਖੇਤਰ ਵਿਚ ਪਹਿਲਾਂ ਕੋਈ ਤਜਰਬਾ ਨਹੀਂ ਸੀ। ਸਰਕਾਰ ਨੂੰ ਤਾਂ ਇਸ ਦਾ ਉਦੋਂ ਪਤਾ ਲੱਗਿਆ, ਜਦੋਂ ਸੀਤਾਮੜੀ ਦੇ ਤਿਲਕ ਤਾਜਪੁਰ ਵਿਖੇ ਪਹਿਲੀ ਅਗਸਤ ਨੂੰ ਇਹ ਬੰਨ੍ਹ ਟੁੱਟ ਗਿਆ, ਜਿਸ ਕਾਰਨ 8 ਪਿੰਡਾਂ ਦੇ ਲੋਕ ਬੇਘਰ ਹੋ ਗਏ। ਉਨ੍ਹਾਂ ਦਾਅਵਾ ਕੀਤਾ ਕਿ ਇਸ ਕੰਪਨੀ ਨੂੰ ਟੈਂਡਰ ਕੱਢੇ ਬਗੈਰ ਹੀ ਕੰਮ ਸੌਂਪਿਆ ਗਿਆ।



ਇਸ ਸਾਰੇ ਮਾਮਲੇ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਕਾਇਮ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ। ਕਮੇਟੀ ਵਿਚ ਤਕਨੀਕੀ ਮਾਹਰ ਵੀ ਹਨ, ਜੋ ਕੰਪਨੀ ਵਲੋਂ ਕੀਤੇ ਗਏ ਕੰਮ ਦੀ ਡੂੰਘਾਈ ਨਾਲ ਘੋਖ ਕਰਨਗੇ। ਸੂਤਰਾਂ ਨੇ ਕਿਹਾ ਕਿ ਉਦੋਂ ਦੇ ਵਿਕਾਸ ਕਮਿਸ਼ਨਰ ਜੀ.ਐਸ. ਕੰਗ ਤੇ ਯੋਜਨਾ ਕਮਿਸ਼ਨ ਬੀ.ਕੇ. ਵਰਮਾ ਨੇ ਇਹ ਪ੍ਰਾਜੈਕਟ ਬਗੈਰ ਟੈਂਡਰ ਤੋਂ ਦਿੱਤੇ ਜਾਣ 'ਤੇ ਇਤਰਾਜ਼ ਕੀਤਾ ਸੀ, ਪਰ ਇਸ ਦੇ ਬਾਵਜੂਦ ਉਦੋਂ ਦੇ ਮੁੱਖ ਸਕੱਤਰ ਕੇ.ਏ.ਐਚ. ਸੁਬਰਾਮਨੀਅਮ ਨੇ ਇਨ੍ਹਾਂ ਇਤਰਾਜ਼ਾਂ ਨੂੰ ਅੱਖੋਂ ਪਰੋਖੇ ਕਰ ਕੇ ਮਨਮਰਜ਼ੀ ਨਾਲ ਕੰਮ ਐਚ.ਐਸ.ਸੀ.ਐਲ. ਨੂੰ ਦੇ ਦਿੱਤਾ। ਸ੍ਰੀ ਯਾਦਵ ਨੇ ਦੱਸਿਆ ਕਿ ਜਾਂਚ ਕਮੇਟੀ ਨੂੰ ਕਿਹਾ ਗਿਆ ਹੈ ਕਿ ਉਹ ਨਿਰਧਾਰਤ ਸਮੇਂ ਵਿਚ ਆਪਣੀ ਰਿਪੋਰਟ ਸੌਂਪੇ ਤੇ ਜੇ ਲੋੜ ਪਈ ਤਾਂ ਉਸ ਆਧਾਰ ਉਪਰ ਹੀ ਕੋਈ ਕਾਨੂੰਨੀ ਕਾਰਵਾਈ ਕੀਤੀ ਜਾ ਸਕੇਗੀ।

**ਸਰਬਜੋਤ ਨੂੰ ਜ਼ਮਾਨਤ ਮਿਲੀ :** ਸੀ.ਬੀ.ਆਈ. ਅਦਾਲਤ ਨੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਬੂਟਾ ਸਿੰਘ ਦੇ ਬੇਟੇ ਸਰਬਜੋਤ ਸਿੰਘ ਨੂੰ ਇਕ ਲੱਖ ਰੁਪਏ ਦੇ ਮੁਚਲਕੇ 'ਤੇ ਜ਼ਮਾਨਤ ਦੇ ਦਿੱਤੀ ਹੈ। ਦੱਸਣਾ ਬਣਦਾ ਹੈ ਕਿ ਸਰਬਜੋਤ ਸਿੰਘ ਨੂੰ 31 ਜੁਲਾਈ ਨੂੰ 1 ਕਰੋੜ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਸਰਬਜੋਤ ਨਾਸਿਕ ਦੇ ਬਿਲਡਰ ਰਾਮਾਰਾਵ ਪਾਟਿਲ ਤੋਂ ਐਸ.ਸੀ./ਐਸ.ਟੀ. ਐਕਟ ਅਧੀਨ ਇਕ ਕੇਸ ਬੰਦ ਕਰਵਾਉਣ ਲਈ ਰਿਸ਼ਵਤ ਲੈਣ ਦਾ ਦੋਸ਼ੀ ਹੈ।


# ਤੂਰ ਟਰੈਵਲ

License CST#2097338-40

1. Cathay Pacific
2. Asiana Airlines
3. China Airlines
4. Lufthansa
5. Singapore Airlines
6. British Airways



Serving the community for the past 18 years.

*ਅਸੀਂ ਸਾਰੀਆਂ ਏਅਰਲਾਈਨਾਂ ਨਾਲ ਕੰਮ ਕਰਦੇ ਹਾਂ ਤੇ ਸਸਤੇ ਰੇਟ 'ਤੇ ਟਿਕਟਾਂ ਵੇਚਦੇ ਹਾਂ।
*ਅਸੀਂ ਦਿੱਲੀ ਏਅਰ-ਪੋਰਟ ਤੋਂ ਪੰਜਾਬ ਲਈ ਬੱਸ ਦੀਆਂ ਟਿਕਟਾਂ ਵੀ ਬੁੱਕ ਕਰਦੇ ਹਾਂ।

Also Lowest Domestic Fares Canada & USA

ਨੋਟ: ਹਫਤੇ ਦੇ ਸੱਤੇ ਦਿਨ ਕੰਮ ਕਰਦੇ ਹਾਂ।

*ਨੋਟਰੀ ਪਬਲਿਕ ਸਰਵਿਸ ਕਰਦੇ ਹਾਂ।
*ਇੰਡੀਅਨ ਪਾਸਪੋਰਟ, Power of Attorney ਜਾਂ ਕੋਈ ਵੀ ਜ਼ਰੂਰੀ ਕਾਗਜ਼ਾਤ ਬਣਵਾਉਣ ਲਈ ਮਿਲੋ।
*Immigration Consultant: Petition, Affidavit of Support, Citizenship and more.

ਮਿਲੋ:ਲਾਲੀ ਤੂਰ

Ph:209-832-1220

Fax:209-832-1330

2208 Babcock Ln Tracy, CA 95377

E-mail:lallytoor@yahoo.com

Moved from Turlock



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

# ਜਸਪ੍ਰੀਤ ਸਿੰਘ

## ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

## Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



## For Honest and Reliable

# Real Estate Services

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।

Specializing in Bank Repo. And short sales.

Nand S. Brar
Broker Associate
DRE Lic No: 01816328



(916) 501-3974
(916) 344-5453

WestCo Realty
A REAL ESTATE & INVESTMENT GROUP

Email : nandsbrar@gmail.com, www.westcorealty.com

## ਪੈਸਾ-ਟਕਾ

# ਕਰੈਡਿਟ ਰਿਪੋਰਟ ਫਰੀਜ਼ ਜਾਂ ਜਾਮ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਅਮਰੀਕਾ ਦੀਆਂ ਸਾਰੀਆਂ ਸਟੇਟਾਂ ਵਿਚੋਂ ਸਿਰਫ ਕੈਲੀਫੋਰਨੀਆ ਹੀ ਇਕ ਅਜਿਹੀ ਸਟੇਟ ਹੈ, ਜੋ ਆਪਣੇ ਖਪਤਕਾਰਾਂ ਨੂੰ ਆਪਣੀ ਕਰੈਡਿਟ ਰਿਪੋਰਟ ਨੂੰ ਫਰੀਜ਼ ਜਾਂ ਜਾਮ ਕਰਵਾਉਣ ਦੀ ਆਗਿਆ ਦਿੰਦੀ ਹੈ।

ਸੋ ਕਰੈਡਿਟ ਰਿਪੋਰਟ ਨੂੰ ਜਾਮ ਕਰਵਾ ਕੇ ਤੁਸੀਂ ਧੋਖੇਬਾਜ਼ੀ ਤੋਂ ਵੀ ਬਚ ਸਕਦੇ ਹੋ। ਤੁਸੀਂ ਆਪਣੇ ਖਾਤੇ ਨੂੰ ਜਾਮ ਕਰਵਾਉਣ ਲਈ ਤਿੰਨ ਬਿਊਰੋ ਕੰਪਨੀਆਂ ਵਿਚੋਂ ਸਿਰਫ ਇਕ ਬਿਊਰੋ ਨੂੰ ਹੀ ਅਰਜ਼ੀ ਦੇ ਕੇ ਸੂਚਿਤ ਕਰਨਾ ਹੁੰਦਾ ਹੈ,

**ਪ੍ਰਿੰਸੀਪਲ ਰਾਜ ਸਿੰਘ**

ਬਾਕੀ ਦੀਆਂ ਦੋਹਾਂ ਬਿਊਰੋ ਪਾਸ ਤੁਹਾਡੀ ਬੇਨਤੀ ਆਟੋਮੈਟਿਕ ਪਹੁੰਚ ਜਾਂਦੀ ਹੈ। ਹੁਣ ਕੋਈ ਵੀ ਧੋਖੇਬਾਜ਼ ਵਿਅਕਤੀ ਜਾਮ ਹੋਏ ਖਾਤੇ ਨੂੰ ਅਸਲੀ ਨਾਂ ਦੇ ਮਾਲਕ ਨਾਲ ਨਹੀਂ ਵਰਤ ਸਕਦਾ। ਹੋਰ ਤਾਂ ਹੋਰ ਇਹ ਸਕੀਮ ਏਨੀ ਚੰਗੀ ਹੈ ਕਿ ਇਸ ਖਾਤੇ ਨੂੰ ਜਾਮ ਕਰਵਾਉਣ ਵਾਲਾ ਮਾਲਕ ਖੁਦ ਆਪ ਵੀ ਨਾ ਤਾਂ ਨਵਾਂ ਕਾਰਡ ਲੈਣ ਲਈ ਅਪਲਾਈ ਕਰ ਸਕਦਾ ਹੈ ਨਾ ਹੀ ਆਪਣੀ ਕਰੈਡਿਟ ਰਿਪੋਰਟ ਖੁਦ ਆਪ ਚੈਕ ਕਰ ਸਕਦਾ ਹੈ ਤੇ ਨਾ ਹੀ ਬੇਨਤੀ ਕਰਕੇ ਹੋਰ ਕਿਸੇ ਪਾਸੋਂ ਪੁੱਲ ਕਰਵਾ ਸਕਦਾ ਹੈ।

ਘਾਬਰੋ ਨਾ, ਭਵਿੱਖ ਵਿਚ ਜੇਕਰ ਲੋਨ ਲੈਣ ਜਾਂ ਫਿਰ ਕਰੈਡਿਟ ਕਾਰਡ ਲਈ ਅਪਲਾਈ ਕਰਨਾ ਹੈ ਤਾਂ ਤੁਹਾਨੂੰ ਪਹਿਲਾਂ ਅਰਜ਼ੀ ਦੇ ਕੇ ਲੱਗੇ ਹੋਏ ਜਾਮ ਨੂੰ ਖੁੱਲ੍ਹਵਾਉਣਾ ਹੁੰਦਾ ਹੈ। ਤੁਹਾਡੇ ਲਈ ਕੰਮ ਹੁਣ ਹੋਰ ਅਸਾਨ ਹੋ ਜਾਵੇਗਾ ਤੇ ਤੁਹਾਨੂੰ ਹੁਣ ਇਕ ਬਕਾਇਦਾ ਪੈਨ ਨੰਬਰ ਅਲਾਟ ਹੋ ਜਾਣਾ ਹੈ। ਫਿਰ ਭਵਿੱਖ ਵਿਚ ਤੁਹਾਨੂੰ ਅਰਜ਼ੀ ਦੇ ਕੇ ਜਾਮ ਖੁੱਲ੍ਹਵਾਉਣ ਦੀ ਲੋੜ ਨਹੀਂ ਰਹਿਣੀ, ਕਿਉਂਕਿ ਤੁਸੀਂ ਟੈਲੀਫੂਨ ਰਾਹੀਂ ਹੀ ਆਪਣਾ ਪਿੰਨ ਨੰਬਰ ਦੱਸ ਕੇ ਲੱਗਾ ਹੋਇਆ ਜਾਮ ਖੁੱਲ੍ਹਵਾ ਸਕਦੇ ਹੋ।

ਫਿਰ ਵੀ ਬਿਊਰੋ ਵਾਲਿਆਂ ਨੇ ਦੋ ਜਾਂ ਤਿੰਨ ਦਿਨ ਜਾਮ ਚੱਕਣ ਨੂੰ ਜਾਂ ਖੋਲ੍ਹਣ ਨੂੰ ਲਾ ਦੇਣੇ ਹੁੰਦੇ ਹਨ। ਪ੍ਰੰਤੂ ਬਿਊਰੋ ਵਾਲਿਆਂ ਨੇ ਤੁਹਾਡੇ ਪਾਸੋਂ ਇਹ ਕੱਚੇ ਤੌਰ 'ਤੇ ਜਾਮ ਖੋਲ੍ਹਣ ਲਈ 10 ਡਾਲਰ ਤੇ ਲੋਨ ਲੈਣ ਲਈ ਅਪਲਾਈ ਕਰਨ ਲਈ ਜਾਮ ਨੂੰ ਖੋਲ੍ਹਣ ਦੇ 12 ਡਾਲਰ ਫੀਸ ਵਜੋਂ ਚਾਰਜ ਕਰਕੇ ਹੀ ਜਾਮ ਨੂੰ ਖੋਲ੍ਹਣਾ ਹੁੰਦਾ ਹੈ।

ਤੁਹਾਡੀ ਫਰੋਜ਼ਨ (Frozen) ਜਾਂ ਜਾਮ ਹੋਈ ਰਿਪੋਰਟ ਜਾਂ ਫਿਰ ਤੁਹਾਡੀ ਰਿਪੋਰਟ ਖੜੋਤ ਅਵਸਥਾ ਦੀ ਕਿਰਿਆ ਵਿਚ ਹੋਣ ਕਰਕੇ ਜਦੋਂ ਕੋਈ ਸੰਸਥਾ, ਲੋਨ ਅਫਸਰ, ਲੈਂਡਰ, ਮੌਰਗੇਜ ਬੈਂਕ ਵਾਲੇ ਜਾਂ ਕਰੈਡਿਟ ਕਾਰਡ ਜਾਰੀ ਕਰਨ ਵਾਲੀਆਂ ਸੰਸਥਾਵਾਂ ਅਤੇ ਜਾਂ ਫਿਰ ਤੁਸੀਂ ਹੁਣ ਖੁਦ ਆਪ ਇਸ ਫਾਈਲ ਨੂੰ ਪੁੱਲ ਕਰਕੇ ਕੱਢਣ ਦੀ ਕੋਸ਼ਿਸ਼ ਕਰੋਗੇ ਤਾਂ ਤੁਹਾਨੂੰ ਘੜਿਆ ਘੜਾਇਆ ਕੋਰਾ ਜਵਾਬ ਮਿਲ ਜਾਵੇਗਾ ਕਿ ਤੁਹਾਡੀ ਕਰੈਡਿਟ ਰਿਪੋਰਟ ਵਾਲੀ ਫਾਈਲ ਫਰੋਜ਼ਨ ਜਾਂ ਜਾਮ ਹੋ ਚੁੱਕੀ ਹੈ।

ਹੁਣ ਭਾਵੇਂ ਤੁਸੀਂ ਆਪਣੀ ਰਿਪੋਰਟ ਨੂੰ ਜਾਮ ਕਰਵਾ ਰੱਖਿਆ ਹੈ, ਫਿਰ ਵੀ ਇੱਥੇ ਅਮਰੀਕਾ ਵਿਚ ਕਈ ਹਸਤੀਆਂ ਹਨ, ਜੋ ਇਸ ਰਿਪੋਰਟ ਨੂੰ ਅਜੇ ਵੀ ਵੇਖਣ ਦੀ ਪਹੁੰਚ ਰੱਖਦੀਆਂ ਹਨ। ਇਹ ਹਸਤੀਆਂ ਹਨ- ਟੈਕਸਾਂ ਦੀ ਉਗਰਾਹੀ ਕਰਨ ਵਾਲੇ ਟੈਕਸ ਕੁਲੈਕਟਰ, ਮੈਡੀਕਲ ਫਰਾਡਾਂ ਦੀ ਤਫਤੀਸ਼ ਕਰਨ ਵਾਲੇ ਅਫਸਰ, ਕੋਰਟ ਕਚਹਿਰੀਆਂ ਵਲੋਂ ਜਾਰੀ ਹੋਏ ਸਰਚ ਵਰੰਟ ਪ੍ਰਾਪਤ ਕਰਕੇ ਆਏ ਜਾਂ ਕੋਰਟ ਵਲੋਂ ਇਸ ਰਿਪੋਰਟ ਨੂੰ ਪ੍ਰਾਪਤ ਕੀਤੇ ਸੰਮਨਾਂ ਕਰਕੇ ਇਹ ਅਧਿਕਾਰੀ ਤੁਹਾਡੀ ਜਾਮ ਹੋਈ ਰਿਪੋਰਟ ਦਾ ਤਾਲਾ ਖੋਲ੍ਹ ਕੇ ਜਾਂ ਤੋੜ ਕੇ ਵੇਖਣ ਦੇ ਅਧਿਕਾਰ ਰੱਖਦੇ ਹਨ।

ਇਕ ਗੱਲ ਹੋਰ, ਜੇ ਤੁਸੀਂ ਆਪਣੀ ਰਿਪੋਰਟ ਨੂੰ ਜਾਮ ਵੀ ਕਰਵਾ ਦਿੰਦੇ ਹੋ ਤਾਂ ਤੁਹਾਡੇ ਫਾਈਕੋ ਸਕੋਰਾਂ ਉਪਰ ਇਸ ਦਾ ਕੋਈ ਅਸਰ ਨਹੀਂ ਪੈਣਾ।

ਕੈਲੀਫੋਰਨੀਆ ਦੇ ਸਿਵਲ ਕੋਡ ਸੈਕਸ਼ਨਜ਼ 1785.11-2 ਤੇ 1785.11-6 ਦੇ ਤਹਿਤ ਤੁਸੀਂ ਉਪਰੋਕਤ ਸਾਰੀਆਂ ਮੱਦਾ ਦਾ ਅਧਿਕਾਰ ਰੱਖਦੇ ਹੋ। ਹੁਣ ਕਰੈਡਿਟ ਰਿਪੋਰਟ ਦੇ ਪਿਛੋਕੜ ਨੂੰ ਕੋਈ ਵੀ ਅਣ-ਅਧਿਕਾਰਤ ਅਧਿਕਾਰੀ ਚੈਕ ਨਹੀਂ ਕਰ ਸਕਦਾ।

### ਕਰੈਡਿਟ ਸਕੋਰਾਂ ਦੀ ਮੁਰੰਮਤ ਤੇ ਦਰੁਸਤੀ

ਕਰੈਡਿਟ ਸਕੋਰਾਂ ਨੂੰ ਵਧਾਉਣ ਦੇ ਨੁਕਤਿਆਂ ਦੇ ਨਾਲ-ਨਾਲ ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਹਰ ਚਾਰ ਰਿਪੋਰਟਾਂ ਵਿਚੋਂ ਔਸਤਨ ਇਕ ਰਿਪੋਰਟ ਦੀਆਂ ਜਾਣਕਾਰੀਆਂ ਗਲਤ ਹੁੰਦੀਆਂ ਹਨ। ਇਕ ਸੌ ਰਿਪੋਰਟਾਂ ਪਿੱਛੇ ਲਗਭਗ ਔਸਤਨ ਅੱਸੀ ਰਿਪੋਰਟਾਂ ਵਿਚ ਮਾਮੂਲੀ ਜਾਂ ਫਿਰ ਅਹਿਮ ਗਲਤੀਆਂ ਹੋ ਸਕਦੀਆਂ ਹਨ, ਜਿਵੇਂ ਕਿ ਰਿਹਾਇਸ਼ ਦਾ ਪਤਾ, ਕੰਮ ਦਾ ਪਤਾ, ਟੈਲੀਫੂਨ ਤੇ ਤੁਹਾਡੇ ਨਾਵਾਂ ਦੇ ਸ਼ਬਦ ਜੋੜ, ਤੁਹਾਡੇ ਖਾਤੇ ਦਾ ਗਲਤ ਨੰਬਰ ਤੇ ਹੋਰ ਕਈ ਕੁਝ।

ਇਕ ਤਿਹਾਈ ਰਿਪੋਰਟਾਂ ਵਿਚ ਖਪਤਕਾਰਾਂ ਨੇ ਭਾਵੇਂ ਸਾਰੇ ਕਰਜ਼ੇ ਮੋੜ ਦਿੱਤੇ ਹੁੰਦੇ ਹਨ, ਪ੍ਰੰਤੂ ਬਿਊਰੋ ਕੰਪਨੀ ਵਾਲਿਆਂ ਨੇ ਇਹ ਖਾਤੇ ਅਜੇ ਬੰਦ ਨਹੀਂ ਕੀਤੇ ਹੁੰਦੇ ਤੇ ਇਨ੍ਹਾਂ ਨੂੰ ਚਾਲੂ ਹਾਲਤ ਵਿਚ ਹੀ ਰੱਖਿਆ ਹੁੰਦਾ ਹੈ।

ਇਨ੍ਹਾਂ ਉਪਰੋਕਤ ਗਲਤ ਸੂਚਨਾਵਾਂ ਕਰਕੇ ਜਦੋਂ ਤੁਸੀਂ ਹੁਣ ਲੋਨ ਲੈਣ ਲਈ ਅਰਜ਼ੀ ਦੇਣੀ ਹੈ ਤੇ ਇਸ ਰਿਪੋਰਟ ਨੂੰ ਬਿਨਾ ਘੋਖਿਆਂ ਜਾਂ ਪੜ੍ਹਿਆਂ ਆਪਣੇ ਪੇਪਰਾਂ ਨਾਲ ਨੱਥੀ ਕਰਕੇ ਲੈਂਡਰ ਪਾਸ ਲੋਨ ਅਫਸਰ ਰਾਹੀਂ ਭੇਜਣਾ ਹੈ ਤਾਂ ਤੁਹਾਨੂੰ ਕਰਜ਼ੇ ਤੋਂ ਨਾਂਹ ਹੋ ਜਾਣੀ ਹੈ। ਸੋ ਇਨ੍ਹਾਂ ਅਸ਼ੁੱਧੀਆਂ ਜਾਂ ਗਲਤ ਮਲਤ ਆਈਟਮਾਂ ਦੀ ਬਕਾਇਦਾ ਇਕ ਅਰਜ਼ੀ ਸਬੂਤਾਂ ਸਮੇਤ ਭੇਜ ਕੇ ਇਸ ਸਭ ਕੁਝ ਦੀ ਦਰੁਸਤੀ ਕਰਵਾ ਲਉ।

ਠੀਕ ਇਸੇ ਤਰ੍ਹਾਂ ਜੇ ਕਿਸੇ ਕਾਰਨ ਜਾਂ ਅਣਜਾਣਪੁਣੇ ਵਿਚ ਕਰੈਡਿਟ ਸਕੋਰਾਂ ਦੀ ਗਿਣਤੀ ਕਾਫੀ ਘਟਵਾ ਲਈ ਹੈ ਜਾਂ ਫਿਰ ਤੁਹਾਡੇ ਕਰੈਡਿਟ ਸਕੋਰ ਖਰਾਬ ਹੋਣ ਕਰਕੇ ਕਾਫੀ ਥੱਲੇ ਡਿੱਗ ਗਏ ਹਨ ਤਾਂ ਕਦੀ ਵੀ ਹਿੰਮਤ ਨਾ ਛੱਡੋ। ਸਕੋਰਾਂ ਦੀ ਮੁੜ ਗੰਢਤੁੱਪ ਕਰਨੀ ਸ਼ੁਰੂ ਕਰ ਦਿਉ ਤਾਂ ਤੁਸੀਂ ਮੁੜ ਫਿਰ ਇਕ ਸਾਲ ਜਾਂ ਦੋ ਸਾਲਾਂ ਵਿਚ ਹੀ ਬਹੁਤ ਹੀ ਵਧੀਆ ਸਕੋਰ ਰੱਖਣ ਦੇ ਮਾਲਕ ਬਣ ਜਾਵੋਗੇ।

ਹੋਰ ਤਾਂ ਹੋਰ ਇਨ੍ਹਾਂ ਸਕੋਰਾਂ ਨੂੰ ਮੁੜ ਗੰਢਤੁੱਪ ਕਰਨ ਲਈ ਜਾਂ ਫਿਰ ਮੁਰੰਮਤ ਕਰਨ ਲਈ ਤੁਸੀਂ ਅਮਰੀਕਾ ਵਿਚ ਇਨ੍ਹਾਂ ਸਕੋਰਾਂ ਨੂੰ ਮੁਰੰਮਤ ਕਰਕੇ ਸਕੋਰ ਵਧਾਉਣ ਵਾਲੀਆਂ ਕੰਪਨੀਆਂ ਦੀਆਂ ਸੇਵਾਵਾਂ ਵੀ ਮਾਮੂਲੀ ਡਾਲਰ ਖਰਚ ਕਰਕੇ ਪ੍ਰਾਪਤ ਕਰ ਸਕਦੇ ਹੋ।

ਜੇ ਤੁਸੀਂ ਆਪਣੇ ਸਿਰ ਖੜੇ ਬਿਲਾਂ ਦਾ ਭੁਗਤਾਨ ਕਰ ਦਿੰਦੇ ਹੋ ਤਾਂ ਤੁਹਾਡੇ ਸਕੋਰਾਂ ਨੇ ਭਾਵੇਂ ਵਧ ਤਾਂ ਜਾਣਾ ਹੁੰਦਾ ਹੈ, ਪਰ ਜਦੋਂ ਤੁਸੀਂ ਇਨ੍ਹਾਂ ਕੰਪਨੀਆਂ ਦੀ ਸੇਵਾ ਲੈਣੀ ਹੈ ਤਾਂ ਇਨ੍ਹਾਂ ਨੇ ਤੁਹਾਡੇ ਸਕੋਰ 30 ਤੋਂ 45 ਦਿਨਾਂ ਦੀ ਬਜਾਏ ਦੋ ਤੋਂ ਪੰਜ ਦਿਨਾਂ ਵਿਚ ਹੀ ਵਧਾ ਦੇਣੇ ਹੁੰਦੇ ਹਨ।

ਕਈ ਵਾਰੀ ਤੁਹਾਡੇ ਸਕੋਰ ਨਿਸ਼ਚਿਤ ਹੱਦ ਤੋਂ ਸਿਰਫ ਦੋ ਜਾਂ ਚਾਰ ਸਕੋਰ ਘੱਟ ਹੋਣ ਕਰਕੇ ਲੈਂਡਰ ਨੇ ਤੁਹਾਨੂੰ ਲੋਨ ਉਪਰ ਵਿਆਜ ਦੀ ਦਰ ਅੱਧਾ ਪ੍ਰਤੀਸ਼ਤ ਵਧ ਠੋਕ ਕੇ ਤੁਹਾਨੂੰ ਚਾਲੀ ਪੰਜਾਹ ਹਜ਼ਾਰ ਦੇ ਡਾਲਰਾਂ ਦਾ ਰਗੜਾ ਲਾ ਦੇਣਾ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਉਧਾਰਕਰਤਾ 680 ਫਾਈਕੋ ਸਕੋਰਾਂ ਵਾਲਿਆਂ ਨੂੰ ਵਿਆਜ ਦੀ ਦਰ 6% ਮਨਜ਼ੂਰ ਕਰਦਾ ਹੈ ਤੇ 677 ਸਕੋਰਾਂ ਵਾਲਿਆਂ ਨੂੰ ਵਿਆਜ ਦੀ ਦਰ $6^{1/2}$% ਮਨਜ਼ੂਰ ਕਰਦਾ ਹੈ।

ਹੁਣ ਮੰਨ ਲਉ ਸੰਦੀਪ ਸਿੰਘ ਪੰਜ ਲੱਖ ਡਾਲਰ ਦਾ ਕਰਜ਼ਾ ਘਰ ਖਰੀਦਣ ਲਈ 30 ਸਾਲਾਂ ਦੇ ਸਮੇਂ ਲਈ ਫਿਕਸਡ ਰੇਟ 'ਤੇ ਆਪਣੇ ਲੋਨ ਅਫਸਰ ਰਾਹੀਂ ਲੋਨ ਲੈਣ ਦੀ ਅਰਜ਼ੀ ਦਿੰਦਾ ਹੈ ਤੇ ਉਸ ਦੇ ਫਾਈਕੋ ਸਕੋਰ 677 ਸਨ ਤਾਂ ਉਸ ਨੂੰ ਵਿਆਜ ਦੀ ਦਰਜ 61/2% ਮਿਲਣ ਕਰਕੇ ਉਸਨੂੰ 30 ਸਾਲਾਂ ਵਿਚ ਆਪਣੀ ਮੂਲ ਰਕਮ ਪੰਜ ਲੱਖ ਡਾਲਰ ਉਪਰ ਵਿਆਜ ਦੀ ਰਕਮ 637722.44 ਡਾਲਰ ਦੇਣੀ ਪੈਣੀ ਹੈ ਤੇ ਉਸ ਦੀ ਮਹੀਨਾਵਾਰ ਕਿਸ਼ਤ ਬਣੇਗੀ 3160.34 ਡਾਲਰ।

ਪਰ ਇਸ ਦੇ ਉਲਟ ਜੇ ਉਹ ਉਪਰਾਲਾ ਕਰਕੇ ਆਪਣੇ ਸਕੋਰਾਂ ਦੀ ਮੁਰੰਮਤ ਕਰਵਾ ਲੈਂਦਾ ਹੈ ਤੇ ਉਸ ਦੇ ਸਕੋਰ ਵਧ ਕੇ 680 ਹੋ ਜਾਂਦੇ ਹਨ ਤਾਂ ਹੁਣ ਉਸ ਨੂੰ ਪਹਿਲੇ ਵਾਲੇ ਲੈਂਡਰ ਨੇ ਹੀ ਪੰਜ ਲੱਖ ਡਾਲਰ ਦਾ ਕਰਜ਼ਾ 6% ਦੀ ਦਰ 'ਤੇ ਦੇ ਦੇਣਾ ਹੈ। ਹੁਣ ਉਸ ਨੂੰ ਕੁੱਲ ਵਿਆਜ ਦੀ ਕੀਮਤ 30 ਸਾਲਾਂ ਵਿਚ 579190.95 ਡਾਲਰ ਤਾਰਨੀ ਪੈਣੀ ਹੈ ਤੇ ਉਸ ਦੀ ਮਹੀਨਾਵਾਰ ਕਿਸ਼ਤ ਬਣੇਗੀ 2997.75 ਡਾਲਰ।

ਸੋ ਸੰਦੀਪ ਨੂੰ ਸਕੋਰਾਂ ਦੀ ਮੁਰੰਮਤ ਕਰਵਾਉਣ ਦੇ ਦੋ ਫਾਇਦੇ ਹੋ ਗਏ ਹਨ। ਇਕ ਫਾਇਦਾ ਤਾਂ ਇਹ ਹੋਇਆ ਕਿ ਉਸ ਨੂੰ ਮਹੀਨਾਵਾਰ ਕਿਸ਼ਤ 162.59 ਡਾਲਰ ਹਰੇਕ ਮਹੀਨੇ 30 ਸਾਲਾਂ ਤੀਕ ਘੱਟ ਦੇਣੀ ਪੈਣੀ ਹੈ। ਦੂਸਰਾ ਫਾਇਦਾ ਇਹ ਹੋਇਆ ਕਿ ਉਸਨੂੰ 30 ਸਾਲਾਂ ਵਿਚ ਕੁੱਲ 58531.49 ਡਾਲਰ ਦਾ ਵਿਆਜ ਘੱਟ ਭਰਨਾ ਪੈਣਾ ਹੈ। ਹੁਣ ਕਰੈਡਿਟ ਸਕੋਰਾਂ ਨੂੰ ਮੁਰੰਮਤ ਕਰਨ ਵਾਲੀ ਕੰਪਨੀ ਨੇ ਦੇਖਣਾ ਹੈ ਕਿ ਤੁਸੀਂ ਬੈਂਕ ਆਫ ਅਮਰੀਕਾ ਦਾ 437 ਡਾਲਰਾਂ ਦਾ ਕਰੈਡਿਟ ਕਾਰਡ ਦਾ ਬਿਲ ਅਜੇ ਤਾਰਨਾ ਹੈ। ਤੁਸੀਂ ਇਸ ਰਕਮ ਨੂੰ ਅੱਜ ਮੋੜ ਦਿੰਦੇ ਹੋ ਤਾਂ ਤੁਹਾਡੇ 9 ਤੋਂ 13 ਤੀਕ ਸਕੋਰ ਬੜੇ ਅਰਾਮ ਨਾਲ ਵਧ ਸਕਦੇ ਹਨ।

ਸਕੋਰਾਂ ਨੂੰ ਮੁਰੰਮਤ ਕਰਨ ਵਾਲੀ ਕੰਪਨੀ ਨੇ ਤੁਹਾਨੂੰ ਆਖਣਾ ਹੈ ਕਿ ਬੈਂਕ ਆਫ ਅਮਰੀਕਾ ਜਾ ਕੇ 437 ਡਾਲਰਾਂ ਦੀ ਰਕਮ ਜਮਾਂ ਕਰਵਾ ਦਿਉ ਤੇ ਬੈਂਕ ਵਾਲਿਆਂ ਪਾਸੋਂ ਜਮਾਂ ਰਸੀਦ ਤੇ ਬੈਂਕ ਸਟੇਟਮੈਂਟ ਲੈ ਕੇ ਸਾਨੂੰ ਫੈਕਸ ਕਰ ਦਿਉ।

ਮੁਰੰਮਤ ਕਰਨ ਵਾਲੀ ਕੰਪਨੀ ਨੇ ਇਹ ਸੂਚਨਾ ਤੁਰੰਤ ਬਿਊਰੋ ਪਾਸ ਫੈਕਸ ਕਰ ਦੇਣੀ ਹੁੰਦੀ ਹੈ। ਨਾਲ ਹੀ ਇਨ੍ਹਾਂ ਨੇ ਬੇਨਤੀ ਕਰ ਦੇਣੀ ਹੁੰਦੀ ਹੈ ਕਿ ਅਸੀਂ 30 ਜਾਂ 45 ਦਿਨ ਉਡੀਕ ਨਹੀਂ ਸਕਦੇ, ਸੋ ਮਿਹਰਬਾਨੀ ਕਰਕੇ ਇਸ ਕੰਮ ਨੂੰ ਧੰਨਵਾਦ ਸਾਹਿਤ ਪਹਿਲ ਦੇ ਅਧਾਰ 'ਤੇ ਛੇਤੀ ਕਰ ਦਿਉ।

ਸੋ ਇਸ ਮੁਰੰਮਤ ਕਰਨ ਵਾਲੀ ਕੰਪਨੀ ਨੇ ਇਹ ਸਾਰੇ ਕੰਮ ਹੱਥੋਂ ਹੱਥੀ ਜਲਦੀ ਕਰਕੇ ਤੇ ਆਪਣੀ ਬਣਦੀ ਫੀਸ ਲੈ ਕੇ ਤੁਹਾਡੇ ਕਰੈਡਿਟ ਸਕੋਰਾਂ ਨੂੰ ਵਧਾ ਕੇ ਤੁਹਾਡਾ ਹਜ਼ਾਰਾਂ ਡਾਲਰਾਂ ਦਾ ਫਾਇਦਾ ਕਰ ਦੇਣਾ ਹੁੰਦਾ ਹੈ।


ਠੀਕ ਇਸੇ ਤਰ੍ਹਾਂ ਤੁਸੀਂ ਜੇ ਆਪਣੇ ਪਛੜੇ ਅਕਾਊਂਟ ਦੀ ਬਕਾਇਆ ਰਕਮ 3200 ਡਾਲਰ ਜਮਾਂ ਕਰਵਾ ਦਿੰਦੇ ਹੋ ਤੇ ਤੁਰੰਤ ਸਕੋਰਾਂ ਨੂੰ ਵਧਾਉਣ ਵਾਲੀ ਕੰਪਨੀ ਦੀਆਂ ਸੇਵਾਵਾਂ ਹਾਸਲ ਕਰ ਲੈਂਦੇ ਹੋ ਤਾਂ ਇਨ੍ਹਾਂ ਨੇ ਤੁਹਾਡੇ ਸਕੋਰਾਂ ਵਿਚ ਲਗਭਗ 21 ਸਕੋਰਾਂ ਦਾ ਵਾਧਾ ਕਰਵਾ ਦੇਣਾ ਹੈ।

ਠੀਕ ਤੇ ਐਨ ਇਸੇ ਪ੍ਰਕਾਰ ਜੇ ਤੁਸੀਂ ਆਪਣੇ ਡਿਸਕਵਰ ਕਰੈਡਿਟ ਕਾਰਡ ਦੇ ਅਕਾਊਂਟ ਦੀ 2995 ਡਾਲਰ ਦੀ ਰਕਮ ਅਦਾ ਕਰ ਦਿੰਦੇ ਹੋ ਤਾਂ ਵੀ ਇਨ੍ਹਾਂ ਸਕੋਰਾਂ ਨੂੰ ਮੁਰੰਮਤ ਕਰਨ ਵਾਲੀ ਕੰਪਨੀ ਨੇ ਆਪਣੀ ਬਣਦੀ ਫੀਸ ਲੈ ਕੇ ਤੁਹਾਡੇ ਹੱਥੋਂ-ਹੱਥੀਂ ਚਾਰ ਤੋਂ ਸੱਤ ਤੀਕ ਫਾਈਕੋ ਸਕੋਰਾਂ ਵਿਚ ਵਾਧਾ ਕਰਵਾ ਦੇਣਾ ਹੁੰਦਾ ਹੈ।

*(ਬਾਕੀ ਅਗਲੇ ਅੰਕ 'ਚ)*


**Declare your independence with Solar**

*Go Solar Today and Save Tomorrow!*



With a Grid-Tie System you'll reduce or eliminate your electricity bill, protect against future rate increases, and receive free electricity after your system pays for itself

**Call:1800-780-0032**



**SUPER TRAVEL**

**847-676-9090**

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250



**ਡਾਇਮੰਡ ਹੇਅਰ ਕਟਿੰਗ ਸਲੂਨ**

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



**For men, women & Children**

Make-up
Hair cut
Perm
Hair styler



Color
Facial, Threading
Bridal Make-up
Body Art (Henna)

**TONY**
**26655 Mission Blvd.**
**Hayward, CA 94544**

*Wednesday thru Monday 10 am to 7pm,*
*Sunday 11 am to 6.00 pm Tuesday closed*

**Ph: 510-582-2472 Cell: (510) 825-0820**



**Realtor & Mortgage Specialist**
**Bay Area & Central Valley**

**ਚੰਗੀ ਜੁਗਤਤ-ਚਿੰਤਾ ਮੁਕਤਤ**

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

**ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ**



RAJ SINGH
M.A., M.Ed Retd. Principal
Realtor & Financial Adviser
Lic#01776459 & OG22467

**ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।**

**Refinance, Home Loan, SBA Loan**
**(All at Best Rates)**

**RAJ SINGH**

**Notary Free**

**Cell:510-452-7370**

*ਤੀਹ ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।*

MISSIONPEAK BROKERS, INC.
PEAK OF EXCELLENCE

46560 Fremont Blvd.
Suite #111 Fremont,
CA 94538
singhrajpaul@yahoo.com

# ਪੰਜਾਬ ਟਾਈਮਜ਼

ਸਨਿਚਰਵਾਰ, 15 ਅਗਸਤ, 2009


*ਰਾਜੇ ਰਯਤਿ ਸਿਕਦਾਰ ਕੋਇ ਨਾ ਰਹਸੀਓ।।*
*ਹਟ ਪਟਣ ਬਾਜਾਰ ਹੁਕਮੀ ਢਹਿਸੀਓ।। -ਗੁਰੂ ਗ੍ਰੰਥ ਸਾਹਿਬ*

## ਸੰਪਾਦਕੀ

# ਸੁਖਬੀਰ ਬਾਦਲ ਦੀ ਤਾਕਤ

ਅਕਾਲੀ ਦਲ (ਬਾਦਲ) ਨੇ ਨਾ ਸਿਰਫ ਹਾਲ ਹੀ ਵਿਚ ਹੋਈਆਂ ਜ਼ਿਮਨੀ ਚੋਣਾਂ ਜਿੱਤ ਲਈਆਂ ਹਨ, ਸਗੋਂ ਉਪ ਮੁੱਖ ਮੰਤਰੀ ਦੇ ਅਹੁਦੇ ਉੱਪਰ ਆਪਣਾ ਦਾਅਵਾ ਵੀ ਪੱਕਾ ਕਰ ਲਿਆ ਹੈ। ਇਨ੍ਹਾਂ ਚੋਣਾਂ ਦੌਰਾਨ ਸੁਖਬੀਰ ਬਾਦਲ ਨੇ ਜਲਾਲਾਬਾਦ ਤੋਂ ਕਾਂਗਰਸ ਦੇ ਉਮੀਦਵਾਰ ਹੰਸ ਰਾਜ ਜੋਸ਼ਨ ਨੂੰ ਨਾ ਸਿਰਫ 80,662 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ, ਸਗੋਂ ਅਸੈਂਬਲੀ ਚੋਣਾਂ ਜਿੱਤਣ ਦਾ ਦੇਸ਼ ਪੱਧਰ 'ਤੇ ਰਿਕਾਰਡ ਵੀ ਕਾਇਮ ਕਰ ਦਿੱਤਾ। ਇਸ ਦੇ ਨਾਲ ਹੀ ਸਾਬਕਾ ਸਹਿਕਾਰਤਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੇ ਲੜਕੇ ਜਸਜੀਤ ਸਿੰਘ ਬੰਨੀ ਨੇ ਆਪਣੇ ਪਿਤਾ ਦੀ ਪਰੰਪਰਾਗਤ ਬਨੂੜ ਸੀਟ ਕਾਂਗਰਸ ਦੇ ਆਪਣੇ ਵਿਰੋਧੀ ਉਮੀਦਵਾਰ ਦੀਪਇੰਦਰ ਸਿੰਘ ਢਿੱਲੋਂ ਤੋਂ 20,219 ਵੋਟਾਂ ਨਾਲ ਜਿੱਤ ਲਈ ਹੈ। ਇਸ ਤੋਂ ਇਲਾਵਾ ਗੁਰਦਾਸਪੁਰ ਦੇ ਕਾਹਨੂੰਵਾਨ ਵਿਧਾਨ ਸਭਾ ਖੇਤਰ ਤੋਂ ਸੇਵਾ ਸਿੰਘ ਸੇਖਵਾਂ ਨੇ ਪ੍ਰਤਾਪ ਸਿੰਘ ਬਾਜਵਾ ਦੇ ਲੜਕੇ ਅਤੇ ਆਪਣੇ ਵਿਰੋਧੀ ਉਮੀਦਵਾਰ ਫਤਹਿਜੰਗ ਸਿੰਘ ਬਾਜਵਾ ਨੂੰ 12044 ਵੋਟਾਂ ਨਾਲ ਹਰਾਇਆ।

ਇੰਜ ਜਿਵੇਂ ਕਿ ਲੱਗਦਾ ਹੀ ਸੀ, ਅਕਾਲੀ ਦਲ (ਬਾਦਲ) ਨੇ ਤਿੰਨੋਂ ਵਿਧਾਨ ਸਭਾ ਸੀਟਾਂ ਜਿੱਤ ਲਈਆਂ ਹਨ। ਇਹ ਤਿੰਨ ਸੀਟਾਂ ਜਿੱਤ ਕੇ ਅਕਾਲੀ ਦਲ (ਬਾਦਲ) ਨੇ ਨਾ ਸਿਰਫ ਭਾਰਤੀ ਜਨਤਾ ਪਾਰਟੀ ਦੇ ਮੁਕਾਬਲੇ ਆਪਣੀ ਪੁਜ਼ੀਸ਼ਨ ਹੋਰ ਮਜ਼ਬੂਤ ਕਰ ਲਈ ਹੈ, ਸਗੋਂ ਕਾਂਗਰਸ ਨੂੰ ਵੀ ਰਾਜ ਵਿਚੋਂ ਇਕ ਵਾਰ ਖਦੇੜ ਦਿੱਤਾ ਹੈ। ਉਂਜ ਇਹ ਇਕ ਸੱਚਾਈ ਹੈ ਕਿ ਜ਼ਿਮਨੀ ਚੋਣਾਂ ਆਮ ਤੌਰ 'ਤੇ ਉਹੋ ਪਾਰਟੀ ਜਿਤਿਆ ਕਰਦੀ ਹੈ, ਜਿਸ ਕੋਲ ਰਾਜ ਸ਼ਕਤੀ ਮੌਜੂਦ ਹੋਵੇ। ਪਰ ਜਿਸ ਕਿਸਮ ਦੀ ਅਤੇ ਜਿੱਡੀ ਵੱਡੀ ਜਿੱਤ ਅਕਾਲੀਆਂ ਨੇ ਖਾਸ ਕਰਕੇ ਜ਼ਲਾਲਾਬਾਦ ਵਿਚ ਹਾਸਲ ਕੀਤਾ ਹੈ, ਉਸ ਤੋਂ ਇਉਂ ਲੱਗਦਾ ਹੈ ਜਿਵੇਂ ਵਿਰੋਧੀ ਪਾਰਟੀ ਮੈਦਾਨ ਵਿਚ ਹੀ ਨਾ ਹੋਵੇ। ਇਹ ਹੈ ਵੀ ਹਕੀਕਤ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਕਾਂਗਰਸ ਪਾਰਟੀ ਦੇ ਪੰਜਾਬ ਵਿਚ ਪੈਰ ਨਹੀਂ ਲੱਗੇ। ਇਹ ਨਹੀਂ ਕਿ ਰਾਜ ਸੱਤਾ ਸਾਂਭਣ ਤੋਂ ਬਾਅਦ ਅਕਾਲੀ ਦਲ (ਬਾਦਲ) ਨੇ ਪੰਜਾਬ ਨੂੰ ਸਵਰਗ ਦੀ ਦਿਸ਼ਾ ਵਿਚ ਤੋਰ ਲਿਆ ਹੈ, ਫਿਰ ਵੀ ਕਾਂਗਰਸ ਦੀ ਇਸ ਰਾਜ ਵਿਚ ਕੋਈ ਪੁੱਛਗਿੱਛ ਨਹੀਂ। ਲੰਘੀਆਂ ਲੋਕ ਸਭਾ ਚੋਣਾਂ ਵਿਚ ਵੀ ਕਾਂਗਰਸ ਪਾਰਟੀ ਨੂੰ ਓਨੀ ਸਫਲਤਾ ਨਹੀਂ ਸੀ ਮਿਲੀ, ਜਿੱਡੀ ਦੀ ਉਸ ਨੂੰ ਆਸ ਸੀ। ਖਾਸ ਕਰਕੇ ਮਾਲਵਾ ਖੇਤਰ ਵਿਚ ਅਕਾਲੀਆਂ ਨੇ ਮੁੜ ਕੇ ਆਪਣੇ ਪੈਰ ਜਮਾ ਲਏ। ਕਾਂਗਰਸ ਪਾਰਟੀ ਅਤੇ ਖਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਨੂੰ ਸਭ ਤੋਂ ਵੱਡੀ ਸੱਟ ਬਠਿੰਡੇ 'ਚੋਂ ਲੱਗੀ। ਕਾਂਗਰਸ ਨੂੰ ਆਸ ਸੀ ਕਿ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿਚ ਅਕਾਲੀਆਂ ਦਾ ਪੱਤਾ ਸਾਫ ਹੋ ਜਾਵੇਗਾ ਅਤੇ ਲੋਕ ਅਕਾਲੀ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਕਾਰਨ ਕਾਂਗਰਸ ਵਲ ਉਲਟ ਕੇ ਪੈ ਜਾਣਗੇ, ਪਰ ਅਜਿਹਾ ਵਾਪਰਿਆ ਨਾ। ਅਕਾਲੀ ਅਤੇ ਭਾਰਤੀ ਜਨਤਾ ਪਾਰਟੀ ਮਿਲ ਕੇ ਪੰਜ ਸੀਟਾਂ ਜਿੱਤਣ ਵਿਚ ਕਾਮਯਾਬ ਰਹੇ ਅਤੇ ਕਾਂਗਰਸ ਅੱਠ ਸੀਟਾਂ ਜਿੱਤਣ ਵਿਚ ਕਾਮਯਾਬ ਰਹੀ। ਲੋਕ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਦੀ ਮੁਹਿੰਮ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਹ ਗੱਲ ਸਵੀਕਾਰ ਕੀਤੀ ਸੀ ਕਿ ਕਾਂਗਰਸ ਨੂੰ ਓਨੀ ਵੱਡੀ ਜਿੱਤ ਹਾਸਲ ਨਹੀਂ ਹੋਈ, ਜਿੱਡੀ ਦੀ ਆਸ ਸੀ। ਉਹ ਬਠਿੰਡਾ ਵਾਲੀ ਹਾਰ ਉਤੇ ਵਿਸ਼ੇਸ਼ ਕਰਕੇ ਝੂਰੇ ਸਨ।

ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਇਹ ਵੀ ਆਖਿਆ ਸੀ ਕਿ ਵੱਡੇ ਬਾਦਲ ਨੂੰ ਚੋਣ ਯੁੱਧ ਲੜਨ ਦੀ ਜਾਂਚ ਆਉਂਦੀ ਹੈ। ਇਸ ਦਾ ਮਤਲਬ ਇਹ ਕਿ ਉਹ ਆਪ ਇਸ ਮਾਮਲੇ ਵਿਚ ਅਣਜਾਣ ਹਨ। ਉਂਜ ਬਠਿੰਡਾ ਵਿਚ ਜਿੱਡੀ ਵੱਡੀ ਹਾਰ ਕੈਪਟਨ ਅਮਰਿੰਦਰ ਸਿੰਘ ਦੇ ਬੇਟੇ ਰਣਇੰਦਰ ਸਿੰਘ ਨੂੰ ਮਿਲੀ ਸੀ, ਉਸ ਨੇ ਇਹ ਸਾਬਤ ਵੀ ਕਰ ਦਿੱਤਾ ਸੀ ਕਿ ਬਾਦਲਾਂ ਨੂੰ ਚੋਣ ਯੁੱਧ ਜਥੇਬੰਦ ਕਰਨ ਦੀ ਮੁਹਾਰਤ ਹੈ। ਦੂਜੇ ਪਾਸੇ ਕਾਂਗਰਸ ਮੁੱਖ ਤੌਰ 'ਤੇ ਲੋਕਾਂ ਦੇ ਆਪ ਮੁਹਾਰੇ ਪ੍ਰਤੀਕਰਮ ਉਪਰ ਹੀ ਮੁਨੱਸਰ ਕਰ ਰਹੀ ਸੀ। ਜਿਥੋਂ ਤੱਕ ਇਸ ਵਾਰ ਦੀਆਂ ਜ਼ਿਮਨੀ ਚੋਣਾਂ ਦਾ ਸਵਾਲ ਹੈ, ਇਨ੍ਹਾਂ ਵਿਚ ਤਾਂ ਕਾਂਗਰਸ ਪਾਰਟੀ ਜਿਵੇਂ ਮੈਦਾਨ ਵਿਚ ਹੀ ਨਹੀਂ ਸੀ। ਚੋਣ ਪ੍ਰਚਾਰ ਦੇ ਆਖ਼ਰੀ ਦਿਨਾਂ ਵਿਚ ਆਣ ਕੇ ਕੈਪਟਨ ਅਮਰਿੰਦਰ ਸਿੰਘ, ਬੀਬੀ ਰਾਜਿੰਦਰ ਕੌਰ ਭੱਠਲ ਸਮੇਤ ਕੁਝ ਹੋਰ ਆਗੂਆਂ ਨੇ ਵੱਖ ਵੱਖ ਪਿੰਡਾਂ ਵਿਚ ਰੈਲੀਆਂ ਕੀਤੀਆਂ, ਪਰ ਕੀਤਾ ਇਹ ਸਾਰਾ ਕੁਝ ਅੱਧੇ ਜਿਹੇ ਮਨ ਨਾਲ ਹੀ ਸੀ। ਪੰਜਾਬ ਕਾਂਗਰਸ ਅਸਲ ਵਿਚ ਅੱਜ ਕੱਲ੍ਹ ਚਾਰ ਪੰਜ ਲੀਡਰਾਂ ਦੀ ਖਿੱਚੋਤਾਣ ਦਾ ਸ਼ਿਕਾਰ ਹੋਈ ਪਈ ਹੈ। ਕਿਸੇ ਨੂੰ ਵੀ ਸਮਝ ਨਹੀਂ ਆਉਂਦੀ ਕਿ ਪੰਜਾਬ ਕਾਂਗਰਸ ਦਾ ਲੀਡਰ ਕੌਣ ਹੈ? ਹਰੇਕ ਕਥਿਤ ਹਾਈਕਮਾਨ ਕੋਲ ਗੇੜਾ ਮਾਰ ਆਉਂਦਾ ਹੈ ਤੇ ਪੰਜਾਬ ਵਿਚ ਆਣ ਕੇ ਕਾਂਗਰਸ ਦਾ ਲੀਡਰ ਹੋਣ ਦੀਆਂ ਥਾਪੀਆਂ ਮਾਰਨ ਲੱਗਦਾ ਹੈ। ਪਰ ਕਾਂਗਰਸ ਹਾਈਕਮਾਨ ਹਮੇਸ਼ਾ ਵਾਂਗ ਚੁੱਪ ਰਹਿੰਦੀ ਹੈ।

ਇਸ ਚੁੱਪ ਕਾਰਨ ਫਿਰ ਇਕ ਭੰਬਲਭੂਸਾ ਬਣਨ ਲੱਗਦਾ ਹੈ ਅਤੇ ਆਪਣੇ ਆਪ ਨੂੰ ਲੀਡਰ ਤਸਦੀਕ ਕਰਵਾਉਣ ਲਈ ਹੋਰ ਆਗੂ ਵੀ ਦਿੱਲੀ ਵਲ ਭੱਜਣ ਲੱਗਦੇ ਹਨ। ਯਾਦ ਰਹੇ ਜ਼ਿਮਨੀ ਚੋਣਾਂ ਦੀ ਚੋਣ ਮੁਹਿੰਮ ਦੇ ਦੌਰਾਨ ਵੀ ਕਾਂਗਰਸ ਦੇ ਲੀਡਰ ਚੋਣ ਮੈਦਾਨ ਵਿਚ ਡਟਣ ਦੀ ਥਾਂ ਦਿੱਲੀ ਡੇਰੇ ਲਾਈ ਬੈਠੇ ਰਹੇ। ਸਿਰ 'ਤੇ ਨਹੀਂ ਕੁੰਡਾ ਹੱਥੀ ਫਿਰੇ ਲੁੰਡਾ, ਵਾਲੀ ਹਾਲਤ ਪੰਜਾਬ ਕਾਂਗਰਸ ਦੀ ਬਣੀ ਹੋਈ ਹੈ। ਪੰਜਾਬ ਵਿਚ ਕਾਂਗਰਸ ਨੂੰ ਪੈਰਾਂ ਸਿਰ ਕਰਨ ਲਈ ਕਿਸੇ ਧੜੱਲੇਦਾਰ ਲੀਡਰ ਦੀ ਲੋੜ ਹੈ, ਜਿਹੜਾ ਦੋਨਾਂ ਬਾਦਲਾਂ ਦਾ ਮੁਕਾਬਲਾ ਕਰ ਸਕੇ। ਖਾਸ ਕਰਕੇ ਉਭਰ ਰਹੇ ਛੋਟੇ ਬਾਦਲ ਦਾ। ਜਿਥੋਂ ਤੱਕ ਅਕਾਲੀਆਂ ਦੀ ਰਾਜਨੀਤਕ ਦ੍ਰਿਸ਼ਟੀ ਦਾ ਸਵਾਲ ਹੈ, ਛੋਟੇ ਬਾਦਲ ਕੋਲ ਇਸ ਮਾਮਲੇ ਵਿਚ ਕੋਈ ਨਵੀਂ ਪਹੁੰਚ ਨਹੀਂ ਹੈ। ਉਸ ਨੇ ਸਿੱਖਾਂ ਅਤੇ ਪੰਜਾਬ ਦੀਆਂ ਪੁਰਾਣੀਆਂ ਮੰਗਾਂ ਦਾ ਵੀ ਭੋਗ ਪਾ ਦਿੱਤਾ ਹੈ। ਪਰ ਇਕ ਸਿਫ਼ਤ ਉਸ ਵਿਚ ਹੈ, ਉਹ ਆਪਣੇ ਪਿਓ ਨਾਲੋਂ ਵਧ ਹਮਲਾਵਰ ਹੈ ਅਤੇ ਮੁਹਿੰਮਾਂ ਜਥੇਬੰਦ ਕਰਨ ਦਾ ਵੱਡੇ ਬਾਦਲ ਨਾਲੋਂ ਵੀ ਵਧ ਮਾਹਿਰ ਹੈ। ਹਾਲ ਹੀ ਦੀਆਂ ਜ਼ਿਮਨੀ ਚੋਣਾਂ ਜਿੱਤਣ ਪਿੱਛੇ ਵੀ ਇਹੋ ਕਾਰਨ ਹੈ। ਇਸ ਤੋਂ ਇਲਾਵਾ ਪੈਸੇ ਦੀ ਅੰਨ੍ਹੀ ਵਰਤੋਂ ਅਤੇ ਇਸ ਦੀ ਉਪਲਬਧਗੀ ਕਰਵਾਉਣੀ ਵੀ ਛੋਟੇ ਬਾਦਲ ਨੂੰ ਆਉਂਦੀ ਹੈ। ਛੋਟੇ ਬਾਦਲ ਦੀ ਰਾਜਨੀਤੀ ਅਸਲ ਵਿਚ ਵਿਚਾਰਧਾਰਾਹੀਣ ਅਤੇ ਕਾਰਪੋਰੇਟ ਜਗਤ ਦੀ ਰਾਜਨੀਤੀ ਹੈ, ਜਿਹੜਾ ਸੰਸਾਰੀਕਰਣ ਦੇ ਇਸ ਯੁੱਗ ਦਾ ਨਵਾਂ ਵਰਤਾਰਾ ਹੈ। ਇਸ ਨੂੰ ਕਾਰਪੋਰੇਟ ਸਿਆਸਤ ਵੀ ਕਿਹਾ ਜਾ ਸਕਦਾ ਹੈ। ਇਹ ਸਿਆਸਤ ਸੰਸਾਰ ਕਾਰਪੋਰੇਟ ਬਿਜਨਸ ਦਾ ਹੀ ਹਿੱਸਾ ਹੈ। ਮਲਟੀਨੈਸ਼ਨਲ ਪੂੰਜੀ ਇਸ ਦੀ ਤਾਕਤ ਹੈ,ਇਸ ਤਾਕਤ ਨੂੰ ਤੋੜਨ ਦੀ ਹਿੰਮਤ ਵਾਲਾ ਲੋਕ ਲੀਡਰ ਹੀ ਇਸ ਨਾਲ ਮੜ੍ਹਿਕ ਸਕਦਾ।

*ਨੀਲਕਾਨੀ ਭਾਰਤ ਦਾ ਇਕ ਮਹਾਨ ਵਿਦਵਾਨ ਤੇ ਸੁਲਝਿਆ ਹੋਇਆ ਟੈਕਨੋਕਰੈਟ ਹੈ। ਤਕਦੀਰ ਨਾਲੋਂ ਮਿਹਨਤ ਤੇ ਤਕਨੀਕ ਦੇ ਕ੍ਰਿਸ਼ਮੇ ਨੂੰ ਪਹਿਲ ਦੇਣ ਵਾਲੇ ਨੀਲਕਾਨੀ ਨੂੰ ਟਾਇਮ ਰਸਾਲੇ ਨੇ 2006 ਸਾਲ ਦੇ ਦੁਨੀਆਂ ਦੇ ਸਭ ਤੋਂ ਵਧ ਮਹੱਤਵਪੂਰਣ 100 ਪ੍ਰਬੰਧਕਾਂ ਵਿਚੋਂ ਇਕ ਮੰਨਿਆ ਹੈ। ਪਿਛਲੇ ਮਹੀਨੇ 2009 ਦਾ ਇੰਦਰਾ ਗਾਂਧੀ ਸ਼ਾਂਤੀ-ਨਿਸ਼ਸਤ੍ਰੀਕਰਨ-ਵਿਕਾਸ ਦਾ ਪੁਰਸਕਾਰ ਲੈਣ ਆਏ ਮਾਈਕਰੋਸੌਫ਼ਟ ਦੇ ਪ੍ਰਧਾਨ ਬਿੱਲ ਗੇਟਸ ਨੇ ਨੀਲਕਾਨੀ ਦੇ ਯੋਗਦਾਨ ਦੀ ਬਹੁਤ ਪ੍ਰਸ਼ੰਸਾ ਕੀਤੀ। ਮਾਈਕਰੋਸੌਫ਼ਟ ਨੇ ਭਾਰਤੀ ਯੂਨੀਕ ਆਈਡੈਂਟੀਫੀਕੇਸ਼ਨ ਅਥਾਰਟੀ ਲਈ ਆਪਣੀਆਂ ਸੇਵਾਵਾਂ ਦੇਣ ਦੀ ਇੱਛਾ ਵੀ ਜ਼ਾਹਰ ਕੀਤੀ ਹੈ।*

# ਨੀਲਕਾਨੀ ਦਾ ਇਨਫ਼ੋਸਿਸ ਤੋਂ ਮੰਤਰੀ ਤੱਕ ਦਾ ਸਫ਼ਰ

**ਸੱਤਪਾਲ ਗੋਇਲ**

ਬੰਗਲੌਰ ਭਾਰਤ ਦੀ ਸਿਲੀਕਾਨ ਵੈਲੀ ਹੀ ਨਹੀਂ ਸਗੋਂ ਏਸ਼ੀਆ ਦਾ ਸੂਚਨਾ ਤੇ ਸੰਚਾਰ ਦਾ ਸਭ ਤੋਂ ਵੱਡਾ ਕੇਂਦਰ ਵੀ ਹੈ। 1981 ਵਿਚ ਨੰਦਨ ਨੀਲਕਾਨੀ ਨੇ ਆਪਣੇ ਵਿਸ਼ਵਾਸੀ ਸਲਾਹਕਾਰ ਐਨ.ਆਰ. ਨਰਾਇਣਮੂਰਤੀ ਦੀ ਅਗਵਾਈ ਵਿਚ ਇਕ ਸ਼ਾਨਦਾਰ ਸੂਚਨਾ ਤਕਨੀਕੀ ਕੰਪਨੀ ਇਨਫ਼ੋਸਿਸ ਟੈਕਨੌਲੋਜੀਜ਼ ਲਿਮਟਿਡ ਦੀ ਸਥਾਪਨਾ ਕੀਤੀ। ਸੂਚਨਾ ਤਕਨੀਕੀ ਦਾ ਵਿਕਾਸ, ਪੂਰਣ ਪਾਰਦਰਸ਼ਤਾ, ਦੂਰ-ਦ੍ਰਿਸ਼ਟੀ ਅਤੇ ਗਾਹਕ-ਸੇਵਾ ਲਈ ਤਰਜੀਹ ਜਿਹੇ ਉਦੇਸ਼ਾਂ ਨਾਲ ਸ਼ੁਰੂ ਕੀਤੀ ਗਈ ਇਨਫ਼ੋਸਿਸ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ। ਇਹ ਕੰਪਨੀ ਨੰਦਨ ਨੀਲਕਾਨੀ ਦੀ ਪਹਿਚਾਣ ਵੀ ਬਣੀ ਹੈ। ਇਨਫ਼ੋਸਿਸ, ਵਿਪਰੋ ਤੇ ਟਾਟਾ ਕਨਸਲਟੈਂਸੀ ਕੰਪਨੀਆਂ ਦੀ ਭਾਰਤ ਵਿਚ ਉਹੀ ਥਾਂ ਹੈ, ਜੋ ਮਾਈਕਰੋਸੌਫ਼ਟ, ਆਈ.ਬੀ.ਐਮ. ਅਤੇ ਸਨਮਾਈਕਰੋਸਿਸਟਮਜ਼ ਦਾ ਅਮਰੀਕਾ ਵਿਚ ਹੈ। ਇਨਫ਼ੋਸਿਸ ਨੇ ਆਊਟਸੋਰਸਿੰਗ, ਇੰਟਰਨੈਟ ਸੁਰੱਖਿਆ, ਸੂਚਨਾ ਤੇ ਸੰਚਾਰ ਤਕਨੀਕ ਨੂੰ ਜਨ-ਜਨ ਤੱਕ ਪਹੁੰਚਾਉਣ ਦੇ ਖੇਤਰ 'ਚ ਨਾਂ ਕਮਾਇਆ ਹੈ ਤੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ।



ਨੰਦਨ ਨੀਲਕਾਨੀ

ਨੰਦਨ ਦਾ ਜਨਮ 2 ਜੂਨ 1955 ਨੂੰ ਬੰਗਲੌਰ ਵਿਖੇ ਹੋਇਆ। ਆਈ.ਆਈ.ਟੀ. ਮੁੰਬਈ ਤੋਂ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ। ਨੰਦਨ ਨੀਲਕਾਨੀ ਭਾਰਤ ਦਾ ਬਿਲ ਗੇਟਸ ਹੈ। ਉਹ ਤਕਨੀਕੀ ਗਿਆਨ ਤੇ ਵਿਧੀਆਂ ਨੂੰ ਸਰਲ ਭਾਸ਼ਾ ਤੇ ਆਸਾਨ ਤਰੀਕੇ ਨਾਲ ਸਮਝਾ ਕੇ ਤਕਨੀਕੀ ਵਿੱਦਿਆ ਨੂੰ ਗਲੋਬਲ ਸਮੱਸਿਆਵਾਂ ਹੱਲ ਕਰਨ ਵਿਚ ਇਸਤੇਮਾਲ ਕਰਨ ਦੀ ਅਥਾਹ ਸਮਰੱਥਾ ਦਾ ਮਾਲਕ ਹੈ। 2006 ਵਿਚ ਸ਼੍ਰੀ ਨੰਦਨ ਨੂੰ ਪਦਮ ਭੂਸ਼ਨ ਨਾਲ ਸਨਮਾਨਤ ਕੀਤਾ ਗਿਆ। ਇਨਫ਼ੋਸਿਸ ਦਾ ਹਰ ਕਰਮਚਾਰੀ ਉਸ ਦੀ ਯੋਗਤਾ ਤੇ ਚੁਸਤੀ ਦੇ ਆਧਾਰ 'ਤੇ ਚੁਣਿਆ ਜਾਂਦਾ ਹੈ।

ਵਿਸ਼ਵ ਪੱਧਰੀ ਟ੍ਰੇਨਿੰਗ, ਸੁਚੱਜੇ ਤੌਰ-ਤਰੀਕੇ, ਪੇਸ਼ੇਵਰ ਲਿਬਾਸ, ਵਿਅਕਤੀਗਤ ਸੂਝ ਦੀ ਕਦਰ, ਕੰਪਨੀ ਦੀਆਂ ਨੀਤੀਆਂ ਦੀ ਵਿਆਖਿਆ ਆਦਿ ਨਾਲ ਹਰ ਮੁਲਾਜ਼ਮ ਦੀ ਕਾਬਲੀਅਤ ਨੂੰ ਸਰਾਹਿਆ ਤੇ ਸੰਵਾਰਿਆ ਜਾਂਦਾ ਹੈ। ਹਰ ਕੰਮ ਨੂੰ ਸਮੇਂ ਸਿਰ ਪੂਰਾ ਕੀਤਾ ਜਾਂਦਾ ਹੈ। ਦੂਰ-ਅੰਦੇਸ਼ੀ ਤੇ ਪਾਰਦਰਸ਼ਤਾ 'ਤੇ ਜ਼ੋਰ ਦੇਣ ਕਾਰਨ ਅਣਗਹਿਲੀ ਤੇ ਗਲਤੀਆਂ ਉਤੇ ਪਰਦਾ ਨਹੀਂ ਪਾਇਆ ਜਾਂਦਾ। 'ਗਲਤੀ ਕਰੋ ਪਰ ਸੁਧਾਰੋ ਤੇ ਦੁਬਾਰਾ ਉਹੀ ਗਲਤੀ ਨਾ ਕਰੋ' ਦਾ ਸਬਕ ਸ਼ੁਰੂ ਵਿਚ ਹੀ ਸਿਖਾ ਦਿੱਤਾ ਜਾਂਦਾ ਹੈ।

ਇਨਫ਼ੋਸਿਸ ਦੀ ਆਮਦਨ ਤੇ ਕੁੱਲ ਹੈਸੀਅਤ ਵਿਚ ਜ਼ਬਰਦਸਤ ਵਾਧਾ ਹੁੰਦਾ ਰਿਹਾ ਹੈ। ਮੰਦਵਾੜੇ ਦੀ ਦਸ਼ਾ ਚਲਣ ਦੇ ਬਾਵਜੂਦ ਵੀ ਕੰਪਨੀ ਨੂੰ ਕਰੋੜਾਂ ਡਾਲਰ ਦੇ ਨਵੇਂ ਠੇਕੇ ਮਿਲ ਰਹੇ ਹਨ। ਇਨਫ਼ੋਸਿਸ ਦਾ ਭਾਰਤ ਦੀ ਇਕ ਪ੍ਰਮੁੱਖ ਸੌਫ਼ਟਵੇਅਰ ਕੰਪਨੀ ਦੇ ਤੌਰ 'ਤੇ ਉਭਰ ਕੇ ਆਉਣਾ ਨੰਦਨ ਨੀਲਕਾਨੀ ਜਿਹੇ ਫੁਰਤੀਲੇ ਤੇ ਸ਼ਕਤੀਮਾਨ ਪ੍ਰਬੰਧਕਾਂ ਦੀ ਮਿਹਨਤ, ਕ੍ਰਿਸ਼ਮਾ ਤੇ ਲਗਨ ਸਦਕਾ ਹੈ।

ਨੰਦਨ ਨੀਲਕਾਨੀ ਦੀ ਕਿਤਾਬ 'ਭਾਰਤ ਦੀ ਕਲਪਨਾ' ਵਿਚ ਭਾਰਤ ਦੀ ਨਵ-ਉਸਾਰੀ ਲਈ ਵਿਦਿਆ, ਤਕਨੀਕੀ ਸਿੱਖਿਆ, ਆਬਾਦੀ, ਰੋਜ਼ਗਾਰ, ਅਰਥਵਿਵਸਥਾ ਦੀ ਰੂਪ-ਬਦਲੀ, ਨਾਗਰਿਕਤਾ, ਗਲੋਬਲ ਚੁਣੌਤੀਆਂ ਤੇ ਅਨੇਕਾਂ ਹੋਰ ਗੁੰਝਲਦਾਰ ਮਸਲਿਆਂ ਦਾ ਅਧਿਐਨ ਤੇ ਵਿਹਾਰਕ ਸੁਝਾਅ ਦਰਸਾਏ ਗਏ ਹਨ। ਤਕਨੀਕੀ ਗਿਆਨ ਦੀ ਪਾਰਦਰਸ਼ਤਾ ਤੇ ਇੰਟਰਨੈਟ ਦੀ ਦੁਨੀਆ ਦੇ ਕੋਨੇ ਕੋਨੇ ਤੱਕ ਪਹੁੰਚ ਦੁਨੀਆ ਨੂੰ ਲੈਵਲ ਕਰ ਰਹੀ ਹੈ। ਸ਼੍ਰੀ ਨੀਲਕਾਨੀ ਦੇ ਇਸ ਵਿਚਾਰ ਨੇ ਟਾਮਸ ਫ਼ਰੀਡਮੈਨ ਨੂੰ ਆਪਣੀ ਪ੍ਰਸਿਧ ਪੁਸਤਕ 'ਦੁਨੀਆ ਪੱਧਰੀ ਹੈ' (ਦੀ ਵਰਡ ਇਜ਼ ਫ਼ਲੈਟ) ਲਿਖਣ ਲਈ ਪ੍ਰਭਾਵਿਤ ਕੀਤਾ।

ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਵਿਸ਼ੇਸ਼ ਸੱਦੇ 'ਤੇ ਨੰਦਨ ਨੀਲਕਾਨੀ ਨੇ ਯੂਨੀਕ ਆਈਡੈਂਟੀਫੀਕੇਸ਼ਨ ਅਥਾਰਟੀ ਆਫ਼ ਇੰਡੀਆ (ਯੂ.ਆਈ.ਡੀ.ਏ.ਆਈ.) ਦੇ ਚੇਅਰਮੈਨ ਤੇ ਕੈਬਨਿਟ ਮੰਤਰੀ ਦਾ ਅਹੁਦਾ ਪਿਛਲੇ ਮਹੀਨੇ ਸੰਭਾਲ ਲਿਆ ਹੈ।

ਇਹ ਅਹੁਦਾ ਇਕ ਬਹੁਤ ਵੱਡੀ ਜ਼ਿਮੇਵਾਰੀ 'ਤੇ ਮਾਣ ਦਾ ਪ੍ਰਤੀਕ ਹੈ। ਨੰਦਨ ਹਰ ਭਾਰਤੀ ਨਾਗਰਿਕ (1.2 ਅਰਬ ਦੀ ਆਬਾਦੀ) ਦਾ ਡੈਟਾਬੇਸ ਤਿਆਰ ਕਰਕੇ ਉਤਮ ਸ਼੍ਰੇਣੀ ਦਾ ਸ਼ਨਾਖ਼ਤੀ ਕਾਰਡ ਬਣਾਉਣ ਤੇ ਕਿਸੇ ਵੀ ਤਰ੍ਹਾਂ ਦੀ ਹੇਰਾਫੇਰੀ ਤੇ ਗਲਤ ਇਸਤੇਮਾਲ ਹੋਣ ਤੋਂ ਬਚਣ ਦੇ ਸਾਧਨਾਂ ਸਹਿਤ ਸੌਫ਼ਟਵੇਅਰ ਤੇ ਆਧੁਨਿਕ ਨੈਟਵਰਕ ਤਿਆਰ ਕਰਨਗੇ। ਇਨਫ਼ੋਸਿਸ ਦੀ 28 ਸਾਲ ਤੱਕ ਵਾਗਡੋਰ ਸੰਭਾਲਣ ਬਾਅਦ ਨੰਦਨ ਨੇ ਕੰਪਨੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਹ ਕਦਮ ਆਪਣੇ ਦੇਸ਼ ਲਈ ਸੇਵਾ ਤੇ ਆਰਥਿਕ ਨਵ-ਉਸਾਰੀ ਪ੍ਰਤੀ ਪਹਿਲ ਤੇ ਬਹੁ-ਪੱਖੀ ਯੋਜਨਾਵਾਂ ਨੂੰ ਠੀਕ ਤਰੀਕੇ ਨਾਲ ਜਨਸੇਵਾ ਹਿੱਤ ਚਾਲੂ ਕਰਨ ਲਈ ਲਿਆ ਗਿਆ ਹੈ।

ਨੀਲਕਾਨੀ ਭਾਰਤ ਦਾ ਇਕ ਮਹਾਨ ਵਿਦਵਾਨ ਤੇ ਸੁਲਝਿਆ ਹੋਇਆ ਟੈਕਨੋਕਰੈਟ ਹੈ। ਤਕਦੀਰ ਨਾਲੋਂ ਮਿਹਨਤ ਤੇ ਤਕਨੀਕ ਦੇ ਕ੍ਰਿਸ਼ਮੇ ਨੂੰ ਪਹਿਲ ਦੇਣ ਵਾਲੇ ਨੀਲਕਾਨੀ ਨੂੰ ਟਾਇਮ ਰਸਾਲੇ ਨੇ 2006 ਸਾਲ ਦੇ ਦੁਨੀਆ ਦੇ ਸਭ ਤੋਂ ਵਧ ਮਹੱਤਵਪੂਰਣ 100 ਪ੍ਰਬੰਧਕਾਂ ਵਿਚੋਂ ਇਕ ਮੰਨਿਆ ਹੈ। ਪਿਛਲੇ ਮਹੀਨੇ 2009 ਦਾ ਇੰਦਰਾ ਗਾਂਧੀ ਸ਼ਾਂਤੀ-ਨਿਸ਼ਸਤ੍ਰੀਕਰਨ-ਵਿਕਾਸ ਦਾ ਪੁਰਸਕਾਰ ਲੈਣ ਆਏ ਮਾਈਕਰੋਸੌਫ਼ਟ ਦੇ ਪ੍ਰਧਾਨ ਬਿੱਲ ਗੇਟਸ ਨੇ ਨੀਲਕਾਨੀ ਦੇ ਯੋਗਦਾਨ ਦੀ ਬਹੁਤ ਪ੍ਰਸ਼ੰਸਾ ਕੀਤੀ। ਮਾਈਕਰੋਸੌਫ਼ਟ ਨੇ ਭਾਰਤੀ ਯੂਨੀਕ ਆਈਡੈਂਟੀਫੀਕੇਸ਼ਨ ਅਥਾਰਟੀ ਲਈ ਆਪਣੀਆਂ ਸੇਵਾਵਾਂ ਦੇਣ ਦੀ ਇੱਛਾ ਵੀ ਜ਼ਾਹਰ ਕੀਤੀ ਹੈ। ਭਾਰਤ ਦਾ ਭਵਿੱਖ ਉਜਾਗਰ ਕਰਨ ਲਈ ਨੀਲਕਾਨੀ ਜਿਹੇ ਦੇਸ਼-ਭਗਤਾਂ ਦੀ ਦੂਰਅੰਦੇਸ਼ੀ ਤੇ ਆਧੁਨਿਕ ਵਿਚਾਰਧਾਰਾ ਦੀ ਭਾਰਤ ਨੂੰ ਬਹੁਤ ਜ਼ਰੂਰਤ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪਾਪ ਦੀ ਬੇੜੀ ਕਦੋਂ ਡੁੱਬੇਗੀ?


*ਮਚਲੇ ਢੱਗਿਆਂ ਵਾਂਗਰਾਂ ਹੋਈ ਜਨਤਾ,*
*ਲਾਈ ਆਰ ਵੀ ਚਮੜੀ 'ਚ ਖੁੱਭਦੀ ਨਹੀਂ।*
*ਪਹਿਰੇਦਾਰ ਕੂਕਣ 'ਚੋਰ ਚੋਰ' ਕਹਿ ਕੇ,*
*ਸੁੱਤੇ ਲੋਕਾਂ ਨੂੰ ਜਾਗਣ ਦੀ ਸੁੱਝਦੀ ਨਹੀਂ।*
*ਪਰਦੇ ਫਾਸ਼ ਵੀ ਹੁੰਦੇ ਨੇ ਕਪਟੀਆਂ ਦੇ,*
*ਤਾਂ ਵੀ ਗੱਲ ਸਚਿਆਰਾਂ ਦੀ ਪੁੱਗਦੀ ਨਹੀਂ।*
*ਸਾਂਭ ਲਈਆਂ ਹਕੂਮਤਾਂ ਲੋਟੂਆਂ ਨੇ,*
*ਏਨੀ ਗੱਲ ਵੀ ਪਰਜਾ ਨੂੰ ਚੁਭਦੀ ਨਹੀਂ।*
*ਖ਼ੂਨ ਪੀਣੀਆਂ ਜੋਕਾਂ ਦੀ ਜਿੱਤ ਹੁੰਦੀ,*
*ਪਰਖ ਰਹੀ ਕੋਈ ਸ਼ੁਭ-ਅਸ਼ੁਭ ਦੀ ਨਹੀਂ।*
*ਚਾਲੇ ਦੇਖ ਲਓ ਕਲਯੁਗੀ ਸਮੇਂ ਵਾਲੇ,*
*ਬੇੜੀ ਪਾਪ ਦੀ ਭਰ ਕੇ ਵੀ ਡੁੱਬਦੀ ਨਹੀਂ।*

## ਨਗਾਰਾ

- ਸੰਤ ਸੰਧੂ

| | |
|---|---|
| **ਮੰਦਵਾੜਾ** | : ਲੌਂਗ ਕਰਾਉਣਾ ਸੀ, ਨਾ ਮੁੱਕੀਆਂ ਘਰਾਂ ਦੀਆਂ ਗਰਜ਼ਾਂ। |
| **ਸੋਨੀਆ ਗਾਂਧੀ** | : ਦੰਮੜੀ ਦਾ ਸੱਕ ਮਲ਼ ਕੇ, ਮੁੰਡਾ ਮੋਹ ਲਿਆ ਤਵੀਤਾਂ ਵਾਲਾ। |
| **ਸੰਤ ਸੀਚੇਵਾਲ** | : ਕਾਲੇ ਬਾਗ ਵਿਚ ਜੋਗੀੜਾ ਸਿੱਧ ਦਾਤਾ, ਉਸ ਦੇ ਕਦਮ ਪਾਇਆਂ ਦੁੱਖ ਜਾਂਵਦੇ ਨੇ। |
| **ਅਫਸਰਸ਼ਾਹੀ** | : ਬਾਸ਼ਕ ਨਾਗ ਕਰੰਡੀਏ ਮੇਂਡ ਭੱਸ਼ਕ, ਛੀਣੇ ਤਿੱਤਰੇ ਸਭ ਨਿਉਂ ਆਂਵਦੇ ਨੇ। |
| **ਮੋਤਾ ਸਿੰਘ ਸਰਾਏ** | : ਵਾਰਸ ਸ਼ਾਹ ਸਦਾਈਏ ਵੈਦ ਰਾਂਝਾ, ਜਿਸ ਥੇ ਦਰਦ ਅਸਾਡੇ ਦੀ ਪੁੜੀ ਹੈ ਨੀ। |
| **ਕਿਸਾਨੀ ਸੰਕਟ** | : ਜੱਟੀ ਕਪਾਹ ਵਿਚ ਬੰਨ੍ਹ ਝੋਲੀ, ਕਾਲਾ ਨਾਗ ਅੱਜ ਗੈਬ ਥੀਂ ਕੜਕਿਆ ਈ। |
| **ਹੰਸ ਰਾਜ ਹੰਸ** | : ਸੈਦਾ ਸੰਗ ਕੇ ਥਰ ਥਰ ਖੜਾ ਕੰਬੇ, ਉਸਦਾ ਅੰਦਰੋਂ ਕਾਲਜਾ ਧੜਕਿਆ ਈ। |
| **ਪੰਜਾਬ** | : ਮਰਨ ਦੇਹ ਜੱਟੀ ਜ਼ਰਾ ਵੈਣ ਸੁਣੀਏ, ਰਾਗ ਨਿਕਲਣ ਰੰਗ ਬਰੰਗ ਦੇ ਜੀ। |
| **ਅਮਰਿੰਦਰ ਸਿੰਘ** | : ਐਵੇਂ ਗਫਲਤਾਂ ਵਿਚ ਬਰਬਾਦ ਕੀਤੀ, ਵਾਰਸ ਸ਼ਾਹ ਇਹ ਉਮਰ ਵਿਚਾਰੜੀ ਵੋ। |
| **ਦਿੱਲੀ** | : ਕੌਰਵ ਦੇਸ਼ ਦਾ ਸ਼ਹਿਰ ਇਉਂ ਜਾਣੋ, ਵੱਡੇ ਲੋਹੜੇ 'ਤੇ ਕਹਿਰ ਕਮਾਂਵਦਾ ਏ। |
| **ਜਗਦੀਸ਼ ਸਿੰਘ ਵਰਿਆਮ** | : ਅੱਠੇ ਪਹਿਰ ਖ਼ੁਦਾ ਦੀ ਬੰਦਗੀ 'ਚ, ਤੁਸੀਂ ਨਫਸ ਸ਼ੈਤਾਨ ਨੂੰ ਮਾਰਦੇ ਹੋ। |
| **ਕਾਰ ਸੇਵਾ ਕਾਲੀ ਵੇਈਂ** | : ਜੋਗੀ ਚੱਲਿਆ ਰੂਹ ਦੀ ਕਲਾ ਹਿੱਲੀ, ਤਿਤਰ ਬੋਲਿਆ ਸ਼ਗਨ ਮਨਾਵਣੇ ਨੇ। |
| **ਓਸੇਨ ਬੋਲਟ** | : ਵੀਰ ਤੇਰੇ ਫੁਲਕੇ ਨੂੰ, ਖੰਡ ਦਾ ਪ੍ਰੇਥਣ ਲਾਵਾਂ। |

*ਉਹ ਜੱਜ ਹੀ ਕੀ, ਜਿਹੜਾ ਸਾਰੀ ਦੁਨੀਆਂ ਨੂੰ ਨਿਆਂ ਥੱਲੇ ਲਿਆਉਣਾ ਚਾਹੇ ਅਤੇ ਆਪਣੇ ਆਪ ਨੂੰ ਨਿਆਂ ਦੇ ਉਪਰ ਕਰ ਲਏ। ਜੱਜ ਨੂੰ ਹਿੰਦੀ ਵਿਚ 'ਨਿਆਂਮੂਰਤੀ' ਕਹਿੰਦੇ ਹਨ, ਮਤਲਬ ਉਹ ਨਿਆਂ ਦੀ ਸਪੱਸ਼ਟ ਮੂਰਤ ਹੈ। ਉਹ ਨਿਆਂਮੂਰਤੀ ਹੀ ਕੀ, ਜਿਹੜਾ ਦੂਜਿਆਂ 'ਤੇ ਤਾਂ ਨਿਆਂ ਲਾਗੂ ਕਰੇ ਅਤੇ ਖੁਦ ਨੂੰ ਉਸ ਤੋਂ ਬਰੀ ਕਰ ਲਏ। ਕੀ ਇਹ ਦੁਖਦ ਨਹੀਂ ਕਿ ਫਰਵਰੀ 2009 ਵਿਚ ਸੁਪਰੀਮ ਕੋਰਟ ਨੇ ਸੂਚਨਾ ਕਮਿਸ਼ਨ ਨੂੰ ਜੱਜਾਂ ਦੀ ਜਾਇਦਾਦ ਦਾ ਬਿਓਰਾ ਦੇਣ ਤੋਂ ਮਨ੍ਹਾਂ ਕਰ ਦਿੱਤਾ ਅਤੇ ਦਿੱਲੀ ਹਾਈ ਕੋਰਟ ਨੂੰ ਕਿਹਾ ਕਿ ਇਸ ਮੁੱਦੇ 'ਤੇ ਉਹ ਫੈਸਲਾ ਕਰੇ? ਇਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਜੱਜਾਂ ਦੀ ਅਸਲੀ ਮਨਸ਼ਾ ਕੀ ਹੈ।*




# ਭਾਰਤੀ ਜੱਜਾਂ ਦੀ ਜਾਇਦਾਦ ਜਨਤਕ ਕੀਤੇ ਜਾਣ ਬਾਰੇ ਵਿਵਾਦ

ਜੱਜਾਂ ਦੀ ਜਾਇਦਾਦ ਦੇ ਸਵਾਲ 'ਤੇ ਸਰਕਾਰ ਨੂੰ ਹਾਰ ਖਾਣੀ ਪਈ ਹੈ। ਰਾਜ ਸਭਾ ਵਿਚ ਪੇਸ਼ ਹੋਣ ਵਾਲਾ ਬਿਲ ਮੁਲਤਵੀ ਕਰ ਦਿੱਤਾ ਗਿਆ ਹੈ। ਰਾਜ ਸਭਾ ਦੇ ਸੰਸਦ ਵਧਾਈ ਦੇ ਪਾਤਰ ਹਨ ਅਤੇ ਸਰਕਾਰ ਵੀ, ਜਿਸ ਨੇ ਬਿਲ ਵਾਪਸ ਲੈ ਲਿਆ। ਪਰ ਸਾਰਿਆਂ ਨੂੰ ਹੈਰਾਨੀ ਹੈ ਕਿ ਸਰਕਾਰ ਇਸ ਤਰ੍ਹਾਂ ਦਾ ਬਿਲ ਲਿਆਈ ਹੀ ਕਿਉਂ? ਇਹ ਉਹ ਸਰਕਾਰ ਹੈ, ਜਿਸ ਨੇ ਸੂਚਨਾ ਦੇ ਅਧਿਕਾਰ ਨੂੰ ਆਪਣਾ ਜੇਤੂ ਮੰਤਰ ਬਣਾਇਆ ਸੀ। ਹੁਣ ਜੱਜਾਂ ਦੀ ਜਾਇਦਾਦ ਬਾਰੇ ਸੂਚਨਾ ਮੰਗੀ ਜਾਵੇ ਅਤੇ ਇਹੀ ਸਰਕਾਰ ਉਸ ਸੂਚਨਾ ਨੂੰ ਦਬਾਉਣ ਵਿਚ ਜੁਟ ਜਾਵੇ ਤਾਂ ਉਸ ਨੂੰ ਕੀ ਕਿਹਾ ਜਾਵੇਗਾ? ਜੱਜਾਂ ਦੇ ਚਲਦਿਆਂ ਇਹ ਸਰਕਾਰ ਬਦਨਾਮ ਕਿਉਂ ਹੋਣਾ ਚਾਹੁੰਦੀ ਹੈ? ਉਹ ਆਪਣੇ ਹੀ ਪੁੱਤਰ ਦਾ ਗਲਾ ਕਿਉਂ ਦਬਾਉਣਾ ਚਾਹੁੰਦੀ ਹੈ?

ਸੂਚਨਾ ਦਾ ਅਧਿਕਾਰ ਇਸ ਸਰਕਾਰ ਦੀ ਭਾਰਤ ਨੂੰ ਸਭ ਤੋਂ ਵਧੀਆ ਦੇਣ ਹੈ। ਜੇਕਰ ਇਹ ਬਿਲ ਪਾਸ ਹੋ ਜਾਂਦਾ ਤਾਂ ਇਹ ਨਿਰਵਿਵਾਦ ਹੀ ਮੰਨ ਲਿਆ ਜਾਂਦਾ ਕਿ ਸੂਚਨਾ ਦਾ ਅਧਿਕਾਰ ਕਾਨੂੰਨ ਦੀ ਮੌਤ ਹੋ ਗਈ ਹੈ। ਛੋਟੇ-ਮੋਟੇ ਮੌਕਿਆਂ ਅਤੇ ਛੋਟੇ-ਮੋਟੇ ਮਾਮਲਿਆਂ 'ਤੇ ਸਰਕਾਰ ਕਿਸੇ ਨੂੰ ਸੂਚਨਾ ਦੇ ਵੀ ਦਿੰਦੀ ਤਾਂ ਇਸ ਵਿਚ ਉਹ ਕਿਹੜਾ ਤੀਰ ਮਾਰ ਦਿੰਦੀ? ਅਸਲੀ ਮਸਲਾ ਤਾਂ ਇਹ ਹੈ ਕਿ ਦੇਸ਼ ਵਿਚ ਜਿਹੜਾ ਸਭ ਤੋਂ ਤਾਕਤਵਰ ਹੈ ਅਤੇ ਜਿਹੜਾ ਸਭ ਤੋਂ ਜ਼ਿਆਦਾ ਵਿਸ਼ੇਸ਼ ਹੈ, ਉਸ

**ਵੇਦ ਪ੍ਰਤਾਪ ਵੈਦਿਕ**

ਬਾਰੇ ਜਨਤਾ ਨੂੰ ਸੂਚਨਾ ਹਾਸਲ ਕਰਨ ਦਾ ਅਧਿਕਾਰ ਹੈ ਜਾਂ ਨਹੀਂ? ਇਸ ਮਹੱਤਵਪੂਰਨ ਅਧਿਕਾਰ ਤੋਂ ਇਹ ਸਰਕਾਰ ਦੇਸ਼ ਦੀ ਜਨਤਾ ਨੂੰ ਵਾਂਝਾ ਕਿਉਂ ਕਰਨਾ ਚਾਹੁੰਦੀ ਹੈ? ਇਸ ਦੇ ਕਾਰਨ ਕੀ ਹਨ? ਇਸ ਦਾ ਇਕ ਵੱਡਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਹ ਮੰਤਰੀਆਂ ਦੀ ਜਾਇਦਾਦ ਵੀ ਲੁਕਾਉਣਾ ਚਾਹੁੰਦੀ ਹੋਵੇ। ਚੋਣ ਕਮਿਸ਼ਨ ਸਾਹਮਣੇ ਸਾਰੇ ਉਮੀਦਵਾਰਾਂ ਨੂੰ ਜਾਇਦਾਦ ਦਾ ਖੁੱਲ੍ਹਾ ਐਲਾਨ ਕਰਨਾ ਪੈਂਦਾ ਹੈ। ਪਰ ਚੋਣਾਂ ਤਾਂ ਪੰਜ ਸਾਲਾਂ ਵਿਚ ਇਕ ਵਾਰੀ ਆਉਂਦੀਆਂ ਹਨ। ਕੋਈ ਵੀ ਵਿਅਕਤੀ ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਣਨ ਤੋਂ ਬਾਅਦ ਪੰਜ ਸਾਲ ਤੱਕ ਜੰਮ ਕੇ ਭ੍ਰਿਸ਼ਟਾਚਾਰ ਕਰ ਸਕਦਾ ਹੈ। ਇਸ ਦੌਰਾਨ ਉਸ ਦੀ ਜਾਇਦਾਦ ਦਾ ਖੁੱਲ੍ਹਾ ਐਲਾਨ ਕਿਤੇ ਵੀ ਜ਼ਰੂਰੀ ਨਹੀਂ ਹੈ। ਹਾਂ, ਲੁਕਵੇਂ ਐਲਾਨ ਦੀ ਵਿਵਸਥਾ ਹੈ। ਮੰਤਰੀ ਅਤੇ ਜੱਜ ਆਪਣੀ ਜਾਇਦਾਦ ਦਾ ਬਿਓਰਾ ਕ੍ਰਮਵਾਰ ਪ੍ਰਧਾਨ ਮੰਤਰੀ ਅਤੇ ਮੁੱਖ ਜੱਜ ਕੋਲ ਜਮ੍ਹਾਂ ਕਰਵਾ ਸਕਦੇ ਹਨ। ਇਸ ਬਿਓਰੇ 'ਤੇ ਪਰਦਾ ਪਿਆ ਰਹੇ ਅਤੇ ਇਹ ਸੂਚਨਾ ਦੇ ਅਧਿਕਾਰ ਵਿਚ ਨਾ ਆਵੇ, ਇਹੀ ਉਹ ਗੁਪਤ ਇੱਛਾ ਹੈ, ਜਿਸ ਨੇ ਸਰਕਾਰ ਨੂੰ ਪ੍ਰੇਰਿਤ ਕੀਤਾ ਹੋਵੇਗਾ ਕਿ ਕਿਉਂ ਨਾ ਉਹ ਬਾਕਾਇਦਾ ਇਕ ਬਿਲ ਹੀ ਲੈ ਆਵੇ। ਪਹਿਲਾਂ ਜੱਜਾਂ ਨੂੰ ਛੁਡਾ ਲਓ ਤੇ ਫਿਰ ਉਨ੍ਹਾਂ ਦੀ ਆੜ ਵਿਚ ਮੰਤਰੀ ਤਾਂ ਆਪਣੇ ਆਪ ਛੁੱਟ ਜਾਣਗੇ।

ਇਸ ਤਰ੍ਹਾਂ ਦਾ ਬਿਲ ਲਿਆਉਣ ਦਾ ਦੂਜਾ ਕਾਰਨ ਸਾਡੇ ਆਪਣੇ ਜੱਜ ਲੋਕ ਹਨ। ਉਹ ਬਿਨਾ ਵਜ੍ਹਾ ਹੀ ਡਰੇ ਹੋਏ ਹਨ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਉਨ੍ਹਾਂ ਦੀ ਜਾਇਦਾਦ ਦਾ ਖੁੱਲ੍ਹਾ ਐਲਾਨ ਹੋਣ ਲੱਗਾ ਤਾਂ ਉਹ ਠੀਕ ਤਰ੍ਹਾਂ ਨਾਲ ਨਿਆਂ ਨਹੀਂ ਕਰ ਸਕਣਗੇ। ਮੁਕੱਦਮੇ ਵਿਚ ਜਿਹੜਾ ਵੀ ਹਾਰੇਗਾ, ਉਹ ਸਬੰਧਤ ਜੱਜ ਨੂੰ ਉਸ ਦੀ ਜਾਇਦਾਦ ਦੇ ਬਿਓਰਿਆਂ ਵਿਚ ਫਸਾਏਗਾ। ਸਾਰੀ ਅਦਾਲਤ ਦੀ ਪ੍ਰਤਿਸ਼ਠਾ ਹੀ ਗਰਕ ਹੋ ਕੇ ਰਹਿ ਜਾਵੇਗੀ। ਇਹ ਤਰਕ ਨਿਰਆਧਾਰ ਨਹੀਂ ਹੈ, ਪਰ ਅਜਿਹੀਆਂ ਸੰਭਾਵਨਾਵਾਂ ਦੇ ਵਿਰੁਧ ਅਨੇਕ ਠੋਸ ਕਦਮ ਚੁੱਕੇ ਜਾ ਸਕਦੇ ਹਨ। ਜੱਜਾਂ ਨੂੰ ਬਦਨਾਮ ਕਰਨ ਦੀ ਮਨਸ਼ਾ ਜਿਥੇ ਵੀ ਦਿਸੇ, ਉਥੇ ਸਖ਼ਤ ਸਜ਼ਾ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਦੀ ਸੁਰੱਖਿਆ ਮੰਤਰੀਆਂ ਨੂੰ ਵੀ ਦਿੱਤੀ ਜਾ ਸਕਦੀ ਹੈ। ਇਹ ਸੁਰੱਖਿਆ ਹਰੇਕ ਵਿਅਕਤੀ ਨੂੰ ਮਿਲਣੀ ਚਾਹੀਦੀ ਹੈ।

ਪਰ ਸਾਡੇ ਜੱਜ ਜ਼ਰੂਰਤ ਤੋਂ ਜ਼ਿਆਦਾ ਸੰਵੇਦਨਸ਼ੀਲ ਹਨ। ਅਜਿਹਾ ਹੋਣਾ ਜ਼ਰੂਰੀ ਵੀ ਹੈ, ਕਿਉਂਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਇਮਾਨਦਾਰ ਹਨ। ਪਰ ਜੇਕਰ ਉਹ ਇਮਾਨਦਾਰ ਹਨ ਤਾਂ ਉਨ੍ਹਾਂ ਨੂੰ ਡਰ ਕਿਸ ਗੱਲ ਦਾ? ਕਿਤੇ ਜੈਸੇ ਨੂੰ ਤੈਸਾ ਵਾਲੀ ਗੱਲ ਤਾਂ ਨਹੀਂ? ਉਨ੍ਹਾਂ ਨੂੰ ਤਾਂ ਅੱਗੇ ਹੋ ਕੇ ਆਪਣੀਆਂ ਜਾਇਦਾਦਾਂ ਦਾ ਐਲਾਨ ਕਰਨਾ ਚਾਹੀਦਾ, ਜਿਸ ਤਰ੍ਹਾਂ ਸਾਬਕਾ ਮੁੱਖ ਜੱਜ ਨਿਆਂਮੂਰਤੀ ਜੇ.ਐਸ. ਵਰਮਾ ਨੇ ਕੀਤਾ ਸੀ। ਜੇਕਰ ਖੁੱਲ੍ਹੇ ਐਲਾਨ ਵਿਚ ਉਹ ਆਨਾ-ਕਾਨੀ ਕਰਦੇ ਹਨ ਤਾਂ ਇਸ ਦਾ ਮਤਲਬ ਇਹ ਹੈ ਕਿ ਦਾਲ ਵਿਚ ਕੁਝ ਕਾਲਾ ਹੈ। ਸਾਬਕਾ ਮੁੱਖ ਜੱਜ ਨਿਆਂਮੂਰਤੀ ਐਸ.ਪੀ. ਭਰੂਚਾ ਨੇ ਇਕ ਵਾਰੀ ਕਿਹਾ ਸੀ ਕਿ ਲਗਭਗ 20 ਪ੍ਰਤੀਸ਼ਤ ਜੱਜਾਂ ਦੀ ਇਮਾਨਦਾਰੀ ਸ਼ੱਕੀ ਹੈ। ਹੇਠਲੇ ਪੱਧਰਾਂ 'ਤੇ ਤਾਂ ਇਹ ਪ੍ਰਤੀਸ਼ਤ ਕਿਤੇ ਜ਼ਿਆਦਾ ਹੈ।

ਹਾਲੇ ਕੁਝ ਦਿਨ ਪਹਿਲਾਂ ਹਰਿਆਣਾ ਦੇ ਇਕ ਜੱਜ ਨੇ 15 ਲੱਖ ਰੁਪਏ ਨਗਦ ਫੜਵਾਏ ਸਨ। ਇਹ ਰਕਮ ਗਲਤ ਜੱਜ ਦੇ ਕੋਲ ਪਹੁੰਚ ਗਈ ਸੀ। ਇਕ ਮੁੱਖ ਜੱਜ ਦੇ ਰਿਸ਼ਤੇਦਾਰਾਂ ਵਲੋਂ ਨੋਇਡਾ ਵਿਚ ਜ਼ਮੀਨ ਦੀ ਬਾਂਦਰ ਵੰਡ ਦਾ ਮਾਮਲਾ ਵੀ ਉਛਲਿਆ ਸੀ। ਕੁਝ ਦੇਰ ਪਹਿਲਾਂ ਕਲਕੱਤਾ ਦੇ ਨਿਆਂਇਕ ਭ੍ਰਿਸ਼ਟਾਚਾਰ ਨੇ ਅਖ਼ਬਾਰਾਂ ਦੇ ਮੁੱਖ ਪੰਨਿਆਂ ਦੀ ਰੰਗਤ ਵਧਾਈ ਸੀ। ਗਾਜ਼ੀਆਬਾਦ ਵਿਚ ਭਵਿੱਖ ਨਿਧੀ ਕਾਂਡ ਵਿਚ ਜੱਜਾਂ ਦਾ ਹੱਥ ਹੋਣਾ ਵੀ ਪਤਾ ਲੱਗਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਹੁੰਦੀਆਂ ਹਨ, ਪਰ ਇਹ ਅਪਵਾਦ ਹੈ। ਕਈ ਸਾਲਾਂ ਤੱਕ ਹਜ਼ਾਰਾਂ-ਲੱਖਾਂ ਮੁਕੱਦਮਿਆਂ ਦੇ ਫੈਸਲੇ ਮੁਕੰਮਲ ਰੂਪ ਵਿਚ ਸਹੀ ਹੁੰਦੇ ਹਨ। ਹਾਰਨ ਅਤੇ ਜਿੱਤਣ ਵਾਲੇ ਉਨ੍ਹਾਂ ਫੈਸਲਿਆਂ ਨੂੰ ਤਹਿ ਦਿਲੋਂ ਸਵੀਕਾਰ ਕਰਦੇ ਹਨ। ਇਸ ਲਈ ਸਾਡੇ ਦੇਸ਼ ਵਿਚ ਜੱਜਾਂ ਦੀ ਇੱਜ਼ਤ ਸਭ ਤੋਂ ਜ਼ਿਆਦਾ ਹੈ। ਸਾਂਸਦਾਂ, ਮੰਤਰੀਆਂ ਅਤੇ ਪੱਤਰਕਾਰਾਂ ਤੋਂ ਵੀ ਜ਼ਿਆਦਾ। ਜੇਕਰ ਜੱਜ ਆਪਣੀ ਜਾਇਦਾਦ ਲੁਕਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੀ ਇਸ ਇੱਜ਼ਤ 'ਤੇ ਹਮਲਾ ਹੋਏ ਬਿਨਾ ਨਹੀਂ ਰਹੇਗਾ।

ਜੱਜਾਂ ਦੀ ਇਸ ਇੱਜ਼ਤ ਕਾਰਨ ਹੀ ਸਰਕਾਰ ਨੇ ਆਪਣੇ ਬਿਲ ਨੂੰ ਜੱਜਾਂ ਵਿਚ ਘੁਮਾਇਆ ਅਤੇ ਉਨ੍ਹਾਂ ਦੀ ਸਲਾਹ ਲਈ। ਉਨ੍ਹਾਂ ਦੀ ਸਲਾਹ ਨੂੰ ਬਿਲ ਦੀ ਧਾਰਾ 6 (1) ਵਿਚ ਜੋੜਿਆ ਅਤੇ ਉਨ੍ਹਾਂ ਦੀ ਜਾਇਦਾਦ 'ਤੇ ਪੂਰਾ ਪਰਦਾ ਪਾ ਦਿੱਤਾ। ਉਹ ਆਪਣੀ ਜਾਇਦਾਦ ਦਾ ਬਿਓਰਾ ਮੁੱਖ ਜੱਜ ਨੂੰ ਦੇ ਦੇਣਗੇ, ਪਰ ਉਸ 'ਤੇ ਕੋਈ ਵਿਅਕਤੀ, ਕੋਈ ਅਦਾਲਤ, ਕੋਈ ਸੰਸਥਾ ਕਿਸੇ ਵੀ ਤਰ੍ਹਾਂ ਦਾ ਸਵਾਲ ਨਹੀਂ ਕਰ ਸਕੇਗੀ। ਉਸ 'ਤੇ ਚਰਚਾ ਜਾਂ ਜਾਂਚ ਦਾ ਤਾਂ ਸਵਾਲ ਹੀ ਨਹੀਂ ਉਠਦਾ। ਖ਼ੁਦ ਮੁੱਖ ਜੱਜ ਵੀ ਕੁਝ ਨਹੀਂ ਕਰ ਸਕਣਗੇ। ਇਸ ਤੋਂ ਵੱਡਾ ਮਜ਼ਾਕ ਹੋਰ ਕੀ ਹੋਵੇਗਾ? ਇਹ ਸੂਚਨਾ ਦੇ ਅਧਿਕਾਰ ਦੀ ਉਲੰਘਣਾ ਹੈ। ਇਹ ਸੰਵਿਧਾਨ ਦਾ ਉਲੰਘਣ ਹੈ। ਇਹ ਸਮਾਨਤਾ ਦੇ ਅਧਿਕਾਰ ਦੀਆਂ ਧੱਜੀਆਂ ਉਡਾਉਣਾ ਹੈ। ਇਹ ਨਿਆਂ ਦਾ ਅਪਮਾਨ ਹੈ।

ਉਹ ਜੱਜ ਹੀ ਕੀ, ਜਿਹੜਾ ਸਾਰੀ ਦੁਨੀਆਂ ਨੂੰ ਨਿਆਂ ਥੱਲੇ ਲਿਆਉਣਾ ਚਾਹੇ ਅਤੇ ਆਪਣੇ ਆਪ ਨੂੰ ਨਿਆਂ ਦੇ ਉਪਰ ਕਰ ਲਏ। ਜੱਜ ਨੂੰ ਹਿੰਦੀ ਵਿਚ 'ਨਿਆਂਮੂਰਤੀ' ਕਹਿੰਦੇ ਹਨ, ਮਤਲਬ ਉਹ ਨਿਆਂ ਦੀ ਸਪੱਸ਼ਟ ਮੂਰਤ ਹੈ। ਉਹ ਨਿਆਂਮੂਰਤੀ ਹੀ ਕੀ, ਜਿਹੜਾ ਦੂਜਿਆਂ 'ਤੇ ਤਾਂ ਨਿਆਂ ਲਾਗੂ ਕਰੇ ਅਤੇ ਖ਼ੁਦ ਨੂੰ ਉਸ ਤੋਂ ਬਰੀ ਕਰ ਲਏ। ਕੀ ਇਹ ਦੁਖਦ ਨਹੀਂ ਕਿ ਫਰਵਰੀ 2009 ਵਿਚ ਸੁਪਰੀਮ ਕੋਰਟ ਨੇ ਸੂਚਨਾ ਕਮਿਸ਼ਨ ਨੂੰ ਜੱਜਾਂ ਦੀ ਜਾਇਦਾਦ ਦਾ ਬਿਓਰਾ ਦੇਣ ਤੋਂ ਮਨ੍ਹਾਂ ਕਰ ਦਿੱਤਾ ਅਤੇ ਦਿੱਲੀ ਹਾਈ ਕੋਰਟ ਨੂੰ ਕਿਹਾ ਕਿ ਇਸ ਮੁੱਦੇ 'ਤੇ ਉਹ ਫੈਸਲਾ ਕਰੇ? ਇਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਜੱਜਾਂ ਦੀ ਅਸਲੀ ਮਨਸ਼ਾ ਕੀ ਹੈ। ਉਨ੍ਹਾਂ ਤੋਂ ਚੰਗੇ ਤਾਂ ਸਾਡੇ ਨੇਤਾ ਲੋਕ ਨਿਕਲੇ।

ਉਨ੍ਹਾਂ ਨੇ ਆਪਣੀ ਜਾਇਦਾਦ ਦਾ ਖੁੱਲ੍ਹਾ ਐਲਾਨ ਕਰਨ ਦਾ ਫੈਸਲਾ ਸਹਿਜ ਨਾਲ ਮੰਨ ਲਿਆ। ਉਹ ਚਾਹੁੰਦੇ ਤਾਂ 2003 ਦੇ ਸੁਪਰੀਮ ਕੋਰਟ ਦੇ ਉਸ ਫੈਸਲੇ ਨੂੰ ਕਾਨੂੰਨ ਬਣਾ ਕੇ ਉਲਟਾ ਸਕਦੇ ਸਨ, ਜਿਨ੍ਹਾਂ ਨੇ ਆਪਣੀ ਗਰਦਨ ਆਰੇ ਥੱਲੇ ਰੱਖ ਦਿੱਤੀ, ਉਹ ਹੁਣ ਜੱਜਾਂ ਨੂੰ ਕਿੰਦਾਂ ਬਚ ਕੇ ਨਿਕਲ ਦੇਣਗੇ? ਇਸ ਲਈ ਰਾਜ ਸਭਾ ਦਾ ਸਾਰਾ ਸਦਨ ਇਸ ਮੁੱਦੇ 'ਤੇ ਇਕਮੱਤ ਹੋ ਗਿਆ। ਕਾਂਗਰਸ ਦੇ ਕੁਝ ਮੈਂਬਰਾਂ ਨੇ ਤਾਂ ਸਪੱਸ਼ਟ ਵਿਰੋਧ ਵੀ ਕੀਤਾ। ਲੱਗਦਾ ਹੈ ਸਰਕਾਰ ਅਤੇ ਕਾਂਗਰਸ ਪਾਰਟੀ ਵਿਚ ਅੱਜ ਕੱਲ੍ਹ ਤਾਲਮੇਲ ਠੀਕ-ਠਾਕ ਨਹੀਂ ਹੈ।


ਨਹੀਂ ਤਾਂ ਇਸ ਦੀ ਕੀ ਵਜ੍ਹਾ ਹੈ ਕਿ ਸ਼ਰਮ-ਅਲ-ਸ਼ੇਖ਼ ਵਾਂਗ ਰਾਜ ਸਭਾ ਵਿਚ ਵੀ ਸਰਕਾਰ ਨੂੰ ਪਿੱਛੇ ਹਟਣਾ ਪਿਆ ?

ਹੁਣ ਜੇਕਰ ਇਹ ਬਿਲ ਦੁਬਾਰਾ ਲਿਆਂਦਾ ਜਾਵੇ ਤਾਂ ਉਸ ਵਿਚੋਂ ਜੱਜਾਂ ਅਤੇ ਮੰਤਰੀਆਂ 'ਤੇ ਸੂਚਨਾ ਦਾ ਅਧਿਕਾਰ ਮਾਸਾ ਜਿਹਾ ਹੋਰ ਜ਼ਿਆਦਾ ਸਖ਼ਤੀ ਨਾਲ ਲਾਗੂ ਕੀਤਾ ਜਾਵੇ, ਕਿਉਂਕਿ ਚੋਣ ਉਮੀਦਵਾਰਾਂ ਦੇ ਮੁਕਾਬਲੇ ਇਹ ਕਿਤੇ ਜ਼ਿਆਦਾ ਜ਼ਿੰਮੇਵਾਰੀ ਅਤੇ ਸ਼ਕਤੀ ਵਾਲੇ ਅਹੁਦਿਆਂ 'ਤੇ ਬੈਠੇ ਹੁੰਦੇ ਹਨ।


# ਭਾਰਤੀ ਰਾਜਨੀਤੀ ਵਿਚ ਬਜ਼ੁਰਗਾਂ ਦਾ ਬੋਲਬਾਲਾ ਹੋਇਆ

**ਰਾਮਚੰਦਰ ਗੁਹਾ**

ਆਜ਼ਾਦੀ ਤੋਂ ਬਾਅਦ ਇਨ੍ਹਾਂ ਸੱਠ ਸਾਲਾਂ ਦੌਰਾਨ ਤਿੰਨ ਅਜਿਹੇ ਦੌਰ ਰਹੇ ਹਨ, ਜਦੋਂ ਭਾਰਤ ਨੂੰ ਵਿਦੇਸ਼ ਨੀਤੀ ਦੇ ਮਾਮਲੇ ਵਿਚ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਬੀਤੀ ਸਦੀ ਵਿਚ 40 ਦੇ ਦਹਾਕੇ ਵਿਚ, ਜਦੋਂ ਠੰਡੀ ਜੰਗ ਸਿਖਰ 'ਤੇ ਸੀ, ਉਦੋਂ ਸਾਨੂੰ ਕਿਸੇ ਇਕ ਪੱਖ ਵਿਚ ਖੜ੍ਹੇ ਹੋਣ ਲਈ ਕਿਹਾ ਗਿਆ। ਇਸ ਤੋਂ ਬਾਅਦ 70 ਦੇ ਸ਼ੁਰੂਆਤੀ ਦੌਰ ਵਿਚ ਪੂਰਬੀ ਪਾਕਿਸਤਾਨ ਵਿਚ ਪੈਦਾ ਹੋਏ ਸੰਕਟ ਨੇ ਸਾਨੂੰ ਉਹ ਕਰਨ ਲਈ ਮਜਬੂਰ ਕਰ ਦਿੱਤਾ, ਜਿਸ ਤੋਂ ਅਸੀਂ 40 ਦੇ ਦਹਾਕੇ ਵਿਚ ਚਲਾਕੀ ਨਾਲ ਬਚ ਗਏ ਸਾਂ। ਇਸ ਸਮੇਂ ਦੌਰਾਨ ਅਸੀਂ ਦੋ ਸੰਸਾਰਕ ਮਹਾਂਸ਼ਕਤੀਆਂ ਨਾਲੋਂ ਸਮਾਨ ਦੂਰੀ ਬਰਕਰਾਰ ਰੱਖਣ ਦੀ ਬਜਾਏ ਹਕੀਕਤ ਵਿਚ ਇਕ ਮਹਾਂਸ਼ਕਤੀ ਨਾਲ ਜੁੜ ਗਏ। ਇਸ ਤੋਂ ਬਾਅਦ ਤੀਜਾ ਦੌਰ ਆਉਂਦਾ ਹੈ, ਜਿਸ ਵਿਚ ਸਾਡੀ ਵਿਦੇਸ਼ ਨੀਤੀ ਦੀ ਕੁਸ਼ਲਤਾ ਦਾ ਟੈਸਟ ਕੀਤਾ ਜਾ ਰਿਹਾ ਹੈ। ਇਹ ਮੌਜੂਦਾ ਦੌਰ ਹੀ ਹੈ। ਇਸ ਸਮੇਂ ਦੌਰਾਨ ਸਾਡੇ ਗੁਆਂਢ ਵਿਚ ਅਸ਼ਾਂਤੀ ਵਾਲਾ ਮਾਹੌਲ ਹੈ। ਪਾਕਿਸਤਾਨ ਤਾਲਿਬਾਨ ਦੇ ਉਭਰਨ ਅਤੇ ਬਲੋਚਿਸਤਾਨ ਵਿਚ ਪੈਦਾ ਹੋਏ ਵਿਦਰੋਹ ਦੀ ਮਾਰ ਝੱਲ ਰਿਹਾ ਹੈ। ਸ੍ਰੀਲੰਕਾ ਹਾਲ ਹੀ ਵਿਚ ਖ਼ੂਨੀ ਗ੍ਰਹਿ ਜੰਗ ਵਿਚੋਂ ਗੁਜ਼ਰਿਆ ਹੈ ਅਤੇ ਹੁਣ ਵੀ ਉਥੇ ਸਥਾਈ ਰੂਪ ਵਿਚ ਸ਼ਾਂਤੀ ਸਥਾਪਨਾ ਦੀ ਕੋਈ ਗਾਰੰਟੀ ਨਹੀਂ ਹੈ। ਨੇਪਾਲ ਸੰਵਿਧਾਨਕ ਲੋਕਤੰਤਰ ਦੇ ਰਸਤੇ ਵਿਚ ਅਸੁਰੱਖਿਅਤ ਢੰਗ ਨਾਲ ਠੋਕਰਾਂ ਖਾ ਰਿਹਾ ਹੈ।





ਬੰਗਲਾਦੇਸ਼ ਵਿਚ ਲੋਕਤੰਤਰੀ ਪ੍ਰਣਾਲੀ ਨੂੰ ਇਕ ਪਾਸੇ ਫੌਜ ਤੋਂ ਤਾਂ ਦੂਜੇ ਪਾਸਿਓਂ ਇਸਲਾਮਿਕ ਕੱਟੜਪੰਥੀਆਂ ਤੋਂ ਖ਼ਤਰਾ ਹੈ। ਇਸ ਤੋਂ ਇਲਾਵਾ ਅਸੀਂ ਅਜਿਹੀ ਦੁਨੀਆਂ ਵਿਚ ਰਹਿ ਰਹੇ ਹਾਂ, ਜਿਥੇ ਆਪਸੀ ਰਿਸ਼ਤੇ ਲਗਾਤਾਰ ਬਦਲਦੇ ਰਹਿੰਦੇ ਹਨ। ਸੰਯੁਕਤ ਰਾਜ ਅਮਰੀਕਾ ਹੁਣ ਵੀ ਇਕਲੌਤੀ ਮਹਾਂਸ਼ਕਤੀ ਬਣਿਆ ਰਹਿਣਾ ਚਾਹੁੰਦਾ ਹੈ, ਉਸ ਦੇ ਦਾਅਵੇ ਨੂੰ ਉਭਰਦੇ ਚੀਨ ਅਤੇ ਜੁਝਾਰੂ ਰੂਸ ਤੋਂ ਤਾਂ ਚੁਣੌਤੀ ਮਿਲ ਹੀ ਰਹੀ ਹੈ, ਯੂਰਪੀ ਯੂਨੀਅਨ ਵੀ ਜ਼ਿਆਦਾ ਵੱਖ ਨਹੀਂ ਹੈ। ਇਸ ਵਿਚਾਲੇ ਤਮਾਮ ਛੋਟੇ ਅਤੇ ਵੱਡੇ ਰਾਸ਼ਟਰਾਂ ਵਿਚਲੇ ਸਬੰਧਾਂ ਵਿਚ ਨਵੀਆਂ ਸਮੱਸਿਆਵਾਂ ਆਉਣ ਲੱਗੀਆਂ ਹਨ। ਬੀਤੇ ਵਿਚ ਦੋ ਪੱਖੀ ਸੰਧੀਆਂ ਮੁੱਖ ਤੌਰ 'ਤੇ ਆਰਥਿਕ, ਰਾਜਨੀਤਕ ਅਤੇ ਸੰਸਕ੍ਰਿਤਕ ਮਾਮਲਿਆਂ 'ਤੇ ਹੁੰਦੀਆਂ ਸਨ। ਅਜਿਹਾ ਹੁਣ ਵੀ ਹੈ, ਪਰ ਹੁਣ ਇਨ੍ਹਾਂ ਵਿਚ ਅਤਿਵਾਦ ਅਤੇ ਵਾਤਾਵਰਣਿਕ ਬਦਲਾਅ ਦੀਆਂ ਤਾਰਾਂ ਵੀ ਜੁੜ ਗਈਆਂ ਹਨ। ਗੁਆਂਢ ਵਿਚ ਅਸਥਿਰਤਾ ਅਤੇ ਸੰਸਾਰਕ ਦ੍ਰਿਸ਼ ਦੀ ਸਖ਼ਤਾਈ ਨੂੰ ਦੇਖਦਿਆਂ ਸਾਡੇ ਸਾਹਮਣੇ ਚੁਣੌਤੀਆਂ ਪਹਿਲਾਂ ਦੇ ਮੁਕਾਬਲੇ ਹੁਣ ਕਿਤੇ ਜ਼ਿਆਦਾ ਮੁਸ਼ਕਿਲ ਹੋ ਸਕਦੀਆਂ ਹਨ। ਇਸ ਸੰਦਰਭ ਵਿਚ ਤਿੰਨ ਸ਼ਖ਼ਸੀਅਤਾਂ ਦੀ ਜਨਮ ਭੋਇੰ 'ਤੇ ਗੌਰ ਕਰ ਲੈਣਾ ਚੰਗਾ ਹੋਵੇਗਾ, ਜਿਹੜਾ ਫਿਲਹਾਲ ਸਾਡੀ ਵਿਦੇਸ਼ ਨੀਤੀ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ। ਇਹ ਤਿੰਨ ਸ਼ਖ਼ਸ ਹਨ- ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਣਾ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਐਮ.ਕੇ. ਨਾਰਾਇਣਨ। ਇਨ੍ਹਾਂ ਤਿੰਨਾਂ ਵਿਚ ਦੋ ਗੱਲਾਂ ਸਮਾਨ ਹਨ- ਉਨ੍ਹਾਂ ਦੀ ਉਮਰ ਅਤੇ ਵਿਦੇਸ਼ ਨੀਤੀ ਦੇ ਕੰਮ ਦਾ ਤਜਰਬਾ।




ਐਸ.ਐਮ. ਕ੍ਰਿਸ਼ਣਾ 77 ਸਾਲਾਂ ਦੇ ਹਨ। ਇਸ ਤੋਂ ਪਹਿਲਾਂ ਉਹ ਕਦੀ ਕੇਂਦਰੀ ਕੈਬਨਿਟ ਵਿਚ ਨਹੀਂ ਰਹੇ। ਉਨ੍ਹਾਂ ਦਾ ਪੂਰਾ ਰਾਜਨੀਤਕ ਕੈਰੀਅਰ ਆਪਣੇ ਗ੍ਰਹਿ ਰਾਜ ਕਰਨਾਟਕ ਵਿਚ ਹੀ ਗੁਜ਼ਰਿਆ ਹੈ, ਜਿਥੇ ਉਹ ਉਪ ਮੁੱਖ ਮੰਤਰੀ ਅਤੇ ਮੁੱਖ ਮੰਤਰੀ ਰਹੇ (ਹਾਲਾਂਕਿ ਬਾਅਦ ਵਿਚ ਉਹ ਮਹਾਰਾਸ਼ਟਰ ਦੇ ਰਾਜਪਾਲ ਵੀ ਰਹੇ)। ਤਕਰੀਬਨ ਪੰਜਾਹ ਸਾਲ ਪਹਿਲਾਂ ਉਨ੍ਹਾਂ ਨੇ ਇਕ ਅਮਰੀਕੀ ਯੂਨੀਵਰਸਿਟੀ ਤੋਂ ਮਾਸਟਰਜ਼ ਡਿਗਰੀ ਹਾਸਲ ਕੀਤੀ ਸੀ। ਹਾਲਾਂਕਿ ਸੰਸਾਰਕ ਅਤੇ ਅੰਤਰਰਾਸ਼ਟਰੀ ਮਸਲਿਆਂ 'ਤੇ ਉਨ੍ਹਾਂ ਦੀ ਜਾਣਕਾਰੀ ਸੀਮਤ ਹੀ ਰਹੀ। ਐਮ.ਕੇ. ਨਾਰਾਇਣਨ 75 ਸਾਲ ਦੇ ਹੋ ਚੁੱਕੇ ਹਨ। ਭਾਰਤੀ ਪੁਲਿਸ ਸੇਵਾ ਦੇ ਅਧਿਕਾਰੀ ਰਹੇ ਨਾਰਾਇਣਨ ਇੰਟੈਲੀਜੈਂਸ ਬਿਊਰੋ ਦੇ ਨਿਰਦੇਸ਼ਕ ਅਹੁਦੇ ਤੋਂ ਰਿਟਾਇਰ ਹੋਏ। ਇਸ ਖੇਤਰ ਵਿਚ ਕ੍ਰਿਸ਼ਣਾ ਵਾਂਗ ਉਨ੍ਹਾਂ ਵਿਚ ਵੀ ਅਨੁਭਵ ਦੀ ਘਾਟ ਸਪੱਸ਼ਟ ਜ਼ਾਹਰ ਹੈ। ਹਕੀਕਤ ਵਿਚ ਕੁਝ ਲੋਕਾਂ ਦਾ ਤਾਂ ਇਥੋਂ ਤੱਕ ਕਹਿਣਾ ਹੈ ਕਿ ਨਾਰਾਇਣਨ ਦਾ ਪੁਲਿਸ ਬੈਕਗ੍ਰਾਊਂਡ ਇਕਾਂਗੀ ਸੋਚ ਨੂੰ ਬੜਾਵਾ ਦਿੰਦਾ ਹੈ, ਜਿਹੜੀ ਅਖੀਰ ਖੇਤਰੀ ਅਤੇ ਸੰਸਾਰਕ ਸ਼ਕਤੀਆਂ ਦੀ ਵਿਆਪਕ ਸਮਝ ਨੂੰ ਬੰਨ੍ਹ ਕੇ ਰੱਖਦੀ ਹੈ। ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਦੋਵੇਂ ਹੀ ਪ੍ਰਧਾਨ ਮੰਤਰੀ ਨੂੰ ਰਿਪੋਰਟ ਕਰਦੇ ਹਨ। ਡਾ. ਮਨਮੋਹਨ ਸਿੰਘ ਦੀ ਸੰਸਾਰਕ ਸਮਝ ਨਿਸ਼ਚਿਤ ਹੀ ਆਪਣੇ ਸਹਿਕਰਮੀਆਂ ਤੋਂ ਜ਼ਿਆਦਾ ਹੈ। ਆਖ਼ਰ ਉਨ੍ਹਾਂ ਨੇ ਸਾਲਾਂ ਤੱਕ ਅੰਤਰਰਾਸ਼ਟਰੀ ਸੰਗਠਨਾਂ ਲਈ ਕੰਮ ਕੀਤਾ ਹੈ ਅਤੇ ਇਕ ਅਰਥਸ਼ਾਸਤਰੀ ਦੇ ਤੌਰ 'ਤੇ ਵਪਾਰਕ ਅਤੇ ਉਦਾਰੀਕਰਨ ਵਿਚ ਉਨ੍ਹਾਂ ਦੀ ਦਿਲਚਸਪੀ ਹੈ। ਉਹ ਕੁਝ ਦੂਜੇ ਪ੍ਰਧਾਨ ਮੰਤਰੀਆਂ ਦੇ ਮੁਕਾਬਲੇ ਘੱਟ ਅਲੱਗ-ਥਲੱਗ ਹਨ। (ਮਿਸਾਲ ਲਈ, ਵੀ.ਪੀ. ਸਿੰਘ ਅਤੇ ਦੇਵਗੌੜਾ) ਫਿਰ ਵੀ ਵਿਦੇਸ਼ ਨੀਤੀ ਵਿਚ ਵਿਅਕਤੀਗਤ ਤੌਰ 'ਤੇ ਉਨ੍ਹਾਂ ਦਾ ਨਿਵੇਸ਼ ਅਤੇ ਦਿਲਚਸਪੀ ਓਨੀ ਨਹੀਂ ਹੈ, ਜਿੰਨੀ ਕਿ ਕੁਝ ਹੋਰ ਪ੍ਰਧਾਨ ਮੰਤਰੀਆਂ (ਜਿਵੇਂ ਕਿ ਜਵਾਹਰ ਲਾਲ ਨਹਿਰੂ) ਦੀ ਸੀ। ਇਸ ਤੋਂ ਇਲਾਵਾ ਉਨ੍ਹਾਂ ਦੀ ਉਮਰ ਅਤੇ ਸਿਹਤ ਵੀ ਇਸ ਮਾਮਲੇ ਵਿਚ ਉਨ੍ਹਾਂ ਦਾ ਸਾਥ ਦਿੰਦੀ ਨਜ਼ਰ ਨਹੀਂ ਆਉਂਦੀ। ਗੌਰਤਲਬ ਹੈ ਕਿ ਡਾ. ਮਨਮੋਹਨ ਸਿੰਘ ਸਤੰਬਰ ਵਿਚ 77 ਸਾਲ ਦੇ ਹੋ ਜਾਣਗੇ ਅਤੇ ਉਨ੍ਹਾਂ ਦੇ ਦਿਲ ਦੀ ਦੋ ਵਾਰੀ ਬਾਈਪਾਸ ਸਰਜਰੀ ਹੋ ਚੁੱਕੀ ਹੈ। ਉਹ ਆਪਣੇ ਤੋਂ ਵੀਹ ਸਾਲ ਛੋਟੇ ਕਿਸੇ ਵਿਅਕਤੀ ਵਾਂਗ ਆਸਾਨੀ ਨਾਲ ਨਿਯਮਿਤ ਵਿਦੇਸ਼ੀ ਦੌਰਿਆਂ ਦਾ ਬੋਝ ਨਹੀਂ ਸੰਭਾਲ ਸਕਦੇ। ਇਸ ਤੋਂ ਇਲਾਵਾ ਉਨ੍ਹਾਂ ਕੋਲ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਤੇ ਵਿਦੇਸ਼ ਮੰਤਰੀ ਤੋਂ ਉਲਟ ਦੂਜੇ ਹੋਰ ਵੀ ਕਈ ਕੰਮ ਹਨ।

ਤੁਲਨਾ ਦੇ ਲਿਹਾਜ ਨਾਲ ਦੇਖੀਏ ਤਾਂ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ 61 ਸਾਲ ਦੀ ਹੈ। ਬ੍ਰਿਟੇਨ ਦੇ ਵਿਦੇਸ਼ ਮੰਤਰੀ ਡੇਵਿਡ ਮਿਲੀਬੈਂਡ ਦੀ ਉਮਰ 44 ਸਾਲ ਹੈ। ਜਰਮਨੀ ਦੇ ਵਿਦੇਸ਼ ਮੰਤਰੀ ਫ੍ਰੈਂਕ-ਵਾਲਟਰ ਸਟੇਨਮੇਅਰ 53 ਸਾਲ ਦੇ ਹਨ। ਪਾਕਿਸਤਾਨੀ ਵਿਦੇਸ਼ ਮੰਤਰੀ ਮਖਦੂਮ ਕੁਰੈਸ਼ੀ ਵੀ ਇੰਨੀ ਹੀ ਉਮਰ ਦੇ ਹਨ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਦੇਸ਼ਾਂ (ਹੋਰ ਦੂਜੇ ਦੇਸ਼ਾਂ ਵਿਚ ਵੀ) ਰਾਸ਼ਟਰੀ ਸੁਰੱਖਿਆ ਸਲਾਹਕਾਰ ਜਾਂ ਇਨ੍ਹਾਂ ਦੇ ਉਲਟ ਅਧਿਕਾਰੀ 50-60 ਸਾਲ ਦੀ ਉਮਰ ਦੇ ਹੋਣਗੇ। ਇਹ ਤਾਂ ਹੋਈ ਉਮਰ ਦੀ ਗੱਲ, ਇਸ ਤੋਂ ਇਲਾਵਾ ਵੀ ਸਾਡੇ ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਦੇ ਮੁਕਾਬਲੇ ਵਿਦੇਸ਼ੀਆਂ ਦੀ ਆਪਣੇ ਖੇਤਰਾਂ ਵਿਚ ਕਾਫੀ ਸ਼ਾਖ ਹੈ। ਵਿਦੇਸ਼ ਮਾਮਲਿਆਂ ਜਾਂ ਰਾਸ਼ਟਰੀ ਸੁਰੱਖਿਆ 'ਤੇ ਕੰਮ ਕਰਨ ਵਾਲੇ ਵਿਅਕਤੀ ਨੂੰ ਹਰ ਵੇਲੇ ਚੌਕਸ ਅਤੇ ਸਾਰੀਆਂ ਸੰਭਾਵਨਾਵਾਂ ਨੂੰ ਲੈ ਕੇ ਸਜੱਗ ਹੋਣਾ ਚਾਹੀਦਾ ਹੈ।

ਉਹ ਆਧੁਨਿਕ ਤਕਨੀਕ ਨਾਲ ਸਹਿਜ ਹੋਵੇ ਅਤੇ ਉਸ ਦੀ ਦੁਨੀਆਂ ਦੇ ਡੂੰਘੇ ਹਿੱਸਿਆਂ ਬਾਰੇ ਵੀ ਦਿਲਚਸਪੀ ਹੋਣੀ ਚਾਹੀਦੀ ਹੈ ਅਤੇ ਉਹ ਜ਼ਰੂਰਤ ਪੈਣ 'ਤੇ ਤੁਰੰਤ ਲੰਬੀ ਦੂਰੀ ਦੀ ਯਾਤਰਾ ਕਰਨ ਲਈ ਤਿਆਰ ਹੋਵੇ। ਇਸ ਦਾ ਮਤਲਬ ਇਹ ਨਹੀਂ ਕਿ ਕੋਈ ਨੌਜਵਾਨ ਹੋਣ ਨਾਲ ਹੀ ਚੰਗਾ ਰਾਜਨੀਤਕ, ਵਿਦੇਸ਼ ਨੀਤੀ ਮਾਹਿਰ ਅਤੇ ਰਣਨੀਤਕ ਚਿੰਤਕ ਹੋ ਸਕਦਾ ਹੈ। ਇਸ ਲਿਹਾਜ਼ ਨਾਲ ਡੇਵਿਡ ਮਿਲੀਬੈਂਡ ਦੀ ਅਨੁਭਵਹੀਣਤਾ 'ਤੇ ਗੌਰ ਕੀਤਾ ਜਾ ਸਕਦਾ ਹੈ।




ਇਸ ਲਈ ਜੋਸ਼ ਅਤੇ ਸਜੱਗਤਾ ਦੇ ਨਾਲ ਸਮਝਦਾਰੀ ਅਤੇ ਤਜਰਬਾ ਵੀ ਚਾਹੀਦਾ ਹੈ। ਪਰ ਜੋਸ਼ ਅਤੇ ਸਜੱਗਤਾ ਤੋਂ ਬਿਨਾ ਸਿਰਫ ਤਜਰਬੇ ਅਤੇ ਸਮਝਦਾਰੀ ਨਾਲ ਕੰਮ ਨਹੀਂ ਚੱਲ ਸਕਦਾ। ਇਸ ਲਈ ਇਕ ਨੁਸਖ਼ਾ ਇਹੀ ਹੋ ਸਕਦਾ ਹੈ ਕਿ ਕਿਸੇ ਅਜਿਹੇ ਵਿਅਕਤੀ ਨੂੰ ਲਿਆਂਦਾ ਜਾਵੇ, ਜਿਸ ਦੀ ਉਮਰ 50 ਸਾਲ ਤੋਂ ਜ਼ਿਆਦਾ, ਪਰ 70 ਤੋਂ ਘੱਟ ਹੋਵੇ।

ਕੋਈ ਇਹ ਸਵਾਲ ਪੁੱਛ ਸਕਦਾ ਹੈ ਕਿ ਪਾਕਿਸਤਾਨ ਅਤੇ ਅਮਰੀਕਾ ਨਾਲ ਹਾਲੀਆ ਗੱਲਬਾਤਾਂ ਦੌਰਾਨ ਸਾਡੇ ਗਲਤ ਫੈਸਲਿਆਂ ਦਾ ਕੀ ਸਾਡੇ ਮੁੱਖ ਵਾਰਤਾਕਾਰਾਂ ਦੀ ਉਮਰ ਨਾਲ ਕੋਈ ਸਬੰਧ ਹੈ ਜਾਂ ਨਹੀਂ? ਚਿੰਤਾਜਨਕ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ, ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸਾਰਿਆਂ ਦੀ ਉਮਰ 75 ਤੋਂ ਜ਼ਿਆਦਾ ਹੈ। ਸੰਸਾਰਕ ਰਾਜਨੀਤੀ ਦੇ ਇਸ ਤੂਫਾਨੀ ਸਮੁੰਦਰ ਵਿਚ ਭਾਰਤੀ ਵਿਵਸਥਾ ਦਾ ਜਹਾਜ਼ ਇਕ ਬਜ਼ੁਰਗ ਵਿਅਕਤੀ ਨਾਲ ਤਾਂ ਚੱਲ ਸਕਦਾ ਹੈ, ਦੋ ਨਾਲ ਵੀ ਚੱਲ ਜਾਏ, ਪਰ ਤਿੰਨ...?

# ਵਾਪਸ ਕਦੇ ਨਾ ਮੁੜਦੇ-ਤੀਰ ਕਮਾਨੋਂ, ਬੋਲ ਜ਼ੁਬਾਨੋਂ

**ਲਿਖਤੁਮ**



**ਤਰਲੋਚਨ ਸਿੰਘ ਦੁਪਾਲਪੁਰ**

"ਕਿੰਨੇ ਭਰਾ ਹੁੰਦੇ ਓ ਬਈ ਤੁਸੀਂ?" ਰਾਹ ਤੁਰੇ ਜਾਂਦੇ ਇਕ ਬੰਦੇ ਨੇ, ਅਚਾਨਕ ਆਣ ਮਿਲੇ ਕਿਸੇ ਨਾਵਾਕਿਫ ਸੱਜਣ ਨੂੰ ਸਵਾਲ ਕੀਤਾ।

"ਚਾਰ ਜੀ" ਅੱਗਿਉਂ ਜਵਾਬ ਮਿਲਿਆ।

"ਜੇ ਭਲਾ ਤੁਸੀਂ ਪੰਜ ਵੀ ਹੁੰਦੇ, ਫੇਰ ਕਿਹੜਾ ਤੁਸੀਂ ਮੇਰੀ ਟੰਗ ਭੰਨ ਲੈਣੀ ਸੀ?"

ਹੋਈ ਨਾ ਉਹੀ ਗੱਲ! ਅਖੇ ਤੂੰ ਕੌਣ? ਮੈਂ ਖਾਹ-ਮ-ਖਾਹ ਜੇ ਆਪਣੇ ਭਰਾਵਾਂ ਦੀ ਗਿਣਤੀ ਦੱਸਣ ਵਾਲਾ ਵਿਅਕਤੀ ਵੀ 'ਖ਼ਰਦਿਮਾਗ' ਹੁੰਦਾ ਅਤੇ ਮੋਹਰਿਉਂ ਆਖ ਦਿੰਦਾ-"ਤੂੰ ਮਾਮਾ ਮਰਦਮਸ਼ੁਮਾਰੀ ਕਰਦਾ ਫਿਰਦੈਂ?-ਤੂੰ ਕੀ ਲੈਣਾ-ਦੇਣੈ ਮੇਰੇ ਭਰਾਵਾਂ ਤੋਂ? ਅਸੀਂ ਜਿੰਨੇ ਮਰਜ਼ੀ ਹੋਈਏ!" ਤਾਂ ਵੀ ਦੋਹਾਂ ਦਾ ਖੜਕਾ-ਦੜਕਾ ਪੱਕਾ ਈ ਸੀ। ਜੇ ਦੂਸਰੇ ਨੇ ਸਾਊਪੁਣਾ ਵਰਤਦਿਆਂ, ਆਪਣੇ ਭਰਾਵਾਂ ਦੀ ਗਿਣਤੀ ਸਹੀ ਸਹੀ ਦੱਸ ਦਿੱਤੀ ਤਾਂ ਵੀ ਪੁੱਛਣ ਵਾਲੇ ਨੇ ਬਿਨ-ਮਤਲਬ 'ਲੱਤ ਭੰਨ ਲੈਣ' ਦੀ ਬੇਲੋੜੀ ਟਿੱਪਣੀ ਕਰਕੇ, ਲੜਾਈ-ਝਗੜੇ ਲਈ ਮਾਹੌਲ ਤਿਆਰ ਕਰ ਲਿਆ। ਇਕ ਹੀ ਤਲਖ਼-ਕਲਾਮੀ ਨੇ ਦੋ ਅਣਜਾਣ ਵਿਅਕਤੀ, ਇਕ ਦੂਜੇ ਦੇ ਦੁਸ਼ਮਣ ਬਣਾ ਦਿੱਤੇ। ਜਿਵੇਂ ਕਹਿੰਦੇ ਨੇ ਕਿ ਹਜ਼ਾਰਾਂ ਮਣ ਲੱਕੜੀ ਦਾ ਢੇਰ, ਇਕ ਚਿੰਗਾਰੀ ਨਾਲ ਹੀ ਸੁਆਹ ਦੀ ਢੇਰੀ ਵਿਚ ਬਦਲਿਆ ਜਾ ਸਕਦਾ ਹੈ।

ਅਕਬਰ-ਬੀਰਬਲ ਦੇ ਦਿਲਚਸਪ ਸਵਾਲ-ਜੁਆਬਾਂ ਨੂੰ ਮਸਾਲੇ ਲਾ ਲਾ ਕੇ ਸੁਣਾਉਣ ਵਾਲਾ ਇਕ ਬਜ਼ੁਰਗ ਦੱਸਿਆ ਕਰਦਾ ਸੀ ਕਿ ਇਕ ਵਾਰੀ ਭਰੀ ਸਭਾ 'ਚ ਬਾਦਸ਼ਾਹ ਅਕਬਰ ਨੇ ਦਰਬਾਰੀਆਂ ਨੂੰ ਦੋ ਸਵਾਲ ਕੀਤੇ। ਪਹਿਲਾ ਇਹ ਕਿ ਆਦਮੀ ਦੇ ਸਰੀਰ ਵਿਚ ਸਭ ਤੋਂ ਚੰਗਾ ਅੰਗ ਕਿਹੜਾ ਹੈ? ਦੂਸਰਾ ਇਹ ਕਿ ਸਭ ਤੋਂ ਮਾੜਾ ਅੰਗ ਕਿਹੜਾ ਹੈ? ਸਾਰਿਆਂ ਨੇ ਹੀ ਕੁਝ ਸਮਾਂ ਸੋਚਣ ਦੀ ਮੋਹਲਤ ਮੰਗੀ। ਆਪਣੀ ਆਪਣੀ ਸੋਚ ਅਨੁਸਾਰ ਕਿਸੇ ਨੇ ਕੋਈ ਮਾੜੇ-ਚੰਗੇ ਅੰਗ ਗਿਣਾਏ, ਕਿਸੇ ਨੇ ਕੋਈ। ਲੇਕਿਨ ਕਿਸੇ ਵੀ ਅਮੀਰ-ਵਜ਼ੀਰ ਦੇ ਜੁਆਬ ਤੋਂ ਅਕਬਰ ਸੰਤੁਸ਼ਟ ਨਾ ਹੋਇਆ। ਅਖੀਰ ਵਿਚ ਇਹ ਦੋਵੇਂ ਸਵਾਲ ਬੀਰਬਲ ਨੂੰ ਪੁੱਛੇ ਗਏ। ਜੋ ਹੁਣ ਤੱਕ ਚੁੱਪ-ਗੜੁੱਪ ਬੈਠਾ ਸੀ। ਉਹ ਉੱਠ ਕੇ ਕਹਿਣ ਲੱਗਾ- "ਬਾਦਸ਼ਾਹ ਸਲਾਮਤ! ਬੰਦੇ ਦੇ ਸਰੀਰ ਵਿਚ ਕੋਈ ਵੀ ਅਲੱਗ ਅਲੱਗ ਚੰਗੇ ਮਾੜੇ ਅੰਗ ਨਹੀਂ, ਸਗੋਂ ਅਜਿਹਾ ਕੇਵਲ ਇਕ ਹੀ ਅੰਗ ਹੈ, ਜੋ ਪੁੱਜ ਕੇ ਚੰਗਾ ਹੈ ਅਤੇ ਸਿਰੇ ਦਾ ਮਾੜਾ ਵੀ!"

ਸਰੀਰ ਦੇ ਅਲੱਗ-ਅਲੱਗ ਅੰਗਾਂ ਦੇ ਔਗੁਣ ਜਾਂ ਚੰਗਿਆਈਆਂ ਬਿਆਨਣ ਵਾਲੇ ਦਰਬਾਰੀ, ਬੀਰਬਲ ਦੀ ਗੱਲ ਸੁਣ ਕੇ 'ਸੁੰਨ' ਹੀ ਹੋ ਗਏ। ਸਾਰਿਆਂ ਨੇ ਇਕ-ਜ਼ੁਬਾਂ ਹੋ ਕੇ ਬਾਦਸ਼ਾਹ ਨੂੰ ਅਰਜ਼ ਕੀਤੀ ਕਿ ਉਹ ਬੀਰਬਲ ਨੂੰ ਆਪਣੇ ਉੱਤਰ ਦੀ ਵਜ਼ਾਹਤ ਕਰਨ ਲਈ ਆਖਣ। ਬਾਦਸ਼ਾਹ ਦਾ ਇਸ਼ਾਰਾ ਮਿਲਦਿਆਂ ਬੀਰਬਲ ਬੋਲਿਆ- "ਹਰੇਕ ਬੰਦੇ ਦੇ ਮੂੰਹ ਵਿਚਲੀ ਜੀਭ ਹੀ ਸਭ ਤੋਂ ਵਧ ਮਾੜੀ ਅਤੇ ਸਭ ਤੋਂ ਵਧ ਚੰਗੀ ਹੁੰਦੀ ਹੈ। ਜਦੋਂ ਇਹ ਜੀਭ ਮਿੱਠੇ ਤੇ ਰਸੀਲੇ ਬਚਨ ਬੋਲਦੀ ਹੈ ਤਾਂ ਬੰਦੇ ਨੂੰ ਮਾਣ-ਸਤਿਕਾਰ ਦਿਵਾਉਂਦੀ ਹੈ। ਉਹੀ ਮਾਣ-ਸਨਮਾਨ ਪ੍ਰਾਪਤ ਕਰਨ ਵਾਲਾ ਆਦਮੀ, ਜਦੋਂ ਉਸੇ ਜੀਭ ਨਾਲ ਕਿਸੇ ਨੂੰ ਗਾਲਾਂ ਕੱਢਦਾ ਹੈ, ਭੈੜਾ ਬੋਲਦਾ ਹੈ, ਤਾਂ ਜੁੱਤੀਆਂ ਖਾਣ ਲਈ ਥਾਂ ਕਰ ਲੈਂਦਾ ਹੈ। ਇਸ ਲਈ ਸਰੀਰ ਦੇ ਕਿਸੇ ਹੋਰ ਅੰਗ ਦੀ ਬਜਾਏ, ਇਹੋ ਜੀਭ ਹੀ ਚੰਗੀ ਤੇ ਮਾੜੀ ਹੁੰਦੀ ਹੈ!"

ਇਸ ਤੱਥ ਵਿਚ ਕਿੰਨਾ ਗਹਿਰਾ ਭੇਦ ਛੁਪਿਆ ਹੋਇਆ ਹੈ। ਕੋਈ ਵਕਤਾ ਬੋਲਦਾ ਹੋਇਆ ਸੈਂਕੜੇ ਹਜ਼ਾਰਾਂ ਸਰੋਤਿਆਂ ਦੇ ਦਿਲਾਂ ਨੂੰ ਸ਼ਾਂਤ ਕਰ ਸਕਦਾ ਹੈ। ਉਸੇ ਜੀਭ ਨਾਲ ਭੜਕੀਲਾ ਲੈਕਚਰ ਕਰਕੇ ਉਹ ਸ਼ਾਂਤ ਮਾਹੌਲ ਨੂੰ ਲਾਂਬੂ ਵੀ ਲਾ ਸਕਦਾ ਹੈ। ਇਸਲਾਮੀ ਦਾਨਿਸ਼ਵਰ ਸ਼ੇਖ ਸ਼ਾਅਦੀ ਨੇ ਇਕ ਬੜੇ ਕਮਾਲ ਦੀ ਪੰਕਤੀ ਲਿਖੀ ਹੈ- 'ਕੌੜਾ ਬੋਲਣ ਵਾਲੇ ਦਾ ਸ਼ਹਿਦ ਵੀ ਨਹੀਂ ਵਿਕਦਾ।' ਇਕ ਥਾਂ ਹੋਰ ਸ਼ੇਖ ਸਾਹਿਬ ਨਸੀਹਤ ਫੁਰਮਾਉਂਦੇ ਹਨ- 'ਤੁਹਾਡੇ ਕੋਲ ਸ਼ਹਿਦ ਹੋਣਾ ਚਾਹੀਦੈ, ਕੀੜੀਆਂ ਆਪੇ ਤੁਰੀਆਂ ਆਉਣਗੀਆਂ।' ਮਿੱਠਾ ਬੋਲਣ ਦੀ ਉਸਤਤਿ 'ਚ ਲਿਖਿਆ ਅਹਿ ਕਥਨ ਪੜ੍ਹੋ ਤਾਂ ਜਰਾ; "ਜਿਸ ਨੂੰ ਮਿੱਠਾ ਬੋਲਣਾ ਆ ਗਿਆ, ਉਸ ਨੂੰ ਆਪਣੀ ਉਦਰਪੂਰਤੀ (ਰੋਟੀ ਪਾਣੀ) ਦੀ ਚਿੰਤਾ ਮੁੱਕ ਜਾਂਦੀ ਹੈ। 'ਰਾਮ ਰਾਮ' ਬੋਲਣ ਵਾਲਾ ਤੋਤਾ ਵੀ ਚੂਰੀ ਖਾਣ ਦਾ ਹੱਕਦਾਰ ਬਣ ਜਾਂਦਾ ਹੈ।"

ਕੁੜੱਤਣ ਭਰੇ ਬੋਲਾਂ ਨਾਲ ਪਏ ਫਸਾਦਾਂ ਦੀਆਂ ਇਤਿਹਾਸਕ ਮਿਸਾਲਾਂ ਦੇਣ ਦੀ ਬਜਾਏ ਇੱਥੇ ਮੈਂ ਆਪਣੇ ਬਚਪਨ ਵਿਚ ਗ੍ਰਹਿਣ ਕੀਤੀਆਂ ਦੋ ਰੌਚਿਕ ਕਥਾਵਾਂ ਲਿਖਣ ਜਾ ਰਿਹਾ ਹਾਂ। ਪਹਿਲੀ ਉਦੋਂ ਦੀ ਹੈ, ਜਦੋਂ ਅਸੀਂ ਪਿੰਡ ਦੇ ਬਾਹਰਵਾਰ ਖੜ੍ਹੇ ਵੱਡੇ ਬੋਹੜ ਦੀਆਂ ਜੜ੍ਹਾਂ ਨੂੰ 'ਘੋੜੇ' ਬਣਾ ਬਣਾ ਖੇਡਦੇ ਹੁੰਦੇ ਸਾਂ।

ਉਥੇ ਰੋਜ਼ਾਨਾ ਹੀ ਦੁਪਹਿਰ ਵੇਲੇ ਖੁੰਢ-ਚਰਚਾ ਚੱਲਦੀ ਹੁੰਦੀ। ਪ੍ਰਮੁੱਖ ਵਕਤਾ ਹੁੰਦਾ ਸੀ ਬਾਬਾ ਪ੍ਰੇਮ ਸਿਉਂ। ਪੇਂਡੂ ਸੱਭਿਆਚਾਰ ਅਤੇ ਆਪਸੀ ਸਾਂਝ ਦੀਆਂ ਬਰਕਤਾਂ ਨੂੰ ਫਨਾਹ ਕਰਨ ਵਾਲੀਆਂ 'ਟੈਲੀਵਿਜ਼ਨੀ ਤੋਪਾਂ' ਦੇ ਅੱਗ-ਵਰ੍ਹਾਊ ਫਾਇਰ ਹਾਲੇ ਸ਼ੁਰੂ ਨਹੀਂ ਸਨ ਹੋਏ, ਇਸ ਕਰਕੇ ਸਾਡਾ ਮਨੋਰੰਜਨ ਉਸ ਸੱਥ ਵਿਚ ਸੁਣੀਆਂ ਗੱਲਾਂ ਨਾਲ ਹੁੰਦਾ ਸੀ, ਜਦੋਂ ਕਦੀ ਵਿਆਹੇ-ਵਰੇ ਗਭਰੇਟ ਮਸਤੀ 'ਚ ਆਏ ਲੂਣ-ਸਲੂਣੀਆਂ ਕਰਨ ਲੱਗਦੇ ਤਾਂ ਅਸੀਂ 'ਗੰਦੀਆਂ ਗੱਲਾਂ ਕਰਦੇ ਆ' ਕਹਿੰਦੇ ਹੋਏ ਉਰੇ-ਪਰੇ ਨੂੰ ਦੁੜੰਗੇ ਮਾਰਦੇ ਵਗ ਜਾਂਦੇ। ਇਕ ਵਾਰ ਇਥੇ ਚੱਲ ਰਹੀ ਕਿਸੇ ਵਾਰਤਾ ਦੇ ਪ੍ਰਥਾਏ, ਬਾਬੇ ਪ੍ਰੇਮੇ ਨੇ ਇਹ ਲੋਕ-ਰੁਚੀ ਸਾਖੀ ਸੁਣਾਈ;

-ਦੋ ਪੇਂਡੂ ਗੱਭਰੂ ਕਿਤੇ ਦੂਰ-ਦੁਰਾਡੇ ਵਾਂਢੇ ਜਾਣ ਲਈ ਪੈਦਲ ਤੁਰੇ ਜਾ ਰਹੇ ਸਨ। ਤੁਰਦਿਆਂ ਤੁਰਦਿਆਂ ਦੁਪਹਿਰ ਹੋ ਗਈ ਤੇ ਉਨ੍ਹਾਂ ਨੂੰ ਭੁੱਖ ਵੀ ਲੱਗ ਗਈ। ਇੰਨੇ ਨੂੰ ਰਾਹ ਵਿਚ ਇਕ ਪਿੰਡ ਆ ਗਿਆ। ਉਨ੍ਹਾਂ ਨੇ ਪਿੰਡ ਵਿਚ ਜਾ ਕੇ ਕਿਸੇ ਘਰੋਂ ਕੁਝ ਖਾ ਲੈਣ ਦੀ ਸੋਚੀ। ਪਿੰਡ ਵੜਦਿਆਂ ਸਾਰ ਉਨ੍ਹਾਂ ਦੀ ਨਜ਼ਰ ਇਕ ਐਸੇ ਘਰ ਵਲ ਪਈ, ਜਿੱਥੇ ਕੋਈ ਬਜ਼ੁਰਗ ਮਾਤਾ ਚੁੱਲੇ-ਚੌਕੇ ਵਿਚ ਰੁੱਝੀ ਹੋਈ ਸੀ। ਦਰਵਾਜ਼ਾ ਲੰਘ ਕੇ ਦੋਹਾਂ ਨੇ ਮਾਈ ਦੇ ਗੋਡੀਂ ਹੱਥ ਲਾਇਆ ਅਤੇ ਕੁਝ ਖਾਣ ਪੀਣ ਲਈ ਮੰਗਿਆ। ਆਦਰ-ਭਾਅ ਨਾਲ ਦੋਹਾਂ ਜਣਿਆਂ ਨੂੰ ਮੰਜੀ 'ਤੇ ਬਹਾਉਂਦਿਆਂ ਮਾਤਾ ਕਹਿਣ ਲੱਗੀ ਕਿ ਪੁੱਤਰੋ ਮੈਂ ਹੁਣੇ ਹੀ ਖਿਚੜੀ ਚੁੱਲ੍ਹੇ 'ਤੇ ਧਰੀ ਹੈ। ਬੁਰਕੀ ਬੁਰਕੀ ਤੁਸੀਂ ਵੀ ਖਾ ਲਿਉ। ਦੋਵੇਂ ਗੱਭਰੂ ਬੀਬੇ ਰਾਣੇ ਬਣ ਕੇ ਮੰਜੀ ਉੱਪਰ ਸਜ ਗਏ।

ਤਿਆਰ ਹੋਈ ਖਿਚੜੀ ਥਾਲੀਆਂ ਵਿਚ ਪਾ ਕੇ ਮਾਤਾ ਨੇ ਦੋਹਾਂ ਮੂਹਰੇ ਪਰੋਸ ਦਿੱਤੀ। ਖਿਚੜੀ ਖਾਣੀ ਸ਼ੁਰੂ ਕਰਨ ਦੀ ਥਾਂ, ਦੋਵੇਂ ਜਣੇ ਮਾਤਾ ਦੇ ਵਿਹੜੇ 'ਚ ਬੱਝੀ ਸੱਜਰ ਸੂਈ-ਮੱਝ ਵਲ ਦੇਖ ਕੇ ਕਹਿੰਦੇ-"ਮਾਂ ਅਹਿ ਮੱਝ ਬੜੀ ਭਾਰੀ ਐ!"

"ਆਹੋ ਪੁੱਤਰੋ, ਮੈਂ ਰੀਝਾਂ ਨਾਲ ਪਾਲੀ ਹੋਈ ਹੈ...ਵੰਡ ਵੜੇਵੇਂ ਮੈਂ ਕਦੇ ਮੁੱਕਣ ਨਹੀਂ ਦਿੱਤੇ!" ਮਾਤਾ ਨੇ ਆਪਣੀ ਮਹਿੰ ਦੀ ਸਿਫਤ ਸੁਣ ਕੇ ਜਵਾਬ ਦਿੱਤਾ।

"ਪਰ ਮਾਤਾ ਤੂੰ ਇਕ ਗਲਤੀ ਕਰ ਗਈ!"

"ਕਿਹੜੀ ਪੁੱਤ?" ਹੈਰਾਨ ਹੁੰਦੀ ਹੋਈ ਮਾਈ ਬੋਲੀ।

"ਆਪਣਾ ਦਰਵਾਜ਼ਾ ਬੜਾ ਤੰਗ ਰੱਖਿਐ!"

"ਮੈਂ ਸਮਝੀ ਨੀਂ ਪੁੱਤ...!" ਦੋਹਾਂ ਦੇ ਮੂੰਹਾਂ ਵਲ ਗਹੁ ਨਾਲ ਤੱਕਦਿਆਂ ਮਾਈ ਨੇ ਪੁੱਛਿਆ।

"ਆਹੀ, ਕਿ ਜੇ ਤੇਰੀ ਮੱਝ ਮਰ ਜਾਏ ਤਾਂ ਇਨੇ ਭੀੜੇ ਦਰਵਾਜ਼ੇ ਵਿਚੋਂ ਬਾਹਰ ਕਿਵੇਂ ਕੱਢੀ ਜਾ ਸਕੇਗੀ?" ਏਨੀ ਸੁਣਦਿਆਂ ਮਾਈ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਦੋਹਾਂ ਦੇ ਮੌਰਾਂ ਵਿਚ ਇਕ ਸੋਟਾ ਜੜਿਆ। ਬਜ਼ੁਰਗ ਮਾਈ ਕੋਲੋਂ ਛਿੱਤਰ-ਪ੍ਰੇਡ ਕਰਵਾ ਕੇ ਜਦੋਂ ਉਹ ਦਰਵਾਜ਼ਾ ਟੱਪਣ ਲੱਗੇ ਤਾਂ ਮਾਤਾ ਨੇ ਖਿਝ ਕੇ, ਥਾਲੀਆਂ ਵਿਚ ਪਾਈ ਹੋਈ ਖਿਚੜੀ ਦੋਹਾਂ ਦੀਆਂ ਪਿੱਠਾਂ 'ਤੇ ਵਗਾਹ ਮਾਰੀ। ਦੋਵੇਂ ਮੁੰਡੇ ਨਿੰਮੋਝੂਣੇ ਜਿਹੇ ਹੋ ਕੇ ਗਲੀ ਗਲੀ ਤੁਰੇ ਜਾ ਰਹੇ ਸਨ। ਇਨ੍ਹਾਂ ਦੇ ਕੱਪੜਿਆਂ 'ਚੋਂ ਚੌਲਾਂ ਦੀ ਪਿੱਛ ਚੋਂਦੀ ਦੇਖ ਕੇ ਕਿਸੇ ਪੇਂਡੂ ਨੇ ਪੁੱਛਿਆ ਕਿ ਜਵਾਨੋ ਤੁਹਾਡੇ ਕੁੜਤਿਆਂ 'ਚੋਂ ਕੀ ਚੋਅ ਰਿਹਾ ਹੈ?

"ਸਾਡੀ ਜ਼ੁਬਾਨ ਦਾ ਰਸ!" ਬੇਸੁਰਾ ਜਿਹਾ ਮੂੰਹ ਬਣਾ ਕੇ ਮੁੰਡਿਆਂ ਨੇ ਜਵਾਬ ਦਿੱਤਾ।

ਦੂਸਰੀ 'ਬਾਤ' ਉਦੋਂ ਦੀ ਹੈ, ਜਦੋਂ ਮੈਂ ਅੱਠਵੀਂ ਜਮਾਤ ਦਾ ਵਿਦਿਆਰਥੀ ਸਾਂ। ਸਾਡੇ ਇਲਾਕੇ ਦੇ ਪੜ੍ਹੇ ਲਿਖੇ ਪਿੰਡ ਵਜੋਂ ਜਾਣੇ ਜਾਂਦੇ ਦੌਲਤਪੁਰ ਤੋਂ ਦੋ ਅਧਿਆਪਕ ਸਾਡੇ ਪਿੰਡ ਦੇ ਮਿਡਲ ਸਕੂਲ ਆ ਲੱਗੇ। ਸ. ਗੁਰਮੇਲ ਸਿੰਘ ਸਾਨੂੰ ਅੰਗਰੇਜ਼ੀ ਪੜ੍ਹਾਇਆ ਕਰਦੇ ਸਨ ਅਤੇ ਸ. ਤਰਸੇਮ ਸਿੰਘ ਪੰਜਾਬੀ। ਪਹਿਲੇ ਤਾਂ ਸਨ ਚੁੱਪ-ਚੁੱਪ ਤਬੀਅਤ ਵਾਲੇ, ਪਰ ਸ. ਤਰਸੇਮ ਸਿੰਘ ਬੜੇ ਹੀ ਹਸਮੁੱਖ ਅਤੇ ਲਤੀਫੇਬਾਜ਼ ਸੁਭਾਅ ਦੇ ਮਾਲਕ ਸਨ। ਸਕੂਲੀ ਪਾਠ-ਪੁਸਤਕਾਂ ਤੋਂ ਇਲਾਵਾ ਉਹ ਸਾਨੂੰ ਲੋਕ-ਸਾਹਿਤ ਦੀਆਂ ਸਿੱਖਿਆਦਾਇਕ ਕਹਾਣੀਆਂ ਤੇ ਟੋਟਕੇ ਵੀ ਬਹੁਤ ਸੁਣਾਇਆ ਕਰਦੇ ਸਨ। ਉਨ੍ਹਾਂ ਦੇ ਸਾਈਕਲ ਦੀ ਟੋਕਰੀ ਵਿਚ ਪਈ 'ਨਵਾਂ ਜ਼ਮਾਨਾ' ਅਖ਼ਬਾਰ ਮੈਂ ਅੱਧੀ ਛੁਟੀ ਵੇਲੇ ਪੜ੍ਹਦਾ ਹੁੰਦਾ ਸਾਂ। ਜਮਾਤ ਦਾ ਮਨੀਟਰ ਹੋਣ ਕਰਕੇ ਇਕ ਵੇਰ ਉਨ੍ਹਾਂ ਨੇ ਚੈੱਕ ਕੀਤੇ ਹੋਏ ਪੇਪਰ ਮੈਨੂੰ ਵੰਡਣ ਲਈ ਦਿੱਤੇ। ਆਪ ਉਹ ਕੁਰਸੀ 'ਤੇ ਡੰਡਾ ਲੈ ਕੇ ਬਹਿ ਗਏ ਤਾਂ ਕਿ ਪੇਪਰਾਂ 'ਚੋਂ ਘੱਟ ਨੰਬਰ ਲੈਣ ਵਾਲੇ ਮੁੰਡਿਆਂ ਦਾ 'ਵਜੰਤਰ' ਕਰ ਸਕਣ। ਪੇਪਰਾਂ ਦਾ ਬੰਡਲ ਹੱਥ 'ਚ ਲੈ ਕੇ ਮੈਂ ਖੜ੍ਹਾ ਖੜ੍ਹਾ ਬੋਲੀ ਜਾ ਰਿਹਾ ਸਾਂ-ਫਲਾਣਾ ਸਿੰਘ ਰੋਲ ਨੰ. ਐਨਾ, ਨੰਬਰ ਐਨੇ।

ਜਦ ਕਿਸੇ ਮੁੰਡੇ-ਕੁੜੀ ਦੇ ਪੇਪਰ 'ਤੇ ਜ਼ੀਰੋ ਬਟਾ ਸੌ ਲਿਖਿਆ ਹੁੰਦਾ ਤਾਂ ਮੈਂ ਹੁਸ਼ਿਆਰ ਹੋਣ ਦੇ ਹੰਕਾਰ 'ਚ ਫੁੱਲ ਕੇ ਇੰਜ ਬੋਲਦਾ... "ਰੂਪ ਲਾਲ, ਗੋਲ ਅੰਡਾ...ਸੁਰਜੀਤ ਸਿੰਘ, ਮੁਰਗੇ ਦਾ ਅੰਡਾ!" ਤਿੰਨ ਚਾਰ ਵਾਰੀ ਚਾਮ੍ਹਲ ਚਾਮ੍ਹਲ ਕੇ ਮੈਨੂੰ ਇੰਜ ਕਹਿੰਦਿਆਂ ਦੇਖ ਕੇ, ਮਾਸਟਰ ਜੀ ਨੇ ਇਕ ਦਮ ਮੈਨੂੰ ਟੋਕਿਆ; "ਬੱਚੂ, ਮਨੀਟਰਪੁਣੇ ਦੀ ਆਕੜ ਵਿਚ ਤੂੰ ਜਿਹੜਾ 'ਗੋਲ ਅੰਡਾ-ਗੋਲ ਅੰਡਾ' ਕਹੀ ਜਾਨੈਂ, ਇਨ੍ਹਾਂ ਨੂੰ ਸਾਰੀ ਉਮਰ ਇਹਦਾ ਚੇਤਾ ਰਹਿਣੈ!" ਮੇਰੀ ਮਾੜਚੂ ਜਿਹੀ ਸਿਹਤ ਵਲ ਇਸ਼ਾਰਾ ਕਰਕੇ ਕਹਿਣ ਲੱਗੇ- "ਛੁੱਟੀ ਵੇਲੇ ਘਰ ਨੂੰ ਜਾਂਦਿਆਂ, ਇਹ ਕਿਤੇ ਤੇਰਾ ਈ 'ਗੋਲ ਅੰਡਾ' ਨਾ ਬਣਾ ਦੇਣ!" ਥਰਮਾਮੀਟਰ ਦੇ ਪਾਰੇ ਵਾਂਗ ਮੇਰੀ ਹਉਮੈ ਥੱਲੇ ਨੂੰ ਆ ਗਈ। ਪੇਪਰ-ਵੰਡ ਸਿਲਸਿਲਾ ਕੁਝ ਚਿਰ ਲਈ ਰੋਕਦਿਆਂ ਉਨ੍ਹਾਂ ਮੈਨੂੰ ਮੁਖਾਤਿਬ ਕਰਕੇ, ਸਾਰੀ ਜਮਾਤ ਨੂੰ 'ਮੂੰਹ ਸੰਭਾਲ ਕੇ ਬੋਲਣ' ਦੀ ਤਾਕੀਦ ਕਰਦੀ ਨੀਤੀ ਕਥਾ ਸੁਣਾਈ।

ਇਕ ਲੱਕੜ ਹਾਰੇ ਦਾ ਜੰਗਲੀ ਜਾਨਵਰਾਂ ਨਾਲ ਗੂੜ੍ਹ ਪਿਆਰ ਪੈ ਗਿਆ। ਉਹ ਕਦੇ ਆਪਣੇ ਨਾਲ ਬਾਂਦਰ ਨੂੰ ਘਰੇ ਲੈ ਆਉਂਦਾ ਕਦੀ ਹਿਰਨ ਨੂੰ। ਇਨ੍ਹਾਂ ਦੀ ਚੰਗੀ ਟਹਿਲ ਪਾਣੀ ਕਰਦਾ। ਇਕ ਦਿਨ ਉਹ ਸ਼ੇਰ ਨੂੰ ਆਪਣੇ ਨਾਲ ਲੈ ਆਇਆ। ਸ਼ੇਰ ਨੂੰ ਬੈਠਕ ਵਿਚ ਬਹਾ ਕੇ, ਲੱਕੜਹਾਰਾ ਰਸੋਈ ਵਿਚ ਚਲਾ ਗਿਆ। ਜਦ ਉਸਦੀ ਪਤਨੀ ਨੂੰ ਪਤਾ ਲਗਾ ਕਿ ਅੱਜ ਉਹਦਾ ਪਤੀ ਸ਼ੇਰ ਘਰੇ ਲੈ ਆਇਆ ਹੈ, ਉਹ ਇਕ ਦਮ ਡਰ ਗਈ ਤੇ ਘਰਵਾਲੇ ਨੂੰ ਕਹਿੰਦੀ, "ਇਹ ਸ਼ੇਰ ਤਾਂ ਬੜਾ ਖ਼ੂਨੀ ਜਾਨਵਰ ਹੁੰਦਾ ਹੈ। ਭੁੱਖ ਲੱਗਣ 'ਤੇ ਜਿਹੜਾ ਮੂਹਰੇ ਆਵੇ, ਉਸ ਨੂੰ ਪਾੜ ਸੁੱਟਦੈ। ਇਹ ਨਹੀਂ ਕਿਸੇ ਦਾ ਵੀ ਮਿੱਤ ਹੁੰਦਾ...ਇਹਨੂੰ ਹੁਣੇ ਘਰੋਂ ਦਫਾ ਕਰ...ਮੈਂ ਨਹੀਂ ਇਹਦੇ ਲਈ ਕੁਝ ਵੀ ਬਣਾਉਣਾ!"

ਲੱਕੜਹਾਰਾ ਪਤਨੀ ਦੇ ਹਾੜ੍ਹੇ ਕੱਢਣ ਲੱਗਾ ਕਿ ਇਹ ਸ਼ੇਰ ਮੇਰਾ ਪੱਕਾ ਮਿੱਤਰ ਹੈ। ਇਸ ਨੂੰ ਬੁਰਾ-ਭਲਾ ਨਾ ਆਖ। ਪਤੀ ਪਤਨੀ ਦਾ ਇਹ ਵਾਰਤਾਲਾਪ ਸ਼ੇਰ ਦੇ ਕੰਨੀਂ ਵੀ ਪੈ ਗਿਆ। ਰਸੋਈ ਵਿਚੋਂ ਬਾਹਰ ਆਏ ਲੱਕੜਹਾਰੇ ਨੂੰ ਸ਼ੇਰ ਆਖਣ ਲੱਗਾ ਕਿ ਭਰਾਵਾ, ਮੈਂ ਕੁਝ ਨਹੀਂ ਖਾਣਾ ਪੀਣਾ। ਬੱਸ ਮੇਰੀ ਇਕ ਮੰਗ ਪੂਰੀ ਕਰਦੇ। ਉਹ ਇਹ ਕਿ ਆਪਣੇ ਕੁਹਾੜੇ ਨਾਲ ਮੇਰੇ ਸਿਰ ਵਿਚ ਇਕ ਟੱਕ ਮਾਰ ਦੇ? ਵਿਚਾਰਾ ਲੱਕੜਹਾਰਾ ਆਪਣੇ ਦੋਸਤ ਦੀ ਇਹ ਅਜੀਬ ਮੰਗ ਸੁਣ ਕੇ ਪ੍ਰੇਸ਼ਾਨ ਹੋ ਉੱਠਿਆ। ਉਸਨੂੰ ਸ਼ਸ਼ੋਪੰਜ 'ਚ ਪਿਆ ਦੇਖ ਕੇ ਸ਼ੇਰ ਗੁਰਰਾਇਆ- "ਛੇਤੀ ਟੱਕ ਲਾ ਦੇ ਨਹੀਂ ਤਾਂ ਸਾਰੇ ਟੱਬਰ ਨੂੰ ਮਾਰ ਦਊਂ!" ਡਰਦੇ ਮਾਰੇ ਲੱਕੜਹਾਰੇ ਨੇ ਸ਼ੇਰ ਦੇ ਸਿਰ ਦੇ ਗੱਭੇ ਕੁਹਾੜੇ ਦਾ ਟੱਕ ਮਾਰ 'ਤਾ। ਜ਼ਖ਼ਮੀ ਹੋਇਆ ਸ਼ੇਰ, ਚੁੱਪ ਚਾਪ ਜੰਗਲ ਵਲ ਚਲਾ ਗਿਆ।

ਸ਼ੇਰ ਦੇ ਇਸ ਅਜੀਬੋ-ਗਰੀਬ ਵਰਤਾਰੇ ਦਾ ਭੇਤ ਉਸ ਦਿਨ ਖੁੱਲ੍ਹਿਆ। ਜਦੋਂ ਮਹੀਨੇ ਕੁ ਬਾਅਦ ਉਹੀ ਸ਼ੇਰ ਲੱਕੜਹਾਰੇ ਦੇ ਘਰੇ ਆ ਕੇ ਉਸ ਨੂੰ ਆਪਣਾ ਸਹੀ ਸਲਾਮਤ ਹੋਇਆ ਜ਼ਖ਼ਮ ਦਿਖਾਉਂਦਿਆਂ ਕਹਿੰਦਾ; "ਲੱਕੜਹਾਰੇ ਭਰਾਵਾ, ਤੇਰੇ ਕੁਹਾੜੇ ਦਾ ਘਾਉ ਤਾਂ ਮੇਰੇ ਸਿਰ ਤੋਂ ਮਿਟ ਗਿਆ ਹੈ, ਪਰ ਤੇਰੀ ਵਹੁਟੀ ਦੇ ਮਾਰੇ ਹੋਏ ਮਿਹਣਿਆਂ ਦੇ ਜ਼ਖ਼ਮ, ਮੇਰੇ ਦਿਲ ਤੋਂ ਕਦੇ ਵੀ ਨਹੀਂ ਮਿਟਣੇ!"

ਇਸ ਤੋਂ ਮਗਰੋਂ ਮਾਸਟਰ ਜੀ ਨੇ ਵਾਰਿਸ ਸ਼ਾਹ ਦਾ ਇਕ ਬੈਂਤ ਬੋਲਿਆ ਸੀ, ਜਿਸ ਦਾ ਭਾਵ-ਅਰਥ ਕੁਝ ਐਸਾ ਸੀ; ਵਾਪਸ ਕਦੇ ਨਾ ਮੁੜਦੇ, ਤੀਰ ਕਮਾਨੋਂ ਬੋਲ ਜ਼ੁਬਾਨੋਂ!

***ਸਾਰਿਆਂ ਨੇ ਇਕ-ਜ਼ੁਬਾਂ ਹੋ ਕੇ ਬਾਦਸ਼ਾਹ ਨੂੰ ਅਰਜ਼ ਕੀਤੀ ਕਿ ਉਹ ਬੀਰਬਲ ਨੂੰ ਆਪਣੇ ਉੱਤਰ ਦੀ ਵਜ਼ਾਹਤ ਕਰਨ ਲਈ ਆਖਣ। ਬਾਦਸ਼ਾਹ ਦਾ ਇਸ਼ਾਰਾ ਮਿਲਦਿਆਂ ਬੀਰਬਲ ਬੋਲਿਆ-"ਹਰੇਕ ਬੰਦੇ ਦੇ ਮੂੰਹ ਵਿਚਲੀ ਜੀਭ ਹੀ ਸਭ ਤੋਂ ਵਧ ਮਾੜੀ ਅਤੇ ਸਭ ਤੋਂ ਵਧ ਚੰਗੀ ਹੁੰਦੀ ਹੈ। ਜਦੋਂ ਇਹ ਜੀਭ ਮਿੱਠੇ ਤੇ ਰਸੀਲੇ ਬਚਨ ਬੋਲਦੀ ਹੈ ਤਾਂ ਬੰਦੇ ਨੂੰ ਮਾਣ-ਸਤਿਕਾਰ ਦਿਵਾਉਂਦੀ ਹੈ। ਉਹੀ ਮਾਣ-ਸਨਮਾਨ ਪ੍ਰਾਪਤ ਕਰਨ ਵਾਲਾ ਆਦਮੀ, ਜਦੋਂ ਉਸੇ ਜੀਭ ਨਾਲ ਕਿਸੇ ਨੂੰ ਗਾਲ੍ਹਾਂ ਕੱਢਦਾ ਹੈ, ਭੈੜਾ ਬੋਲਦਾ ਹੈ ਤਾਂ ਜੁੱਤੀਆਂ ਖਾਣ ਲਈ ਥਾਂ ਕਰ ਲੈਂਦਾ ਹੈ। ਇਸ ਲਈ ਸਰੀਰ ਦੇ ਕਿਸੇ ਹੋਰ ਅੰਗ ਦੀ ਬਜਾਏ, ਇਹੋ ਜੀਭ ਹੀ ਚੰਗੀ ਤੇ ਮਾੜੀ ਹੁੰਦੀ ਹੈ!"***

**ਜੇ. ਕਾਫਕਾ**

# ਕਾਨੂੰਨ ਤੱਕ ਪਹੁੰਚਣ ਦੀ ਅਸਫਲ ਕੋਸ਼ਿਸ਼ ਦਾ ਕਿੱਸਾ

ਕਾਨੂੰਨ ਦੇ ਅੱਗੇ ਇਕ ਦਰਬਾਨ ਖੜ੍ਹਾ ਹੈ। ਇਸੇ ਦਰਬਾਨ ਕੋਲ ਇਕ ਪੇਂਡੂ ਆਉਂਦਾ ਹੈ ਅਤੇ ਕਾਨੂੰਨ ਸਾਹਵੇਂ ਪੇਸ਼ ਹੋਣ ਲਈ ਆਗਿਆ ਮੰਗਦਾ ਹੈ। ਪਰ ਦਰਬਾਨ ਕਹਿੰਦਾ ਹੈ, "ਇਸ ਵੇਲੇ ਮੈਂ ਤੈਨੂੰ ਪੇਸ਼ ਹੋਣ ਦੀ ਆਗਿਆ ਨਹੀਂ ਦੇ ਸਕਦਾ।"

ਪੇਂਡੂ ਕੁਝ ਸੋਚਦਾ ਹੈ ਤੇ ਫਿਰ ਪੁੱਛਦਾ ਹੈ, "ਕੀ ਕਦੇ ਪਿਛੋਂ ਮੈਨੂੰ ਪੇਸ਼ ਹੋਣ ਦਿੱਤਾ ਜਾਊਗਾ?"

ਦਰਬਾਨ ਬੋਲਦਾ ਹੈ, "ਇਹ ਹੋ ਸਕਦਾ ਹੈ, ਪਰ ਇਸ ਵੇਲੇ ਨਹੀਂ।"

ਦਰਵਾਜ਼ਾ ਆਮ ਦਿਨਾਂ ਵਾਂਗ ਖੁੱਲ੍ਹਾ ਹੋਇਆ ਹੈ। ਪੇਂਡੂ ਦਰਵਾਜ਼ੇ ਵਿਚ ਦੀ ਝਾਕ ਕੇ ਅੱਗੇ ਵੇਖਦਾ ਹੈ। ਇਹ ਵੇਖ ਕੇ ਦਰਬਾਨ ਹੱਸਦਾ ਹੈ ਤੇ ਕਹਿੰਦਾ ਹੈ, "ਜੇ ਤੂੰ ਏਨਾ ਹੀ ਉਤਾਵਲਾ ਹੈ ਤਾਂ ਮੇਰੇ ਮਨ੍ਹਾਂ ਕਰਨ ਦੇ ਬਾਵਜੂਦ ਅੰਦਰ ਜਾਣ ਦੀ ਕੋਸ਼ਿਸ਼ ਕਰ ਕੇ ਵੇਖ ਲੈ। ਪਰ ਚੇਤੇ ਰੱਖ, ਮੈਂ ਤਗੜਾ ਹਾਂ, ਹਾਲਾਂਕਿ ਮੈਂ ਸਾਰੇ ਦਰਬਾਨਾਂ ਤੋਂ ਛੋਟਾ ਹਾਂ। ਇਕ ਕਮਰੇ ਤੋਂ ਦੂਜੇ ਕਮਰੇ ਤਕ ਹਰ ਦਰਵਾਜ਼ੇ 'ਤੇ ਇਕ ਦਰਬਾਨ ਖੜ੍ਹਾ ਹੈ ਅਤੇ ਹਰ ਦਰਬਾਨ ਪਹਿਲੇ ਦਰਬਾਨ ਤੋਂ ਜ਼ਿਆਦਾ ਤਾਕਤਵਰ ਹੈ। ਤੀਸਰਾ ਦਰਬਾਨ ਤਾਂ ਏਨਾ ਭਿਆਨਕ ਹੈ ਕਿ ਮੈਂ ਵੀ ਉਸ ਵਲ ਵੇਖਣ ਦਾ ਹੌਸਲਾ ਨਹੀਂ ਕਰ ਸਕਦਾ!"

ਪੇਂਡੂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਕਾਨੂੰਨ ਨੂੰ ਮਿਲਣ ਵਿਚ ਏਨੀਆਂ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ। ਉਹ ਤਾਂ ਇਹੀ ਸਮਝਦਾ ਸੀ ਕਿ ਕਾਨੂੰਨ ਤਕ ਹਰ ਆਦਮੀ ਦੀ ਪਹੁੰਚ ਹਰ ਸਮੇਂ ਆਸਾਨੀ ਨਾਲ ਹੋਣੀ ਚਾਹੀਦੀ ਹੈ। ਪ੍ਰੰਤੂ ਹੁਣ ਜਦੋਂ ਉਸ ਨੇ ਤਿਖੀ ਨੱਕ ਅਤੇ ਵਿਰਲੀ-ਕਾਲੀ ਦਾੜ੍ਹੀ ਵਾਲੇ ਦਰਬਾਨ ਨੂੰ ਫਰ ਦਾ ਕੋਟ ਪਾਈ ਨੇੜਿਓਂ ਵੇਖਿਆ ਤਾਂ ਉਸ ਨੇ ਫੈਸਲਾ ਕੀਤਾ ਕਿ ਅੰਦਰ ਜਾਣ ਦੀ ਇਜਾਜ਼ਤ ਮਿਲਣ ਤਕ ਇੰਤਜ਼ਾਰ ਕਰਨਾ ਹੀ ਚੰਗਾ ਹੈ।

ਦਰਬਾਨ ਉਸ ਨੂੰ ਇਕ ਸਟੂਲ ਲੈ ਕੇ ਇਕ ਪਾਸੇ ਬੈਠ ਜਾਣ ਦਿੰਦਾ ਹੈ, ਜਿਥੇ ਉਹ ਦਿਨਾਂ ਅਤੇ ਸਾਲਾਂ ਬੱਧੀ ਬੈਠਾ ਰਹਿੰਦਾ ਹੈ। ਇਸ ਦੌਰਾਨ ਉਹ ਅੰਦਰ ਜਾਣ ਦੀਆਂ ਕੋਸ਼ਿਸ਼ਾਂ ਕਰਦਾ ਹੈ ਅਤੇ ਆਪਣੀ ਹਿੰਡ ਕਾਰਨ ਦਰਬਾਨ ਨੂੰ ਖਿਝਾਅ ਦਿੰਦਾ ਹੈ। ਦਰਬਾਨ ਉਸ ਨਾਲ ਅਕਸਰ ਟੁੱਟੀ ਫੁੱਟੀ ਗੱਲਬਾਤ ਕਰਦਾ ਹੈ। ਉਹ ਉਸ ਦੇ ਘਰ ਅਤੇ ਹੋਰ ਕਈ ਚੀਜ਼ਾਂ ਸਬੰਧੀ ਸਵਾਲ ਪੁੱਛਦਾ ਹੈ, ਪਰ ਇਹ ਸਵਾਲ ਅਨਮੰਨੇ ਢੰਗ ਨਾਲ ਪੁੱਛੇ ਜਾਂਦੇ ਹਨ, ਜਿਵੇਂ ਕੋਈ ਵੱਡਾ ਜੱਜ ਪੁੱਛਦਾ ਹੈ ਅਤੇ ਹਮੇਸ਼ਾ ਇਹ ਗੱਲਬਾਤ ਇਸ ਫੈਸਲੇ ਨਾਲ ਖ਼ਤਮ ਹੁੰਦੀ ਹੈ ਕਿ ਹਾਲੇ ਪੇਂਡੂ ਨੂੰ ਅੰਦਰ ਜਾਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਪੇਂਡੂ ਸਫਰ ਲਈ ਵਾਹਵਾ ਚੀਜ਼ਾਂ ਨਾਲ ਲਿਆਇਆ ਸੀ, ਇਸ ਤੋਂ ਸਿਵਾ ਹੋਰ ਜੋ ਕੁਝ ਵੀ ਉਸ ਕੋਲ ਸੀ, ਉਹ ਦਰਬਾਨ ਨੂੰ ਰਿਸ਼ਵਤ ਦੇਣ ਲਈ ਨਿਛਾਵਰ ਕਰਦਾ ਰਿਹਾ। ਦਰਬਾਨ ਹਮੇਸ਼ਾ ਇਹ ਕਬੂਲ ਕਰਦਾ ਹੋਇਆ ਵੀ ਇਹੀ ਕਹਿੰਦਾ ਰਿਹਾ, "ਮੈਂ ਇਹ ਚੀਜ਼ਾਂ ਤੈਥੋਂ ਸਿਰਫ ਇਸ ਲਈ ਲੈ ਰਿਹਾ ਹਾਂ ਤਾਂ ਕਿ ਤੂੰ ਇਹ ਨਾ ਸੋਚੇਂ ਕਿ ਤੈਥੋਂ ਕੋਈ ਗਲਤੀ ਹੋਈ ਹੈ।"

ਇਨ੍ਹਾਂ ਕਈ ਸਾਲਾਂ ਵਿਚ ਪੇਂਡੂ ਨੇ ਆਪਣੀ ਟਿਕਟਿਕੀ ਲਗਾਤਾਰ ਦਰਬਾਨ 'ਤੇ ਲਾਈ ਰੱਖੀ। ਉਹ ਦੂਸਰੇ ਦਰਬਾਨਾਂ ਨੂੰ ਭੁੱਲ ਹੀ ਗਿਆ। ਪਹਿਲਾ ਦਰਬਾਨ ਹੀ ਉਸ ਨੂੰ ਕਾਨੂੰਨ ਤਕ ਪਹੁੰਚਣ ਲਈ ਇਕੋ-ਇਕ ਅੜਿੱਚਣ ਲੱਗਦਾ ਰਿਹਾ। ਉਹ ਪੇਂਡੂ ਜਵਾਨੀ ਭਰ ਨਿੰਡਰ ਅਤੇ ਉੱਚੀ ਆਵਾਜ਼ ਵਿਚ ਆਪਣੀ ਕਿਸਮਤ ਨੂੰ ਕੋਸਦਾ ਰਿਹਾ, ਪਰ ਪਿੱਛੋਂ ਜਦੋਂ ਬੁੱਢਾ ਹੋ ਗਿਆ ਤਾਂ ਆਪਣੇ ਆਪ ਵਿਚ ਹੀ ਬੁੜਬੁੜਾਉਣ ਲੱਗਿਆ। ਉਹ ਬੱਚਿਆਂ ਵਰਗਾ ਹੋ ਗਿਆ। ਕਈ ਸਾਲ ਦਰਬਾਨ ਬਾਰੇ ਹੀ ਸੋਚੀ ਜਾਣ ਕਾਰਨ ਉਹ ਉਸ ਦੇ ਫਰ ਵਾਲੇ ਕਾਲਰ ਵਿਚ ਲੁਕੇ ਪਿੱਸੂਆਂ ਦਾ ਵੀ ਜਾਣੂ ਹੋ ਗਿਆ ਸੀ। ਉਹ ਪਿੱਸੂਆਂ ਨੂੰ ਵੀ ਬੇਨਤੀ ਕਰਦਾ ਕਿ ਉਹ ਦਰਬਾਨ ਦਾ ਦਿਮਾਗ ਬਦਲਣ ਵਿਚ ਉਸ ਦੀ ਮਦਦ ਕਰਨ। ਹੌਲੀ ਹੌਲੀ ਉਸ ਨੂੰ ਦੂਰ ਵਿਖਾਈ ਦੇਣੋਂ ਹਟਣ ਲਗਿਆ। ਹੁਣ ਉਸ ਨੂੰ ਇਹ ਵੀ ਪਤਾ ਨਹੀਂ ਸੀ ਲੱਗਦਾ ਕਿ ਦੁਨੀਆਂ ਪਹਿਲਾਂ ਤੋਂ ਵਧ ਅਨ੍ਹੇਰੀ ਹੋ ਗਈ ਹੈ ਜਾਂ ਉਸ ਦੀਆਂ ਅੱਖਾਂ ਹੀ ਉਸ ਨੂੰ ਧੋਖਾ ਦੇ ਰਹੀਆਂ ਹਨ। ਏਨਾ ਹੋਣ ਉਤੇ ਵੀ ਉਹ, ਕਾਨੂੰਨ ਦੇ ਦਰਵਾਜ਼ੇ ਵਲੋਂ ਆਉਣ ਵਾਲੇ ਰੋਸ਼ਨੀ ਦੇ ਘੇਰੇ ਪ੍ਰਤੀ ਪੂਰਾ ਸੁਚੇਤ ਰਿਹਾ, ਫਿਰ ਉਸ ਨੂੰ ਲੱਗਿਆ ਕਿ ਉਹ ਹੋਰ ਜ਼ਿੰਦਾ ਨਹੀਂ ਰਹਿ ਸਕੇਗਾ।

ਪਰ ਮਰਨ ਤੋਂ ਪਹਿਲਾਂ ਏਨੇ ਵਰ੍ਹਿਆਂ ਦੇ ਅਨੁਭਵ ਗ੍ਰਹਿਣ ਕਰਦਿਆਂ ਕਰਦਿਆਂ ਉਸ ਦੇ ਦਿਮਾਗ 'ਚ ਇਕੋ ਹੀ ਗਲ ਰਹਿ ਗਈ ਸੀ-ਇਕ ਸਵਾਲ ਜੋ ਉਸ ਨੇ ਹਾਲੇ ਤਕ ਦਰਬਾਨ ਤੋਂ ਨਹੀਂ ਪੁੱਛਿਆ ਸੀ, ਕਿਉਂਕਿ ਹੁਣ ਉਸ ਲਈ ਆਪਣੇ ਜਕੜੇ ਹੋਏ ਸਰੀਰ ਨੂੰ ਬਹੁਤੀ ਦੇਰ ਸੰਭਾਲਣਾ ਮੁਸ਼ਕਿਲ ਸੀ, ਸੋ ਉਸ ਨੇ ਹੱਥ ਹਿਲਾ ਕੇ ਦਰਬਾਨ ਨੂੰ ਆਪਣੇ ਕੋਲ ਬੁਲਾਇਆ। ਦਰਬਾਨ ਨੂੰ ਉਸ ਵਲ ਝੁਕਣਾ ਪਿਆ, ਕਿਉਂਕਿ ਕੱਦ 'ਚ ਜ਼ਿਆਦਾ ਫਰਕ ਆਉਣ ਕਾਰਨ ਪੇਂਡੂ ਬਹੁਤ ਬੌਣਾ ਹੋ ਗਿਆ ਸੀ। ਦਰਬਾਨ ਨੇ ਕਿਹਾ, "ਹੁਣ ਤੂੰ ਕੀ ਜਾਣਨਾ ਚਾਹੁੰਦੈਂ? ਲਗਦੈ, ਤੇਰੀ ਤਸੱਲੀ ਨਹੀਂ ਕੀਤੀ ਜਾ ਸਕਦੀ।"

ਪੇਂਡੂ ਨੇ ਕਿਹਾ, "ਕਾਨੂੰਨ ਤਕ ਪਹੁੰਚਣ ਦੀ ਕੋਸ਼ਿਸ਼ ਹਰ ਕੋਈ ਕਰਦਾ ਹੈ, ਪਰ ਇਥੇ ਵਰ੍ਹਿਆਂ ਤੋਂ ਮੇਰੇ ਬਿਨਾ, ਕਿਸੇ ਨੇ ਅੰਦਰ ਲੰਘਣ ਲਈ ਗੁਜ਼ਾਰਿਸ਼ ਵੀ ਨਹੀਂ ਕੀਤੀ। ਇਹ ਕਿਵੇਂ ਹੋ ਗਿਐ?" ਦਰਬਾਨ ਝੱਟਪਟ ਤਾੜ ਗਿਆ ਕਿ ਇਹ ਪੇਂਡੂ ਹੁਣ ਆਪਣੀਆਂ ਆਖਰੀ ਘੜੀਆਂ ਤਕ ਪਹੁੰਚ ਗਿਆ ਹੈ। ਉਸ ਦੀਆਂ ਸ਼ਿਥਲ ਪਈਆਂ ਸੁਣਨ-ਇੰਦਰੀਆਂ ਤਕ ਆਪਣੀ ਗੱਲ ਪਹੁੰਚਾਉਣ ਲਈ ਉਹ ਉਸ ਦੇ ਕੰਨ ਵਿਚ ਗਰਜਿਆ, "ਕਿਸੇ ਹੋਰ ਨੂੰ ਏਧਰੋਂ ਦਾਖਲਾ ਨਹੀਂ ਸੀ ਮਿਲ ਸਕਦਾ, ਕਿਉਂਕਿ ਇਹ ਦਰਵਾਜ਼ਾ ਸਿਰਫ ਤੇਰੇ ਲਈ ਹੀ ਬਣਾਇਆ ਗਿਆ ਸੀ, ਜਿਸ ਨੂੰ ਮੈਂ ਹੁਣ ਬੰਦ ਕਰ ਰਿਹਾ ਹਾਂ।"

***ਅਨੁਵਾਦ-ਸਿੱਧੂ ਦਮਦਮੀ***

**Bob Lynn Edwards, Jr.**
Attorney at Law
Free Initial Consultation



Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.
www.BobEdwards.com
Ph:510-770-0500
3869 Peralta Boulevard, Fremont CA 94536-3712

**M.K. Nijjar DDS**
**Ruchi Nijjar DDS**

Laser Dentistry
No shots,
No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM

(Across From Washigton Hospital & Bart)
1895 Mowry Ave. Ste 104 Fremont

## 22 ਅਗਸਤ ਨੂੰ ਹੋ ਰਹੇ ਗਦਰੀ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਫਰਿਜਨੋ:** ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਫਰਿਜਨੋ ਦੀ ਇੱਕ ਵਿਸ਼ੇਸ਼ ਮੀਟਿੰਗ ਐਤਵਾਰ 9 ਅਗਸਤ ਨੂੰ ਪ੍ਰਿ. ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਬਰਾੜ ਫਾਰਮ ਫਰਿਜਨੋ ਵਿਖੇ ਹੋਈ ਜਿਸ ਵਿਚ 22 ਅਗਸਤ ਨੂੰ ਫਰਿਜਨੋ ਫੇਅਰ ਗਰਾਊਂਡ ਦੇ ਹਾਲ ਵਿਚ ਮਨਾਏ ਜਾ ਰਹੇ ਗਦਰੀ ਬਾਬਿਆਂ ਦੇ ਮੇਲੇ ਦੀ ਤਿਆਰੀ ਸੰਬੰਧੀ ਪ੍ਰਗਤੀ ਰਿਪੋਰਟ ਸੰਸਥਾ ਦੇ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਪੇਸ਼ ਕੀਤੀ। ਮੀਟਿੰਗ ਦੌਰਾਨ ਮੇਲੇ 'ਤੇ ਰਿਲੀਜ਼ ਹੋਣ ਵਾਲੇ ਸੁਚਿੱਤਰ ਸੋਵੀਨਾਰ ਬਾਰੇ ਸੰਸਥਾ ਦੇ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ। ਸੋਵੀਨਾਰ ਵਿਚ ਛਪਣ ਹਿੱਤ ਆਏ ਇਸ਼ਤਿਹਾਰਾਂ ਬਾਰੇ ਪੰਜਾਬੀ ਭਾਈਚਾਰੇ ਤੋਂ ਮਿਲੇ ਸਹਿਯੋਗ ਤੇ ਭਾਈਚਾਰਕ ਜਥੇਬੰਦੀਆਂ ਵਲੋਂ ਮਿਲੇ ਭਰਵੇਂ ਹੁੰਗਾਰੇ 'ਤੇ ਤਸੱਲੀ ਪ੍ਰਗਟ ਕੀਤੀ ਗਈ। ਸਟੇਜ ਤੇ ਪੇਸ਼ ਕੀਤੀਆਂ ਜਾਣ ਵਾਲੀਆਂ ਆਈਟਮਾਂ ਜਿਵੇਂ ਨਾਟਕ ਸਕਿੱਟ, ਕੋਰਿਉਗ੍ਰਾਫੀ, ਭੰਗੜੇ-ਗਿੱਧੇ ਤੇ ਮਲਵਈ ਗਿੱਧੇ ਨੂੰ ਤਰਤੀਬ ਅਤੇ ਸਮੇਂ-ਬੱਧ ਕਰਨ ਲਈ ਅੰਤਿਮ ਰੂਪ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਇਸ ਮੇਲੇ ਵਿਚ ਲੋਕ ਗਾਇਕਾ ਸੁਖਵੰਤ ਸੁੱਖੀ ਤੋਂ ਇਲਾਵਾ ਗੁਰਪਾਲ ਬੱਬੂ, ਧਰਮਵੀਰ ਥਾਂਦੀ, ਪ੍ਰੀਤਮ ਸੋਹੀ ਤੇ ਰਾਜ ਬਰਾੜ ਵੀ ਭਾਗ ਲੈਣਗੇ। ਇਸ ਮੇਲੇ ਦੇ ਮੁੱਖ ਬੁਲਾਰੇ ਡਿਪਾਰਟਮੈਂਟ ਔਫ ਪੁਲੀਟੀਕਲ ਸਾਇੰਸ ਕਾਲਜ ਅੰਮ੍ਰਿਤਸਰ ਦੇ ਸਾਬਕਾ ਹੈਡ ਪ੍ਰੋ. ਬਲਵਿੰਦਰ ਸਿੰਘ ਚਾਵਲਾ ਹੋਣਗੇ। ਮੇਲੇ ਵਿਚ ਮੁਫਤ ਮੈਡੀਕਲ ਕੈਂਪ ਤੋਂ ਇਲਾਵਾ ਲੰਗਰ ਤੇ ਚਾਹ ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਯਾਦ ਰਹੇ ਕਿ ਇਹ ਮੇਲਾ ਦੇਸ ਭਗਤ ਬਾਬਾ ਭਗਤ ਸਿੰਘ ਬਿਲਗਾ, ਬਾਬਾ ਸੋਹਣ ਸਿੰਘ ਭਕਨਾ ਅਤੇ ਬਾਬਾ ਵਿਸਾਖਾ ਸਿੰਘ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਹੈ।

ਇਸ ਮੀਟਿੰਗ ਵਿਚ ਸਾਧੂ ਸਿੰਘ ਸੰਘਾ, ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਗੁਰਨੇਕ ਸਿੰਘ ਰਾਏ, ਨਿਰਮਲ ਸਿੰਘ ਗਿੱਲ, ਹਾਕਮ ਸਿੰਘ ਢਿੱਲੋਂ, ਸੁਲੱਖਣ ਸਿੰਘ ਗਿੱਲ, ਰਣਜੀਤ ਸਿੰਘ ਗਿੱਲ, ਰਾਜਿੰਦਰ ਸਿੰਘ ਬਰਾੜ ਵੈਰੋਕੇ, ਪੁਸ਼ਪਿੰਦਰ ਕੁਮਾਰ, ਅਜੀਤਪਾਲ, ਬਿਕਰਮ ਸਿੰਘ ਕਾਹਲੋਂ, ਸਤਵੰਤ ਸਿੰਘ ਵਿਰਕ ਤੇ ਪਾਲ ਧਾਲੀਵਾਲ ਨੇ ਭਾਗ ਲਿਆ। ਹੋਰ ਜਾਣਕਾਰੀ ਸੰਸਥਾ ਦੇ ਸਕੱਤਰ ਸੰਤੋਖ ਸਿੰਘ ਮਿਨਹਾਸ ਨਾਲ ਫੋਨ 559-283-6376 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

## ਇਕ ਹਫਤਾ ਪਹਿਲਾਂ ਸ਼ੁਰੂ ਹੋਵੇਗਾ ਹਾਕੀ ਵਿਸ਼ਵ ਕੱਪ

**ਨਵੀਂ ਦਿੱਲੀ:** ਕੌਮਾਂਤਰੀ ਹਾਕੀ ਮਹਾਸੰਘ ਨੇ ਰਾਜਧਾਨੀ ਵਿਚ ਹੋਣ ਵਾਲੇ 2010 ਹਾਕੀ ਵਿਸ਼ਵ ਕੱਪ ਨੂੰ ਤੈਅ ਪ੍ਰੋਗਰਾਮ ਤੋਂ ਇਕ ਹਫਤਾ ਪਹਿਲਾਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਦੇ ਨਾਲ ਇਸ ਦੀਆਂ ਤਰੀਕਾਂ ਦੇ ਟਕਰਾਅ ਨੂੰ ਰੋਕਿਆ ਜਾ ਸਕੇ। ਕੌਮਾਂਤਰੀ ਹਾਕੀ ਮਹਾਸੰਘ ਨੇ 2010 ਵਿਚ ਭਾਰਤ ਦੇ ਨਵੀਂ ਦਿੱਲੀ ਵਿਚ ਹੋਣ ਵਾਲੇ ਹੀਰੋ ਹਾਂਡਾ ਐਫ.ਆਈ.ਐਚ. ਵਿਸ਼ਵ ਕੱਪ ਨੂੰ ਪਹਿਲਾਂ ਤੈਅ ਪ੍ਰੋਗਰਾਮ ਤੋਂ ਇਕ ਹਫਤਾ ਪਹਿਲਾਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਇਸ ਦਾ ਆਯੋਜਨ 28 ਫਰਵਰੀ ਤੋਂ 13 ਮਾਰਚ 2010 ਵਿਚਾਲੇ ਕਰਵਾਇਆ ਜਾਵੇਗਾ। ਆਈ.ਪੀ.ਐਲ. ਦੇ ਤੀਜੇ ਸੈਸ਼ਨ ਦਾ ਆਯੋਜਨ 12 ਮਾਰਚ ਤੋਂ 25 ਅਪ੍ਰੈਲ ਦੇ ਵਿਚਾਲੇ ਹੋਣਾ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਐਫ.ਆਈ.ਐਚ. ਨੇ ਵਿਸ਼ਵ ਕੱਪ 2010 ਨੂੰ ਇਕ ਮਹੀਨਾ ਪਹਿਲਾਂ ਕਰਵਾਉਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਐਫ.ਆਈ.ਐਚ. ਦੇ ਚੋਟੀ ਦੇ ਟੂਰਨਾਮੈਂਟ ਨੂੰ ਸਾਰੀ ਦੁਨੀਆ ਵਿਚ ਹੋਰ ਬੇਹਤਰ ਪ੍ਰਚਾਰ ਮਿਲ ਸਕੇ। ਹਾਕੀ ਵਿਸ਼ਵ ਕੱਪ 2010 ਵਿਚ ਦੁਨੀਆ ਦੀਆਂ 12 ਸਭ ਤੋਂ ਵਧੀਆ ਟੀਮਾਂ ਨੈਸ਼ਨਲ ਸਟੇਡੀਅਮ ਵਿਚ ਕੱਪ ਲਈ ਭਿੜਨਗੀਆਂ। ਕੈਨੇਡਾ, ਕੋਰੀਆ, ਦੱਖਣੀ ਅਫਰੀਕਾ ਅਤੇ ਮੇਜ਼ਬਾਨ ਭਾਰਤ ਨੇ ਪਹਿਲਾਂ ਹੀ ਵਿਸ਼ਵ ਕੱਪ ਲਈ ਕੁਆਲੀਫਾਈ ਕਰ ਲਿਆ ਹੈ ਅਤੇ ਬਾਕੀ ਸਥਾਨਾਂ ਲਈ ਕੁਆਲੀਫਾਇੰਗ ਪ੍ਰਕਿਰਿਆ ਨਵੰਬਰ ਵਿਚ ਖ਼ਤਮ ਹੋਵੇਗੀ।

*Visit us on the web:*
***punjabtimesusa.com***
***To Advertise with us call:***
***847-359-0746***

Entry Free
'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'
Entry Free

PUNJABI CULTURAL SOCIETY SACRAMENTO (U.S.A.)
ਪੇਸ਼ ਕਰਦੀ ਹੈ
ਤੀਆਂ
TEEYAN



On Sunday, the 16th AUGUST 2009 At 2.00 P. M.
AT S.E.S. Hall
10427 E. STOCKTON BLVD. ELK GROVE, CA 95624
Featuring : Songs, Gidha, Dances, Skits, D.J. and Much More
ALL LADIES AND GIRLS ARE INVITED
ORGANIZING COMMITTEE
Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Parmjeet Sandhu, Balbir Pooni, Surinder Chahal, Gujan Aulkh, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Kuldeep Banwait & Mandeep Pharwala
New Attraction: Miss Teeyan Contest Age 14-20 Call To Participate
For Participation & Stalls Please Call :
Mandeep Pharwala @ 916-682-7321, Rashpal Parhar @ 730-7191, Baldev Kaur @ 420-5720, Email: palpharwala@yahoo.com
ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।
ਐਂਟਰੀ ਬਿਲਕੁਲ ਮੁਫਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

# ਪੰਜਾਬੀ ਕਲਚਰਲ ਸੁਸਾਇਟੀ ਨੇ ਮਨਾਇਆ ਤੀਆਂ ਦਾ ਦਿਹਾਰ

**ਬੇਕਰਜ਼ਫੀਲਡ (ਸ਼ਿਆਰਾ ਸਿੰਘ ਢੀਂਡਸਾ):** ਸੌਣ ਦਾ ਮਹੀਨਾ ਕੁੜੀਆਂ ਚਿੜੀਆਂ ਅਤੇ ਨਵ-ਵਿਆਹੀਆਂ ਨੂੰ ਤੀਆਂ ਦਾ ਚੇਤਾ ਕਰਵਾ ਦਿੰਦਾ ਹੈ। ਰਵਾਇਤੀ ਤੌਰ 'ਤੇ ਇਹੋ ਮਹੀਨਾ ਹੈ ਜਦੋਂ ਹਰ ਪੰਜਾਬਣ ਮੁਟਿਆਰ ਆਪਣੇ ਪੇਕੇ ਘਰ ਆਪਣੀਆਂ ਸਖੀਆਂ ਸਹੇਲੀਆਂ ਨਾਲ ਹੋਣਾ ਲੋਚਦੀ ਹੈ। ਇਹ ਠੀਕ ਹੈ ਕਿ ਸਮੇਂ ਬਦਲ ਗਏ ਹਨ ਪਰ ਇਨ੍ਹਾਂ ਦਾ ਹੇਰਵਾ ਤਾਂ ਅਜੇ ਵੀ ਬਾਕੀ ਹੈ। ਖਾਸ ਕਰ ਪਰਦੇਸਾਂ ਦੀ ਧਰਤੀ ਉਤੇ।

ਪੰਜਾਬੀ ਕਲਚਰਲ ਸੁਸਾਇਟੀ, ਬੇਕਰਜ਼ਫੀਲਡ ਵਲੋਂ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ।



ਨੀ ਭੈਣੇ ਆਹ ਵੀ ਦੇਖ ਲਾ ਤੂੰ ਤੀਆਂ। ਆਪਣੇ ਵੇਲਿਆਂ 'ਚ ਤਾਂ ਗਿੱਧਾ ਪਾ ਪਾ ਧਰਤੀ ਪੁੱਟ ਸੁੱਟੀਦੀ ਸੀ, ਇਨ੍ਹਾਂ ਕੁੜੀਆਂ ਨੂੰ ਤਾਂ ਆਹ ਫੂਨ ਜਿਹੇ ਹੀ ਸਾਹ ਨਹੀਂ ਲੈਣ ਦਿੰਦੇ ਜਾਂ ਕੰਨ ਨੂੰ ਹੀ ਲਾਈ ਰੱਖਣਗੀਆਂ ਜਾਂ ਆਹ ਬਟਣ ਜਿਹੇ ਦੱਬੀ ਜਾਣਗੀਆਂ, ਪਤਾ ਨਹੀਂ ਕਿਥੋਂ ਲੱਭ ਪਏ ਇਨ੍ਹਾਂ ਨੂੰ ਇਹ ਦਾਦਣੇ ਫੂਨ...ਚੱਲ ਭਾਈ ਇਨ੍ਹਾਂ ਦਾ ਜ਼ਮਾਨਾ ਇਨ੍ਹਾਂ ਨਾਲ। ਚੱਲ ਭੈਣੇ ਫੋਟੋ ਤਾਂ ਖਿਚਾਈਏ

ਹੱਸਣ, ਖੇਡਣ ਤੇ ਨੱਚ ਨੱਚ ਕੇ ਆਪਣੇ ਮਨ ਦੀਆਂ ਰੀਝਾਂ ਪੁਗਾਉਣ ਲਈ ਕੁੜੀਆਂ-ਚਿੜੀਆਂ, ਸੁਆਣੀਆਂ ਤੇ ਮਾਈਆਂ ਨੇ ਇਹ ਤਿਉਹਾਰ 1 ਤੋਂ 2 ਅਗਸਤ ਅਤੇ ਫਿਰ 8 ਅਤੇ 9 ਅਗਸਤ ਨੂੰ ਮਨੀਟਰ ਰੋਡ 'ਤੇ ਖੁੱਲ੍ਹੀ ਪਾਰਕ ਵਿਚ ਮਨਾਇਆ। ਪ੍ਰਬੰਧਕਾਂ ਦੇ ਦੱਸਣ ਮੁਤਾਬਕ ਇਹ ਤਿਉਹਾਰ ਪਿਛਲੇ ਸਾਲ ਵੀ ਚਾਰ ਦਿਨ ਮਨਾਇਆ ਗਿਆ ਸੀ।

ਪਾਰਕ ਵਿਚ ਜੁੜਿਆ ਮੁਟਿਆਰਾਂ ਦਾ ਝੁਰਮਟ ਅਤੇ ਉਨ੍ਹਾਂ ਦੇ ਉਤਸ਼ਾਹ ਨੂੰ ਵੇਖਦਿਆਂ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਇਹ ਤਿਉਹਾਰ ਪੰਜਾਬ ਦੀ ਧਰਤੀ 'ਤੇ ਮਨਾਇਆ ਜਾ ਰਿਹਾ ਹੋਵੇ। ਇਸ ਵਾਰ ਤੀਆਂ ਦੀ ਰੌਣਕ ਪਿਛਲੇ ਸਾਲ ਨਾਲੋਂ ਵੱਖਰੀ ਸੀ। ਬੀਬੀਆਂ ਨੇ ਰਲ ਕੇ ਪਾਰਕ ਨੂੰ ਸੁਚੱਜੇ ਢੰਗ ਨਾਲ ਸਜਾਇਆ ਹੋਇਆ ਸੀ। ਕੁੜੀਆਂ, ਵਿਆਹੀਆਂ-ਵਰੀਆਂ ਬੀਬੀਆਂ ਤੇ ਮਾਈਆਂ ਨੇ ਤੀਆਂ ਦੀ ਰੌਣਕ ਹੋਰ ਵਧਾਉਣ ਲਈ ਵਧ ਚੜ੍ਹ ਕੇ ਹਿੱਸਾ ਲਿਆ।

ਤੀਆਂ ਦੇ ਤਿਉਹਾਰ ਅਤੇ ਪੰਜਾਬੀ ਵਿਰਸੇ ਤੋਂ ਜਾਣੂੰ ਮਾਈਆਂ-ਬੀਬੀਆਂ ਅਮਰੀਕੀ ਧਰਤੀ 'ਤੇ ਜੰਮੀਆਂ-ਪਲੀਆਂ ਕੁੜੀਆਂ ਨੂੰ ਤੀਆਂ ਦੇ ਤਿਉਹਾਰ ਬਾਰੇ ਦੱਸ ਰਹੀਆਂ ਸਨ ਕਿ ਉਨ੍ਹਾਂ ਦੇ ਵੇਲੇ 'ਚ ਤੀਆਂ ਕਿਉਂ ਅਤੇ ਕਿਵੇਂ ਮਨਾਈਆਂ ਜਾਂਦੀਆਂ ਸਨ। ਇਸ ਦੇ ਨਾਲ ਹੀ ਉਹ ਤੀਆਂ ਦੇ ਮੇਲੇ ਨੂੰ ਬਿਹਤਰ ਬਣਾਉਣ ਲਈ ਕੁੜੀਆਂ ਚਿੜੀਆਂ ਦੀ ਹਰ ਤਰ੍ਹਾਂ ਨਾਲ ਮਦਦ ਕਰ ਰਹੀਆਂ ਸਨ। ਪੰਜਾਬ ਦੀਆਂ ਜੰਮੀਆਂ-ਜਾਈਆਂ ਅਤੇ ਹੁਣ ਅਮਰੀਕੀ ਧਰਤੀ 'ਤੇ ਆ ਵਸੀਆਂ ਬੀਬੀਆਂ ਇਥੋਂ ਦੀਆਂ ਜੰਮਪਲ ਕੁੜੀਆਂ ਨੂੰ ਦੱਸ ਰਹੀਆ ਸਨ ਕਿ ਕਿਵੇਂ ਗਿੱਧੇ 'ਚ ਅੱਡੀ ਮਾਰੀਦੀ ਐ ਤੇ ਕਿਵੇਂ ਬੋਲੀ 'ਤੇ ਬੋਲੀ ਪਾਈਦੀ ਐ... ਅਤੇ ਕੁੜੀਆਂ ਨੇ ਵੀ ਹੱਥਾਂ ਦੇ ਸੈਲ ਫੋਨ ਪਰਾਂ ਰੱਖ ਉਤਸ਼ਾਹ ਨਾਲ ਝੱਟ ਹੀ ਗਿੱਧੇ ਦੇ ਪਿੜ 'ਚ ਜਾ ਅੱਡੀ ਮਾਰੀ ਤੇ ਬੋਲੀਆਂ ਵੀ ਪਾਈਆਂ। ਗਿੱਧੇ 'ਚ ਧਮੱਚੜ ਪਾ ਕੇ ਸਾਰੀਆਂ ਹੀ ਕੁੜੀਆਂ-ਚਿੜੀਆਂ ਤੇ ਬੀਬੀਆਂ ਨੇ ਦਿਲ ਦਾ ਰਾਂਝਾ ਰਾਜ਼ੀ ਕੀਤਾ।

ਆਖਰੀ ਦਿਨ ਤੀਜ ਮਨਾ ਕੇ ਇਹ ਮੇਲਾ ਅਗਲੇ ਸਾਲ ਫਿਰ ਮਿਲਣ ਦਾ ਵਾਅਦਾ ਕਰਕੇ ਸਮਾਪਤ ਹੋ ਗਿਆ। ਬੀਬੀਆਂ ਦੇ ਆਪਸੀ ਸਹਿਯੋਗ ਸਦਕਾ ਇਹ ਤੀਆਂ ਦਾ ਮੇਲਾ ਸੁਚੱਜੇ ਢੰਗ ਨਾਲ ਨੇਪਰੇ ਚੜਿਆ।

ਇਹ ਮੇਲਾ ਕਰਵਾਉਣ ਲਈ ਗੁਰਦੁਆਰਾ ਪੀ. ਸਟਰੀਟ ਵਿਲਸਨ ਰੋਡ ਦੇ ਪ੍ਰਬੰਧਕਾਂ ਨੇ ਹਰ ਤਰ੍ਹਾਂ ਦੀ ਸਹਾਇਤਾ ਕੀਤੀ। ਰੇਡੀਉ ਸੱਤਰੰਗ ਵਾਲਿਆਂ ਨੇ ਵੀ ਤੀਆਂ ਦਾ ਪ੍ਰਚਾਰ ਕਰਕੇ ਆਪਣੀ ਸੇਵਾ ਨਿਭਾਈ। ਮੇਲੇ ਵਿਚ ਚਾਰੇ ਦਿਨ ਸਮੋਸੇ, ਪਕੌੜੇ, ਖੀਰ, ਕੜਾਹ, ਕੋਲਡ ਡਰਿੰਕ ਆਦਿ ਦਾ ਪ੍ਰਬੰਧ ਵੀ ਸੀ।

**ਤਸਵੀਰਾਂ: ਓਮਨੀ ਵੀਡੀਓ**
**ਫੋਨ: 661-703-6664**

**ਨੋਟ:ਤੀਆਂ ਦੀ ਡੀ.ਵੀ.ਡੀ. ਲੈਣ ਲਈ ਓਮਨੀ ਵੀਡੀਓ ਜਾਂ ਸੁਰਿੰਦਰ ਕੌਰ ਨੂੰ ਫੋਨ 661-835-8660 'ਤੇ ਕਾਲ ਕਰੋ**








ਤੀਆਂ ਦੇ ਰੰਗ





ਹੋ ਹੋ ਬੱਲੋ, ਮੈਂ ਕਾਰ ਚਲਾਉਂਦੀ ਵੇਖੀ ਸੀ...ਹੋ ਹੋ ਬੱਲੋ, ਮੈਂ ਗਾਜਰਾਂ ਚੁਗਦੀ ਵੇਖੀ ਸੀ...ਹੋ ਹੋ ਬੱਲੋ ਮੈਂ ਫੋਨ ਵਜਾਉਂਦੀ ਵੇਖੀ ਸੀ।

ਮੈਂ ਨਹੀਂ ਸਹੁਰੇ ਜਾਣਾ ਵੇ ਤੂੰ ਲੈ ਜਾ ਗੱਡੀ ਮੋੜ ਕੇ...









Sponsored Page



# Attention Business Owners!!

Are You Worried About Your Business When You`re Not There?

**Are Worries Keeping You Awake?**

*Watch Your Business AnyTime Any Place.*

*Promotion For July*
*Free Cash Register Interface With Purchase Of Our DVR System*

**NO PAYMENTS For 3 Months**

Financing & Lease Options For 12, 24, 36 Months Available.

ਵਾਜਬ ਕੀਮਤ, ਸਹੀ ਕੰਮ

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

**DVR UNLIMITED**

Call:1-800-780-0032 www.dvrunlimited.com




ਸ਼ੋਅ ਅਮਰੀਕਾ ਵਿਚ 22 ਅਗਸਤ ਤੋਂ ਆ ਰਹੇ ਹਨ




*Spokane WA*
*Call Nagra 509-994-7844*
*And Seattle WA August 16, 2009*
*(1 to 7pm-Kabaddi Mela )*
*Call:Channa Alamgeer*
*206-478-7744*
*Bakersfield CA*
*August 22, 2009*
*Los Vages NV*
*August 23, 2009*

*Show In USA*
*In August 2009*
*Call- Satti*
*916-410-9741*

# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

# ਸ਼ਿਕਾਗੋ ਕਬੱਡੀ ਕੱਪ-2009

*Invite you to join us on the Occasion of*

## *Chicago Kabaddi Cup 2009*

*And*

## *Volleyball & Cultural Programme*

***SUNDAY, SEPTEMBER 6, 2009 At 9 am***

***BUSSE WOODS FOREST PRESERVE SOUTH, Elk Grove Village- IL***

ਮੁਫਤ ਦਾਖਲਾ, ਮੁਫਤ ਪਾਰਕਿੰਗ



ਰੱਸਾਕਸ਼ੀ ਅਤੇ ਬਾਬਿਆਂ ਦੀ ਦੌੜ ਵੀ ਹੋਵੇਗੀ

### *Chief Guest-Charanjit Singh*

*(Former Indian Hockey Team Captain and Four Time Olympian)*

**Advisory Committee:** Dr. Mukhtar Singh Nandra (Chairman), Dr. Amardeep Sangha, Mat Singh Dhillon, Harkishan S Bhatti, Dr.Rashpal Bajwa, Shamsher S Boparai, Rajinder S Bains, Amritpal S Gill, Jaswinder S Gill, Lally Ranbir S Dhaliwal, Kulwinder S Gill, Beant S Boparai, Parminder S Goldy

***RSVP: Board Members:***

*Gurbachan Singh Pappu (Chairman)*
*Jindi Khangura (President) 847-529-1464*
*Parminder S Walia 847-477-1613*
*Amardev Badesha 708-612-7963*
*Balbir S Baidwan 224-588-6025*



ਸ. ਗੁਰਬਚਨ ਸਿੰਘ ਪੱਪੂ

*Deepa Badesha, Ravinder S Khaira, Satnam S Minhas, Lalli Nijjar, Jaswinder S Jassi, Jodh S Sidhu, Sukhwinder S Mander, Rajinder S Virk, Hardeep S Gill, Babbi Bath, Jinder S Benipal, Rachpal S Khangura, Pritpal Singh,* **Tirath Singh -Captain Kabaddi Team**

### ਕਬੱਡੀ ਦਾ ਪਹਿਲਾ ਇਨਾਮ



ਗੁਰਜੇਪਾਲ ਸਿੰਘ ਭੱਟੀ ਦੀ ਯਾਦ ਵਿਚ (ਸਰਦਾਰਨੀ ਅਤੇ ਸ. ਹਰਕਿਸ਼ਨ ਸਿੰਘ ਭੱਟੀ ਵਲੋਂ)

### ਕਬੱਡੀ ਦਾ ਦੂਸਰਾ ਇਨਾਮ



ਜਸਵਿੰਦਰ ਸਿੰਘ ਗਿੱਲ



ਨਾਜਰ ਸਿੰਘ ਗਿੱਲ

ਗਿੱਲ ਬ੍ਰਦਰਜ਼ ਆਫ ਵਾਕੀਗਨ ਵਲੋਂ

### ਪੰਜਾਬੀ ਲੋਕ ਗਾਇਕ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ



ਪ੍ਰੀਤ ਬਰਾੜ




ਵੀਰ ਸੁਖਵੰਤ




ਸੁਨੀਤਾ ਭੱਟੀ




ਕੁਲਵੰਤ ਕੌਰ

**Platinum Sponsors of Crown Point Indiana**

Shamsher S Boparai, Virk Bros. K. Virk, Rajinder S Bains, Jaspal S Jassi, Gurinder S Gill, Mandeep S Bhura, Surjit S Giljian, Gurnam S Sidhu, Surjit S Grewal, Kuldip S Tanda, Sikander S Bittu, Teja S Narang, Manjit S Kehal, Makhan S Gill, Lakhvir S Cheema, Varinder S Nagra, Harninder S Nindy, Nidhan Singh, Majer Singh Dhillon, Rattandeep S Dhillon, Sukhwinder S Basra, Pali Grewal, Amrik S Basra, Jasvir S Hothi, Ranjit S Randy, Jaspal S Multani, Ranjit S Kahlon (Tandoor), Iqbal S Miani, Balvinder S Pinda, Taste of India (Jassi), Jaspal Singh Pardhan, Surinder S Palia, P.A.Y.C. of Indiana

**Grand Sponsors:** Harkrishan Singh Bhatti, Dr.Mukhtar Singh Nandra, Lalli & Palli Brothers, Bikram Singh Sidhu, Gulzar Singh Multani, Singh Grocers Palatine, Viceroy Of India, Jagjit Singh Dhindsa, Major Singh Malhi, Sunny Gill (Marathon), Harvinder Singh Kang, Narinder Singh Munder, Charan Singh (Devon & Clark Auto Repair), Amrik Singh (Amar Carpets), Dr.Paul Badesha & Family, Parminder Singh Walia

Contributing Organizations: Punjabi American Origination (PAO), Punjabi Cultural Society of Chicago, Sikh Religious Society of Chicago, Gurudwara Sahib of Devon, SRS Indiana, Punjabi American Youth Club of Indiana, Young Sports Club Indianapolis, Guru Hargovind Sahib Society, Greenwood (IN), PCO Wisconsin, PCS Michigan, Sikh Cultural Society of Kalamazoo, Sant Baba Prem Singh Society of Indiana, Five River Entertainment Indianapolis, Baba Makhan Shah Lobana Society, Doaba Sports Club Chicago, Sikh Cultural Society of Battlecreek, Sikh Cultural Society of South Bend, Guru Nanak Sikh Center Lansing, PCS Fortwin, Shere Punjab Sports Club California, Bay Area Sports Club, Punjabi Cultural Society of Midwest Kalamazoo, Sports Club San Jose, Modesto, Sikh temple of WI. Oak Creek, Rangla Punjab, Guru Ladho Re Seva Society, Sikh Community Center Bolingbrook, Punjabi Truck Union-Chicago, Punjab Sports Club Seatle, Punjab Sports Club Kalamazoo, Young Sports Club of Greenland Indiana

**e-mail: sepscc@yahoo.com, sherepunjabchicago@yahoo.com**

**Silver Sponsors:** Harjit Singh, Gurdev Singh Bhattal & Family, Mann Brothers, Jasbir Singh Sodhi, Gurdev Singh, Globe Taxi, Surinder Pal Singh Bhatti, Bhajan Singh Kalsi, Kirpal Singh Bhangu, Gurdev Singh Gill, Gurdev Singh Kenosha, Sunny Gill, Suny Kular, Hardyal Singh Deol, Gurdyal Singh Basroan, Ravinder Singh (RK Carpets), Punjabi Dhaba, Blue Ribbon Taxi, Darshan Singh, Arvind Singh Gakhal, Baldev Singh Bagri, Star Foods & Gifts Inc, Harvinder Singh Sidhu, Kirpal & Jaspal Bajwa Brothers, Darshan Singh Basroan, Harjap Sangha Foundations, Bhupinder Singh Hundal, Harleen Enterprises, Gurdit Singh Saini, Lakhbir Sandhu, Minder & Talli Bhattal Brothers, Roop S Dhillon, Lakhbir Singh Chahal, Varinder Singh Parmar, Nilesh Topiwala, Rammi Grewal (Punjab Sweets), Malkit S Mike, Makhan S Kaler, Star Auto,

**Sponsors:** Kulwinder Singh Malhi, Jagga Khera, Manjit Singh Grewal, Almedina Auto Works, Safron Indian Cuisine, Amritpal Singh, Manjit Singh(Halsted Auto Repair), Chaman Lal, Gurmukh Singh, Harwant Singh, Surjit Singhhj, Gurcharan Singh, Avinder Singh, Preet Petroleum, Sarbjeet Sidhu, Rashpal Singh, Charanjit Singh, Jujhar Singh, Lakhpal Singh Johal, Gurmeet Singh Atwal, Shorewood Foods, Inderjit Singh Makkar, Mukhtiar Singh, Sher-e-Punjab Restaurant, Sonu Dhillon, Pershan S. Mann, Gurcharan Singh Gill, Jazzy Gill, Jagtar Singh, Kashmir Singh, Parwest Liquors, KBS Inc Chicago, Sadhu Singh Rikhiraj, Swaran Sidhu, Dr. Jarnail Singh Gill, Mudhar Family, Bhupinder Singh, Satwant Singh Attal, Kabul Singh Bhullar, Baljit Singh Mangi, Gurmeet Singh Nagra, Kulwant Singh Nagra, Harpal Singh, Harwant Singh, Ranjit Singh Gill, Jhawar Inc., Kulwinder Singh Malhi, Jagdev Singh Khera, Gurmail Singh gill, Pal Singh (Sun Shine DJ), Raghbir Singh Mahal, Jaspal S Bhinder, Daljit Singh, **Sponsor from Milwaukee Area:** Satwant Singh Kaleka, Captain Kamaljit Singh Bajwa, Beant Singh Boparai, Parminder Singh Goldy, Bikramjit Singh Sekhon, Indarjit Singh Dhillion, Harinder Singh Dhaliwal, Jagjit Singh Sidhu

Media Sponsors: Punjab Times, Desi Junction 1530AM, Raunak Mela 1590 am, Sikh TV, Indian Reporter, India Post, Desi Talk, India Bulletin, TV Asia, Daily Ajit, Sadapunjab.com, South Asia One

# ਮੁੰਬਈ ਬੰਬ ਧਮਾਕਿਆਂ ਦੇ ਤਿੰਨੇ ਦੋਸ਼ੀਆਂ ਨੂੰ ਸਜ਼ਾ-ਏ-ਮੌਤ



ਪੁਲਿਸ ਵੈਨ ਵਿਚ ਸਵਾਰ ਸਈਅਦ ਮੁਹੰਮਦ ਹਨੀਫ ਅਬਦੁਲ ਰਹੀਮ ਅਤੇ ਅਸ਼ਰਤ ਸ਼ਫੀਕ ਮੁਹੰਮਦ ਅੰਸਾਰੀ (ਸੱਜੇ) ਮੁਹੰਮਦ ਹਨੀਫ ਦੀ ਪਤਨੀ ਫਾਹਮੀਦਾ।

**ਮੁੰਬਈ :** ਮੁੰਬਈ ਵਿਖੇ 6 ਸਾਲ ਪਹਿਲਾਂ ਗੇਟਵੇ ਆਫ ਇੰਡੀਆ ਅਤੇ ਜਾਵੇਰੀ ਬਾਜ਼ਾਰ ਵਿਚ ਦੋ ਧਮਾਕੇ ਕਰਨ ਦੇ ਦੋਸ਼ ਵਿਚ ਪੋਟਾ ਅਦਾਲਤ ਨੇ ਇਕ ਜੋੜੇ ਸਮੇਤ ਲਸ਼ਕਰ-ਏ-ਤੋਇਬਾ ਦੇ 3 ਮੈਂਬਰਾਂ ਨੂੰ ਲੰਘੀ 6 ਅਗਸਤ ਨੂੰ ਮੌਤ ਦੀ ਸਜ਼ਾ ਸੁਣਾਈ। ਮੁਹੰਮਦ ਹਨੀਫ ਸਈਦ (46), ਉਸਦੀ ਪਤਨੀ ਫਹਿਮੀਦਾ ਅਤੇ ਅਸ਼ਰਤ ਅੰਸਾਰੀ (32) ਨੂੰ ਮੌਤ ਦੀ ਸਜ਼ਾ ਸੁਣਾਉਂਦਿਆਂ ਜਸਟਿਸ ਪੀ.ਆਰ. ਪੁਰਾਣਨਿਕ ਨੇ ਕਿਹਾ ਕਿ ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਇਨ੍ਹਾਂ ਦੋਸ਼ੀਆਂ ਨੇ ਇਹ ਘਿਨੌਣਾ ਅਪਰਾਧ ਕੀਤਾ, ਜਿਸ ਵਿਚ ਕਈ ਲੋਕਾਂ ਦੀ ਜਾਨ ਗਈ।

ਅਦਾਲਤ ਨੇ ਸਰਕਾਰੀ ਵਕੀਲ ਉਜਵਲ ਨਿਕਮ ਨਾਲ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਇਹ ਇਕ ਅਜਿਹਾ ਮਾਮਲਾ ਹੈ, ਜਿਸ ਵਿਚ ਮੌਤ ਦੀ ਸਜ਼ਾ ਦੇਣਾ ਉਚਿਤ ਹੋਵੇਗਾ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪੋਟਾ ਅਦਾਲਤ ਨੇ ਧਮਾਕਿਆਂ ਲਈ ਕਿਸੇ ਜੋੜੇ ਨੂੰ ਦੋਸ਼ੀ ਠਹਿਰਾਇਆ ਹੋਵੇ।

ਇਨ੍ਹਾਂ ਨੂੰ ਤਿੰਨ ਟੈਕਸੀਆਂ ਵਿਚ ਬੰਬ ਰੱਖਣ ਦਾ ਦੋਸ਼ੀ ਠਹਿਰਾਇਆ ਗਿਆ, ਜਿਸ ਵਿਚ 25 ਅਗਸਤ 2003 ਨੂੰ ਗੇਟਵੇ ਆਫ਼ ਇੰਡੀਆ ਅਤੇ ਜਾਵੇਰੀ ਬਾਜ਼ਾਰ ਵਿਚ ਧਮਾਕੇ ਹੋਏ ਸਨ।

ਇਨ੍ਹਾਂ ਧਮਾਕਿਆਂ ਵਿਚ 52 ਵਿਅਕਤੀ ਮਾਰੇ ਗਏ ਸਨ, ਜਦਕਿ 244 ਹੋਰ ਜ਼ਖ਼ਮੀ ਹੋ ਗਏ ਸਨ। ਇਨ੍ਹਾਂ ਨੇ ਹੀ 28 ਜੁਲਾਈ 2003 ਨੂੰ ਘਾਟਕੋਪਰ ਵਿਚ ਨਗਰ ਨਿਗਮ ਦੀ ਇਕ ਬੱਸ ਵਿਚ ਵੀ ਬੰਬ ਫਿੱਟ ਕੀਤਾ ਸੀ, ਜਿਸ ਵਿਚ 2 ਲੋਕ ਮਾਰੇ ਗਏ ਸਨ। ਫੈਸਲਾ ਸੁਣਾਏ ਜਾਣ ਤੋਂ ਬਾਅਦ ਪੁਲਿਸ ਸਈਦ, ਫਹਿਮੀਦਾ ਅਤੇ ਅੰਸਾਰੀ ਨੂੰ ਵੱਖ-ਵੱਖ ਜੇਲ੍ਹਾਂ ਵਿਚ ਲੈ ਗਈ।

ਅਦਾਲਤ ਤੋਂ ਬਾਹਰ ਆ ਕੇ ਫਹਿਮੀਦਾ ਜ਼ੋਰ-ਜ਼ੋਰ ਨਾਲ ਰੋਣ ਲੱਗ ਪਈ, ਜਦਕਿ ਨੇੜੇ ਖੜ੍ਹਾ ਉਸਦਾ ਪਤੀ ਸ਼ਾਂਤ ਸੀ।

## ਭਾਰਤੀ ਡਾਕਟਰ ਤੇ ਪਤਨੀ ਖਿਲਾਫ ਨਵੇਂ ਦੋਸ਼

**ਵਾਸ਼ਿੰਗਟਨ :** ਪਾਬੰਦੀਸ਼ੁਦਾ ਧਮਾਕਾਖੇਜ਼ ਸਮੱਗਰੀ ਰੱਖਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਰਣਦੀਪ ਸਿੰਘ ਮਾਨ ਤੇ ਉਸ ਦੀ ਪਤਨੀ ਸੰਗੀਤਾ ਮਾਨ ਨੇ ਜਾਂਚ ਦੇ ਕੰਮ ਵਿਚ ਦਖਲ-ਅੰਦਾਜ਼ੀ ਕਰਕੇ ਆਪਣੇ ਲਈ ਹੋਰ ਮੁਸੀਬਤਾਂ ਸਹੇੜ ਲਈਆਂ ਹਨ।

ਰਸੂਲ ਵਿਲੇ ਵਿਖੇ ਡਾਕਟਰੀ ਕਰ ਰਹੇ 51 ਸਾਲਾ ਡਾ. ਮਾਨ ਨੂੰ 4 ਮਾਰਚ ਵਾਲੇ ਦਿਨ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਦੋਂ ਤੋਂ ਹੀ ਪੁਲਿਸ ਹਿਰਾਸਤ ਵਿਚ ਹੈ। ਉਸ ਤੋਂ ਅਜਿਹੀ ਧਮਾਕਾਖੇਜ਼ ਸਮੱਗਰੀ ਤੇ ਮਸ਼ੀਨਗੰਨ ਬਰਾਮਦ ਹੋਈ ਸੀ, ਜਿਸ ਨੂੰ ਸਿਰਫ ਫੌਜ ਹੀ ਰੱਖ ਸਕਦੀ ਹੈ। ਪੁਲਿਸ ਨੇ ਲੈਂਡਨ ਪਬਲਿਕ ਵਰਕਸ ਦੇ ਇਕ ਮੁਲਾਜ਼ਮ ਵਲੋਂ ਸੂਚਨਾ ਦੇਣ ਮਗਰੋਂ ਡਾਕਟਰ ਦੇ ਘਰ ਛਾਪਾ ਮਾਰਿਆ ਸੀ।

ਪੁਲਿਸ ਨੇ ਹੁਣ 48 ਸਾਲਾ ਸੰਗੀਤਾ 'ਤੇ ਸਬੂਤਾਂ ਨੂੰ ਲੁਕਾਉਣ ਅਤੇ ਗਲਤ ਬਿਆਨੀ ਕਰਨ ਦੇ ਨਵੇਂ ਦੋਸ਼ ਲਗਾਏ ਹਨ। ਉਸ ਨੂੰ ਬੀਤੇ ਦਿਨ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਸੋਮਵਾਰ ਤੱਕ ਜਦੋਂ ਸੰਘੀ ਅਦਾਲਤ ਵਿਚ ਸੁਣਵਾਈ ਹੋਵੇਗੀ, ਉਹ ਹਿਰਾਸਤ ਵਿਚ ਹੀ ਰਹੇਗੀ।

# ਬਰਲੁਸਕੋਨੀ ਇਟਲੀ ਦੇ ਸਾਰੇ ਗੈਰ-ਕਾਨੂੰਨੀ ਵਿਦੇਸ਼ੀਆਂ ਨੂੰ ਪੱਕਾ ਕਰ ਸਕਦੇ ਹਨ



**ਰੋਮ :** ਘਰੇਲੂ ਕਰਮਚਾਰੀਆਂ ਤੋਂ ਇਲਾਵਾ ਸਮੂਹ ਗੈਰ-ਕਾਨੂੰਨੀ ਵਿਦੇਸ਼ੀਆਂ ਨੂੰ ਇਟਲੀ ਵਿਚ ਪੱਕੇ ਕੀਤਾ ਜਾਵੇ ਜਾਂ ਨਾ, ਇਸ ਸਬੰਧੀ ਫੈਸਲਾ ਇਟਲੀ ਦੇ ਪ੍ਰਧਾਨ ਮੰਤਰੀ ਸਿਲਵੀਓ ਬਰਲੁਸਕੋਨੀ ਹੀ ਲੈ ਸਕਦੇ ਹਨ।

ਇਹ ਵਿਚਾਰ ਵਿੱਤ ਮੰਤਰੀ ਕਲਾਊਦੀਓ ਸਕਾਜੋਲਾ ਨੇ ਪੇਸ਼ ਕੀਤੇ। ਕਲਾਊਦੀਓ ਨੇ ਕਿਹਾ ਕਿ ਘਰੇਲੂ ਕਰਮਚਾਰੀਆਂ ਤੋਂ ਇਲਾਵਾ ਹੋਰ ਖੇਤਰ ਵਿਚ ਕੰਮ ਕਰਨ ਵਾਲੇ ਗੈਰ-ਕਾਨੂੰਨੀ ਵਿਦੇਸ਼ੀਆਂ ਨੂੰ ਵੀ ਪੱਕਾ ਕੀਤਾ ਜਾਵੇ, ਜਿਸ ਨਾਲ ਉਦਯੋਗ ਖੇਤਰ ਵਿਚ ਕਰਮਚਾਰੀਆਂ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ, ਪਰ ਗ੍ਰਹਿ ਮੰਤਰੀ ਰੋਬੈਰਤੋ ਮਾਰੋਨੀ ਨੇ ਇਸ ਵਿਚਾਰ ਦਾ ਖੰਡਨ ਕੀਤਾ ਅਤੇ ਸਮੂਹ ਗੈਰ-ਕਾਨੂੰਨੀ ਵਿਦੇਸ਼ੀਆਂ ਨੂੰ ਪੱਕੇ ਨਾ ਕਰਨ 'ਤੇ ਸਹਿਮਤੀ ਪ੍ਰਗਟਾਈ, ਪਰ ਕਲਾਊਦੀਓ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਘਰੇਲੂ ਕਰਮਚਾਰੀਆਂ ਲਈ ਕਾਨੂੰਨੀ ਨੀਤੀ ਬਣਾਈ ਗਈ ਹੈ, ਉਸੇ ਤਰ੍ਹਾਂ ਦੀ ਕਾਨੂੰਨ ਨੀਤੀ ਸਮੂਹ ਗੈਰ-ਕਾਨੂੰਨੀ ਵਿਦੇਸ਼ੀਆਂ ਲਈ ਬਣਾਈ ਜਾਵੇ, ਜਿਸ ਅਧੀਨ ਉਨ੍ਹਾਂ ਗੈਰਕਾਨੂੰਨੀ ਵਿਦੇਸ਼ੀਆਂ ਨੂੰ ਪੱਕੇ ਕੀਤਾ ਜਾਵੇ, ਜਿਨ੍ਹਾਂ ਕੋਲ ਰੁਜ਼ਗਾਰ ਅਤੇ ਰਹਿਣ ਲਈ ਘਰ ਹੈ।

ਦੂਜੇ ਪਾਸੇ ਵਿਰੋਧੀ ਧਿਰ ਦੇ ਵਿਧਾਇਕ ਮੈਡਮ ਏਮਾ ਬੀਨੋਨੋ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਿਰਫ ਘਰੇਲੂ ਕਰਮਚਾਰੀਆਂ ਨੂੰ ਪੱਕੇ ਕਰਨਾ ਵਾਜਿਬ ਨਹੀਂ ਬਲਕਿ ਇਟਲੀ ਵਿਚ ਰਹਿ ਰਹੇ ਸਮੂਹ ਗੈਰ-ਕਾਨੂੰਨੀ ਵਿਦੇਸ਼ੀਆਂ ਨੂੰ ਪੱਕੇ ਕਰਨ ਦੀ ਲੋੜ ਹੈ।

ਉਨ੍ਹਾਂ ਸਰਕਾਰ ਦੇ ਉਸ ਫੈਸਲੇ ਦੀ ਨਿੰਦਾ ਕੀਤੀ, ਜਿਸ ਅਨੁਸਾਰ ਗੈਰ-ਯੂਰਪੀ ਵਿਦੇਸ਼ੀਆਂ ਨੂੰ ਕਿੱਤੇ ਅਨੁਸਾਰ ਪੱਕੇ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ। ਉਨ੍ਹਾਂ ਅਨੁਸਾਰ ਇਹ ਇਟਾਲੀਅਨ ਸੰਵਿਧਾਨ ਦੇ ਖਿਲਾਫ ਹੈ।

# ਲਿੱਟੇ ਦਾ ਨਵਾਂ ਮੁਖੀ ਕੁਮਾਰਨ ਪਦਮਾਨਾਥਨ ਗ੍ਰਿਫ਼ਤਾਰ

**ਕੋਲੰਬੋ :** ਲਿੱਟੇ ਦੇ ਨਵੇਂ ਮੁਖੀ ਸ਼ਾਨਮੁਗਮ ਕੁਮਾਰਨ ਥਾਰਮਲਿੰਗਮ ਉਰਫ਼ ਕੁਮਾਰਨ ਪਦਮਾਨਾਥਨ ਨੂੰ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ 'ਚ ਗ੍ਰਿਫ਼ਤਾਰ ਕਰਨ ਤੋਂ ਬਾਅਦ ਕੋਲੰਬੋ ਲਿਆਂਦਾ ਗਿਆ ਹੈ। ਇੱਥੋਂ ਉਸ ਨੂੰ ਪੁੱਛਗਿੱਛ ਲਈ ਅਣਪਛਾਤੀ ਥਾਂ 'ਤੇ ਭੇਜ ਦਿੱਤਾ ਗਿਆ। ਸਥਾਨਕ ਫੌਜ ਦੇ ਬੁਲਾਰੇ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਦਮਨਾਥਨ ਤੋਂ ਲਿੱਟੇ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਮਈ ਮਹੀਨੇ 'ਚ ਲਿੱਟੇ ਮੁਖੀ ਪ੍ਰਭਾਕਰਨ ਦੀ ਮੌਤ ਤੋਂ ਬਾਅਦ ਪਦਮਾਨਾਥਨ ਨੇ ਲਿੱਟੇ ਦੀ ਕਮਾਨ ਸੰਭਾਲੀ ਸੀ। ਪਦਮਾਨਾਥਨ ਕਥਿਤ ਤੌਰ 'ਤੇ ਅੰਤਰਰਾਸ਼ਟਰੀ ਹਥਿਆਰਾਂ ਦੀ ਤਸਕਰੀ ਦੇ ਗਿਰੋਹ ਨੂੰ ਵੀ ਚਲਾਉਂਦਾ ਹੈ। ਮਿਲੀ ਜਾਣਕਾਰੀ ਅਨੁਸਾਰ ਪਦਮਾਨਾਥਨ ਨੇ ਪ੍ਰਭਾਕਰਨ ਦੀ ਮੌਤ ਤੋਂ ਬਾਅਦ ਖ਼ੁਦ ਨੂੰ ਤਾਮਿਲ ਛਾਪਾਮਾਰ ਜਥੇਬੰਦੀ ਦਾ ਆਗੂ ਐਲਾਨ ਦਿੱਤਾ ਸੀ। ਇਸ ਤੋਂ ਪਹਿਲਾਂ ਇਹ ਚਰਚਾ ਸੀ ਕਿ ਪਦਮਾਨਾਥਨ ਨੂੰ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਥਾਈ ਸਰਕਾਰ ਦੇ ਬੁਲਾਰੇ ਮੁਤਾਬਕ ਉਸ ਨੂੰ ਕੁਆਲਾਲੰਪੁਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਦੂਜੇ ਪਾਸੇ ਮਿਲੀ ਜਾਣਕਾਰੀ ਮੁਤਾਬਕ ਪਦਮਾਨਾਥਨ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਉਸ ਨੂੰ ਲੰਦਨ ਤੋਂ ਦੋ ਵਿਅਕਤੀ ਮਿਲਣ ਆਏ। ਸੂਤਰਾਂ ਮੁਤਾਬਕ ਇਨ੍ਹਾਂ ਵਿਅਕਤੀਆਂ ਦੇ ਆਉਣ ਤੋਂ ਬਾਅਦ ਪਦਮਾਨਾਥਨ ਨੂੰ ਇਕ ਫੋਨ ਆਇਆ ਤੇ ਉਹ ਫੋਨ ਸੁਣਨ ਲਈ ਬਾਹਰ ਚਲਾ ਗਿਆ। ਕਾਫ਼ੀ ਦੇਰ ਤੱਕ ਜਦੋਂ ਉਹ ਬਾਹਰੋਂ ਨਹੀਂ ਆਇਆ ਤਾਂ ਆਏ ਵਿਅਕਤੀ ਉਸ ਨੂੰ ਬਾਹਰ ਵੇਖਣ ਗਏ। ਪਰ ਪਦਮਾਨਾਥਨ ਬਾਹਰ ਨਹੀਂ ਸੀ।

ਉਸ ਤੋਂ ਬਾਅਦ ਅਚਾਨਕ ਪਦਮਾਨਾਥਨ ਬੈਂਕਾਕ ਪਹੁੰਚ ਗਿਆ। ਅਖ਼ਬਾਰਾਂ ਅਨੁਸਾਰ ਲਿੱਟੇ ਮੁਖੀ ਪ੍ਰਭਾਕਰਨ ਦੇ ਮਾਰੇ ਜਾਣ ਤੋਂ ਬਾਅਦ ਤਾਮਿਲ ਛਾਪਾਮਾਰ ਜਥੇਬੰਦੀ ਦੀ ਅਰਬਾਂ ਦੀ ਜਾਇਦਾਦ ਨੂੰ ਲੈ ਕੇ ਪਦਮਾਨਾਥਨ ਦਾ ਅਮਰੀਕਾ ਸਥਿਤ ਲਿੱਟੇ ਕਾਰਕੁੰਨਾਂ ਨਾਲ ਵਿਵਾਦ ਚੱਲ ਰਿਹਾ ਸੀ। ਅਖ਼ਬਾਰ ਅਨੁਸਾਰ ਭਾਰਤ ਸਰਕਾਰ ਦੇ ਅਧਿਕਾਰੀਆ ਨੇ ਪਦਮਾਨਾਥਨ ਨੂੰ ਗ੍ਰਿਫ਼ਤਾਰ ਕਰਨ ਤੇ ਰਜੀਵ ਗਾਂਧੀ ਕਤਲ ਕਾਂਡ 'ਚ ਮੁਕੱਦਮਾ ਚਲਾਉਣ ਲਈ ਕਈ ਦੇਸ਼ਾਂ ਨੂੰ ਸੂਚਿਤ ਕੀਤਾ ਸੀ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਗੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627



Thandi Insurance Brokerage

**Truck Insurance Specialist:** LIC#OBO9151

Auto liability, physical damage, motor truck cargo, general liability and worker's comp.

**Coverage for:**

Long and local haul owner operators, dump trucks, sand/gravel, seasonal vegetable, delivery, catering and ice cream trucks. DUI, new/young drivers accepted.

**Quick Filing:**

Personal auto, medical and homeowners insurance. SR22, MCP-65, BMC91-X, Form-E, UIIA.

**Business Policies:**

Gas stations, repair shops, mini marts, stores, restaurants, and warehouses.




ਅਸੀਂ ਤਕਰੀਬਨ ਡੇਢ ਦਹਾਕੇ ਤੋਂ ਤੁਹਾਡੀ ਸੇਵਾ ਕਰਦੇ ਆ ਰਹੇ ਹਾਂ

*For a Free insurance Quote Please Call :*

1-800-917-2639

3090 Independence drive Suite # 246 Livermore CA 94551

ੴ ਸਤਿਗੁਰ ਪ੍ਰਸਾਦਿ

# ਫਰੀਮਾਂਟ ਗੁਰੂ ਘਰ ਦੀ ਸੰਗਤ ਨੂੰ

# ਪੁਰਜ਼ੋਰ ਅਪੀਲ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਫਰੀਮਾਂਟ ਗੁਰੂ ਘਰ ਦੀ ਮੈਂਬਰਸ਼ਿਪ 9, 16, 23 ਅਤੇ 30 ਅਗਸਤ, 2009 ਨੂੰ ਸਵੇਰੇ 10 ਵਜੇ ਤੋਂ ਸ਼ਾਮੀਂ 4 ਵਜੇ ਤੱਕ ਖੁੱਲ੍ਹੀ ਰਹੇਗੀ। ਅਗਰ ਆਪ ਹੇਠ ਲਿਖੀਆਂ ਕਾਊਂਟੀਆਂ ਵਿਚ ਰਹਿੰਦੇ ਹੋ ਤਾਂ ਆਪ ਆਪਣੀ ਵੋਟ ਬਣਾ ਸਕਦੇ ਹੋ।

ਕਾਊਂਟੀਆਂ ਹਨ: (1) ਐਲਾਮੀਡਾ (2) ਕੋਂਟਰਾ ਕੋਸਟਾ (3) ਸੈਨ ਮੈਟਿਉ (4) ਸੈਂਟਾ ਕਲਾਰਾ (5) ਸੈਂਟਾ ਕਰੂਜ਼ (6) ਸੈਨ ਫਰਾਂਸਿਸਕੋ (7) ਸੋਲਾਨੋ



ਗੁਰਦੁਆਰਾ ਸਾਹਿਬ ਫਰੀਮਾਂਟ

## ਆਪ ਜੀ ਦੇ ਧਿਆਨ ਰੱਖਣਯੋਗ ਗੱਲਾਂ

1. ਅਗਰ ਆਪ ਜੀ ਨੇ ਫਰੀਮਾਂਟ ਗੁਰੂ ਘਰ ਦੀਆਂ 2005, 2006 ਅਤੇ 2008 ਦੀਆਂ ਚੋਣਾਂ ਵਿਚ ਵੋਟਾਂ ਦੀ ਵਰਤੋਂ ਕੀਤੀ ਹੈ ਅਤੇ ਉਸ ਤੋਂ ਬਾਅਦ ਆਪ ਜੀ ਦੇ ਪਤੇ ਵਿਚ ਕੋਈ ਤਬਦੀਲੀ ਨਹੀਂ ਹੋਈ ਤਾਂ ਤੁਸੀਂ ਗੁਰੂ ਘਰ ਦੇ ਯੋਗ ਮੈਂਬਰ ਹੋ।

2. ਉਪਰੋਕਤ ਚੋਣਾਂ ਤੋਂ ਬਾਅਦ ਅਗਰ ਆਪ ਦਾ ਪਤਾ ਬਦਲ ਗਿਆ ਹੈ ਪਰ ਤੁਸੀਂ ਅਜੇ ਵੀ ਉਪਰੋਕਤ 7 ਕਾਊਂਟੀਆਂ ਵਿਚੋਂ ਕਿਸੇ ਇਕ ਵਿਚ ਰਹਿੰਦੇ ਹੋ ਤਾਂ ਤੁਸੀਂ ਮੈਂਬਰਸ਼ਿਪ ਕਮੇਟੀ ਪਾਸ ਆਪਣਾ ਐਡਰੈਸ ਬਦਲਵਾ ਸਕਦੇ ਹੋ ਪਰ ਤੁਹਾਡੇ ਪਾਸ ਨਵੇਂ ਐਡਰੈਸ ਦੀ ਫੋਟੋ ਆਈ.ਡੀ. ਜਾਂ ਬਿਜਲੀ ਬਿਲ ਜਾਂ ਕੋਈ ਹੋਰ ਸਬੂਤ, ਜੋ ਤੁਹਾਡੀ ਰਿਹਾਇਸ਼ ਨੂੰ ਸਾਬਤ ਕਰਦਾ ਹੋਵੇ, ਜ਼ਰੂਰ ਹੋਣਾ ਚਾਹੀਦਾ ਹੈ।

3. ਮੈਂਬਰ ਬਨਣ ਵਾਲੇ ਦਿਨ ਆਪ ਜੀ ਦੀ ਉਮਰ ਘੱਟੋ ਘੱਟ 18 ਸਾਲ ਦੀ ਜ਼ਰੂਰ ਹੋਣੀ ਚਾਹੀਦੀ ਹੈ।

4. ਜਿਹੜੀ ਸੰਗਤ ਪਿਛਲੇ 90 ਦਿਨਾਂ ਤੋਂ ਉਪਰੋਕਤ ਕਾਊਂਟੀਆਂ ਵਿਚ ਵਸਨੀਕ ਹੈ, ਉਨ੍ਹਾਂ ਨੂੰ ਆਪਣੀ ਵੋਟ ਬਣਾਉਣ ਦਾ ਪੂਰਾ ਹੱਕ ਹੈ।

5. ਮੈਂਬਰਸ਼ਿਪ ਕਮੇਟੀ ਸਿਰਫ ਨਵੀਆਂ ਵੋਟਾਂ ਹੀ ਬਣਾ ਰਹੀ ਹੈ ਜਾਂ ਫਿਰ ਅਗਰ ਕਿਸੇ ਵੋਟਰ ਦਾ ਪਤਾ ਬਦਲਿਆ ਹੈ ਉਹ ਆਪਣਾ ਨਵਾਂ ਪਤਾ ਮੈਂਬਰਸ਼ਿਪ ਕਮੇਟੀ ਨੂੰ ਦੇ ਸਕਦਾ ਹੈ।

6. ਨਵੇਂ ਰਜਿਸਟਰ ਹੋਏ ਵੋਟਰ ਮਾਰਚ 2010 ਦੀਆਂ ਚੋਣਾਂ ਵਿਚ ਆਪਣੀ ਵੋਟ ਦੀ ਵਰਤੋਂ ਕਰ ਸਕਦੇ ਹਨ।

7. ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਵੇਂ ਤੁਸੀਂ ਜਾਣਦੇ ਹੋ ਆਪ ਜੀ ਵੋਟ ਦਾ ਹੱਕ ਇਕ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਪ੍ਰਾਪਤ ਹੋਇਆ ਹੈ। ਤੁਸੀਂ ਆਪਣੀਆਂ ਵੋਟਾਂ ਜ਼ਰੂਰ ਬਣਾਓ ਅਤੇ ਪ੍ਰਬੰਧਕੀ ਢਾਂਚਾ ਬਣਾਉਣ ਵਿਚ ਸਹਾਈ ਹੋਵੋ ਜੀ।

**ਉਪਰੋਕਤ ਬੇਨਤੀ ਆਪ ਜੀ ਨੂੰ ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਰਾਮ ਸਿੰਘ, ਭਾਈ ਗੁਰਚਰਨ ਸਿੰਘ ਅਤੇ ਉਨ੍ਹਾਂ ਦੀ ਸਾਰੀ ਟੀਮ ਵਲੋਂ ਕੀਤੀ ਜਾ ਰਹੀ ਹੈ।**

## ਗੁਰੂ ਪੰਥ ਦੇ ਦਾਸ

ਭਾਈ ਦਵਿੰਦਰ ਸਿੰਘ
ਭਾਈ ਕੁਲਜੀਤ ਸਿੰਘ
ਭਾਈ ਹਰਮਿੰਦਰ ਸਿੰਘ
ਭਾਈ ਪ੍ਰੀਤਮ ਸਿੰਘ ਜੋਗਾਨੰਗਲ
ਭਾਈ ਦਰਸ਼ਨ ਸਿੰਘ
ਭਾਈ ਬਲਜੀਤ ਸਿੰਘ
ਭਾਈ ਅਮਰਦੀਪ ਸਿੰਘ
ਭਾਈ ਸੁਦੇਸ਼ ਸਿੰਘ ਅਟਵਾਲ
ਭਾਈ ਪਲਵਿੰਦਰ ਸਿੰਘ
ਭਾਈ ਸਰਬਜੋਤ ਸਿੰਘ
ਭਾਈ ਐਸ.ਪੀ. ਸਿੰਘ
ਭਾਈ ਰਾਣਾ ਸਿੰਘ ਕਾਹਲੋਂ
ਭਾਈ ਲਖਬੀਰ ਸਿੰਘ ਪਟਵਾਰੀ
ਭਾਈ ਜਸਦੀਪ ਸਿੰਘ
ਭਾਈ ਭੁਪਿੰਦਰ ਸਿੰਘ ਪਰਮਾਰ
ਭਾਈ ਸਤਪਾਲ ਸਿੰਘ ਮਦਾਰ
ਭਾਈ ਮਹਿੰਗਾ ਸਿੰਘ
ਭਾਈ ਅਵਤਾਰ ਸਿੰਘ
ਭਾਈ ਸੁਖਵੰਤ ਸਿੰਘ ਢਿੱਲੋਂ
ਭਾਈ ਤਾਰਾ ਸਿੰਘ
ਭਾਈ ਗੁਰਾ ਸਿੰਘ
ਬੀਬੀ ਸਰਬਜੀਤ ਕੌਰ ਚੀਮਾ

# ਵਾਜਪਾਈ ਦੀ ਪਾਈ ਲੀਹ 'ਤੇ ਹੀ ਤੁਰ ਰਹੇ ਨੇ ਡਾ. ਮਨਮੋਹਨ ਸਿੰਘ

– ਸ਼ੇਖਰ ਗੁਪਤਾ

ਇਹ ਦਿਲਚਸਪ ਹੈ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਸ਼ਰਮ ਅਲ-ਸ਼ੇਖ਼ ਵਿਚ ਆਪਣੀ ਪਹਿਲ ਨੂੰ ਉਚਿੱਤ ਠਹਿਰਾਉਣ ਲਈ ਵਾਜਪਾਈ ਦੇ ਉਦਾਹਰਣ ਦਾ ਹਵਾਲਾ ਦਿੱਤਾ। ਦਿਲਚਸਪ ਇਸ ਲਈ ਹੈ, ਕਿਉਂਕਿ ਵਾਜਪਾਈ ਨੇ ਪਾਕਿਸਤਾਨ ਨਾਲ ਸ਼ਾਂਤੀ ਸਥਾਪਤ ਕਰਨ ਲਈ ਤਿੰਨ ਵੱਡੇ ਕਦਮ ਚੁੱਕੇ ਸਨ। ਅਜਿਹਾ ਉਨ੍ਹਾਂ ਨੇ ਹਰ ਵਾਰੀ ਲੀਹ ਤੋਂ ਹੱਟ ਕੇ ਕੰਮ ਕਰਦੇ ਹੋਏ ਅਤੇ ਉਹ ਵੀ ਭਾਰੀ ਉਕਸਾਵੇ ਦੇ ਬਾਵਜੂਦ ਕੀਤਾ ਸੀ। ਹਰ ਵਾਰੀ ਉਨ੍ਹਾਂ ਨੂੰ ਨਿਰਾਸ਼ ਹੋਣਾ ਪਿਆ – ਪਾਕਿਸਤਾਨੀਆਂ ਦੀ ਵਜ੍ਹਾ ਨਾਲ, ਨਾ ਕਿ ਆਪਣੀ ਹੀ ਪਾਰਟੀ ਦੇ ਲੋਕਾਂ ਦੀ ਵਜ੍ਹਾ ਨਾਲ। ਜਦੋਂਕਿ ਮਨਮੋਹਨ ਸਿੰਘ ਦਾ ਉਨ੍ਹਾਂ ਦੀ ਹੀ ਪਾਰਟੀ ਦੇ ਲੋਕਾਂ ਨੇ ਸਾਥ ਨਹੀਂ ਦਿੱਤਾ, ਜਦੋਂ ਤੱਕ ਕਿ ਸੋਨੀਆ ਗਾਂਧੀ ਨੇ ਪਾਰਟੀ ਵਿਚ ਧਾਰਾ 144 ਲਾਗੂ ਨਹੀਂ ਕਰ ਦਿੱਤੀ।

ਵਾਜਪਾਈ ਦੀ ਲਾਹੌਰ ਬਸ ਯਾਤਰਾ ਇਸ ਦਿਸ਼ਾ ਵਿਚ ਪਹਿਲਾ ਵੱਡਾ ਕਦਮ ਸੀ। ਇਹ ਇਕ ਦਹਾਕਾ ਪੁਰਾਣੀ ਗੱਲ ਹੈ, ਪਰ ਇਸ ਦੀ ਅੰਦਰਲੀ ਕਹਾਣੀ ਮੇਰੇ ਚੇਤੇ ਵਿਚ ਅੱਜ ਵੀ ਤਾਜ਼ਾ ਹੈ। ਵਾਦੀ ਵਿਚ ਹਮਲਿਆਂ ਵਿਚ ਕਮੀ ਨਹੀਂ ਆਈ ਸੀ, ਬਲਕਿ ਇਕ ਵੱਡਾ ਨਰਸੰਹਾਰ ਠੀਕ ਉਦੋਂ ਹੋਇਆ ਜਦੋਂ ਵਾਜਪਾਈ ਲਾਹੌਰ ਵਿਚ ਸਨ। ਤਾਂ ਵੀ ਇਹ ਮੀਨਾਰ-ਏ-ਪਾਕਿਸਤਾਨ ਗਏ ਅਤੇ ਕਿਹਾ ਕਿ ਸਥਿਰ ਅਤੇ ਸਮਰੱਥ ਪਾਕਿਸਤਾਨ ਭਾਰਤ ਦੇ ਹਿੱਤ ਵਿਚ ਹੈ। ਪ੍ਰਧਾਨ ਮੰਤਰੀ ਵਾਜਪਾਈ ਵਲੋਂ ਇਹ ਕਹਿਣ ਦਾ ਇਕ ਮਹੱਤਵ ਸੀ ਅਤੇ ਹਰੇਕ ਪਾਕਿਸਤਾਨੀ ਨੇ ਇਸ ਨੂੰ ਸਮਝਿਆ।

ਵਾਜਪਾਈ ਕਦੀ ਇਸ ਤੋਂ ਪਿੱਛੇ ਨਹੀਂ ਹਟੇ, ਉਦੋਂ ਵੀ ਨਹੀਂ ਜਦੋਂ ਪਤਾ ਚੱਲਿਆ ਕਿ ਜਦੋਂ ਉਹ ਲਾਹੌਰ ਵਿਚ ਸ਼ਾਂਤੀ ਵਾਰਤਾ ਕਰ ਰਹੇ ਸਨ ਤਾਂ ਮੁਸ਼ਰੱਫ ਕਾਰਗਿਲ ਵਿਚ ਘੁੱਸਪੈਠ ਕਰਕੇ ਕਬਜ਼ਾ ਕਰ ਰਹੇ ਸਨ। ਇਹ ਇਕ ਮਹਾਨ ਵਿਚਾਰ ਸੀ, ਇਕ ਸਟੇਟਸਮੈਨ ਦਾ ਮਹਾਂ ਵਿਚਾਰ। 2004 ਵਿਚ ਸੱਤਾ ਤੋਂ ਹਟਦੇ ਸਮੇਂ ਉਨ੍ਹਾਂ ਨੂੰ ਸਭ ਤੋਂ ਜ਼ਿਆਦਾ ਪਛਤਾਵਾ ਇਸੇ ਗੱਲ ਦਾ ਸੀ ਕਿ ਉਹ ਇਸ ਨੂੰ ਸਹੀ ਨਤੀਜੇ ਤੱਕ ਨਹੀਂ ਲਿਜਾ ਸਕੇ।

ਜੁਲਾਈ 2001 ਵਿਚ ਉਨ੍ਹਾਂ ਨੇ ਇਕ ਗੱਲਬਾਤ ਵਿਚ ਆਪਣੇ ਵਿਸ਼ਵਾਸਾਂ ਦਾ ਬੇਹੱਦ ਦਿਲ ਨੂੰ ਛੂਹਣ ਵਾਲੇ ਤਰੀਕੇ ਨਾਲ ਵਰਨਣ ਕੀਤਾ। ਮੈਂ ਜਾਨਣਾ ਚਾਹਿਆ ਕਿ ਉਨ੍ਹਾਂ ਨੇ ਮੁਸ਼ੱਰਫ ਨੂੰ ਆਗਰਾ ਸਿਖ਼ਰ ਵਾਰਤਾ ਲਈ ਸੱਦਾ ਦੇਣ ਵਰਗਾ ਅਣਕਿਆਸਾ ਕਦਮ ਕਿਉਂ ਚੁੱਕਿਆ? ਉਸ ਸਮੇਂ ਮੁਸ਼ੱਰਫ ਦੀ ਵਿਸ਼ਵਾਸ਼ਯੋਗਤਾ ਸ਼ੱਕੀ ਸੀ, ਕਸ਼ਮੀਰ ਵਿਚ ਹਾਲਾਤ ਨਾਜ਼ੁਕ ਸਨ ਅਤੇ ਭਾਰਤੀ ਜਨਤਾ ਕੰਧਾਰ ਜਹਾਜ਼ ਅਗਵਾ ਦੇ ਜ਼ਖ਼ਮ ਨੂੰ ਭੁਲੀ ਨਹੀਂ ਸੀ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਇਹ ਹਕੀਕਤ ਵਿਚ ਮੁਸ਼ੱਰਫ ਨੂੰ ਬੁਲਾਉਣ ਦਾ ਉਚਿੱਤ ਸਮਾਂ ਸੀ? ਵਾਜਪਾਈ ਨੇ ਕਿਹਾ, "ਦੇਖੋ, ਜੇਕਰ ਭਾਰਤ ਅਤੇ ਪਾਕਿਸਤਾਨ ਦੇ ਨੇਤਾ ਸ਼ਾਂਤੀ ਸਥਾਪਤ ਕਰਨ ਲਈ ਆਦਰਸ਼ ਮਾਹੌਲ ਦਾ ਇੰਤਜ਼ਾਰ ਕਰਦੇ ਰਹਿਣਗੇ, ਤਾਂ ਸੰਭਵ ਹੈ ਕਿ ਅਜਿਹਾ ਕਦੀ ਵੀ ਨਹੀਂ ਹੋਵੇਗਾ।" ਪਰ ਫਿਰ ਪੁੱਛਿਆ, "ਪਰ ਉਸੇ ਵਕਤ ਕਿਉਂ? ਕੀ ਇਹ ਕੋਈ ਦਿਮਾਗੀ ਰੰਗ ਸੀ, ਕਿਸੇ ਤਰ੍ਹਾਂ ਦੀ ਕੋਈ ਪ੍ਰੇਰਣਾ ਸੀ ਜਾਂ ਅੰਤਰਰਾਸ਼ਟਰੀ ਦਬਾਅ ਸੀ? ਅਤੇ ਆਖਰ ਮੁਸ਼ੱਰਫ ਵਲੋਂ ਸੰਮੇਲਨ ਲਈ ਇੰਨੀ ਮੰਗ ਕਿਉਂ ਰੱਖੀ ਗਈ?"



ਦੂਜੇ ਪਾਸੇ ਲੰਬੀ ਚੁੱਪੀ ਸੀ। ਥੋੜੀ ਦੇਰ ਬਾਅਦ ਉਨ੍ਹਾਂ ਨੇ ਕਿਹਾ, "ਇਮਾਨਦਾਰੀ ਨਾਲ ਕਹਾਂ ਤਾਂ ਮੇਰੇ ਦਿਮਾਗ ਵਿਚ ਕੁਝ ਹੋਰ ਹੀ ਯੋਜਨਾਵਾਂ ਸਨ...। ਦੇਖੋ ਲਖਨਊ ਵਿਚ ਇਕ ਸਕਸੈਨਾ ਪਰਿਵਾਰ ਹੈ। ਉਨ੍ਹਾਂ ਦਾ ਪੁੱਤਰ ਭਾਰਤੀ ਸੈਨਾ ਵਿਚ ਮੇਜਰ ਸੀ, ਜਿਹੜਾ ਕਸ਼ਮੀਰ ਵਿਚ ਲੜਦੇ ਹੋਏ ਸ਼ਹੀਦ ਹੋ ਗਿਆ। ਮੈਂ ਜਦੋਂ ਸ਼ਹੀਦ ਮੇਜਰ ਦੇ ਪਿਤਾ ਨੂੰ ਮਿਲਿਆ ਤਾਂ ਉਹ ਮੇਰੇ ਸਾਹਮਣੇ ਰੋਏ ਜਾਂ ਦੁੱਖੀ ਨਹੀਂ ਹੋਏ। ਉਨ੍ਹਾਂ ਨੇ ਕਿਹਾ ਕਿ ਉਹ ਆਪਣੇ ਦੇਸ਼ ਲਈ ਇਕ ਪੁੱਤਰ ਤਾਂ ਕੀ, ਕਈ ਪੁੱਤਰ ਕੁਰਬਾਨ ਕਰ ਸਕਦੇ ਹਨ। ਉਦੋਂ ਮੈਨੂੰ ਲੱਗਿਆ ਕਿ ਉਨ੍ਹਾਂ ਦੇ ਜ਼ਖ਼ਮ ਹਾਲੇ ਵੀ ਹਰੇ ਹਨ। ਕੁਝ ਦਿਨਾਂ ਵਿਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਆਪਣੇ ਪੁੱਤਰ ਦੀ ਕਮੀ ਖਟਕਣ ਲੱਗੀ। ਉਹ ਇਸ ਦੀ ਸ਼ਿਕਾਇਤ ਨਹੀਂ ਕਰਨਗੇ। ਪਰ ਇਹ ਸਾਰਾ ਕੁਝ ਕਦੋਂ ਤੱਕ ਚੱਲਦਾ ਰਹੇਗਾ? ਇਨੇ ਦਹਾਕਿਆਂ ਤੋਂ ਦੋਹਾਂ ਪਾਸਿਓਂ ਕਿੰਨੇ ਪਰਿਵਾਰ ਇਸ ਤਰ੍ਹਾਂ ਦੀ ਪੀੜ ਝੱਲ ਰਹੇ ਹਨ? ਇਸ ਲਈ ਮੈਂ ਸੋਚਿਆ ਕਿ ਹਰ ਤਰ੍ਹਾਂ ਦੀ ਨਫ਼ਰਤ ਨੂੰ ਭੁਲਾਉਂਦੇ ਹੋਏ ਸਾਡੀ ਪੀੜ੍ਹੀ ਦੇ ਨੇਤਾ ਭਵਿੱਖ ਖਾਤਰ ਇਸ ਮਸਲੇ ਨੂੰ ਹਮੇਸ਼ਾ ਲਈ ਨਿਪਟਾ ਲੈਣ ਤਾਂ ਬਿਹਤਰ ਹੈ।" ਆਗਰੇ ਵਿਚ ਮੁਸ਼ੱਰਫ ਨੇ ਉਨ੍ਹਾਂ ਨੂੰ ਬੇਹੱਦ ਨਿਰਾਸ਼ ਕੀਤਾ। ਉਹ ਮੁਸ਼ੱਰਫ ਦੇ ਹਮਲਾਵਰ ਰੁਖ ਅਤੇ ਅਪਰਿਪੱਕਤਾ ਤੋਂ ਉਨੇ ਹੀ ਮਾਯੂਸ ਸਨ, ਜਿਨਾ ਕਿ ਮੁਸ਼ੱਰਫ ਉਨ੍ਹਾਂ ਦੀ ਗੰਭੀਰਤਾ ਤੋਂ। ਇਸ ਤੋਂ ਬਾਅਦ ਜਦੋਂ ਸੰਸਦ 'ਤੇ ਹਮਲਾ ਹੋਇਆ ਤਾਂ ਉਹ ਬੇਹੱਦ ਗੁੱਸੇ ਵਿਚ ਆ ਗਏ। ਉਸ ਹਮਲੇ ਤੋਂ ਮਹਿਜ ਦੋ ਹਫਤਿਆਂ ਬਾਅਦ ਸਾਡੀਆਂ ਫੌਜਾਂ ਆਧੁਨਿਕ ਢੰਗ ਨਾਲ ਲਾਮਬੰਦ ਹੋ ਰਹੀਆਂ ਸਨ। ਇਸੇ ਦੌਰਾਨ ਮੈਨੂੰ ਉਨ੍ਹਾਂ ਨਾਲ ਇਕ ਹੋਰ ਗੱਲਬਾਤ ਕਰਨ ਦਾ ਮੌਕਾ ਮਿਲਿਆ। ਅਸੀਂ ਦਸੰਬਰ ਦੇ ਅਖੀਰ ਵਿਚ ਇਕ ਸੁਹਾਣੀ ਦੁਪਹਿਰ ਨੂੰ ਉਨ੍ਹਾਂ ਦੀ ਬਾਲਕੋਨੀ ਵਿਚ ਸਬਜ਼ੀਆਂ ਦੇ ਸੂਪ ਦਾ ਆਨੰਦ ਲੈ ਰਹੇ ਸਾਂ।

ਹੁਣ ਤੱਕ ਮੈਂ ਜਾਣ ਚੁੱਕਿਆ ਸੀ ਕਿ ਉਨ੍ਹਾਂ ਤੋਂ ਬਜਾਏ ਸਿੱਧੇ ਸਵਾਲ ਪੁੱਛਣ ਦੇ, ਅਣ-ਉਪਚਾਰਿਕ ਅਤੇ ਸਹਿਜ ਗੱਲਬਾਤ ਕਰਨਾ ਹੀ ਠੀਕ ਹੋਵੇਗਾ। ਇਸ ਲਈ ਮੈਂ ਨਿਮਰਤਾ ਨਾਲ ਕਿਹਾ ਕਿ ਮੈਂ ਤੁਹਾਨੂੰ ਸਿਰਫ ਇਹ ਪੁੱਛਣ ਲਈ ਆਇਆ ਹਾਂ ਕਿ ਕੀ ਮੈਂ ਫਿਲਹਾਲ ਆਪਣੇ ਪਰਿਵਾਰ ਨਾਲ ਕੇਰਲਾ ਛੁੱਟੀਆਂ ਮਨਾਉਣ ਲਈ ਜਾ ਸਕਦਾ ਹਾਂ, ਕਿਉਂਕਿ ਜੇਕਰ ਇਸ ਵਿਚਾਲੇ ਜੰਗ ਛਿੜ ਗਈ ਅਤੇ ਹਵਾਈ ਰਸਤੇ ਬੰਦ ਹੋ ਗਏ ਤਾਂ ਮੈਂ ਆਪਣੇ ਨਿਊਜ਼ਰੂਮ ਤੋਂ ਕਿਨਾ ਦੂਰ ਫਸ ਕੇ ਰਹਿ ਜਾਵਾਂਗਾ?

ਉਨ੍ਹਾਂ ਨੇ ਮੈਨੂੰ ਕਿਹਾ, "ਇਹ ਵੀ ਕੋਈ ਛੁੱਟੀ 'ਤੇ ਜਾਣ ਦਾ ਸਮਾਂ ਹੈ?" ਇਸ 'ਤੇ ਮੈਂ ਉਨ੍ਹਾਂ ਨੂੰ ਪੁੱਛਿਆ, "ਮਤਲਬ ਜੰਗ ਹੋਣ ਦੇ ਆਸਾਰ ਹਨ?" ਲੰਬੀ ਚੁੱਪ ਤੋਂ ਬਾਅਦ ਉਹ ਬੋਲੇ, "ਹਰ ਕੋਈ ਜੰਗ ਚਾਹੁੰਦਾ ਹੈ। ਸਾਡੀਆਂ ਫੌਜਾਂ ਬੇਹੱਦ ਗੁੱਸੇ ਵਿਚ ਹਨ। ਪਰ ਇਕ ਸਮੱਸਿਆ ਹੈ। ਤੁਸੀਂ ਇਹ ਤਾਂ ਤੈਅ ਕਰ ਸਕਦੇ ਹੋ ਕਿ ਜੰਗ ਕਦੋਂ ਸ਼ੁਰੂ ਕੀਤੀ ਜਾਵੇ। ਪਰ ਇਕ ਵਾਰੀ ਜੇਕਰ ਇਹ ਸ਼ੁਰੂ ਹੋ ਗਈ ਤਾਂ ਕੋਈ ਨਹੀਂ ਜਾਣਦਾ ਇਹ ਕਿਥੇ ਜਾ ਕੇ ਖ਼ਤਮ ਹੋਵੇਗੀ। ਨੇਤਾਵਾਂ ਨੂੰ ਇਹ ਗੱਲ ਸਮਝਣੀ ਪਵੇਗੀ।" ਇਕ ਵਾਰੀ ਫਿਰ ਗੁੱਸੇ ਵਿਚ ਆਏ ਭਾਰਤ ਦੀ ਬਜਾਏ ਇਕ ਸਟੇਟਸਮੈਨ ਬੋਲ ਰਿਹਾ ਸੀ। ਸਰਹੱਦਾਂ 'ਤੇ ਸੈਨਾ ਦੀ ਤੈਨਾਤੀ ਅਤੇ ਦਬਾਅਪੂਰਣ ਕੂਟਨੀਤੀ ਦੇ ਤਕਰੀਬਨ 16 ਮਹੀਨਿਆਂ ਤੋਂ ਬਾਅਦ ਬ੍ਰਿਜੇਸ਼ ਮਿਸ਼ਰ ਨੇ 'ਵਾਕ ਦ ਟਾਕ' ਵਿਚ ਗੱਲਬਾਤ ਦੌਰਾਨ ਖੁਲਾਸਾ ਕੀਤਾ ਸੀ ਕਿ ਦੋ ਵਾਰੀ ਜੰਗ ਬਿਲਕੁਲ ਨੇੜੇ ਸੀ, ਪਰ ਵਾਜਪਾਈ ਇਕ ਵਾਰੀ ਫਿਰ ਜੰਗ ਦੇ ਨੇੜਿਓਂ ਪਿੱਛੇ ਹੱਟ ਗਏ।

ਅਪ੍ਰੈਲ 2003 ਵਿਚ ਸ੍ਰੀਨਗਰ ਵਿਚ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਇਕ ਵਾਰੀ ਫਿਰ ਕਸ਼ਮੀਰੀਆਂ ਦੇ ਨਾਲ-ਨਾਲ ਪਾਕਿਸਤਾਨ ਨੂੰ ਆਪਣੇ ਵਲੋਂ ਸ਼ਾਂਤੀ ਦਾ ਪ੍ਰਸਤਾਵ ਦਿੱਤਾ। ਮੈਂ ਉਨ੍ਹਾਂ ਨੂੰ ਫਿਰ ਪੁੱਛਿਆ ਕਿ ਉਹ ਆਪਣੇ ਇਸ ਕਦਮ ਨੂੰ ਕਿਹੜੇ ਤਰਕ ਵਿਚ ਸਮਝਣਗੇ? ਮੈਂ ਜਾਣਦਾ ਸੀ ਕਿ ਉਨ੍ਹਾਂ ਨੇ ਇਸ ਬਾਰੇ ਇਥੋਂ ਤੱਕ ਕਿ ਆਪਣੇ ਕਰੀਬੀ ਕੈਬਨਿਟ ਸਹਿਯੋਗੀਆਂ ਨਾਲ ਵੀ ਗੱਲਬਾਤ ਨਹੀਂ ਕੀਤੀ ਸੀ। ਇਹ ਇਕ ਸਫੁਰਤ ਰਾਜਨੀਤਿਕ ਰਵੱਈਆ ਸੀ, ਜਿਸ ਤੋਂ ਬ੍ਰਿਜੇਸ਼ ਮਿਸ਼ਰ ਵੀ ਹੈਰਾਨ ਰਹਿ ਗਏ। ਵਾਜਪਾਈ ਨੇ ਮੰਨਿਆ ਕਿ ਇਹ ਇਨੀ ਅਚਨਚੇਤ ਪ੍ਰਤੀਕਿਰਿਆ ਸੀ ਕਿ ਬਾਅਦ ਵਿਚ ਉਨ੍ਹਾਂ ਨੂੰ ਵੀ ਲੱਗਿਆ ਕਿ ਆਖਰ ਉਨ੍ਹਾਂ ਨੇ ਉਸ ਵੇਲੇ ਇਹ ਗੱਲ ਕਿੱਦਾਂ ਕਹਿ ਦਿੱਤੀ ਅਤੇ ਉਹ ਪਲ ਕੀ ਸੀ? ਉਨ੍ਹਾਂ ਦਾ ਕਹਿਣਾ ਸੀ, "ਸ੍ਰੀਨਗਰ ਵਿਚ ਰੈਲੀ ਨੂੰ ਸੰਬੋਧਨ ਕਰਦੇ ਸਮੇਂ ਜਦੋਂ ਮੈਂ ਕਸ਼ਮੀਰੀਆਂ ਦੀਆਂ ਅੱਖਾਂ ਵਿਚ ਦੇਖਿਆ ਤਾਂ ਮੈਨੂੰ ਕਿਸੇ ਵਿਚ ਵੀ ਇਹ ਭਾਵ ਨਜ਼ਰ ਨਹੀਂ ਆਇਆ ਕਿ ਉਹ ਸਾਡੇ ਨਾਲ ਲੜਨਾ ਚਾਹੁੰਦੇ ਹਨ। ਉਨ੍ਹਾਂ ਸਾਰਿਆਂ ਨੂੰ ਦੇਖ ਕੇ ਅਜਿਹਾ ਲੱਗਾ ਕਿ ਉਹ ਸ਼ਾਂਤੀ ਚਾਹੁੰਦੇ ਹਨ ਅਤੇ ਅਮਨ-ਚੈਨ ਵਲ ਪਰਤਣਾ ਚਾਹੁੰਦੇ ਹਨ। ਇਸ ਲਈ ਮੈਂ ਇਕ ਵਾਰ ਹੋਰ ਬਗੈਰ ਸੋਚੇ ਜਾਂ ਕਿਸੇ ਨਾਲ ਵਿਚਾਰ-ਚਰਚਾ ਕੀਤੇ ਇਹ ਕਦਮ ਚੁੱਕਿਆ।"

ਮਨਮੋਹਨ ਸਿੰਘ ਵਾਜਪਾਈ ਵਾਂਗ ਜਨ-ਆਧਾਰ ਵਾਲੇ ਨੇਤਾ ਜਾਂ ਚੰਗੇ ਆਗੂ ਨਹੀਂ ਹਨ। ਪਰ ਵਾਜਪਾਈ ਵਿਚ ਜੇਕਰ ਰਾਜਨੀਤਿਕ ਅੰਤਰਚੇਤਨਾ ਸੀ ਅਤੇ ਜਿਸ ਨੂੰ ਇਕ ਵਾਰੀ ਇਕ ਸੀਨੀਅਰ ਅਮਰੀਕੀ ਰਾਜਨੀਤੀਵਾਨ ਨੇ 'ਜਨਤਾ ਦੀ ਰਾਇ 'ਤੇ ਜਾਦੂਈ ਪਕੜ' ਕਿਹਾ ਸੀ, ਤਾਂ ਮਨਮੋਹਨ ਸਿੰਘ ਵਿਚ ਉਦਾਂ ਦੀ ਹੀ ਦਿਮਾਗੀ ਪਕੜ ਹੈ। ਉਹ ਵੀ ਓਨੇ ਹੀ ਦੇਸ਼ ਭਗਤ ਅਤੇ ਜੋਖ਼ਮ ਚੁੱਕਣ ਵਾਲੇ ਸ਼ਖਸ ਹਨ। ਇਹੀ ਵਜ੍ਹਾ ਹੈ ਕਿ ਉਨ੍ਹਾਂ ਨੇ ਸ਼ਰਮ ਅਲ-ਸ਼ੇਖ਼ ਵਿਚ ਆਪਣੀ ਗਰਦਨ ਫਸਾਈ ਅਤੇ ਉਹ ਸਟੇਟਸਮੈਨ ਅਟਲ ਬਿਹਾਰੀ ਵਾਜਪਾਈ ਦੀ ਦੁਹਾਈ ਦੇ ਰਹੇ ਹਨ।

## ਸਰੋਗੇਸੀ ਨੂੰ ਮਿਲੇਗੀ ਕਾਨੂੰਨੀ ਮਾਨਤਾ

**ਨਵੀਂ ਦਿੱਲੀ :** ਵਿਧੀ ਕਮਿਸ਼ਨ ਨੇ ਸਰੋਗੇਸੀ ਅਰਥਾਤ ਸੰਤਾਨ ਪ੍ਰਾਪਤੀ ਲਈ ਕਿਸੇ ਹੋਰ ਔਰਤ ਦੀ ਕੁੱਖ ਦੇ ਇਸਤੇਮਾਲ ਨੂੰ ਸਮੇਂ ਦੀ ਮੰਗ ਮੰਨਦੇ ਹੋਏ, ਕਾਨੂੰਨੀ ਮਾਨਤਾ ਦੇਣ ਦੀ ਸਿਫਾਰਸ਼ ਕੀਤੀ ਹੈ। ਨਾਲ ਹੀ ਉਸ ਨੇ ਇਸ ਦੀ ਆੜ ਵਿਚ ਹੋ ਰਹੇ ਵਪਾਰ 'ਤੇ ਪਾਬੰਦੀ ਲਗਾਉਣ 'ਤੇ ਵੀ ਜ਼ੋਰ ਦਿੱਤਾ ਹੈ।

ਕਮਿਸ਼ਨ ਦਾ ਸੁਝਾਅ ਹੈ ਕਿ ਇਸ ਪ੍ਰਕਿਰਿਆ ਜ਼ਰੀਏ ਸੰਤਾਨ ਚਾਹੁਣ ਵਾਲੇ ਜੋੜਿਆਂ ਵਿਚ ਹੀ ਇਕ ਨੂੰ ਡੋਨਰ ਬਣਾਏ ਜਾਣ ਦੀ ਜ਼ਰੂਰਤ ਲਾਗੂ ਕੀਤੀ ਜਾਣੀ ਚਾਹੀਦੀ ਹੈ। ਕਮਿਸ਼ਨ ਦਾ ਮੰਨਣਾ ਹੈ ਕਿ ਸੰਤਾਨ ਤੋਂ ਸੱਖਣੇ ਜੋੜਿਆਂ ਨੂੰ ਸਰੋਗੇਸੀ ਦਾ ਅਧਿਕਾਰ ਮਿਲਣਾ ਚਾਹੀਦਾ ਹੈ।


**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

**ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

DHMS, Hons, BAMS, MDEH, 30 Years experience

Working as per ACT.SB-577 State of CA.

**CALL: TOLL FREE: 877-OK-HOMEO**

**(877-654-6636)OFFICE: 408-729-6691**

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

**G.M. Lawrence Insurance Brokerage** License# 0D79587

**ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ**

LIABILITY
GENERAL
LIABILITY
PHYSICAL
DAMAGE
CARGO
BONDS

**ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?**

***ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ***

**New Ventures Are Welcome**

**ਦਲਜੀਤ ਸਿੰਘ ਖਹਿਰਾ**

**SPECIALIZES IN BOTH LOCAL & LONG HAUL**

-Flexible down payments
-Excellent customer service
-Committed to each individual client's needs
-Experienced, knowledgeable & professional staff

**Ph: 209-474-2771**

**Fax: 209-474-0215**

7746 Lorraine Ave.#214

**Stockton CA-95210**



***ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ***

**ਕੈਲੇਫੋਰਨੀਆ ਤੋਂ ਬਾਹਰ ਚੱਲਣ ਵਾਲੇ ਟਰੱਕਰ ਵੀਰਾਂ ਲਈ ਖੁਸ਼ਖਬਰੀ !**

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

**License plates**
**IFTA *Fuel tax return**
**DOT, ICC-MMC**
**Single state registration services**
***New Mexico & Kentucky permit**



***Rajinder Singh***

**ਹੁਣ ਤੁਹਾਨੂੰ ਆਪਣੇ ਪੇਪਰ ਵਰਕ ਲਈ ਦੂਰ-ਦੁਰਾਡੇ ਸ਼ਹਿਰਾਂ ਵਿਚ ਜਾਣ ਦੀ ਲੋੜ ਨਹੀਂ, ਅਸੀਂ ਹੁਣ ਟਰਕਿੰਗ ਇੰਡਸਟਰੀ ਦੇ ਕੇਂਦਰ ਸਟਾਕਟਨ ਵਿਚ ਮੂਵ ਹੋ ਗਏ ਹਾਂ**

**Now in Strockton, the Hub of the Trucking Industry**

Financing Available For Buying Trucks



**Cell: (510) 557-6988**
**Ph: 209-982-9996,**
**Fax:209-982-9997**

13465 Basalt Ct, Lathrop CA 95330



ਸਿਧਾਰਥ ਹਸਪਤਾਲ ਗੋਰੇਗਾਓਂ, ਮੁੰਬਈ 'ਚ ਸਵਾਈਨ ਫਲੂ ਦਾ ਟੈਸਟ ਦੇਣ ਦੀ ਉਡੀਕ ਕਰਦੀਆਂ ਦੋ ਬੱਚੀਆਂ।

## ਭਾਰਤ 'ਚ ਸਵਾਈਨ ਫਲੂ ਦਾ ਕਹਿਰ, 7 ਮੌਤਾਂ ਹੋਈਆਂ

**ਨਵੀਂ ਦਿੱਲੀ :** ਦੇਸ਼ ਵਿਚ ਸਵਾਈਨ ਫਲੂ ਦਾ ਕਹਿਰ ਜਾਰੀ ਹੈ ਅਤੇ ਲੰਘੀ 10 ਅਗਸਤ ਨੂੰ ਹੋਰ ਤਿੰਨ ਜਾਨਾਂ ਚਲੀਆਂ ਗਈਆਂ। ਇਨ੍ਹਾਂ ਵਿਚ ਇਕ ਚੇਨਈ ਦਾ ਚਾਰ ਸਾਲ ਦਾ ਬੱਚਾ, ਪੁਣੇ ਦਾ 35 ਸਾਲਾ ਆਯੁਰਵੈਦਿਕ ਡਾਕਟਰ ਤੇ ਸੰਜੇ ਤਿਲੇਕਰ ਨਾਂ ਦਾ ਇਕ ਕੈਮਿਸਟ ਸ਼ਾਮਲ ਹਨ।

ਇਨ੍ਹਾਂ ਤਿੰਨ ਮੌਤਾਂ ਨਾਲ ਦੇਸ਼ ਭਰ ਵਿਚ ਸਵਾਈਨ ਫਲੂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 7 ਹੋ ਗਈ ਹੈ। ਪੁਸ਼ਟ ਮਾਮਲਿਆਂ ਦੀ ਗਿਣਤੀ 959 ਦੱਸੀ ਗਈ ਹੈ। ਮਹਾਰਾਸ਼ਟਰ ਸਰਕਾਰ ਨੇ ਪੁਣੇ ਦੇ ਸਭ ਸਕੂਲ, ਕਾਲਜ ਅਤੇ ਮਲਟੀਪਲੈਕਸ ਬੰਦ ਕਰਨ ਦਾ ਹੁਕਮ ਦਿਤਾ ਹੈ। ਇਸ ਬੀਮਾਰੀ ਦੇ ਵਾਇਰਿਸ ਦੇ ਵਧੇ ਨੂੰ ਦੇਖਦਿਆਂ ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਸੋਮਵਾਰ ਕੈਬਨਿਟ ਸਕੱਤਰ ਕੇ.ਐਸ. ਚੰਦਰ ਸ਼ੇਖਰ ਨਾਲ ਸਮੁੱਚੀ ਸਥਿਤੀ ਬਾਰੇ ਵਿਚਾਰ-ਵਟਾਂਦਰਾ ਕੀਤਾ। ਮਿਲੀਆਂ ਖਬਰਾਂ ਮੁਤਾਬਕ ਚੇਨਈ ਦੇ ਸਿਹਤ ਅਧਿਕਾਰੀਆਂ ਨੇ ਦੱਸਿਆ ਕਿ 4 ਸਾਲ ਦੇ ਬੱਚੇ ਸੰਜੇ ਨੂੰ ਗੁਰਦੇ ਅਤੇ ਜਿਗਰ ਬਾਰੇ ਸਮੱਸਿਆਵਾਂ ਕਾਰਨ ਇਕ ਨਿਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ ਅਤੇ ਉਸ ਵਿਚ ਸਵਾਈਨ ਫਲੂ ਦੀ ਪੁਸ਼ਟੀ ਹੋਈ ਸੀ। ਇਹ ਬੱਚਾ ਦਮੇ ਤੋਂ ਵੀ ਪੀੜਤ ਸੀ। ਤਾਮਿਲਨਾਡੂ ਵਿਚ ਸਵਾਈਨ ਫਲੂ ਨਾਲ ਮੌਤ ਦਾ ਇਹ ਪਹਿਲਾ ਮਾਮਲਾ ਹੈ। ਓਧਰ ਪੁਣੇ ਦੇ ਇਕ ਆਯੁਰਵੈਦਿਕ ਡਾਕਟਰ ਬਾਬਾ ਸਾਹਿਬ ਦੀ ਵੀ ਬੀਤੇ ਦਿਨੀਂ ਮੌਤ ਹੋ ਗਈ। ਪੁਣੇ ਵਿਚ ਸਵਾਈਨ ਫਲੂ ਕਾਰਨ ਹੋਣ ਵਾਲੀ ਇਹ ਤੀਜੀ ਮੌਤ ਹੈ। ਸਾਰੇ ਸ਼ਹਿਰ ਵਿਚ ਇਸ ਬੀਮਾਰੀ ਕਾਰਨ ਭਾਰੀ ਦਹਿਸ਼ਤ ਫੈਲੀ ਹੋਈ ਹੈ। ਅਧਿਕਾਰੀਆਂ ਮੁਤਾਬਕ ਬਾਬਾ ਸਾਹਿਬ ਕੁਝ ਸਮੇਂ ਤੋਂ ਬੀਮਾਰ ਸੀ ਅਤੇ ਉਸ ਦੀ ਬਲਗਮ ਵਿਚ ਖੂਨ ਪਾਇਆ ਗਿਆ ਸੀ। ਦਿੱਲੀ ਵਿਚ ਕੇਂਦਰੀ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਕੈਬਨਿਟ ਸਕੱਤਰ ਕੇ.ਐਮ. ਚੰਦਰਸ਼ੇਖਰ ਨਾਲ ਇਸ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਬੈਠਕ ਵਿਚ ਸਿਹਤ ਸਕੱਤਰ ਨਰੇਸ਼ ਦਿਆਲ ਵੀ ਮੌਜੂਦ ਸਨ। ਬੈਠਕ ਵਿਚ ਇਸ ਰੋਗ ਦੇ ਕੰਟਰੋਲ ਲਈ ਚੁਕੇ ਜਾਣ ਵਾਲੇ ਕਦਮਾਂ ਬਾਰੇ ਸੋਚ ਵਿਚਾਰ ਹੋਈ। ਇਥੇ ਇਹ ਗੱਲ ਦੱਸਣਯੋਗ ਹੈ ਕਿ ਭਾਰਤ ਵਿਚ ਸਵਾਈਨ ਫਲੂ ਕਾਰਨ ਮੌਤ ਦਾ ਪਹਿਲਾ ਮਾਮਲਾ 3 ਅਗਸਤ ਨੂੰ ਸਾਹਮਣੇ ਆਇਆ ਸੀ, ਜਦੋਂ 14 ਸਾਲਾ ਰੀਵਾ ਦਮ ਤੋੜ ਗਈ ਸੀ। ਲੰਘੇ ਸ਼ਨੀਵਾਰ ਨੂੰ ਮੁੰਬਈ ਵਿਚ ਫਹਿਮੀਦਾ, ਪੁਣੇ ਵਿਚ ਸੰਜੇ ਅਤੇ ਅਹਿਮਦਾਬਾਦ ਵਿਚ ਪ੍ਰਵੀਨ ਕਲੱਰ ਦੀ ਮੌਤ ਹੋਈ। ਦੇਸ਼ ਭਰ ਵਿਚ ਸਵਾਈਨ ਫਲੂ ਦੇ 95 ਨਵੇਂ ਮਾਮਲੇ ਸਾਹਮਣੇ ਆਏ।

**ਨੋ ਕਿਸ, ਨੋ ਸ਼ੇਕ ਹੈਂਡ ਪਲੀਜ਼ :** ਦੇਸ਼ ਭਰ ਵਿਚ ਸਵਾਈਨ ਫਲੂ ਦੇ ਵਧਦੇ ਖਤਰੇ ਨੂੰ ਮੁੱਖ ਰੱਖਦਿਆਂ ਹਰਿਆਣਾ ਸਿਹਤ ਵਿਭਾਗ ਨੇ ਲੋਕਾਂ ਨੂੰ ਸਲਾਹ ਦਿਤੀ ਹੈ ਕਿ ਉਹ ਸਮਾਜਿਕ ਇਕੱਠ ਜਾਂ ਹੋਰਨਾਂ ਸਮਾਰੋਹਾਂ ਵਿਚ ਚੁੰਬਨ ਦਾ ਅਦਾਨ-ਪ੍ਰਦਾਨ ਨਾ ਕਰਨ।

ਵਿਭਾਗ ਦੀ ਸਲਾਹ ਦੇਸ਼ ਵਿਚ ਸਵਾਈਨ ਫਲੂ ਦੇ ਵਧ ਰਹੇ ਮਰੀਜ਼ਾਂ ਅਤੇ ਕੁਝ ਦੇ ਦਮ ਤੋੜ ਦੇਣ ਤੋਂ ਬਾਅਦ ਆਈ ਹੈ। ਵਿਭਾਗ ਨੇ ਲੋਕਾਂ ਨੂੰ ਇਹ ਵੀ ਕਿਹਾ ਹੈ ਕਿ ਉਹ ਖੁੱਲ੍ਹੀਆਂ ਥਾਵਾਂ 'ਤੇ ਨਾ ਥੁੱਕਣ। ਹੱਥ ਮਿਲਾਉਣ ਤੋਂ ਵੀ ਪ੍ਰਹੇਜ਼ ਕਰਨ ਲਈ ਕਿਹਾ ਗਿਆ ਹੈ। ਨਮਸਤੇ ਨਾਲ ਹੀ ਅਭਿਵਾਦਨ ਕਰਨ ਦੀ ਸਲਾਹ ਦਿੱਤੀ ਗਈ ਹੈ।

## ਸੋਨੀਆ 'ਤੇ ਫ਼ਿਲਮ ਬਣਾਉਣ ਲਈ ਮੁੰਦਰਾ ਦ੍ਰਿੜ੍ਹ

**ਸ੍ਰੀਨਗਰ :** ਬਰਤਾਨੀਆ ਵਿਚ ਰਹਿੰਦੇ ਭਾਰਤੀ ਫਿਲਮਕਾਰ ਜਗਮੋਹਨ ਮੁੰਦਰਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਜੀਵਨੀ 'ਤੇ ਫਿਲਮ ਬਣਾਉਣ ਲਈ ਦ੍ਰਿੜ੍ਹ ਹਨ ਅਤੇ ਉਸ ਨੇ ਇਸ ਬਾਰੇ ਕਾਫੀ ਖੋਜ ਵੀ ਕਰ ਲਈ ਹੈ। ਉਸ ਨੇ ਕਿਹਾ ਕਿ ਉਹ ਫਿਲਮ ਜ਼ਰੂਰ ਬਣਾਵੇਗਾ, ਭਾਵੇਂ ਭਾਰਤ ਸਰਕਾਰ ਬਾਅਦ ਵਿਚ ਇਸ 'ਤੇ ਪਾਬੰਦੀ ਹੀ ਲਾ ਦੇਵੇ।



'ਪ੍ਰੋਵੋਕਡ' ਅਤੇ 'ਬਵੰਡਰ' ਜਿਹੀਆਂ ਫਿਲਮਾਂ ਬਣਾ ਕੇ ਆਲੋਚਕਾਂ ਦੀ ਪ੍ਰਸ਼ੰਸਾ ਖੱਟ ਚੁੱਕੇ ਮੁੰਦਰਾ ਨੇ ਇਕ ਮੁਲਾਕਾਤ ਵਿਚ ਦੱਸਿਆ, "ਜਦੋਂ ਮੈਂ ਸੋਨੀਆ ਗਾਂਧੀ ਦੀ ਜੀਵਨੀ ਅਤੇ ਉਨ੍ਹਾਂ ਬਾਰੇ ਛੁਪੇ ਤੱਥਾਂ ਅਤੇ ਘਟਨਾਵਾਂ 'ਤੇ ਫਿਲਮ ਬਣਾਉਣ ਦਾ ਫੈਸਲਾ ਕੀਤਾ ਤਾਂ ਮੈਨੂੰ ਕਾਂਗਰਸ ਪਾਰਟੀ ਦੀ ਤਰਫੋਂ ਇਕ ਕਾਨੂੰਨੀ ਨੋਟਿਸ ਮਿਲਿਆ ਕਿ ਤੁਸੀਂ ਸੋਨੀਆ ਗਾਂਧੀ ਬਾਰੇ ਫਿਲਮ ਬਣਾ ਰਹੇ ਹੋ ਅਤੇ ਤੁਸੀਂ ਉਨ੍ਹਾਂ ਤੋਂ ਆਗਿਆ ਵੀ ਨਹੀਂ ਲਈ।

ਮੈਂ ਆਪਣੇ ਜਵਾਬ ਵਿਚ ਕਿਹਾ ਕਿ ਮੈਂ ਰਸ਼ੀਦ ਕਿਦਵਈ ਵਲੋਂ ਲਿਖੀ ਕਿਤਾਬ ਦੇ ਹੱਕ ਖਰੀਦੇ ਸਨ। ਇਸ ਤੋਂ ਬਾਅਦ ਅੱਜ ਤੱਕ ਮੈਂ ਜੋ ਵੀ ਖੋਜ ਕੀਤੀ ਹੈ, ਉਹ ਪ੍ਰਕਾਸ਼ਤ ਸਮੱਗਰੀ 'ਤੇ ਆਧਾਰਤ ਹੈ ਅਤੇ ਤਸਦੀਕਯੋਗ ਹੈ। ਜੇ ਮੈਂ ਤੱਥਾਂ ਦੇ ਮਾਮਲੇ ਵਿਚ ਗਲਤ ਹੋਵਾਂ ਤਾਂ ਉਹ ਮੇਰੇ 'ਤੇ ਮੁਕੱਦਮਾ ਕਰ ਸਕਦੇ ਹਨ, ਪਰ ਜੇ ਕਿਸੇ ਜਨਤਕ ਹਸਤੀ ਉਤੇ ਸਹੀ ਤੱਥਾਂ ਦੇ ਆਧਾਰ 'ਤੇ ਫਿਲਮ ਬਣਾਵਾਂ ਤਾਂ ਇਹ ਕੋਈ ਗਲਤ ਗੱਲ ਨਹੀਂ ਹੈ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਨੂੰ ਫਿਲਮ ਬਣਾਉਣ ਦਿਓ, ਜੇ ਤੁਹਾਨੂੰ ਪਸੰਦ ਨਾ ਆਈ ਤਾਂ ਇਸ 'ਤੇ ਪਾਬੰਦੀ ਲਾ ਦਿਓ।" ਮੁੰਦਰਾ ਨੇ ਇਸ ਫਿਲਮ ਦੇ ਪ੍ਰਾਜੈਕਟ ਨੂੰ ਕਈ ਸਾਲਾਂ ਤੋਂ ਹੱਥ ਪਾਇਆ ਹੋਇਆ ਹੈ ਅਤੇ ਮੁੱਖ ਭੂਮਿਕਾ ਲਈ ਇਤਾਲਵੀ ਅਦਾਕਾਰਾ ਮੋਨਿਕਾ ਬੈਲੂਸੀ ਦੀ ਚੋਣ ਕੀਤੀ ਹੈ। ਸ੍ਰੀਮਤੀ ਗਾਂਧੀ ਨੇ ਮੁੰਦਰਾ ਨੂੰ ਕਿਹਾ ਕਿ ਉਹ ਇਸ ਸਾਲ ਆਮ ਚੋਣਾਂ ਤੋਂ ਬਾਅਦ ਉਨ੍ਹਾਂ ਨੂੰ ਮਿਲੇ।

ਮੁੰਦਰਾ ਨੇ ਕਿਹਾ, "ਮੈਂ ਜਦੋਂ ਵੀ ਕਦੇ ਅਸਲ ਲੋਕਾਂ ਬਾਰੇ ਵਿਸ਼ੇ ਨੂੰ ਹੱਥ ਪਾਉਂਦਾ ਹਾਂ ਤਾਂ ਇਸ ਨੂੰ ਹਲਕੇ ਢੰਗ ਨਾਲ ਨਹੀਂ ਲੈਂਦਾ। ਮੈਂ ਕਾਫੀ ਖੋਜ ਕਰਦਾ ਹਾਂ ਅਤੇ ਇਸ ਨੂੰ ਸੁਚੱਜੇ ਤਰੀਕੇ ਨਾਲ ਬਣਾਉਂਦਾ ਹਾਂ ਤਾਂ ਕਿ ਤੱਥਾਂ ਦੇ ਸਬੰਧ ਵਿਚ ਕੋਈ ਗਲਤੀ ਨਾ ਰਹੇ। ਪਰ ਫਿਲਮ ਦੀ ਲੈਅ ਬਣਾਉਣ ਲਈ ਸਾਨੂੰ ਕੁਝ ਸਿਨਮਈ ਖੁੱਲ੍ਹਾਂ ਲੈਣੀਆਂ ਪੈਂਦੀਆਂ ਹਨ।" ਮੁੰਦਰਾ ਨੇ ਦੱਸਿਆ ਕਿ ਉਸ ਨੇ ਦੋ ਕਾਰਨਾਂ ਕਰਕੇ ਸੋਨੀਆ ਗਾਂਧੀ ਤੋਂ ਪ੍ਰਵਾਨਗੀ ਨਹੀਂ ਲਈ। 'ਮੇਰਾ ਖਿਆਲ ਸੀ ਕਿ ਜੇ ਉਹ ਹਾਂ ਕਰ ਦਿੰਦੇ ਤਾਂ ਸਿਆਸੀ ਵਿਰੋਧੀਆਂ ਨੇ ਕਹਿਣਾ ਸੀ ਕਿ ਉਹ ਇਕ ਪ੍ਰਾਪੇਗੰਡਾ ਫਿਲਮ ਬਣਵਾ ਰਹੀ ਹੈ। ਜੇ ਉਹ ਨਾਂਹ ਕਰ ਦਿੰਦੇ ਤਾਂ ਮੀਡੀਆ ਨੇ ਸਵੈ ਪ੍ਰਗਟਾਵੇ ਦੀ ਆਜ਼ਾਦੀ ਦਾ ਗਲਾ ਘੁੱਟਣ ਦਾ ਦੋਸ਼ ਲਗਾਉਣਾ ਸੀ। ਦੋਵੇਂ ਪਾਸੀਂ ਉਨ੍ਹਾਂ ਦੀ ਹਾਰ ਹੋਣੀ ਸੀ।'

ਮੁੰਦਰਾ ਆਪਣੀ ਐਕਸ਼ਨ ਫਿਲਮ 'ਚੇਜ਼' ਦੇ ਇਕ ਗਾਣੇ ਦੀ ਸ਼ੂਟਿੰਗ ਲਈ ਸ੍ਰੀਨਗਰ ਆਏ ਹੋਏ ਹਨ। ਇਸ ਫਿਲਮ ਵਿਚ ਉਦਿਤਾ ਗੋਸਵਾਮੀ ਅਤੇ ਅਨੁਜ ਸਕਸੈਨਾ ਮੁੱਖ ਭੂਮਿਕਾਵਾਂ ਨਿਭਾ ਰਹੇ ਹਨ। ਮੁੰਦਰਾ ਨੇ ਦੱਸਿਆ, "ਮੈਂ ਜਦੋਂ ਸ੍ਰੀਮਤੀ ਗਾਂਧੀ ਨੂੰ ਮਿਲਿਆ ਸੀ ਤਾਂ ਉਸ ਨੂੰ ਸਾਫ ਦੱਸਿਆ ਸੀ ਕਿ ਮੇਰਾ ਕੋਈ ਸਿਆਸੀ ਏਜੰਡਾ ਨਹੀਂ ਹੈ। ਮੈਂ ਇਸ ਤੱਥ ਤੋਂ ਹੀ ਖਿਚਿਆ ਗਿਆ ਸੀ ਕਿ ਇਕ ਇਤਾਲਵੀ ਕੁੜੀ ਕੈਂਬਰਿਜ ਵਿਚ ਅੰਗਰੇਜ਼ੀ ਸਿੱਖਣ ਲਈ ਲੰਡਨ ਜਾਂਦੀ ਹੈ ਅਤੇ ਉਸ ਦੇ ਚਿਤ ਚੇਤਾ ਵੀ ਨਹੀਂ ਹੁੰਦਾ ਕਿ ਇਕ ਦਿਨ ਉਹ ਇਕ ਅਸਲੋਂ ਵੱਖਰੇ ਦੇਸ਼ ਦੀ ਆਗੂ ਬਣ ਜਾਵੇਗੀ, ਜਿਥੋਂ ਦੇ ਲੋਕ ਇਕ ਵੱਖਰੀ ਜ਼ੁਬਾਨ ਬੋਲਦੇ ਹਨ।" ਮੁੰਦਰਾ ਨੇ ਸੋਨੀਆ ਨੂੰ ਉਸ ਦੇ ਪਤੀ ਰਾਜੀਵ ਗਾਂਧੀ ਨਾਲ ਆਪਣੀ ਵਾਕਫੀ ਬਾਰੇ ਵੀ ਦਸਿਆ। ਉਂਜ, ਉਨ੍ਹਾਂ ਕਿਹਾ ਕਿ ਉਹ ਇਸ ਫਿਲਮ ਦੇ ਸਬੰਧ ਵਿਚ ਇਕ ਵਾਰ ਫੇਰ ਕਾਂਗਰਸ ਪ੍ਰਧਾਨ ਨੂੰ ਮਿਲਣਗੇ।

# ਪ੍ਰਧਾਨ ਮੰਤਰੀ ਅਤੇ ਸੋਨੀਆ ਸਹੀ ਦਿਸ਼ਾ 'ਚ ਤੁਰ ਰਹੇ ਹਨ-ਅਮ੍ਰਿਤਿਆ ਸੇਨ

**ਨਵੀਂ ਦਿੱਲੀ :** ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਖੁਰਾਕ ਦੇ ਹੱਕ (ਸੁਰੱਖਿਆ ਦੀ ਗਾਰੰਟੀ) ਕਾਨੂੰਨ ਦੇ ਖਰੜੇ ਦੀ ਪ੍ਰਸ਼ੰਸਾ ਕਰਦਿਆਂ ਇਸ ਨੂੰ ਸਹੀ ਦਿਸ਼ਾ ਵਿਚ ਇਕ ਕਦਮ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭੁੱਖੇ ਪੇਟ ਵਿਕਾਸ ਨਹੀਂ ਹੋ ਸਕਦਾ।

ਇਥੇ ਪ੍ਰੈਸ ਕਲੱਬ ਵਿਚ 'ਖੁਰਾਕ ਦੇ ਹੱਕ' ਵਿਸ਼ੇ 'ਤੇ ਹੋਈ ਇਕ ਗੋਸ਼ਟੀ ਨੂੰ ਸੰਬੋਧਨ ਕਰਦਿਆਂ ਸ੍ਰੀ ਸੇਨ ਨੇ ਕਿਹਾ, "ਮੈਂ ਆਪਣੀ ਕਿਤਾਬ 'ਦਿ ਆਇਡਿਆ ਆਫ ਜਸਟਿਸ' ਵਿਚ ਬੇਇਨਸਾਫੀ ਬਾਰੇ ਗੱਲ ਕੀਤੀ ਹੈ। ਖੁਰਾਕ ਦੀ ਅਸਾਵੀਂ ਵੰਡ ਅਤੇ ਕੁਪੋਸ਼ਣ ਵੀ ਬੇਇਨਸਾਫੀ ਦੀ ਇਕ ਕਿਸਮ ਹੈ। ਮੇਰਾ ਖਿਆਲ ਹੈ ਕਿ ਸਰਕਾਰ ਸ਼ਾਬਾਸ਼ੀ ਦੀ ਹੱਕਦਾਰ ਹੈ, ਜੋ ਇਹ 'ਖੁਰਾਕ ਦਾ ਹੱਕ' ਕਾਨੂੰਨ ਲਿਆ ਰਹੀ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਸੋਨੀਆ ਗਾਂਧੀ ਸਹੀ ਦਿਸ਼ਾ ਵਿਚ ਹਨ ਅਤੇ ਇਹ ਸਹੀ ਦਿਸ਼ਾ ਵਿਚ ਪਹਿਲਾ ਕਦਮ ਹੈ।" ਸ੍ਰੀ ਸੇਨ ਨੇ ਕਿਹਾ ਕਿ ਬਿਹਾਰ ਵਰਗੇ ਪਛੜੇ ਖੇਤਰਾਂ 'ਚ ਵੀ ਪ੍ਰਸ਼ਾਸਨਿਕ ਤਬਦੀਲੀ ਦੇਖਣ ਵਿਚ ਆਈ ਹੈ।




ਖੁਰਾਕ ਦਾ ਹੱਕ ਯੂ.ਪੀ.ਏ. ਦੇ ਪ੍ਰਸਤਾਵਤ ਕੌਮੀ ਖੁਰਾਕ ਸੁਰੱਖਿਆ ਬਿੱਲ ਦਾ ਅਟੁੱਟ ਹਿੱਸਾ ਹੈ, ਜਿਸ ਤਹਿਤ ਗਰੀਬੀ ਰੇਖਾ ਤੋਂ ਹੇਠਲੇ ਹਰੇਕ ਪਰਿਵਾਰ ਨੂੰ 3 ਰੁਪਏ ਕਿਲੋ ਦੇ ਭਾਅ ਮਹੀਨੇਵਾਰ 25 ਕਿਲੋ ਅਨਾਜ ਮਿਲੇਗਾ। ਦੇਸ਼ ਦੀ ਖੁਰਾਕ ਸਥਿਤੀ ਦਾ ਖਾਕਾ ਪੇਸ਼ ਕਰਦਿਆਂ ਕੌਮਾਂਤਰੀ ਪ੍ਰਸਿੱਧੀ ਦੇ ਮਾਲਕ ਅਰਥ ਸ਼ਾਸਤਰੀ ਨੇ ਭਾਰਤ ਵਿਚ ਕੁਪੋਸ਼ਣ ਦੀ ਗੱਲ ਕਰਦਿਆਂ ਕਿਹਾ, "ਇਸ ਮਾਮਲੇ ਵਿਚ ਹੋਰ ਕੋਈ ਦੇਸ਼ ਭਾਰਤ ਦੇ ਨੇੜੇ-ਤੇੜੇ ਨਹੀਂ ਆਉਂਦਾ। ਬਹੁਤ ਸਾਰੇ ਅਫਰੀਕੀ ਦੇਸ਼ਾਂ ਦੇ ਬੱਚਿਆਂ ਵਿਚ ਕੁਪੋਸ਼ਣ ਦਾ ਪੱਧਰ ਨੀਵਾਂ ਹੈ। ਇਹ ਪ੍ਰਤੱਖ ਬੇਇਨਸਾਫੀ ਦੀ ਸਥਿਤੀ ਹੈ ਅਤੇ ਸਾਡੇ ਕੋਲ ਇਸ ਨੂੰ ਮਿਟਾਉਣ ਦੇ ਸਾਧਨ ਹਨ। ਕੁਪੋਸ਼ਣ ਦਾ ਸਭ ਤੋਂ ਮਾੜਾ ਪੱਖ ਇਹ ਹੈ ਕਿ ਇਹ ਬੁੱਧੀ ਨੂੰ ਵਿਕਸਤ ਅਤੇ ਸਰੀਰ ਨੂੰ ਬਲਸ਼ਾਲੀ ਹੋਣ ਤੋਂ ਰੋਕਦਾ ਹੈ।" ਉਨ੍ਹਾਂ ਕਿਹਾ ਕਿ ਇਹ ਗੱਲ ਮੰਨਣੀ ਪੈਣੀ ਹੈ ਕਿ ਭਾਰਤ ਵਿਚ ਗਰੀਬੀ, ਖੁਰਾਕ ਦੀ ਘਾਟ, ਬਿਮਾਰੀ ਅਤੇ ਸਿੱਖਿਆ ਦੀ ਸਥਿਤੀ ਇਕ-ਦੂਜੇ ਨਾਲ ਜੁੜੀਆਂ ਹੋਈਆਂ ਹਨ। ਸ੍ਰੀ ਸੇਨ ਦੀ ਪੱਛਮੀ ਬੰਗਾਲ ਵਿਚਲੀ ਸੰਸਥਾ ਪ੍ਰਾਤਿਚੀ ਟਰੱਸਟ ਦੇਸ਼ ਭਰ ਵਿਚ ਖੁਰਾਕ ਸੁਰੱਖਿਆ ਅਤੇ ਵਿੱਦਿਆ ਦੇ ਖੇਤਰਾਂ ਵਿਚ ਕੰਮ ਕਰਦੀ ਹੈ। ਇਸ ਵੇਲੇ ਇਹ ਸੰਸਥਾ ਇਕਜੁਟ ਬਾਲ ਵਿਕਾਸ ਸੇਵਾਵਾਂ (ਆਈ.ਸੀ.ਡੀ.ਐਸ.) ਤਹਿਤ ਮਿਲਣ ਵਾਲੀਆਂ ਸੇਵਾਵਾਂ ਦਾ ਅਧਿਐਨ ਕਰ ਰਹੀ ਹੈ। ਸ੍ਰੀ ਸੇਨ ਨੇ ਕਿਹਾ, "ਅਸੀਂ ਪੱਛਮੀ ਬੰਗਾਲ ਅਤੇ ਝਾਰਖੰਡ ਦੇ ਕੁਝ ਕਬਾਇਲੀ ਜ਼ਿਲ੍ਹਿਆਂ ਵਿਚ ਆਈ.ਸੀ.ਡੀ.ਐਸ. ਸਕੀਮ ਦਾ ਅਧਿਐਨ ਕੀਤਾ ਹੈ ਅਤੇ ਕਈ ਨੁਕਸ ਪਾਏ ਹਨ। ਵੰਡ ਪ੍ਰਣਾਲੀ ਵਿਚ ਵਿਭਿੰਨਤਾ ਦੀ ਲੋੜ ਹੈ ਅਤੇ ਸਕੀਮ ਦਾ ਦਾਇਰਾ ਵਿਆਪਕ ਬਣਾਉਣ ਵਿਚ ਗੈਰ-ਸਰਕਾਰੀ ਜਥੇਬੰਦੀਆਂ ਦੀ ਅਹਿਮ ਭੂਮਿਕਾ ਹੋ ਸਕਦੀ ਹੈ।"

ਮਿਡ-ਡੇ-ਮੀਲ ਸਕੀਮ ਬਾਰੇ ਉਨ੍ਹਾਂ ਕਿਹਾ ਕਿ ਯੂਰਪ ਨੇ ਇਹ 19ਵੀਂ ਸਦੀ ਵਿਚ ਲਾਗੂ ਕੀਤੀ ਸੀ ਅਤੇ ਭਾਰਤ 200 ਸਾਲਾਂ ਬਾਅਦ ਇਹ ਲਾਗੂ ਕਰ ਰਿਹਾ ਹੈ। ਉਨ੍ਹਾਂ ਕਿਹਾ, "ਭਾਰਤ ਵਿਚ ਕਈ ਨਿਸਬਤਨ ਅਮੀਰ ਬੱਚੇ ਸ਼ਿਕਾਇਤ ਕਰਦੇ ਹਨ ਕਿ ਉਹ ਸਕੂਲਾਂ ਵਿਚ ਗਰੀਬ ਬੱਚਿਆਂ ਨਾਲ ਬੈਠ ਕੇ ਖਾਣਾ ਨਹੀਂ ਖਾਣਗੇ। ਦੇਸ਼ ਦੇ ਮੀਡੀਆ ਨੂੰ ਅਮੀਰਾਂ ਦੇ ਬੱਚਿਆਂ ਨਾਲ ਬੜਾ ਮੋਹ ਹੈ। ਸਾਨੂੰ ਇਸ ਤਰ੍ਹਾਂ ਦੀਆਂ ਸਕੀਮਾਂ ਦੀ ਪੈਰਵੀ ਕਰਨੀ ਚਾਹੀਦੀ ਹੈ, ਕਿਉਂਕਿ ਭੁੱਖੇ ਪੇਟ ਬੱਚਿਆਂ ਨੂੰ ਪੜ੍ਹਾਉਣਾ ਬਹੁਤ ਔਖਾ ਹੈ।

# ਨਈਅਰ ਵਲੋਂ ਵੀ ਸ਼ਾਸਤਰੀ ਦੇ ਚਲਾਣੇ ਸਬੰਧੀ ਦਸਤਾਵੇਜ਼ ਨਸ਼ਰ ਕਰਨ 'ਤੇ ਜ਼ੋਰ

**ਨਵੀਂ ਦਿੱਲੀ :** ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦਾ ਪੋਸਟਮਾਰਟਮ ਕਰਾਏ ਜਾਣ ਬਾਰੇ ਜਦੋਂ ਵੱਖ-ਵੱਖ ਸਾਜ਼ਿਸ਼ੀ ਥਿਊਰੀਆਂ ਚੱਲ ਰਹੀਆਂ ਹਨ ਤਾਂ ਉਸ ਵੇਲੇ ਤਾਸ਼ਕੰਦ ਜਾਣ ਵਾਲੇ ਵਫਦ ਦੇ ਮੈਂਬਰ ਸੀਨੀਅਰ ਪੱਤਰਕਾਰ ਕੁਲਦੀਪ ਨਈਅਰ ਨੇ ਕਿਹਾ ਕਿ ਪੋਸਟ-ਮਾਰਟਮ ਨਹੀਂ ਕਰਾਇਆ ਗਿਆ ਸੀ, ਪਰ ਹੁਣ ਉਹ ਸੋਚਦੇ ਹਨ ਕਿ ਇਹ ਕਰਾਇਆ ਜਾਣਾ ਚਾਹੀਦਾ ਸੀ।



ਸ੍ਰੀ ਸ਼ਾਸਤਰੀ ਦੀ 1996 ਵਿਚ ਉਦੋਂ ਭੇਤਭਰੀ ਹਾਲਤ ਵਿਚ ਮੌਤ ਹੋ ਗਈ ਸੀ, ਜਦੋਂ ਉਹ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ ਨੂੰ ਮਿਲਣ ਤਾਸ਼ਕੰਦ ਪੁੱਜੇ ਸਨ।

ਨਈਅਰ ਤੋਂ ਜਦੋਂ ਇਸ ਸਬੰਧ ਵਿਚ ਕੋਈ ਇਸ ਤਰ੍ਹਾਂ ਦੀ ਮੈਡੀਕਲ ਵਿਧੀ ਅਪਣਾਏ ਜਾਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ, "ਕੋਈ ਪੋਸਟਮਾਰਟਮ ਨਹੀਂ ਕਰਾਇਆ ਗਿਆ ਸੀ।"

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਪੋਸਟਮਾਰਟਮ ਨਾ ਕਰਾਉਣਾ ਸਰਕਾਰ ਦੀ ਗਲਤੀ ਸੀ? ਤਾਂ ਉਨ੍ਹਾਂ ਕਿਹਾ, "ਮੈਂ ਉਦੋਂ ਉਸ ਪੋਸਟ-ਮਾਰਟਮ ਬਾਰੇ ਕਦੇ ਨਹੀਂ ਸੀ ਸੋਚਿਆ, ਪਰ ਹੁਣ ਮੈਂ ਸੋਚਦਾ ਹਾਂ ਕਿ ਪੋਸਟਮਾਰਟਮ ਕਰਵਾਇਆ ਜਾਣਾ ਚਾਹੀਦਾ ਸੀ।"

ਸੂਚਨਾ ਅਧਿਕਾਰ ਕਾਨੂੰਨ ਤਹਿਤ ਦਾਇਰ ਕੀਤੀ ਇਕ ਅਰਜ਼ੀ ਦੇ ਸਿਰਫ ਦੋ ਸਵਾਲਾਂ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਦੇ ਦਫਤਰ ਨੇ ਇਹ ਕਿਹਾ ਸੀ ਕਿ ਸ਼ਾਸਤਰੀ ਦੀ ਮੌਤ ਨਾਲ ਸਬੰਧਤ ਉਸ ਕੋਲ ਕੇਵਲ ਇਕ ਗੁਪਤ ਦਸਤਾਵੇਜ਼ ਹੈ, ਜਿਸ ਨੂੰ ਆਰ.ਟੀ.ਆਈ. ਐਕਟ ਤਹਿਤ ਖੁਲਾਸੇ ਤੋਂ ਛੋਟ ਮਿਲੀ ਹੋਈ ਹੈ। ਬਾਕੀ ਦੇ ਸਵਾਲਾਂ ਦੇ ਜਵਾਬ ਦੇਣ ਲਈ ਪੀ.ਐਮ.ਓ. ਨੇ ਅਰਜ਼ੀ ਵਿਦੇਸ਼ ਮੰਤਰਾਲੇ ਅਤੇ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤੀ ਸੀ।

ਸ੍ਰੀ ਨਈਅਰ ਨੇ ਕਿਹਾ ਕਿ ਸਰਕਾਰ ਨੂੰ ਇਹ ਦਸਤਾਵੇਜ਼ ਨਸ਼ਰ ਕਰ ਦੇਣਾ ਚਾਹੀਦਾ ਹੈ। "ਇਕ ਪਾਸੇ ਸਰਕਾਰ ਪਾਰਦਰਸ਼ਤਾ ਦੀਆਂ ਗੱਲਾਂ ਕਰ ਰਹੀ ਹੈ ਅਤੇ ਦੂਜੇ ਪਾਸੇ ਇਸ ਤਰ੍ਹਾਂ ਦੇ ਦਸਤਾਵੇਜ਼ ਨੂੰ ਛੁਪਾ ਕੇ ਬੈਠੀ ਹੈ। ਸਾਬਕਾ ਪ੍ਰਧਾਨ ਮੰਤਰੀ (ਸ਼ਾਸਤਰੀ) ਦੀ ਮੌਤ ਨਾਲ ਕਈ ਸਾਜ਼ਿਸ਼ੀ ਥਿਊਰੀਆਂ ਜੁੜੀਆਂ ਹੋਈਆਂ ਹਨ। ਮੇਰਾ ਨਿਜੀ ਖਿਆਲ ਹੈ ਕਿ ਸਰਕਾਰ ਨੂੰ ਇਹ ਦਸਤਾਵੇਜ਼ ਨਸ਼ਰ ਕਰ ਦੇਣਾ ਚਾਹੀਦਾ ਹੈ।"

ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਆਈ ਇਕ ਅਰਜ਼ੀ ਦੇ ਜਵਾਬ ਵਿਚ ਦਿੱਲੀ ਪੁਲਿਸ ਨੇ ਕਿਹਾ ਸੀ ਕਿ ਸ਼ਾਸਤਰੀ ਦੀ ਮੌਤ ਨਾਲ ਸਬੰਧਤ ਕੋਈ ਵੀ ਰਿਕਾਰਡ ਉਨ੍ਹਾਂ ਕੋਲ ਨਹੀਂ ਹੈ।

ਵਿਦੇਸ਼ ਮੰਤਰਾਲਾ ਪਹਿਲਾਂ ਹੀ ਇਹ ਆਖ ਚੁੱਕਾ ਹੈ ਕਿ ਸਾਬਕਾ ਸੋਵੀਅਤ ਸੰਘ ਵਿਚ ਕੋਈ ਪੋਸਟਮਾਰਟਮ ਨਹੀਂ ਕੀਤਾ ਗਿਆ ਸੀ। ਸਾਬਕਾ ਪ੍ਰਧਾਨ ਮੰਤਰੀ ਦੇ ਪੁੱਤਰ ਸੁਨੀਲ ਸ਼ਾਸਤਰੀ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੇ ਪਿਤਾ ਦੀ ਛਾਤੀ, ਮਿਹਦੇ ਅਤੇ ਪਿੱਠ ਉਪਰ ਕਾਲੇ ਧੱਬੇ ਪੈ ਗਏ ਸਨ ਅਤੇ ਉਨ੍ਹਾਂ ਮੰਗ ਕੀਤੀ ਸੀ ਕਿ ਸਰਕਾਰ ਨੂੰ ਮੌਤ ਨਾਲ ਜੁੜੇ ਸਾਰੇ ਤੱਥ ਜਨਤਾ ਦੇ ਸਾਹਮਣੇ ਰੱਖ ਕੇ ਇਹ ਅਧਿਆਏ ਹਮੇਸ਼ਾ ਲਈ ਬੰਦ ਕਰ ਦੇਣਾ ਚਾਹੀਦਾ ਹੈ।

## ਮਾਈਕਲ ਨਾਮਰਦ ਸੀ, ਮੈਂ ਦਿੱਤੇ ਸਨ ਸਪਰਮ-ਨਜ਼ਦੀਕੀ ਮਿੱਤਰ

**ਲੰਡਨ :** ਪੌਪ ਸਟਾਰ ਮਾਈਕਲ ਜੈਕਸਨ ਦੇ ਇਕ ਨਜ਼ਦੀਕੀ ਮਿੱਤਰ ਨੇ ਉਸ ਦੀ ਮੌਤ ਤੋਂ ਬਾਅਦ ਇਹ ਕਹਿ ਕੇ ਸਨਸਨੀ ਫੈਲਾਅ ਦਿੱਤੀ ਹੈ ਕਿ ਪੌਪ ਸਟਾਰ ਨਾਮਰਦ ਸੀ ਅਤੇ ਉਸ ਨੇ 'ਕਿੰਗ ਆਫ ਪਾਪ' ਨੂੰ ਆਪਣੇ ਸਪਰਮ ਦਾਨ ਕੀਤੇ ਸਨ। ਪੇਸ਼ੇ ਤੋਂ ਐਕਿਊਪੰਕਚਰ ਮਾਹਿਰ ਮਾਰਕ ਲੇਸਟਰ ਨੇ ਬ੍ਰਿਟਿਸ਼ ਟੇਬਲਾਇਟ ਨਿਊਜ਼ ਆਫ ਦਿ ਵਰਲਡ ਨੂੰ ਦੱਸਿਆ ਕਿ ਮੈਂ ਮਾਈਕਲ ਨੂੰ ਆਪਣੇ ਸਪਰਮ ਦਿੱਤੇ ਸਨ ਤਾਂ ਜੋ ਉਹ ਬੱਚੇ ਪੈਦਾ ਕਰ ਸਕੇ। ਮੇਰਾ ਵਿਸ਼ਵਾਸ ਹੈ ਕਿ ਪੈਰਿਸ ਮੇਰੀ ਬੇਟੀ ਹੈ। ਮਾਰਕ ਅਨੁਸਾਰ ਮਾਈਕਲ ਨੂੰ ਫਿਕਰ ਸੀ ਕਿ ਉਹ ਕਦੇ ਵੀ ਪਿਤਾ ਨਹੀਂ ਬਣ ਸਕੇਗਾ। ਉਸ ਨੂੰ ਔਰਤਾਂ ਨਾਲ ਸਬੰਧ ਬਣਾਉਣ ਵਿਚ ਬਹੁਤ ਕਠਿਨਾਈ ਆਉਂਦੀ ਸੀ। ਮਾਰਕ ਨੇ ਅਖਬਾਰ ਨੂੰ ਕਿਹਾ ਕਿ 11 ਸਾਲਾ ਪੈਰਿਸ ਅਤੇ ਉਸ ਦੀ 15 ਸਾਲਾ ਕੁੜੀ ਹੈਰੀਅਟ ਵਿਚ ਇਕ "ਭੇਦਪੂਰਨ" ਸਮਾਨਤਾ ਹੈ। ਕਈ ਫਿਲਮਾਂ ਵਿਚ ਬਾਲ ਕਲਾਕਾਰ ਦੀ ਭੂਮਿਕਾ ਨਿਭਾਅ ਚੁੱਕੇ ਮਾਰਕ ਨੇ ਕਿਹਾ ਕਿ ਮੈਂ ਦੁਨੀਆ ਦੇ ਸਾਹਮਣੇ ਸੱਚ ਲਿਆਉਣ ਲਈ ਪੈਟਰਨਿਟੀ ਪ੍ਰੀਖਣ ਕਰਵਾਉਣਾ ਚਾਹੁੰਦਾ ਹਾਂ। ਉਸ ਨੇ ਕਿਹਾ ਕਿ 1996 ਵਿਚ ਮਾਈਕਲ ਨੇ ਮੈਨੂੰ ਕਿਹਾ ਸੀ ਕਿ ਮੈਂ ਉਸ ਨੂੰ ਆਪਣੇ ਸਪਰਮ ਦਾਨ ਕਰਾਂਗਾ। ਇਹ ਉਸ ਲਈ ਇਕ ਤੋਹਫੇ ਤੋਂ ਘੱਟ ਨਹੀਂ ਸਨ। ਸਾਡੇ ਵਿਚਾਲੇ ਪੈਸੇ ਦਾ ਕੋਈ ਲੈਣ ਦੇਣ ਨਹੀਂ ਸੀ ਹੋਇਆ, ਕਿਉਂਕਿ ਉਸ ਦੇ ਮਨ ਵਿਚ ਬੱਚੇ ਦੀ ਅਥਾਹ ਇੱਛਾ ਸੀ।




**Drama Artist:** Surinder Singh Dhanoa, Jaswinder Dhanoa, Dilawar Chahal, Jaswinder Bawa, Jaswinder Chhoti, Harmesh Sidhu, Balwinder Mahey Dharmapal Ranko, Amritpal Sra, Sonu Randhawa, Kamal Randhawa, Rashpal Khangura, Jaspal Saini, Darshan Aujla, Manjit Singh & Pali Dhanaula

**Chief Guest:**
Dr. Jaspal Singh
(Vice-Chancellor Punjabi University Patiala)

**Keynote Address:**
Dr. Harish Puri (India)
& Dr. Surinder Mand (India)

**Inauguration by:**
Dr. Gurdev Singh Khush
(Davis University of California)

*A Tribute to Freedom Fighters*

DIRECTIONS: FROM FREEWAY 99 TAKE EXIT TO 289 CALVINE RD. GOING EAST. ABOUT 3 MILES TAKE LEFT ON KINGSBRIDGE DR.SHELDON High SCHOOL IS IN THE RIGHT HAND SIDE.

Note: Free Entry, Free Parking & Free Food

**Thanks To:** Punjab Lok Rang
(Theatrical Group of CA)

**Date:** August 22nd, 2009
**Time:** 12:00 Noon
**Day:** Saturday
**Venue:** Performing Art Center
Sheldon High School
8333 Kings Bridge Dr.
Sacramento, CA 95849

For More Info. Contact:
916.256.5367, 916.320.5595, 916.844.5310

ਸਾਡਾ ਇਤਿਹਾਸ

# ਲਾਸਾਨੀ ਗਦਰੀ ਸੂਰਮਾ:ਬਾਬਾ ਵਿਸਾਖਾ ਸਿੰਘ

**ਗਿਆਨ ਸਿੰਘ ਬਿਲਗਾ**

ਸੰਤ ਬਾਬਾ ਵਿਸਾਖਾ ਸਿੰਘ ਦਾ ਜੀਵਨ ਸਿੱਖ ਗੁਰੂ ਸਾਹਿਬਾਨ ਵੱਲੋਂ ਦਰਸਾਏ ਸਿੱਖੀ ਦੇ ਮਾਰਗ ਤੇ ਚਲਦਿਆਂ ਸੱਚੇ ਦੇਸ਼ ਭਗਤ ਤੇ ਸੰਤ ਸਿਪਾਹੀ ਦੇ ਆਦਰਸ਼ ਦੀ ਲਾਸਾਨੀ ਮਿਸਾਲ ਹੈ। ਉਨ੍ਹਾਂ ਆਪਣੇ ਸੰਘਰਸ਼ਮਈ ਜੀਵਨ ਦਾ ਇੱਕ ਇੱਕ ਪਲ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ, ਗਦਰ ਪਾਰਟੀ ਦੇ ਆਗੂ ਦਾ ਰੋਲ ਅਦਾ ਕਰਦਿਆਂ, ਕਿਰਤੀ ਕਿਸਾਨਾਂ ਲਈ ਜੂਝਦਿਆਂ, ਗੁਰਦਵਾਰਿਆਂ ਦੇ ਸੁਧਾਰ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਹਿਤ ਅੰਗਰੇਜ਼ ਸਾਮਰਾਜ ਵਿਰੁਧ ਲੜਦਿਆਂ ਕਾਲੇ ਪਾਣੀ ਦੇ ਕੁੰਭੀ ਨਰਕ ਭੋਗਦਿਆਂ, ਜੇਲ੍ਹਾਂ ਭੁਖ ਹੜਤਾਲਾਂ ਦੇ ਕਸ਼ਟ ਆਪਣੇ ਸਰੀਰ 'ਤੇ ਝਲਦਿਆਂ ਲੇਖੇ ਲਾ ਦਿੱਤਾ।

ਸੰਤ ਵਿਸਾਖਾ ਸਿੰਘ ਪੂਰਨ ਗੁਰ ਸਿੱਖ, ਭਜਨੀਕ, ਗੁਰ ਸ਼ਬਦ ਦੇ ਵਿਆਖਿਆਕਾਰ ਤੇ ਮਹਾਨ ਤਪੱਸਵੀ ਸਨ। ਸੰਤ ਜੀ ਦੀ ਸ਼ਖਸੀਅਤ ਬਹੁਤ ਪ੍ਰਭਾਵਸ਼ਾਲੀ ਤੇ ਚੁੰਬਕੀ ਖਿੱਚ ਰੱਖਦੀ ਸੀ। ਉਹ ਕਹਿਣੀ ਤੇ ਕਰਨੀ ਦੇ ਧਨੀ ਸਨ। ਗੁਰਸਿੱਖ ਦੀ ਪਰਿਭਾਸ਼ਾ ਦਸਦਿਆਂ ਕਿਹਾ ਕਰਦੇ ਸਨ, 'ਤੇਰੇ ਭਾਣੇ ਸਰਬਤ ਦਾ ਭਲਾ ਮੰਗਣ ਵਾਲਾ ਇਨਸਾਨ ਹੀ ਸੱਚਾ ਸਿੱਖ ਹੋ ਸਕਦਾ ਹੈ। ਜਿਹੜਾ ਇਲਾਕੇ, ਬੋਲੀ, ਭਾਸ਼ਾ, ਰੰਗ ਭੇਤ, ਛੂਤ-ਛਾਤ, ਗੁਰੂਡਮ, ਕਰਮਕਾਡਾਂ ਤੇ ਵਿਖਾਵੇ ਵਿਚ ਯਕੀਨ ਨਾ ਰਖਦਾ ਹੋਵੇ। ਕਿਸੇ ਨੂੰ ਜ਼ੋਰ ਨਾਲ ਗੁਲਾਮ ਰਖਣਾ ਅਤੇ ਤਲਵਾਰ ਨਾਲ ਮਜ਼ਹਬ ਦੀ ਤਬਦੀਲੀ ਸਹਿਣ ਕਰਨਾ ਬੁਜ਼ਦਿਲੀ ਹੈ। ਇਨ੍ਹਾਂ ਜਬਰਾਂ ਤੇ ਜੁਲਮਾਂ ਵਿਰੁਧ ਲੜਨਾ ਸੱਚੇ ਸਿੱਖ ਦਾ ਫਰਜ਼ ਬਣਦਾ ਹੈ। ਮੈਂ ਇਕ ਵਿਸ਼ਵਾਸੀ ਸਿਖ ਦੇਸ਼ ਭਗਤ ਹਾਂ ਦੇਸ਼ ਭਗਤਾਂ ਦੀ ਪਾਰਟੀ ਗਦਰ ਪਾਰਟੀ ਦਾ ਮੈਂਬਰ ਹਾਂ ਜਿਸਨੇ ਦੇਸ਼ ਨੂੰ ਹਥਿਆਰਬੰਦ ਸੰਘਰਸ਼ ਰਾਹੀਂ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਦਾ ਬੀੜਾ ਚੁਕਿਆ ਹੈ। ਗਦਰ ਪਾਰਟੀ ਧਾਰਮਿਕ ਝਗੜੇ-ਝੇੜਿਆਂ ਦੀ ਆਗਿਆ ਨਹੀਂ ਦਿੰਦੀ। ਇਸੇ ਲਈ ਇਹ ਇਕ ਸੱਚੀ ਸੈਕੂਲਰ ਪਾਰਟੀ ਹੈ। ਮੈਂ ਇਸ ਦਾ ਨਿਮਾਣਾ ਜਿਹਾ ਸੇਵਕ ਹਾਂ।'

ਸੰਤ ਬਾਬਾ ਵਿਸਾਖਾ ਸਿੰਘ ਦਾ ਪਰਿਵਾਰਕ ਪਿਛੋਕੜ ਦੇਸ਼ ਕੌਮ ਲਈ ਕੁਰਬਾਨੀਆਂ ਨਾਲ ਓਤਪੋਤ ਹੈ। ਉਨ੍ਹਾਂ ਆਪਣੀ ਸਵੈ-ਜੀਵਨੀ ਕਵਿਤਾ ਦੇ ਰੂਪ ਵਿਚ ਲਿਖੀ ਜਿਸ ਦਾ ਹੱਥ ਖਰੜਾ ਇਤਿਹਾਸ ਦੇ ਖੋਜੀ ਸ. ਮਲਵਿੰਦਰਜੀਤ ਸਿੰਘ ਵੜੈਚ ਨੇ ਡਾ. ਸੰਤ ਸਿੰਘ ਸਪੁੱਤਰ ਗੁਰਬਖਸ਼ ਸਿੰਘ ਤਰਨਤਾਰਨ ਹੋਰਾਂ ਤੋਂ ਪ੍ਰਾਪਤ ਕਰਕੇ ਇਸ ਦਾ ਸੰਪਾਦਨ ਕਰਕੇ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਤ ਕਰਵਾਉਣ ਦਾ ਵੱਡਮੁਲਾ ਕਾਰਜ ਕੀਤਾ ਹੈ।

ਲਿਖਾਂ ਸੱਚੋ ਹੀ ਸੱਚ ਜੋ ਵਰਤਿਆ ਸੀ
ਜ਼ੁਲਮ ਨਸ਼ਰ ਜੋ ਵਿਚ ਸੰਸਾਰ ਹੋਵੇ।
ਕਰਾਂ ਬੰਦਗੀ ਸਦਾ ਪ੍ਰੇਮ ਸੇ ਜੀ
ਸੱਚ ਖੰਡ ਦਾ ਜਿਵੇਂ ਦੀਦਾਰ ਹੋਵੇ।
ਸੇਵਕ ਸਿੰਘ ਵਿਸਾਖਾ ਦੀ ਬੇਨਤੀ ਜੀ
ਸ਼ੇਅਰ ਫੁਰੇ ਤੇ ਗ੍ਰੰਥ ਤਿਆਰ ਹੋਵੇ।

ਬਾਬਾ ਜੀ ਦੇ ਪੁਰਖਿਆਂ ਨੇ ਪੰਥ ਤੇ ਦੇਸ਼ ਲਈ ਅਥਾਹ ਕੁਰਬਾਨੀਆਂ ਕੀਤੀਆਂ ਭਾਈ ਰਮਧੀਰ ਸਿੰਘ ਤੇ ਮੋਹਰ ਸਿੰਘ ਨੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤਪਾਨ ਕੀਤਾ। ਕਈ ਜੰਗਾਂ ਯੁੱਧਾਂ ਵਿਚ ਗੁਰੂ ਜੀ ਦਾ ਸਾਥ ਦਿੱਤਾ, ਬੰਦਾ ਬਹਾਦਰ ਦਾ ਸਾਥ ਦਿੰਦਿਆਂ ਬੜੈਲ ਵਾਲਾ ਮੋਰਚਾ ਸੰਭਾਲੀ ਰੱਖਿਆ। ਬਾਬਾ ਮੋਹਰ ਸਿੰਘ ਨੇ ਆਹਲੂਵਾਲੀਆ ਮਿਸਲ, ਭਾਈ ਜੋਗਾ ਸਿੰਘ, ਅਕਾਲੀ ਫੂਲਾ ਸਿੰਘ, ਤੇਗਾ ਸਿੰਘ, ਹਰੀ ਸਿੰਘ ਨਲੂਏ ਦਾ ਸਾਥ ਦਿੰਦਿਆਂ ਸ਼ਹੀਦੀ ਪਾਈ। ਬਾਬਾ ਸ਼ੋਭਾ ਸਿੰਘ ਦੇ ਤਿੰਨੇ ਪੁੱਤਰ ਦੂਲਾ ਸਿੰਘ, ਦੇਵਾ ਸਿੰਘ ਤੇ ਜੁਆਲਾ ਸਿੰਘ ਜਮਰੌਦ ਦੀ ਜੰਗ ਵਿਚ ਹਰੀ ਸਿੰਘ ਨਲੂਏ ਦੀ ਕਮਾਨ ਹੇਠ ਯੁੱਧ ਵਿਚ ਉਤਰੇ। ਪਿੰਡ ਰੂੜੀਵਾਲਾ ਦੇ ਚਾਰ ਗਦਰੀ ਫੌਜੀਆਂ ਵਧਾਵਾ ਸਿੰਘ, ਭਾਗ ਸਿੰਘ, ਮੋਤਾ ਸਿੰਘ ਅਤੇ ਤਾਰਾ ਸਿੰਘ ਅੰਬਾਲਾ ਜੇਲ੍ਹ ਵਿਚ ਫਾਂਸੀਆਂ ਦੇ ਰੱਸੇ ਹਸਦਿਆਂ-ਹਸਦਿਆਂ ਗਲੀਂ ਪਾ ਕੇ ਸ਼ਹੀਦੀ ਪਾਈ। ਇਹ ਬਾਬਾ ਵਿਸਾਖਾ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਸਨ।

ਬਾਬਾ ਵਿਸਾਖਾ ਸਿੰਘ ਦਾ ਜਨਮ ਅਪ੍ਰੈਲ 1877 ਈ. ਵਿਚ ਪਿਤਾ ਦਿਆਲ ਸਿੰਘ ਤੇ ਮਾਤਾ ਇੰਦ ਕੌਰ ਦੇ ਘਰ ਪਿੰਡ ਦਦੇਹਰ, ਥਾਣਾ ਸਰਹਾਲੀ (ਅੰਮ੍ਰਿਤਸਰ) ਵਿਖੇ ਹੋਇਆ। ਮੁਢਲੀ ਵਿਦਿਆ ਸ. ਦਿਆਲ ਸਿੰਘ ਦੇ ਵੱਡੇ ਭਾਈ ਬਾਬਾ ਖੁਸ਼ਾਲ ਸਿੰਘ ਤੋਂ ਪ੍ਰਾਪਤ ਕੀਤੀ। ਗੁਰਮੁਖੀ ਅੱਖਰਾਂ ਵਿਚ ਪੰਜਾਬੀ ਦਾ ਗਿਆਨ ਪ੍ਰਾਪਤ ਕਰਕੇ ਗੁਰਬਾਣੀ ਦਾ ਬੋਧ ਪ੍ਰਾਪਤ ਕਰਦਿਆਂ ਅੱਗੋਂ ਖੋਜ ਜਾਰੀ ਰੱਖੀ ਅਤੇ ਮਾਲ ਚਾਰਨ ਵਿਚ ਕੁਝ ਸਮਾਂ ਬਤੀਤ ਕੀਤਾ।

''ਬਾਬਾ ਸਿੰਘ ਖੁਸ਼ਾਲ ਵੀਚਾਰ ਭਾਈ,
ਸਾਨੂੰ ਬਾਣੀ ਦਾ ਭੇਤ ਬਤਾਇਆ ਜੈਸੇ॥
ਪੜ੍ਹੀ ਵਿਦਿਆ ਚੰਗੀ ਪ੍ਰੇਮ ਸੇ ਜੀ,
ਥੋੜੇ ਸਾਲ ਫਿਰ ਮਾਲ ਚਰਾਇਆ ਜੈਸੇ॥

ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਗਿਆਰਾਂ ਨੰਬਰ ਰਸਾਲੇ ਵਿਚ ਭਰਤੀ ਕਰਵਾ ਦਿਤਾ। ਉਥੋਂ ਨਾਵਾਂ ਕਟਵਾ ਕੇ ਕੁਝ ਮਹੀਨੇ ਘਰ ਰਹਿ ਕੇ ਰੁਜ਼ਗਾਰ ਦੀ ਭਾਲ ਵਿਚ ਕਲਕੱਤੇ ਤੋਂ ਪੀਨਾਂਗ, ਹੰਕਾਨ, ਸ਼ਿੰਘਾਈ ਹੁੰਦੇ ਹੋਏ ਹੰਕੌਂ ਪਹੁੰਚੇ ਅਤੇ 1896 ਈ. ਤੋਂ 1903/1904 ਤਕ ਨੌਕਰੀ ਕੀਤੀ।

1849 ਈ. ਨੂੰ ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਪਿੱਛੋਂ ਸਮੁੱਚਾ ਭਾਰਤ ਅੰਗਰੇਜ਼ ਦੇ ਬਸਤੀਵਾਦੀ ਸ਼ਿਕੰਜੇ ਹੇਠ ਆ ਗਿਆ ਸੀ। ਅੰਗਰੇਜ਼ ਨੇ ਮਾਲੀਏ ਦੀ ਜਿਣਸ ਦੇ ਰੂਪ ਵਿਚ ਉਗਰਾਹੀ ਹਟਾ ਕੇ ਨਕਦ ਉਗਰਾਹੀ ਤੇ ਜ਼ਮੀਨ ਦੀ ਨਿੱਜੀ ਮਾਲਕੀ ਦਾ ਅਸੂਲ ਲਾਗੂ ਕਰ ਦਿੱਤਾ ਸੀ। ਇਸ ਨਾਲ ਸਮੁੱਚੇ ਭਾਰਤ ਦੇ ਕਿਸਾਨ ਜੋ ਵਸੋਂ ਦਾ ਅੱਸੀ ਫੀਸਦੀ ਸਨ, ਨੂੰ ਮੰਦਹਾਲੀ, ਭੁੱਖਮਰੀ ਤੇ ਕੰਗਾਲੀ ਦੀ ਕਗਾਰ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਸੀ। ਪੇਂਡੂ ਦਸਤਕਾਰੀ ਤਬਾਹ ਹੋ ਗਈ। ਸ਼ਾਹੂਕਾਰ ਦਾ ਕਰਜ਼ਾ ਨਾ ਮੋੜ ਸਕਣ ਕਾਰਨ ਤੰਗ ਆ ਕੇ ਕਿਸਾਨ ਨੂੰ ਦੇਸ਼ ਛੱਡ ਕੇ ਪਰਵਾਸ ਕਰਨਾ ਪਿਆ। ਭਾਰਤ ਦੇ ਕਈ ਭਾਗਾਂ ਵਿਚ ਕਾਲ ਪੈ ਗਿਆ। ਕਿਸਾਨਾਂ ਨੇ ਜਥੇਬੰਦ ਹੋ ਕੇ ਕਾਲੋਨਾਈਜੇਸ਼ਨ ਐਕਟ, ਜੋ ਕਿਸਾਨਾਂ ਦੇ ਮਾਲਕੀ ਦੇ ਹੱਕ ਖੋਂਹਦਾ ਸੀ, ਵਿਰੁਧ ਲਾਲਾ ਲਾਜਪਤ ਰਾਏ, ਬਾਂਕੇ ਦਿਆਲ ਅਤੇ ਅਜੀਤ ਸਿੰਘ ਦੀ ਅਗਵਾਈ ਵਿਚ ਸਫਲ ਘੋਲ ਲੜਿਆ। ਸ. ਅਜੀਤ ਸਿੰਘ ਜੀ ਨੂੰ ਜਲਾਵਤਨ ਹੋਣਾ ਪਿਆ।

1909 ਈ. ਨੂੰ ਬਾਬਾ ਜੀ ਅਮਰੀਕਾ ਪਹੁੰਚ ਗਏ। ਸਟਾਕਟਨ (ਕੈਲੀਫੋਰਨੀਆ) ਤੋਂ ਥੋੜੀ ਦੂਰ ਹਲਟ ਟੇਸ਼ਨ ਕੀਟੋਵੀਰੋ ਮਿਡਰਿਵੇ ਤੋਂ ਪਹਿਲੋਂ ਉਨ੍ਹਾਂ ਦਾ ਮੇਲ ਜੁਆਲਾ ਸਿੰਘ ਠਠੀਆਂ ਤੇ ਭਾਈ ਸੰਤੋਖ ਸਿੰਘ ਨਾਲ ਹੋਇਆ। ਤਿੰਨਾਂ ਨੇ ਰਲ ਕੇ ਇਕ ਕੰਪਨੀ ਰਜਿਸਟਰ ਕਰਵਾ ਲਈ ਤੇ ਫਾਰਮ ਪਟੇ 'ਤੇ ਲੈ ਲਿਆ। ਇਹ ਹੀ ਫਾਰਮ ਸੀ ਜਿਥੇ ਸਦਾ ਅਤੁੱਟ ਲੰਗਰ ਲੱਗਾ ਰਹਿੰਦਾ ਸੀ।

ਜਿਹੜਾ ਵੀ ਹਿੰਦੀ ਅਮਰੀਕਾ ਵਿਚ ਨਵਾਂ ਆਉਂਦਾ, ਜਿਸ ਕੋਲ ਵਸੇਬਾ ਨਾ ਹੁੰਦਾ, ਬੇਰੁਜ਼ਗਾਰ ਹੁੰਦਾ, ਬਿਮਾਰ ਹੋ ਜਾਂਦਾ, ਵਿਦਿਆਰਥੀ ਜਿਸ ਨੂੰ ਦਾਖਲਾ ਮਿਲਣ ਵਿਚ ਦੇਰ ਹੋ ਜਾਂਦੀ, ਉਹ ਹਿੰਦੀ ਵਿਦਿਆਰਥੀ ਜੋ ਪੈਸੇ ਕਮਾਉਣ ਖਾਤਰ ਛੁੱਟੀਆਂ ਵਿਚ ਹਿੰਦੀ ਭਰਾਵਾਂ ਕੋਲ ਆਣ ਟਿਕਦੇ, ਬੇ-ਮਿਆਦੇ ਸਮੇਂ ਤਕ ਇਥੇ ਠਹਿਰ ਸਕਦੇ ਸਨ ਅਤੇ ਉਨ੍ਹਾਂ ਦੀ ਹਰ ਤਰ੍ਹਾਂ ਸਹਾਇਤਾ ਕੀਤੀ ਜਾਂਦੀ ਸੀ। ਇਹ ਫਾਰਮ ਹਜਾਰਾਂ ਏਕੜਾਂ ਵਿਚ ਫੈਲਿਆ ਹੋਇਆ ਸੀ। ਇਨ੍ਹਾਂ ਤਿੰਨਾਂ ਨੂੰ ਆਲੂਆਂ ਦੇ ਬਾਦਸ਼ਾਹ ਦੇ ਤੌਰ 'ਤੇ ਸਾਰੇ ਅਮਰੀਕਾ ਵਿਚ ਜਾਣਿਆ ਜਾਂਦਾ ਸੀ।

ਇਹ ਡੇਰਾ (ਫਾਰਮ) ਹਿੰਦੀਆਂ ਦਾ ਕੇਂਦਰ ਬਣ ਗਿਆ। ਸੰਤ ਜੀ ਨੇ ਆਦਿ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਪੰਜਾਬ ਤੋਂ ਮੰਗਵਾ ਲਈਆਂ ਸਨ। ਇਕ ਦਿਨ ਸ਼ਾਮ ਦੇ ਦੀਵਾਨ ਤੋਂ ਬਾਦ ਭਾਈ ਜੁਆਲਾ ਸਿੰਘ ਤੇ ਭਾਈ ਸੰਤੋਖ ਸਿੰਘ ਨੇ ਸੰਤ ਜੀ ਦੇ ਸਨਮੁਖ ਇਕ ਗੁਰੂ-ਘਰ ਦੀ ਸਥਾਪਨਾ ਦਾ ਪ੍ਰਸਤਾਵ ਰੱਖਦਿਆਂ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲੈਣ ਦੀ ਬੇਨਤੀ ਕੀਤੀ ਜੋ ਇਸ ਤਰ੍ਹਾਂ ਸੀ-

ਸੋਰਠ ਮਹਲਾ 5
ਠਾਂਢ ਪਾਈ ਕਰਤਾਰੇ,
ਤਾਪ ਛੋਡ ਗਿਆ ਪਰਵਾਰੇ...
ਨਾਨਕ ਨਾਮ ਸੱਚ ਸਾਖੀ
ਆਪ ਦਾਸ ਕੀ ਪੈਜ ਰਾਖੀ।

ਉਨ੍ਹਾਂ ਸੰਤ ਵਿਸਾਖਾ ਸਿੰਘ ਨੂੰ ਇਸ ਕਾਰਜ ਵਿਚ ਸਾਥ ਦੇਣ ਲਈ ਕਿਹਾ, ਫਿਰ ਦੂਜੇ ਦਿਨ ਗੁਰੂ ਵਾਕ ਲੈਣ ਦੀ ਬੇਨਤੀ ਕੀਤੀ ਜੋ ਇਸ ਤਰ੍ਹਾਂ ਸੀ-

ਧਨਾਸਰੀ ਮਹਲਾ 5
ਚਤਰ ਦਿਸ਼ਾ ਕਿਨੋ ਬਲ ਆਪਣਾ
ਸਿਰ ਊਪਰ ਕਰ ਧਾਰਿਓ...
ਨਾਨਕ ਦਾਸ ਮੁੱਖ ਤੇ ਜੋ ਬੋਲੇ
ਇਹਾਂ ਉਹਾਂ ਸੱਚ ਹੋਵੈ।

ਇਸ ਨੂੰ ਗੁਰੂ ਦੀ ਪ੍ਰਵਾਨਗੀ ਮਿਲੀ ਸਮਝ ਕੇ ਇਨ੍ਹਾਂ ਤਿੰਨਾਂ ਨੇ ਇਕ ਬਹੁਤ ਵੱਡੇ ਇਕੱਠ ਵਿਚ ਗੁਰੂ ਘਰ ਦੀ ਸਥਾਪਨਾ ਕਰਨ ਦਾ ਮਤਾ ਪਾਸ ਕਰਵਾਇਆ ਅਤੇ ਤਿੰਨਾਂ ਯੋਧਿਆਂ ਨੇ ਆਪਣਾ ਸਭ ਕੁਝ ਦੇਸ਼ ਕੌਮ ਤੇ ਗੁਰੂ ਦੇ ਲੇਖੇ ਲਾਉਣ ਦਾ ਪ੍ਰਣ ਵੀ ਕੀਤਾ। ਹੇਠ ਲਿਖੀ ਕਮੇਟੀ ਸਟਾਕਟਨ ਗੁਰੂ ਘਰ ਦੀ ਉਸਾਰੀ ਤੇ ਪ੍ਰਬੰਧ ਚਲਾਉਣ ਹਿਤ ਸਰਬ ਸੰਮਤੀ ਨਾਲ ਚੁਣੀ ਗਈ:

ਪ੍ਰਧਾਨ-ਬਾਬਾ ਜੁਆਲਾ ਸਿੰਘ ਠੱਠੀਆਂ, ਮੀਤ ਪ੍ਰਧਾਨ-ਭਾਈ ਵਿਸਾਖਾ ਸਿੰਘ ਦਦੇਹਰ, ਸਕੱਤਰ-ਸੰਤੋਖ ਸਿੰਘ, ਗ੍ਰੰਥੀ-ਭਾਈ ਹਜ਼ਾਰਾ ਸਿੰਘ, ਖਜ਼ਾਨਚੀ-ਭਾਈ ਨੰਦ ਸਿੰਘ। ਥੋੜ੍ਹੇ ਸਮੇਂ ਅੰਦਰ ਹੀ ਪੈਸਾ ਉਗਰਾਹਿਆ ਗਿਆ। ਗੁਰੂਘਰ ਸਟਾਕਟਨ ਦੀ ਇਮਾਰਤ ਬਣ ਕੇ ਤਿਆਰ ਹੋ ਗਈ। ਹਫਤਾਵਾਰੀ ਦੀਵਾਨਾਂ ਵਿਚ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਚਾਰਾਂ ਹੋਣ ਲੱਗੀਆਂ।



(ਖੱਬਿਓਂ) ਬਾਬਾ ਵਿਸਾਖਾ ਸਿੰਘ, ਬਾਬਾ ਜਵਾਲਾ ਸਿੰਘ ਤੇ ਭਾਈ ਸੰਤੋਖ ਸਿੰਘ

ਪਰ ਉਪਕਾਰ ਕਾਰਨ ਗੁਰਾਂ ਸਾਜਿਆ ਸੀ
ਹਥੀਂ ਕੀਤੇ ਸੀ ਜੰਗ ਕਮਾਲ ਸਿੰਘੋ
ਭਾਰਤ ਵਰਸ਼ ਤੋਂ ਜ਼ੁਲਮ ਹਟਾਇਆ ਸੀ,
ਬਹੁਤੇ ਕਰਕੇ ਜੰਗੋ ਜਲਾਲ ਸਿੰਘੋ
ਇਸੇ ਹਿੰਦ ਦੀ ਰਖਿਆ ਕਰਨ ਖਾਤਰ,
ਵਾਰ ਦਿੱਤੇ ਸੀ ਜਿਗਰ ਦੇ ਲਾਲ ਸਿੰਘੋ
ਆਇਆ ਵਿਚ ਪੰਜਾਬ ਦੇ ਅੰਗਰੇਜ਼ ਜ਼ਾਲਮ,
ਦਿੱਤਾ ਮੁਲਕ ਨੂੰ ਕਰ ਕੰਗਾਲ ਸਿੰਘੋ
ਹਿੰਦੂ ਮੋਮਨੋਂ ਮੁਗਲ ਪਠਾਣ ਮਿਲ ਕੇ
ਬੇੜਾ ਦੇਹੋ ਫਰੰਗੀ ਦਾ ਗਾਲ ਸਿੰਘੋ

ਹੁਣ ਤੱਕ ਬਾਬਾ ਸੋਹਣ ਸਿੰਘ ਭਕਨਾ ਦੀ ਪ੍ਰਧਾਨਗੀ ਹੇਠ ਜਮਹੂਰੀ ਆਧਾਰ ਵਾਲੀ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਨਾਂ ਦੀ ਜਥੇਬੰਦੀ ਦਾ ਗਠਨ ਹੋ ਚੁੱਕਾ ਸੀ। ਲਾਲਾ ਹਰਦਿਆਲ ਇਸ ਦੇ ਜਨਰਲ ਸਕੱਤਰ, ਬਾਬਾ ਜੁਆਲਾ ਸਿੰਘ ਠੱਠਗੜ੍ਹ ਮੀਤ ਪ੍ਰਧਾਨ ਅਤੇ ਸੰਤ ਵਿਸਾਖਾ ਸਿੰਘ ਕਮੇਟੀ ਮੈਂਬਰ ਸਨ। ਪਿੱਛੋਂ ਜਾ ਕੇ ਇਹ ਹੀ ਗਦਰ ਪਾਰਟੀ ਬਣੀ। ਇਸ ਤਰ੍ਹਾਂ ਗਦਰ ਪਾਰਟੀ ਤੇ ਸਟਾਕਟਨ ਗੁਰੂ ਘਰ ਦੀ ਕਮੇਟੀ ਸਹਿਯੋਗ ਨਾਲ ਕੰਮ ਕਰਦੀਆਂ ਸਨ ਅਤੇ ਹਿੰਦੀਆਂ ਨੂੰ ਦੇਸ਼ ਆਜ਼ਾਦ ਕਰਵਾਉਣ ਲਈ ਪ੍ਰੇਰਦੀਆਂ ਸਨ:

ਭਲਾ ਜੀਵਣੇ ਦਾ ਸਾਡਾ ਹੱਜ ਕਾਹਦਾ
ਸਾਡੇ ਕੁੱਤਿਆਂ ਤੋਂ ਭੈੜੇ ਹਾਲ ਹੋ ਗਏ
ਕੁਲੀ ਕੁਲੀ ਕਹਿ ਕੇ ਦੁਨੀਆਂ ਨੱਕ ਚਾੜ੍ਹੇ
ਵੀਰੋ ਅਸੀਂ ਬਸ਼ਰਮ ਕਮਾਲ ਹੋ ਗਏ।

ਇਸੇ ਸਹਿਯੋਗ ਦਾ ਹੀ ਨਤੀਜਾ ਸੀ ਕਿ ਲਾਲਾ ਹਰਦਿਆਲ, ਸ. ਤੇਜਾ ਸਿੰਘ, ਤਾਰਿਕ ਨਾਥਦਾਸ, ਆਰਥਰਪੂ ਪੋਪ ਆਧਾਰਿਤ ਗੁਰੂ ਗੋਬਿੰਦ ਸਿੰਘ ਸਕਾਲਰਸ਼ਿਪ ਕਮੇਟੀ ਨੇ ਭਾਰਤ ਤੋਂ ਵਿਦਿਆਰਥੀ ਸੱਦ ਕੇ ਬਰਕਲੇ ਯੂਨੀਵਰਸਿਟੀ ਵਿਚ ਉਚ ਵਿਦਿਆ ਦਵਾਉਣ ਦਾ ਪ੍ਰਬੰਧ ਕੀਤਾ ਅਤੇ ਦੇਸ਼ ਭਗਤੀ ਦੀ ਰੰਗਤ ਚਾੜ੍ਹੀ। ਨਾਲੰਦਾ ਹੋਸਟਲ ਇਨ੍ਹਾਂ ਵਿਦਿਆਰਥੀਆਂ ਤੇ ਕਰਤਾਰ ਸਿੰਘ ਸਰਾਭੇ ਦੀ ਠਾਹਰ ਸੀ ਜਿਥੇ ਲਾਲਾ ਹਰਦਿਆਲ ਆਪਣੇ ਭਾਸ਼ਣਾਂ ਰਾਹੀਂ ਭਾਰਤੀ ਉਪ ਮਹਾਂਦੀਪ ਨੂੰ ਅੰਗਰੇਜ਼ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਪ੍ਰੇਰਨਾ ਦਿਆ ਕਰਦੇ ਸਨ।

ਪਹਿਲਾ ਸੰਸਾਰ ਯੁੱਧ ਆਰੰਭ ਹੁੰਦਿਆਂ ਹੀ ਗਦਰ ਪਾਰਟੀ ਨੇ 14 ਅਗਸਤ 1914 ਨੂੰ ਸੈਕਰਾਮੈਂਟੋਂ ਦੀ ਵਿਸ਼ਾਲ ਕਾਨਫਰੰਸ ਵਿਚ ਅੰਗਰੇਜ਼ ਸਾਮਰਾਜ ਵਿਰੁਧ ਜੰਗ ਦਾ ਐਲਾਨ ਕਰ ਦਿੱਤਾ। ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਤੋਂ ਗਦਰੀਆਂ ਨੇ ਦੇਸ਼ ਵਲ ਵਹੀਰਾ ਘੱਤ ਦਿੱਤੀਆਂ। ਸੰਤ ਬਾਬਾ ਵਿਸਾਖਾ ਸਿੰਘ ਵੀ ਜਨਵਰੀ 1915 ਈ. ਨੂੰ ਕਟਾਨਾ ਮਾਰੂ ਜਹਾਜ਼ ਰਾਹੀਂ ਕੋਲੰਬੋ ਹੁੰਦੇ ਹੋਏ ਭਾਰਤ ਵਿਚ ਦਾਖਲ ਹੋ ਗਏ ਪਰ ਫਰਵਰੀ 1915 ਨੂੰ ਗ੍ਰਿਫਤਾਰ ਕਰ ਲਏ ਗਏ। ਗ੍ਰਿਫਤਾਰੀਆਂ ਤੋਂ ਬਚ ਨਿਕਲੇ ਗਦਰੀਆਂ ਨੇ ਜਥੇਬੰਦ ਹੋ ਕੇ ਗਦਰ ਕਰਨ ਲਈ 21 ਫਰਵਰੀ 1915 ਈ. ਦਾ ਦਿਨ ਨੀਯਤ ਕੀਤਾ। ਕ੍ਰਿਪਾਲ ਜਹੇ ਗਦਾਰਾਂ ਦੀ ਗੱਦਾਰੀ ਕਾਰਨ ਸਰਕਾਰ ਚਿੰਗਾਰੀ ਫੁੱਟਣ ਤੋਂ ਪਹਿਲੋਂ ਹੀ ਨੱਪ ਲੈਣ ਵਿਚ ਸਫਲ ਰਹੀ। ਗ੍ਰਿਫਤਾਰੀਆਂ ਦਾ ਚੱਕਰ ਬੜੀ ਤੇਜੀ ਨਾਲ ਚਲਿਆ। 82 ਗਦਰੀਆਂ ਤੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਅਧੀਨ ਧਾਰਾ 121, 121-ਏ 122 ਡੀਫੈਂਸ ਆਫ ਇੰਡੀਆ ਮੁਕਦਮਾ ਦਰਜ ਕੀਤਾ ਗਿਆ। ਇਸ ਜਾਬਰ ਕਾਨੂੰਨ ਨੂੰ ਓਡਵਾਇਰ ਗਵਰਨਰ ਪੰਜਾਬ ਨੇ ਬੜੀ ਬੇਦਰੇਗੀ ਨਾਲ ਵਰਤਿਆ। ਇਹ ਕੇਸ 16 ਅਪ੍ਰੈਲ 1915 ਤੋਂ 13 ਸਤੰਬਰ 1915 ਤਕ ਚਲਿਆ। ਤਿੰਨ ਮੈਂਬਰੀ ਟਰੀਬਿਊਨਲ ਪ੍ਰਧਾਨ ਇਰਵਨ, ਮੈਂਬਰ ਟੀ.ਪੀ. ਐਲਸ ਤੇ ਸ਼ਿਵ ਨਰਾਇਣ ਨੇ ਸ. ਕਰਤਾਰ ਸਿੰਘ ਸਰਾਭਾ ਸਮੇਤ ਛੇ ਹੋਰ ਗਦਰੀਆਂ ਨੂੰ ਫਾਂਸੀ ਦੀ ਸਜਾ ਸੁਣਾਈ। ਸੰਤ ਬਾਬਾ ਵਿਸਾਖਾ ਸਿੰਘ ਨੂੰ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਦੀ ਜ਼ਬਤੀ ਦਾ ਹੁਕਮ ਹੋਇਆ।

ਦਸੰਬਰ 1915 ਵਿਚ ਪਹਿਲੇ ਲਾਹੌਰ ਸਾਜਿਸ਼ ਕੇਸ ਦੇ 40 ਗਦਰੀ ਦੇਸ਼ ਭਗਤ ਕਾਲੇ ਪਾਣੀ ਅੰਡੇਮਾਨ ਪਹੁੰਚੇ। ਉਹ ਉਥੇ ਹੋ ਰਹੇ ਜ਼ੁਲਮੀਂ ਵਰਤਾਰੇ ਬਾਰੇ ਭਲੀਭਾਂਤ ਜਾਣੂ ਸਨ, ਜੇਲ੍ਹਰ ਬੇਰੀ ਆਪਣੇ ਆਪ ਨੂੰ ਜੇਲ੍ਹ ਦਾ ਖੁਦਾ ਸਮਝਦਾ ਸੀ। ਗਦਰੀਆਂ ਨੇ ਜਹਾਜ਼ 'ਤੇ ਹੀ ਮੀਟਿੰਗ ਕਰਕੇ ਫੈਸਲਾ ਕੀਤਾ:

(ੳ) ਮੁਸ਼ਕਤ ਕੀਤੀ ਜਾਵੇ ਪਰ ਜੋ ਵਿਤੋਂ ਬਾਹਰੀ ਨਾ ਹੋਵੇ।

(ਅ) ਜੇਲ੍ਹ ਅਧਿਕਾਰੀਆਂ ਨਾਲ ਸਲੀਕੇ ਨਾਲ ਪੇਸ਼ ਆਇਆ ਜਾਵੇ ਜੇ ਕੋਈ ਬੇਇੱਜ਼ਤੀ ਕਰੇ ਤਾਂ ਉਸਦਾ ਮੁਕਾਬਲਾ ਕੌਮੀ ਅਣਖ ਨੂੰ ਵੰਗਾਰ ਸਮਝ ਕੇ ਕੀਤਾ ਜਾਵੇ।

(ੲ) ਜੇਲ੍ਹ ਵਿਚ ਕੋਈ ਵੀ ਚੀਜ਼ ਬਾਹਰੋਂ ਚੋਰੀ ਮੰਗਵਾ ਕੇ ਨਾ ਵਰਤੀ ਜਾਵੇ।

ਸੰਤ ਜੀ ਨੇ ਆਪਣੀ ਸਵੈ-ਜੀਵਨੀ ਵਿਚ ਅੰਡੇਮਾਨ ਦੇ ਕੁੰਭੀ ਨਰਕ ਦਾ ਬਿਆਨ ਇਸ ਤਰਾਂ ਕੀਤਾ ਹੈ:

ਅੰਡੇਮਾਨ ਵਿਚ ਡਾਕੂ ਨੇ ਤਿੰਨ ਵੱਡੇ
ਸੀ.ਸੀ., ਮਰੇ ਤੇ ਬੇਰੀ ਪਛਾਣ ਤਿੰਨੇ
ਰਹੇ ਖੂਨ ਨਿਚੋੜ ਨੇ ਕੈਦੀਆਂ ਦਾ,
ਇਕ ਦੂਜਿਓਂ ਵਧ ਬੇਈਮਾਨ ਤਿੰਨੇ
ਜੋ ਚਾਹੁੰਦੇ ਜ਼ੁਲਮ ਨੇ ਕਰੀ ਜਾਂਦੇ,
ਬੇਰਹਿਮ, ਬੇਸ਼ਰਮ, ਸ਼ੈਤਾਨ ਤਿੰਨੇ
ਅੱਖੀਂ ਵੇਖਿਆ ਸੰਤ ਵਸਾਖ ਲਿਖਿਆ
ਜਾਨ ਕੈਦੀਆਂ ਦੀ ਪਏ ਖਾਣ ਤਿੰਨੇ

ਸੀ.ਸੀ. (ਚੀਫ ਕਮਿਸ਼ਨਰ), ਮਰੇ (Murrey) ਜੇਲ੍ਹ ਸੁਪਰਿਨਟੈਂਡੈਂਟ ਬੇਰੀ (Berry) ਜੇਲ੍ਹਰ।

ਕਾਲੇ ਪਾਣੀ ਦੀਆਂ ਔਕੜਾਂ ਤੇ ਬਿਮਾਰੀਆਂ ਦਾ ਵੀ ਸੰਤ ਜੀ ਨੇ ਆਪਣੀ ਕਾਵਿਕ ਸਵੈ-ਜੀਵਨੀ ਵਿਚ ਉਲੇਖ ਕੀਤਾ ਹੈ।

ਕਾਲੇ ਪਾਣੀ ਦੀ ਆਬੋ-ਹਵਾ ਗੰਦੀ,
ਹੋ ਜਾਂਵਦੀ ਬਹੁਤ ਹੈ ਲਿਫ ਉਥੇ।
ਖਾਂਸੀ ਆਣ ਬੁਖਾਰ ਹੈ ਜ਼ੋਰ ਪੌਂਦਾ,
ਹੋ ਜਾਂਦੀ ਹੈ ਵੀਰੋ ਤਪਦਿਕ ਉਥੇ।
ਜਲ ਪੀਣ ਨੂੰ ਵਰਖਾ ਦਾ ਮਿਲੇ ਉਥੇ,
ਕੈਦੀ ਹੋ ਰਹੇ ਹਨ ਡਿਕ ਉਥੇ
ਹਿੰਦੀ ਵੀਰਾਂ ਨੂੰ ਮਿਲਖੋ ਲਿਜਾ ਕਰਕੇ,
ਵਿਚ ਨਰਕ ਦੇ ਰਹੇ ਨੇ ਸਿੱਟ ਉਥੇ
ਫੀਸਦੀ ਨਾ ਮੁੜਕੇ ਪੰਜ ਔਂਦੇ
ਜਗ੍ਹਾ ਜ਼ਾਲਮਾਂ ਲਈ ਜੋ ਇਕ ਉਥੇ
ਸਾਡੇ ਅੱਠ ਸੀ ਵੀਰ ਸ਼ਹੀਦ ਹੋਏ,
ਡਾਹੀ ਜ਼ਾਲਮਾਂ ਸਾਹਮਣੇ ਹਿਕ ਉਥੇ।
ਸੇਵਾਦਾਰ ਵਿਸਾਖ ਨੂੰ ਦਰਸ ਦੇਵੀਂ,
ਮੈਨੂੰ ਦਰਸ ਦੀ ਰਹੀ ਹੈ ਸਿਕ ਉਥੇ

ਅੱਠ ਸੂਰਵੀਰ ਜੋ ਉਸ ਸਮੇਂ ਦੌਰਾਨ ਅੰਡੇਮਾਨ ਵਿਚ ਸਖਤੀਆਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋਏ, ਦਾ ਵਰਨਣ ਵੀ ਸੰਤ ਜੀ ਨੇ ਕੀਤਾ ਹੈ। ਖਾਸ ਤੌਰ 'ਤੇ ਮਾਸਟਰ ਚਤਰ ਸਿੰਘ 'ਤੇ ਹੋਏ ਜ਼ੁਲਮਾਂ ਦਾ ਵਰਨਣ ਬੜੇ ਹੀ ਦਿਲ ਕੰਬਾਊ ਸ਼ਬਦਾਂ ਵਿਚ ਕੀਤਾ ਹੈ। ਬਾਬਾ ਜੀ ਤੇ ਹੋਰ ਗਦਰੀਆਂ ਨੇ ਜੇਲ੍ਹ ਵਿਚ ਕਾਲੇ ਪਾਣੀ, ਜੇਲ੍ਹ ਦੇ ਕੁ-ਪ੍ਰਬੰਧ ਅਤੇ ਜੇਲ੍ਹ ਅਧਿਕਾਰੀਆਂ ਦੇ ਦੁਰ-ਵਿਹਾਰ ਵਿਰੁਧ ਭੁਖ ਹੜਤਾਲ ਕਰ ਦਿੱਤੀ। ਕੌਮੀ ਅਖਬਾਰਾਂ, ਕੌਮੀ ਅਸੈਂਬਲੀ ਅਤੇ ਲੰਡਨ ਪਾਰਲੀਮੈਂਟ ਤਕ ਇਸ ਦੀ ਚਰਚਾ ਹੋਈ। ਪੜਤਾਲੀਆਂ ਕਮਿਸ਼ਨ ਕਾਲੇ ਪਾਣੀ ਆਇਆ ਦੇਸ਼ ਭਗਤ ਕੈਦੀਆਂ ਨੂੰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਤਬਦੀਲ ਕਰ ਦਿੱਤਾ ਗਿਆ। ਰੁਆਇਲ ਐਮੈਨਸਟੀ ਜਨਵਰੀ 1920 ਅਧੀਨ ਬਾਬਾ ਜੀ ਤੇ ਹੋਰ ਗਦਰੀਆਂ ਦੀ ਰਿਹਾਈ 14 ਅਪ੍ਰੈਲ 1920 ਨੂੰ ਸੰਭਵ ਹੋ ਸਕੀ। ਅਕਤੂਬਰ 1920 ਵਿਚ ਲਾਹੌਰ ਵਿਖੇ ਸੈਂਟਰਲ ਸਿੱਖ ਲੀਗ ਦਾ ਅਜਲਾਸ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ। ਸੰਤ ਜੀ ਦਾ ਸਨਮਾਨ ਹੋਰ ਗਦਰੀਆਂ ਨਾਲ ਬੜੇ ਹੀ ਸ਼ਾਨਦਾਰ ਢੰਗ ਨਾਲ ਕੀਤਾ ਗਿਆ। ਬਾਬਾ ਜੀ ਨੇ ਆਪਣੇ ਭਾਸ਼ਨ ਵਿਚ ਦੇਸ਼ ਵਾਸੀਆਂ ਸਾਹਮਣੇ ਦੇਸ਼ ਭਗਤ ਪਰਿਵਾਰਾਂ ਦੇ ਦੁਖੜਿਆਂ ਦਾ ਉਲੇਖ ਕੀਤਾ। ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਗਠਨ ਕੀਤਾ ਗਿਆ। ਬਾਬਾ ਜੀ ਆਖਰੀ ਸਵਾਸਾਂ ਤਕ ਇਸ ਦੇ ਪ੍ਰਧਾਨ ਰਹੇ।

ਦੇਸ਼ ਭਗਤਾਂ ਦੇ ਦੁਖੀ ਪਰਿਵਾਰ ਸਮਝੋ
ਰਲ ਕੇ ਦੁਖ ਵੰਡਾਓ ਵੀਰ ਸਾਰੇ
ਸਾਂਝਾ ਕੰਮ ਹੈ ਸਾਰੇ ਇਲਾਕਿਆਂ ਦਾ
ਸੇਵਾ ਇਸਨੂੰ ਸਿਧ ਹੋ ਤੀਰ ਸਾਰੇ।
ਜੂਝ ਗਏ ਜੋ ਮੁਲਕ ਦੀ ਸੇਵਾ ਅੰਦਰ
ਕਰੋ ਉਨ੍ਹਾਂ ਦੀ ਹੁਣ ਸੰਭਾਲ ਸਾਰੇ
ਬਾਲ ਬੱਚੇ ਦੀ ਲੈ ਕਰ ਖਬਰ ਛੇਤੀ
ਬਣੋ ਉਨ੍ਹਾਂ ਦੀ ਹੁਣ ਸੰਭਾਲ ਸਾਰੇ

ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਨੇ ਨਿਸ਼ਾਨੇ ਮਿਥੇ:

(ੳ) ਦੇਸ਼ ਭਗਤ ਪਰਿਵਾਰਾਂ ਦੀ ਆਰਥਕ ਸਹਾਇਤਾ ਬੱਚਿਆਂ ਦੀ ਪੜ੍ਹਾਈ ਤੇ ਸੰਭਾਲ।

(ਅ) ਦੂਰ ਦਰੇਡੀਆਂ ਥਾਂਵਾਂ ਤੇ ਜੇਲ੍ਹੀਂ ਡੱਕੇ ਦੇਸ਼ ਭਗਤਾਂ ਨਾਲ ਮੇਲ ਮਿਲਾਪ ਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਮੁਲਾਕਾਤਾਂ ਕਰਵਾਉਣਾ।

(ੲ) ਅਖਬਾਰਾਂ, ਜਲਸਿਆਂ ਰਾਹੀਂ ਉਨ੍ਹਾਂ ਦੀ ਰਿਹਾਈ ਦੀ ਮੰਗ ਕਰਨੀ।

(ਸ) ਦੇਸ਼ ਭਗਤਾਂ 'ਤੇ ਚੱਲ ਰਹੇ ਮੁਕਦਮਿਆਂ ਦੀ ਪੈਰਵੀ ਕਰਨਾ।

ਸੰਤ ਜੀ ਨੂੰ ਅੰਗਰੇਜ਼ ਸਰਕਾਰ ਨੇ ਇਸ ਕਾਰਜ ਤੋਂ ਰੋਕਣ ਹਿਤ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ।

ਹਿੰਦ ਸਰਕਾਰ ਦੇ ਖੁਫੀਆ ਮਹਿਕਮੇ ਦੇ ਡਾਇਰੈਕਟਰ ਐਚ. ਵਿਲੀਅਮਸਨ ਨੇ 29 ਮਾਰਚ 1934 ਤਕ ਗਦਰੀਆਂ ਦੀਆਂ ਸਰਗਰਮੀਆਂ ਬਾਰੇ ਇਕ ਡਾਇਰੈਕਟਰੀ ਛਾਪੀ ਹੈ। ਅੰਗਰੇਜ਼ੀ ਵਰਣਮਾਲਾ ਅਨੁਸਾਰ ਨਾਵਾਂ ਦੀ ਤਰਤੀਬ ਦੇ ਕੇ ਹਰ ਗਦਰੀ ਦੇ ਖੁੱਲ੍ਹੇ ਤੇ ਗੁਪਤ ਕੰਮਾਂ ਦਾ ਵਰਨਣ ਕੀਤਾ ਹੈ। ਡਬਲਯੂ-6 ਤੇ ਬਾਬਾ ਜੀ ਬਾਰੇ ਲਿਖਿਆ ਗਿਆ ਹੈ। ਸੰਤ ਵਿਸਾਖਾ ਸਿੰਘ ਨੇ ਦੇਸ਼ ਭਗਤ ਪਰਿਵਾਰਾਂ ਦੀ ਸਹਾਇਤਾ ਲਈ ਪੰਜਾਬ, ਜੰਮੂ ਕਸ਼ਮੀਰ ਦਾ ਭਰਮਣ ਕੀਤਾ ਉਗਰਾਹੀ ਕੀਤੀ। ਕਲੱਕਤਾ/ਬਰਮਾ ਤਕ ਗਏ ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਨਾਲ ਸੰਬੰਧਤ ਘਟਨਾਵਾਂ ਦੇ ਸਥਾਨਾਂ ਦਾ ਟੂਰ ਕੀਤਾ। ਦੇਸ਼ ਭਗਤਾਂ ਦੀ ਰਿਹਾਈ ਦੀ ਮੰਗ ਕੀਤੀ। 1928 ਈ. ਸਿੱਖ ਲੀਗ ਦੇ ਮੀਤ ਪ੍ਰਧਾਨ ਚੁਣੇ ਗਏ। ਕਲਕੱਤੇ ਕਾਂਗਰਸ ਦੇ ਆਲ ਇੰਡੀਆ ਅਜਲਾਸ ਮੌਕੇ ਬੰਗਾਲ ਦੇ ਕ੍ਰਾਂਤੀਕਾਰੀਆਂ ਨੂੰ ਮਿਲੇ। ਹਿੰਦੋਸਤਾਨੀ ਸੇਵਾ ਦਲ ਕੈਂਪ ਵਿਚ ਸ਼ਾਮਿਲ ਹੋਏ। ਲਾਹੌਰ ਕਾਂਗਰਸ ਦੇ ਅਜਲਾਸ ਸਮੇਂ ਸਰਬ ਉਚ ਲੀਡਰਾਂ ਨਾਲ ਮੁਲਾਕਾਤ ਕੀਤੀ ਅਤੇ ਕਰਾਚੀ ਸੈਸ਼ਨ ਵਿਚ ਸ਼ਾਮਿਲ ਹੋ ਕੇ ਰਾਜਸੀ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ। ਕਿਰਤੀ ਪਾਰਟੀ ਦੇ ਪਰਚੇ, 'ਕਿਰਤੀ' ਵਿਚ ਆਰਟੀਕਲ ਵੀ ਲਿਖੇ। 1932 ਵਿਚ ਮੁਲਤਾਨ ਜੇਲ ਵਿਚ ਦੇਸ਼ ਭਗਤ ਕੈਦੀਆਂ ਨਾਲ ਮੁਲਾਕਾਤ ਕੀਤੀ। ਉਹ ਕਿਰਤੀ ਪਾਰਟੀ ਦੇ ਸਮਰਥਕ ਤੇ ਆਗੂ ਸਨ। ਉਨ੍ਹਾਂ ਦੀਆਂ ਉਚ ਪੱਧਰ ਦੀਆਂ ਮੀਟਿੰਗਾਂ ਵਿਚ ਸ਼ਾਮਿਲ ਹੁੰਦੇ ਰਹੇ। ਉਨ੍ਹਾਂ ਦੀ ਕੋਈ ਜਾਇਦਾਦ ਨਹੀਂ ਸੀ।

ਹੁਲੀਆ, ਉਮਰ 60 ਸਾਲ, ਕਦ 5'-7', ਪਤਲਾ ਸਰੀਰ, ਰੰਗ ਕਣਕਵੰਨਾ, ਲੰਬੀ ਚਿੱਟੀ ਦਾਹੜੀ। ਖੱਦਰ ਦੀ ਪੁਸ਼ਾਕ ਤੇ ਕਾਲੀ ਪੱਗ।

(ਬਾਕੀ ਸਫਾ 33 'ਤੇ)

# ਜਦੋਂ ਦਾ ਟੈਲੀਫੂਨ ਲੱਗਿਆ...

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

**ਕਦੇ ਕਿਆਸ ਕਰਕੇ ਵੇਖਿਆ ਕਿ ਟੱਪਣਾ, ਦੌੜਨਾ, ਨੇਜਾ ਚਲਾਉਣਾ, ਤੀਰ ਚਲਾਉਣਾ ਸ਼ਿਕਾਰੀਆਂ ਦੇ ਕਰਤੱਬ ਸਨ ਤੇ ਅੱਜ ਇਹ ਉਦਯੋਗਿਕ ਯੁੱਗ ਦੀਆਂ ਖੇਡਾਂ ਹਨ। ਹਾਲੇ ਤੱਕ ਹੜ੍ਹ ਦੇ ਪਾਣੀ ਤੇ ਜੰਗਲ ਦੀ ਅੱਗ ਨੇ ਕਿਸੇ ਦਾ ਕੁਝ ਨਹੀਂ ਸੁਆਰਿਆ, ਬਹੁਤ ਕੁਝ ਤਬਾਹ ਹੀ ਕੀਤਾ ਹੈ। ਅੱਜ ਦੇ ਯੁੱਗ ਵਿਚ ਅਸੀਂ ਚੁੱਲ੍ਹੇ ਦੀ ਅੱਗ ਨੂੰ ਜੰਗਲ ਦੀ ਅੱਗ 'ਚ ਤੇ ਖੂਹ ਦੇ ਪਾਣੀ ਨੂੰ ਹੜ੍ਹ ਦੇ ਪਾਣੀ 'ਚ ਬਦਲਣ ਲੱਗੇ ਹੋਏ ਹਾਂ। ਵਿਗਿਆਨ ਦੀ ਤਰੱਕੀ ਦੀਆਂ ਟਾਹਰਾਂ ਮਾਰਨ ਵਾਲਾ ਮਨੁੱਖ ਇਹ ਨਹੀਂ ਜਾਣਦਾ ਕਿ ਜਿਸ ਦਿਨ ਬਰਬਾਦੀ ਹੋਈ, ਉਸ ਦਾ ਕਾਰਨ ਵੀ ਵਿਗਿਆਨ ਹੀ ਬਣੇਗਾ। ਕਿਉਂਕਿ ਅਸੀਂ ਕੁਦਰਤ ਦੇ ਗਿਆਨ ਦੀ ਦੁਰਵਰਤੋਂ ਵਿਗਿਆਨਕ ਸੋਚ ਨਾਲ ਕਰਨ ਲੱਗ ਪਏ ਹਾਂ। ਹਰ ਸੁਚੇਤ ਮਨੁੱਖ ਜਾਣਦਾ ਹੈ ਕਿ ਪ੍ਰਮਾਣੂ ਬੰਬਾਂ ਦੇ ਪਾਟਣ ਪਿੱਛੋਂ ਧਰਤੀ ਦਾ ਕੀ ਬਣੇਗਾ? ਸ਼ਾਂਤੀ ਹਰ ਮੁਲਕ ਚਾਹੁੰਦਾ ਹੈ, ਪਰ ਇਹ ਵੀ ਸੱਚ ਹੈ ਕਿ ਯੁੱਧ ਦੀਆਂ ਤਿਆਰੀਆਂ ਵੀ ਸਭ ਸ਼ਾਂਤੀ ਦੇ ਮਾਹੌਲ ਵਿਚ ਹੋਈਆਂ ਹਨ। ਪਾਗਲ ਦਾ ਵਿਵਹਾਰ ਕਦੋਂ ਕਿਸ ਤਰ੍ਹਾਂ ਦਾ ਹੋ ਜਾਵੇ, ਇਹਦੇ ਬਾਰੇ ਭਵਿੱਖਬਾਣੀ ਕੀਤੀ ਹੀ ਨਹੀਂ ਜਾ ਸਕਦੀ। ਹਰ ਵੇਲੇ ਹੱਥ ਧੋਣ ਵਾਲਾ, ਹਰ ਵੇਲੇ ਚੁਬਾਰੇ ਨੂੰ ਚੜ੍ਹਦੀਆਂ ਪੌੜੀਆਂ ਗਿਣਨ ਵਾਲਾ, ਹਰ ਨੋਟ ਦਾ ਨੰਬਰ ਵੇਖਣ ਵਾਲਾ ਸਮਝੋ ਕਦੋਂ ਦਾ ਪਾਗਲ ਹੋ ਚੁੱਕਾ ਹੁੰਦਾ ਹੈ। ਟੈਲੀਫੂਨ ਦੀ ਕਾਢ ਸਹੂਲਤਾਂ ਮੁਹੱਈਆ ਕਰਾਉਣ ਦਾ ਯਤਨ ਸੀ, ਪਰ ਇਕ ਬਾਪ ਮੱਥੇ 'ਤੇ ਹੱਥ ਮਾਰ ਕੇ ਇਸ ਕਰਕੇ ਰੋਂਦਾ ਸੀ ਕਿ ਉਹਦੀਆਂ ਦੋਵੇਂ ਧੀਆਂ ਨੂੰ ਟੈਲੀਫੂਨ ਘਰੋਂ ਕੱਢ ਕੇ ਲੈ ਗਏ। ਵਿਚਲਾ ਭੇਦ ਆਪ ਜਾਣ ਲਿਓ। ਟੈਲੀਫੂਨ ਨੇ ਬਹੁਤ ਲੋਕਾਂ ਨੂੰ ਪਾਗਲ ਬਣਾ ਦਿੱਤਾ ਹੈ, ਇਵੇਂ ਜਿਵੇਂ ਇਕ ਪਾਗਲ ਲਈ ਸਵੇਰ ਦੀਆਂ ਬਿਮਾਰੀਆਂ ਸ਼ਾਮ ਨੂੰ ਪੁਰਾਣੀਆਂ ਹੋ ਜਾਂਦੀਆਂ ਹਨ। ਕਈ ਸਹੁਰੇ ਨੂੰਹਾਂ ਨੂੰ ਪਾਗਲ ਕਰ ਦਿੰਦੇ ਹਨ ਤੇ ਕਈ ਸੱਸਾਂ ਨੂੰਹਾਂ ਨੇ ਪਾਗਲ ਕਰ ਦਿੱਤੀਆਂ ਹਨ। ਇਵੇਂ ਕਈ ਫੋਨ ਕਰਕੇ ਪਾਗਲ ਹੋ ਗਏ ਹਨ ਤੇ ਕਈਆਂ ਦੀ ਜੇਬ੍ਹ ਵਿਚ ਰੰਗ-ਬਰੰਗੀਆਂ ਧੁਨਾਂ ਨਾਲ ਵੱਜਦਾ ਫੂਨ ਵੀ ਪਾਗਲ ਹੋ ਜਾਂਦਾ ਹੈ। ਜਿਨ੍ਹਾਂ ਦੀ ਚਾਦਰ ਵੀ ਉਧਾਰੀ ਹੋਵੇ, ਉਨ੍ਹਾਂ ਨੂੰ ਪੈਰ ਪਸਾਰਨ ਤੇ ਉਧਾਰ ਲੈਣ ਵਿਚ ਕੋਈ ਉਜਰ ਨਹੀਂ ਹੁੰਦਾ। ਵਿਗਿਆਨ ਦੀ ਤਰੱਕੀ ਦੇ ਮੁੱਖ ਯੰਤਰ ਟੈਲੀਫੂਨ 'ਤੇ ਪ੍ਰਸ਼ਨ ਚਿੰਨ੍ਹ ਲਾਉਣ ਲੱਗਾ ਹਾਂ, ਵਿਸ਼ਰਾਮ ਚਿੰਨ੍ਹ ਆਪ ਲਾ ਲਿਓ।**

ਇਹਦੇ ਬਾਰੇ ਕੋਈ ਸ਼ੱਕ ਨਹੀਂ ਕਿ ਵਿਗਿਆਨ ਨੇ ਉਮਰਾਂ ਲੰਮੀਆਂ ਕਰ ਦਿੱਤੀਆਂ ਹਨ, ਪਰ ਜਿੰਨੇ ਪੁਆੜੇ ਪਾਏ ਹਨ, ਉਹ ਵੀ ਵਿਗਿਆਨ ਦੇ ਹੀ ਨੇ। ਪਾਕਿਸਤਾਨ ਨੇ ਪ੍ਰਮਾਣੂ ਬੰਬ ਤਾਂ ਬਣਾ ਲਿਆ ਹੈ, ਪਰ ਡਰ ਹੁਣ ਇਸ ਗੱਲ ਦਾ ਲੱਗਾ ਹੋਇਆ ਹੈ ਕਿ ਕਿਤੇ ਤਾਲਿਬਾਨ ਦੇ ਹੱਥ ਨਾ ਲੱਗ ਜਾਵੇ। ਟੈਲੀਫੂਨ ਦੀ ਕਾਢ ਮਨੁੱਖ ਨੂੰ ਨੇੜੇ ਲਿਆਉਣ ਦਾ ਯਤਨ ਸੀ, ਪਰ ਕਈ ਘਰਾਂ ਵਿਚ ਇਸੇ ਨੇ ਭਾਂਬੜ ਮਚਾਇਆ ਹੋਇਆ ਹੈ। ਭਾਵੇਂ ਅੱਜ ਦੇ ਯੁੱਗ ਵਿਚ ਮਨੁੱਖ ਲਈ ਇਹ ਸਭ ਤੋਂ ਅਤਿ ਲੋੜੀਂਦਾ ਗਹਿਣਾ ਬਣ ਗਿਆ ਹੈ, ਪਰ ਕਈਆਂ ਦੀ ਨੀਂਦ ਵੀ ਹਰਾਮ ਇਸੇ ਨੇ ਕੀਤੀ ਹੋਈ ਹੈ।

ਜੇ ਨਿਰਪੱਖ ਹੋ ਕੇ ਗੱਲ ਕਰੀਏ ਤਾਂ ਇਹ ਵੀ ਸੱਚ ਹੈ ਕਿ ਝੂਠ ਨੂੰ ਸੱਚ ਬਣਾਉਣ ਦਾ ਸਭ ਤੋਂ ਕਾਰਗਰ ਤੇ ਕਮਾਲ ਦਾ ਯੰਤਰ ਵੀ ਟੈਲੀਫੂਨ ਹੀ ਹੈ। ਪਹਿਲਾਂ ਟੈਲੀਫੂਨ ਸੈੱਟ ਘਰਾਂ ਦੀ ਬੈਠਕਾਂ ਵਿਚ ਸੋਹਣੇ ਟੇਬਲ 'ਤੇ ਕੱਪੜੇ ਨਾਲ ਢਕ ਕੇ ਸਜਾਏ ਗਏ ਹੁੰਦੇ ਸਨ, ਪਰ ਹੁਣ ਬਟੂਆ ਜੇਬ ਵਿਚ ਹੋਵੇ ਜਾਂ ਨਾ ਹੋਵੇ, ਇਹ ਹਥਿਆਰ ਜ਼ਰੂਰ ਹੁੰਦਾ ਹੈ। ਹੁਣ ਦਾ ਮਨੁੱਖ ਇਹ ਸੋਚਦਾ ਹੈ ਕਿ ਇਹਦੇ ਬਿਨ ਹੁਣ ਜ਼ਿੰਦਗੀ ਚੱਲ ਹੀ ਨਹੀਂ ਸਕਦੀ ਤੇ ਨਵੀਂ ਪੀੜ੍ਹੀ ਇਹ ਵੀ ਸੋਚਦੀ ਹੈ ਕਿ ਉਨ੍ਹਾਂ ਦੇ ਬਜ਼ੁਰਗ ਇਸ ਤੋਂ ਬਿਨਾ ਕਿਵੇਂ ਜਿਉਂਦੇ ਰਹੇ ਹੋਣਗੇ। ਪਿਆਰ ਸਦੀਵੀਂ ਚੱਲਦਾ ਆਇਆ ਹੈ, ਸਿਰਫ ਪ੍ਰੇਮੀ ਬਦਲਦੇ ਰਹੇ ਨੇ। ਮਨੁੱਖੀ ਜੀਵਨ ਵਿਚ ਵਿਗਿਆਨ ਹਾਲੇ ਹੋਰ ਪਤਾ ਨਹੀਂ ਕਿਹੜੇ ਗਹਿਣੇ ਪਾਵੇਗਾ, ਭਾਵੇਂ ਬਾਅਦ ਵਿਚ ਬੇੜੀਆਂ ਹੀ ਬਣ ਜਾਣ। ਪਰ ਹਾਲ ਦੀ ਘੜੀ ਇਸ ਯੰਤਰ ਦੇ ਨੇੜੇ-ਤੇੜੇ ਹੋ ਕੇ ਕੁਝ ਗੱਲਾਂ ਸਾਂਝੀਆਂ ਕਰ ਲੈਨੇ ਆਂ।

ਆਪਣੇ ਮੁਲਕ ਦੇ ਹਾਲਾਤਾਂ ਵਲ ਦੋ ਕੁ ਦਹਾਕੇ ਪਿਛਾਂਹ ਮੁੜ ਕੇ ਵੇਖੋ ਤਾਂ ਲਗਦਾ ਨਹੀਂ ਸੀ ਕਿ ਕਦੇ ਟੈਲੀਫੂਨ ਐਕਸਚੇਂਜਾਂ ਜਾਂ ਓਪਰੇਟਰਾਂ ਤੋਂ ਮੁਕਤੀ ਮਿਲ ਜਾਵੇਗੀ। ਉਦੋਂ ਇਹ ਗਹਿਣਾ ਵੱਡਿਆਂ ਘਰਾਂ ਦਾ ਸ਼ਿੰਗਾਰ ਹੁੰਦਾ ਸੀ ਜਾਂ ਇਉਂ ਕਹਿ ਸਕਦੇ ਹਾਂ ਕਿ ਟੈਲੀਫੂਨ ਘਰੇ ਹੋਣ ਦਾ ਅਰਥ ਅਮੀਰ ਹੋਣਾ ਹੀ ਹੁੰਦਾ ਸੀ ਤੇ ਹੁਣ ਰਿਕਸ਼ਿਆਂ ਵਾਲਿਆਂ ਤੋਂ ਲੈ ਕੇ ਮੰਗਤਿਆਂ ਤੱਕ, ਸਾਧਾਰਨ ਲੋਕਾਂ ਤੋਂ ਲੈ ਕੇ ਵਜ਼ੀਰਾਂ, ਮੰਤਰੀਆਂ, ਮੁੱਖ ਮੰਤਰੀਆਂ ਤੇ ਪ੍ਰਧਾਨ ਮੰਤਰੀਆਂ ਲਈ ਉਡਣ-ਖਟੋਲਾ ਟੈਲੀਫੂਨ ਹੀ ਹੈ।

ਉਸ ਜ਼ਮਾਨੇ ਵਿਚ ਲੋਕਲ ਕਾਲ ਬੁੱਕ ਕਰਵਾ ਕੇ ਵੀ ਸਾਰਾ ਦਿਨ ਉਡੀਕ ਕਰਨੀ ਪੈਂਦੀ ਸੀ, ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਬੈਡਰੂਮ 'ਚ ਬੈਠਿਆਂ ਸਿੱਧੀ ਅਮਰੀਕਾ ਡਾਇਲਿੰਗ ਵੀ ਹੋ ਜਾਇਆ ਕਰੇਗੀ। ਜੇ ਕਦੇ ਉਨ੍ਹਾਂ ਦਿਨਾਂ ਵਿਚ ਵਿਦੇਸ਼ਾਂ ਨੂੰ ਕਾਲ ਕਰਨੀ ਪੈਂਦੀ ਸੀ ਤਾਂ ਕਈ ਕਈ ਦਿਨ ਇੰਤਜ਼ਾਰ ਹੁੰਦਾ ਸੀ। ਸਾਰਾ ਟੱਬਰ ਭੂਮਣੇ ਵਾਂਗ ਇਕ ਥਾਂ 'ਕੱਠਾ ਹੋ ਜਾਂਦਾ ਸੀ ਤੇ ਵਿਆਹ ਜਿੰਨਾ ਚਾਅ ਹੁੰਦਾ ਸੀ ਟੈਲੀਫੂਨ 'ਤੇ ਗੱਲਾਂ ਕਰਨ ਦਾ। ਇਕ ਵਾਰ ਬਾਪੂ ਨੇ ਆਪਣੇ ਪੁੱਤ ਨੂੰ ਵਲਾਇਤ 'ਚ ਕਾਲ ਬੁੱਕ ਕਰਵਾਈ ਤੇ ਜਦੋਂ ਤੀਜੇ ਦਿਨ ਓਪਰੇਟਰ ਨੇ ਕਿਹਾ ਗੱਲ ਕਰੋ ਤਾਂ ਬਾਪੂ ਨੇ ਸੁੱਖ-ਸਾਂਦ ਪੁੱਛੀ ਤੇ ਪੈਂਦੀ ਸੱਟੇ ਕਹਿਣ ਲੱਗਾ, 'ਪੁੱਤ ਪੰਜਾਹ ਕੁ ਹਜ਼ਾਰ ਰੁਪਿਆ ਭੇਜ, ਨਿਆਈਂ ਆਲੇ ਖੇਤ ਨਾਲ ਲਗਦੇ ਚਾਰ ਕਨਾਲ ਵਿਕਦੇ ਨੇ।'

ਪੁੱਤ ਬੋਲਿਆ 'ਬਾਪੂ 'ਵਾਜ਼ ਨੀ ਆਉਂਦੀ।' ਵਿਚੋਂ ਓਪਰੇਟਰ ਨੇ ਟੋਕ ਦਿੱਤਾ ਮੈਨੂੰ ਆਵਾਜ਼ ਤਾਂ ਸਾਫ ਸੁਣਦੀ ਐ, ਬਾਪੂ ਤੇਰਾ ਪੰਜਾਹ ਹਜ਼ਾਰ ਮੰਗਦੈ।'

'ਮੈਨੂੰ ਤਾਂ ਸੁਣਦੀ ਨੀਂ ਜੇ ਤੈਨੂੰ ਸੁਣਦੀ ਐ ਤਾਂ ਤੂੰ ਦੇ ਦੇ ਪੰਜਾਹ ਹਜ਼ਾਰ" ਪੁੱਤ ਦੇ ਇਸ ਉਤਰ ਨਾਲ ਹੀ ਫੋਨ ਕੱਟਿਆ ਗਿਆ।

ਇਹ ਤਾਂ ਇਕ ਸਧਾਰਣ ਗੱਲ ਸੀ, ਪਰ ਹੁਣ ਤਾਂ ਫੋਨ 'ਤੇ ਝੂਠ ਬੋਲਣ ਦਾ ਰਿਕਾਰਡ ਹੀ



ਟੁੱਟਿਆ ਪਿਐ। ਬੰਦਾ ਆਪਣੇ ਘਰ 'ਚ ਬੈਠਾ ਹੁੰਦਾ ਹੈ ਫੋਨ 'ਤੇ ਜਵਾਬ 'ਚ ਕਹੇਗਾ, ਯਾਰ ਮੈਂ ਚੰਡੀਗੜ੍ਹ ਹਾਂ ਸੈਕਟਰੀਏਟ 'ਚ ਠਹਿਰ ਕੇ ਗੱਲ ਕਰੀਂ।

ਟੈਲੀਫੋਨ ਨੇ ਘਰਾਂ 'ਚ ਸਿਆਪੇ ਕਿਵੇਂ ਪਾਏ ਨੇ। ਇਥੇ ਦੋ ਉਦਾਹਰਣਾਂ ਪੇਸ਼ ਕਰਦਾ ਹਾਂ।

ਪਤਨੀ ਨੇ ਆਪਣੇ ਖਾਬੰਦ ਨੂੰ ਮੋਬਾਇਲ 'ਤੇ ਫੂਨ ਕਰਕੇ ਪੁੱਛਿਆ, "ਜੀ ਏਨੀ ਦੇਰ ਹੋ ਗਈ ਤੁਸੀਂ ਕਿੱਥੇ ਓ?"

ਤੇ ਓਪਰੀ ਜਨਾਨੀ ਨਾਲ ਸੇਜ਼ ਮਾਨਣ ਦੇ ਸ਼ੌਕੀਨ ਨੇ ਆਪਣੀ ਸਤੀ-ਪਾਰਬਤੀ ਪਤਨੀ ਨੂੰ ਝੂਠ ਦੀ ਚੂਰੀ ਫੋਨ 'ਤੇ ਖੁਆਉਂਦਿਆਂ ਕਿਹਾ, "ਭਾਗਵਾਨੇ ਕੀ ਗੱਲ ਹੋ ਗਈ?"

"ਮੈਂ ਕਦੋਂ ਦਾ ਚੌਕਾ ਚੁੱਲ੍ਹਾ ਕਰਕੇ ਬੈਠੀ ਹਾਂ। ਤੁਹਾਡੇ ਤੋਂ ਪਹਿਲਾਂ ਮੈਂ ਰੋਟੀ ਕਿਵੇਂ ਖਾ ਸਕਦੀ ਹਾਂ। ਜੁਆਕ ਸੌਣ ਲਈ ਕਾਹਲੇ ਨੇ। ਕਦੋਂ ਆਵੋਗੇ ਤੁਸੀਂ?"

"ਵੇਖ ਨਸੀਬ ਕੁਰੇ ਪਹਿਲਾਂ ਤਾਂ ਕਣਕ ਦੀ ਬੋਲੀ ਲੇਟ ਲੱਗੀ, ਮੰਡੀ ਲੇਟ ਹੋ ਗਿਆਂ। ਸੋਚਿਆ ਆਪਣੇ ਚੌਂਕੇ ਵਾਲੇ ਬਾਬੇ ਦੇ ਮੱਥਾ ਟੇਕ ਆਵਾਂ। ਸੁੱਖ ਨਾਲ ਐਤਕਾਂ ਭਾੜ ਸੋਹਣਾ ਲੱਗ ਗਿਆ ਸੀ ਕਣਕ ਦਾ। ਬੱਸ ਲਾਈਨ 'ਚ ਲੱਗਿਆ ਹੋਇਆਂ ਹਾਂ ਮੱਥਾ ਟੇਕਣ ਲਈ, ਵਾਰੀ ਆਉਣ ਹੀ ਵਾਲੀ ਐ। ਹੁਣ ਨਾ ਫੋਨ ਕਰੀਂ ਮੈਂ ਜਲਦੀ ਆ ਜਾਣੈ।" ਤੇ ਫੋਨ ਦਾ ਆਫ ਸਵਿੱਚ ਦਬਾਇਆਂ ਪ੍ਰੇਮਿਕਾ ਦੀਆਂ ਬਾਹਾਂ ਦਾ ਹਾਰ ਬਣ ਕੇ ਕਹਿਣ ਲੱਗਾ, "ਇਹ ਤੀਵੀਂ ਜਾਤ ਵੀ ਕੁਝ ਨੀਂ, ਹੁਣ ਰਮਾਨ ਨਾਲ ਸੌਂ ਜਾਵੇਗੀ।" ਤੇ ਹੱਸਦਿਆਂ ਅਗਲੀ ਗੱਲ ਪ੍ਰੇਮਿਕਾ ਦੇ ਖਾਨੇ ਪਾਉਣ ਲੱਗਾ, "ਇਹ ਫੋਨ ਤਾਂ ਜਹਾਜ਼ ਤੋਂ ਵੀ ਤੇਜ ਦੌੜਦੈ, ਬੰਦਾ ਹੁੰਦਾ ਪਟਿਆਲੇ ਐ ਤੇ ਕਹੇਗਾ ਭਾਖੜੇ ਆਇਆ ਹੋਇਆਂ।"

ਇਵੇਂ ਇਕ ਸਰਕਾਰੀ ਦਫਤਰ ਵਿਚ ਨੌਕਰੀ ਕਰਦੀ ਔਰਤ ਕਿਸੇ ਮੰਤਰੀ ਦੀ ਮੌਤ 'ਤੇ ਛੁੱਟੀ ਹੋ ਜਾਣ ਕਾਰਨ ਆਪਣੇ ਬਾਬੂ ਮਿੱਤਰ ਨਾਲ ਪਿਆਰ ਦੀਆਂ ਪੀਂਘਾ ਝੂਟਣ ਲਈ ਹੋਟਲ ਜਾ ਵੜੀ। ਪਿੱਛੋਂ ਪਤੀ ਪਰਮੇਸ਼ਰ ਨੇ ਫੋਨ 'ਤੇ ਪੁੱਛਿਆ "ਪ੍ਰਮੇਸ਼ਰੀਏ ਅੱਜ ਤਾਂ ਸਰਕਾਰੀ ਛੁੱਟੀ ਹੋ ਗਈ ਐ, ਤੂੰ ਹਾਲੇ ਤੱਕ ਘਰ ਈ ਨੂੰ ਆਈ?"

"ਵੇਖੋ ਜੀ ਮੇਰੇ ਇਕ ਕੁਲੀਗ ਦੇ ਘਰ ਜਗਰਾਤਾ ਸੀ। ਪਹਿਲਾਂ ਤਾਂ ਦਫਤਰੋਂ ਛੁੱਟੀ ਨੀਂ ਮਿਲਦੀ ਸੀ, ਹੁਣ ਸੋਚਿਆ ਜਗਰਾਤੇ 'ਤੇ ਜਾ ਈ ਆਵਾਂ। ਬੱਸ ਜਗਰਾਤਾ ਮੁੱਕਣ ਈ ਵਾਲੈ, ਤਾਰਾ ਰਾਣੀ ਦੀ ਕਥਾ ਚੱਲ ਪਈ ਐ, ਵਿਹਲੀ ਹੋਈ ਤੇ ਆਈ।"

"ਚੰਗਾ ਚੰਗਾ ਦਸ ਵੀਹ ਰੁਪਏ ਜਗਰਾਤਾ ਕਰਨ ਵਾਲੇ ਨੂੰ ਦੇ ਆਵੀਂ ਵਿਚਾਰਾ ਕੀ ਸੋਚੇਗਾ ਕੁਝ ਧੇਲੀ-ਰੁਪਿਆ ਦੇ ਕੇ ਵੀ ਨੀਂ ਗਈ।"

ਤੇ ਉਸ ਵਿਚਾਰੇ ਭੋਲੇ ਨੂੰ ਕੀ ਪਤਾ ਸੀ ਕਿ ਜੰਗ ਤਾਂ ਸਰਹੱਦ 'ਤੇ ਲੱਗੀ ਐ ਤੇ ਗੋਲੀਆਂ ਸ਼ਹਿਰ 'ਚ ਚੱਲ ਰਹੀਆਂ ਨੇ।

ਮੇਰੀਆਂ ਲਿਖਤਾਂ ਪੜ੍ਹਨ ਵਾਲੇ ਪ੍ਰਸ਼ੰਸਕਾਂ ਦੀ ਗਿਣਤੀ ਬੇਥਾਹ ਹੈ ਤੇ ਕਈ ਵਾਰ ਫੋਨ ਸਿੱਧੇ ਵੀ ਆਉਂਦੇ ਨੇ ਤੇ ਟੇਡੇ ਵੀ। ਬੰਦੇ ਵੀ ਕਰਦੇ ਨੇ ਤੇ ਬੀਬੀਆਂ ਵੀ। ਕਈ ਫੋਨ ਮੈਂ ਇਸ ਕਰਕੇ ਅਟੈਂਡ ਨਹੀਂ ਕਰਦਾ ਕਿ ਲਗਦਾ ਹੁੰਦੈ ਪਾਣੀ 'ਚ ਪਤਾਸਾ ਖੋਰਨ ਦਾ ਯਤਨ ਹੋਵੇਗਾ।

ਟੈਲੀਫੂਨ ਦੀਆਂ ਕੁਝ ਵੰਨਗੀਆਂ ਪੇਸ਼ ਕਰਦਾ ਹਾਂ।

ਇਕ ਫੋਨ ਸੀ, "ਯਾਰ ਤੂੰ ਆਹ ਕੀ ਲਿਖੀ ਜਾਨੈ ਸੰਨ 47 ਬਾਰੇ ਉਦੋਂ ਤਾਂ ਤੂੰ ਜੰਮਿਆ ਵੀ ਨੀਂ ਹੋਣਾ। ਸਾਨੂੰ ਪੁੱਛ ਕੇ ਵੇਖ ਜਿਨ੍ਹਾਂ ਨੇ ਉਹ ਕਤਲੋਗਾਰਦ ਅੱਖੀਂ ਵੇਖੀ ਐ। ਕਾਹਨੂੰ ਜ਼ਖਮ ਮੁੜ ਮੁੜ ਛਿਲਦੈਂ? ਚੰਗੀਆਂ ਲਿਖਤਾਂ ਨੀਂ ਲਿਖ ਹੁੰਦੀਆਂ ਤਾਂ ਚੁੱਪ ਰਿਹਾ ਕਰੋ।"

ਇਕ ਹੋਰ ਫੋਨ ਸੀ, "ਮੈਂ ਹੁਣੇ ਅਖ਼ਬਾਰਾਂ ਲੈ ਕੇ ਆਇਆ ਹਾਂ, ਘਰੇ ਮਹਿਮਾਨ ਆਏ ਹੋਏ ਨੇ। ਘਰਵਾਲੀ ਕਹਿੰਦੀ ਐ ਤੁਸੀਂ ਇਨ੍ਹਾਂ ਨੂੰ ਚਾਹ-ਪਾਣੀ ਪਿਲਾਓ ਮੈਂ ਉਪਰਲੇ ਕਮਰੇ ਵਿਚ ਜਾ ਕੇ ਵੇਖ ਆਵਾਂ ਕਿ ਤਰਲੋਚਨ ਦੁਪਾਲਪੁਰ ਤੇ ਅਸ਼ੋਕ ਭੌਰਾ ਨੇ ਐਤਕਾਂ ਕੀ ਲਿਖਿਆ ਹੈ?"

ਇਕ ਹੋਰ ਮਿੱਤਰ ਕਹਿਣ ਲੱਗਾ, "ਤੁਸੀਂ ਏਨੇ ਵਧੀਆ ਸ਼ਬਦ ਕਿਥੋਂ ਲੈ ਕੇ ਆਉਂਦੇ ਹੋ? ਮੈਂ ਤਾਂ ਬੜੀਆਂ ਡਿਕਸ਼ਨਰੀਆਂ ਫੋਲ ਕੇ ਵੇਖ ਲਈਆਂ। ਹੋਰ ਕਿਤੋਂ ਨੀਂ ਲੱਭਦੇ ਇਹ ਸ਼ਬਦ?"

ਤੇ ਮਹੀਨਾ ਕੁ ਪਹਿਲਾਂ ਤਾਂ ਹੱਦ ਹੀ ਹੋ ਗਈ। ਇਕ ਬੀਬੀ ਨੇ ਸਤਿ ਸ੍ਰੀ ਅਕਾਲ ਕਹਿਣ ਉਪਰੰਤ ਬੜੀ ਮਿੱਠੀ ਆਵਾਜ਼ 'ਚ ਕਿਹਾ, "ਮੈਂ ਤੁਹਾਡੇ ਨਾਲ ਫਰੈਂਡਸ਼ਿਪ ਕਰਨਾ ਚਾਹੁੰਦੀ ਆਂ।"

ਮੈਂ ਪੁੱਛਿਆ, "ਕਿਉਂ?"

"ਘਰਵਾਲੇ ਨਾਲ ਮੇਰੀ ਮੈਚਿੰਗ ਹੀ ਕੋਈ ਨੀਂ ਹੈਗੀ। ਗੱਡੇ ਨਾਲ ਕੱਟਾ ਬੰਨ੍ਹਿਆ ਹੋਇਆ।"

"ਵਿਆਹ ਸੋਚ ਕੇ ਕਰਵਾਉਣਾ ਸੀ।"

"ਘਰਦਿਆਂ ਨੇ ਜ਼ੋਰ ਪਾਇਆ ਤੇ ਮੈਂ ਅਮਰੀਕਾ ਆਉਣ ਦੇ ਲਾਲਚ ਵਿਚ ਫਸ ਗਈ।"

"ਕਿੰਨੇ ਜੁਆਕ ਨੇ ਤੁਹਾਡੇ?"

"ਦੋ ਬੇਟੇ ਨੇ। ਇਕ ਅੱਠ ਸਾਲ ਦਾ ਇਕ ਪੰਜ ਸਾਲ ਦਾ।"

"ਬੀਬੀ ਵੇਖ ਮੈਂ ਪੰਜਾਹ ਸਾਲਾਂ ਦਾ ਹਾਂ।"

"ਝੂਠ ਬੋਲਦੇ ਹੋ। ਅਖ਼ਬਾਰ 'ਚ ਫੋਟੋ ਤੋਂ ਤਾਂ ਨੀਂ ਲਗਦਾ।"

"ਤੇਰੀ ਕਿੰਨੀ ਉਮਰ ਹੈ?"

"ਮੈਂ ਕੱਤੀਆਂ ਸਾਲਾਂ ਦੀ ਹਾਂ।"

"ਬੀਬੀ 25 ਸਾਲ ਮੈਂ ਸਕੂਲ ਅਧਿਆਪਕ ਰਿਹਾ ਹਾਂ। ਮੇਰੇ ਦੋ ਬੇਟੇ ਵਿਆਹੁਣ ਜੋਗੇ ਨੇ। ਪਰ ਤੂੰ ਮੈਨੂੰ ਹੀ ਇਸ ਕੰਮ ਲਈ ਕਿਉਂ ਚੁਣਿਆ?"

"ਤੁਸੀਂ ਲਿਖਦੇ ਵਧੀਆ ਹੋ।"

"ਇਸ ਗੱਲ ਦਾ ਲਿਖਣ ਨਾਲ ਕੋਈ ਸਬੰਧ ਨਹੀਂ।"

"ਮੈਨੂੰ ਹੋਰ ਮਦਦ ਦੀ ਵੀ ਲੋੜ ਐ।"

"ਕਿਹੜੀ?"

"ਵੇਖੋ ਘਰਵਾਲਾ ਲਿੱਕਰ ਸਟੋਰ 'ਤੇ ਕੰਮ ਕਰਦੈ। ਮੈਂ ਵਿਹਲੀ ਹਾਂ। ਟਕਾ ਨੀਂ ਹੱਥ 'ਤੇ ਰੱਖਦਾ। ਆਂਹਦਾ ਅਪਾਰਟਮੈਂਟ ਦਾ ਕਿਰਾਇਆ ਹੀ ਮਸਾਂ ਦੇ ਹੁੰਦੈ। ਮੈਨੂੰ ਕੁਝ ਪੈਸੇ ਵੀ ਖਰਚ-ਪਾਣੀ ਲਈ ਚਾਹੀਦੇ ਹੁੰਦੇ ਨੇ।"

"ਕਿੰਨੇ ਕੁ?"

"ਦੋ ਤਿੰਨ ਸੌ ਡਾਲਰ ਮਹੀਨੇ ਦਾ।"

"ਬੱਸ?"

"ਮੇਰਾ ਪਿੱਛੇ ਭਰਾ ਬਿਮਾਰ ਸੀ। ਕਿਸੇ ਤੋਂ ਹਜ਼ਾਰ ਡਾਲਰ ਫੜ੍ਹ ਕੇ ਭੇਜਿਆ ਸੀ। ਉਹ ਵੀ ਮੇਰੀ ਸਹੇਲੀ ਪੈਸੇ ਮੰਗਦੀ ਐ। ਜੇ ਪਹਿਲਾਂ ਬਾਰਾਂ ਕੁ ਸੌ ਦੇ ਦਿਓ ਤਾਂ ਜਿਵੇਂ ਕਹੋਗੇ ਕਰ ਲਾਂਗੇ।"

"ਬੀਬੀ ਜਿਹਦੀ ਆਈ ਸੀ ਉਹਦੀ ਬਣ ਕੇ ਰਹਿ। ਜਾਂ ਕਿਸੇ ਉਸ ਭੱਦਰ-ਪੁਰਸ਼ 'ਤੇ ਡੋਰੀਆਂ ਪਾ ਜਿਹੜਾ ਏਦਾਂ ਦਾ ਹੋਵੇ ਜਾਂ ਫਿਰ ਕੋਈ ਡਰੱਗ-ਡਰੁੱਗ ਦਾ ਧੰਦਾ ਕਰਦਾ ਹੋਵੇ।"

"ਤੁਸੀਂ ਮੇਰਾ ਮਾਣ ਤੋੜ 'ਤਾ। ਪਲੀਜ਼ ਮੇਰਾ ਫੋਨ ਨਾ ਕਿਸੇ ਨੂੰ ਦੇਣਾ। ਨਾ ਮੁੜ ਕੇ ਫੋਨ ਕਰਨਾ।"

ਇਹ ਵੀ ਨਹੀਂ ਕਿ ਫੋਨ ਸਾਰੇ ਪ੍ਰਸ਼ੰਸਾ ਦੇ ਆਉਂਦੇ ਹਨ। ਕਈ ਵਾਰ ਧਮਕੀਆਂ ਦੇ ਵੀ ਫੋਨ ਆਉਂਦੇ ਹਨ ਅਤੇ ਧਮਕੀਆਂ ਵੀ ਜਾਨੋਂ ਮਾਰ ਦੇਣ ਤੱਕ ਦੀਆਂ।

ਕਹਿੰਦੇ ਨੇ 40 ਫੀਸਦੀ ਭਾਰਤੀ ਟੈਲੀਫੂਨ 'ਤੇ ਐਸ.ਐਮ.ਐਸ. ਸੇਵਾ ਦਾ ਲਾਭ ਸਿਰਫ ਪ੍ਰੇਮ ਸੰਦੇਸ਼ ਭੇਜਣ ਲਈ ਲੈਂਦੇ ਹਨ। 'ਲਵ ਲੈਟਰਾਂ ਦੀ ਥਾਂ ਹੁਣ ਇਨ੍ਹਾਂ ਨੇ ਲੈ ਲਈ ਐ।' 'ਲਵ ਆਨ ਫੋਨ' ਆਮ ਗੱਲ ਹੋ ਗਈ ਐ। ਬਾਪੂ ਬੇਬੇ ਨਾਲ ਦੇ ਕਮਰੇ ਵਿਚ ਸੁੱਤੇ ਹੁੰਦੇ ਹਨ ਤੇ ਧੀ ਦੂਜੇ ਕਮਰੇ ਵਿਚ ਸਾਰੀ ਰਾਤ ਪ੍ਰੇਮੀ ਨਾਲ ਗੱਲਾਂ ਕਰਦਿਆਂ ਗੁਜ਼ਾਰ ਦਿੰਦੀ ਹੈ, ਪੜ੍ਹਨ ਦੇ ਬਹਾਨੇ। ਭਾਵੇਂ ਹੁਣ ਟੈਲੀਫੂਨ ਦੇ ਯੁੱਗ ਵਿਚ ਇਹ ਨੀਂ ਕਹਿਣਾ ਪੈਂਦਾ ਕਿ 'ਅੱਧੀ ਰਾਤ ਤੱਕ ਮੈਂ ਪੜ੍ਹਦੀ ਵੇ ਤੈਨੂੰ ਚਿੱਠੀਆਂ ਲਿਖਣ ਦੀ ਮਾਰੀ..' ਪਰ ਇਹ ਜ਼ਰੂਰ ਕਿਹਾ ਜਾਣ ਲੱਗਾ ਹੈ, "ਲੋਕੀਂ ਚਿੱਠੀਆਂ ਪਾਉਣੀਆਂ ਭੁੱਲ ਗਏ ਜਦੋਂ ਦਾ ਟੈਲੀਫੂਨ ਲੱਗਿਆ।" ਇਹ ਵੀ ਸੱਚ ਹੈ ਕਿ ਆਪਣੇ ਪੰਜਾਬ ਵਿਚ ਮੁੰਡੇ-ਕੁੜੀਆਂ ਵਧੇਰੇ ਕਰਕੇ ਜਾਂ ਤਾਂ ਟੈਲੀਵਿਜ਼ਨ ਨੇ ਵਿਗਾੜੇ ਹਨ ਤੇ ਜਾਂ ਫਿਰ ਟੈਲੀਫੂਨ ਨੇ।

ਵੱਡੇ ਲੋਕ- ਸਾਹਿਬ ਸੌਂ ਰਹੇ ਨੇ, ਸਾਹਿਬ ਮੀਟਿੰਗ ਵਿਚ ਨੇ, ਸਾਹਿਬ ਖਾਣਾ ਖਾ ਰਹੇ ਨੇ, ਕਹਿ ਕੇ ਝੂਠ ਬੋਲਦੇ ਹਨ ਭਾਵੇਂ ਕਿ ਰਿਸ਼ਵਤ ਦੇ ਪੈਸਿਆਂ ਦਾ ਹਿਸਾਬ-ਕਿਤਾਬ ਕਰ ਰਹੇ ਹੋਣ।

ਹਿੰਦਸਤਾਨ ਵਿਚ ਐਸ.ਟੀ.ਡੀ. ਵਾਲਿਆਂ ਨੇ ਪਹਿਲਾਂ 'ਸਟਾਪਵਾਚ' ਨਾਲ ਲੋਕ ਖੁੰਢੇ ਚਾਕੂ ਨਾਲ ਛਿੱਲੇ, ਫਿਰ ਸਪਾਇਸ ਨੇ ਤੇਰਾਂ ਰੁਪਏ 'ਆਊਟ ਗੋਇੰਗ ਤੇ 11 ਰੁਪਏ ਇਨਕਮਿੰਗ ਨਾਲ। ਇੰਟਰਨੈਟ ਟੈਲੀਫੂਨ ਦਾ ਸੁਧਰਿਆ ਰੂਪ ਹੈ, ਇਹਦੇ 'ਤੇ ਵਿਆਹ ਹੋਣ ਲੱਗੇ ਨੇ। ਬਹੁਤੇ ਬਿਜ਼ਨਸ ਟੈਲੀਫੂਨ ਸਹਾਰੇ ਚੱਲ ਰਹੇ ਨੇ, ਪਰ ਇਸ ਦਾ ਦੁਰਉਪਯੋਗ ਵਧ ਰਿਹਾ ਹੈ। ਇਸੇ ਕਰਕੇ ਆਈ.ਡੀ. ਬਲਾਕ ਕਰਕੇ ਧਮਕੀਆਂ ਦੇਣਾ ਆਮ ਗੱਲ ਹੈ। ਅਲੈਗਜੈਂਡਰ ਗ੍ਰੈਨਵਿਲ ਤੇ ਅਲੀਸ਼ਾ ਗ੍ਰੇ ਨੇ 1870 ਵਿਚ ਇਸ ਯੰਤਰ ਦੀ ਕਾਢ ਸੁੱਖ-ਸਹੂਲਤ ਲਈ ਕੱਢੀ ਸੀ, ਪਰ ਜਿਵੇਂ ਨੋਟ ਦਾ ਦੀਵਾਨਾ ਆਖਰ ਮੁੱਠੜ ਕੇ ਨੋਟ ਜਿੱਡਾ ਹੀ ਹੋ ਜਾਂਦਾ ਹੈ ਤੇ ਅਸੀਂ ਵੀ ਕਿਤੇ ਕਿਸੇ ਦੀ ਜੇਬ 'ਚ ਵੜਨ ਜੋਗੇ ਨਾ ਰਹਿ ਜਾਈਏ। ਇਹ ਯੰਤਰ ਸਾਰੀਆਂ ਸਭਿਆਤਾਵਾਂ ਤੇ ਇਖਲਾਕ ਨੂੰ ਨਿਗਲਣ ਲੱਗ ਪਿਆ ਹੈ।

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

# ਸ਼ਬਦ, ਇਲਹਾਮ, ਭਗਤ ਬਾਣੀ ਆਦਿ

ਵਿਚਾਰ-ਚਰਚਾ

*ਕਾਫੀ ਸਮਾਂ ਪਹਿਲਾਂ ਅਸੀਂ ਇਨ੍ਹਾਂ ਕਾਲਮਾਂ ਵਿਚ ਡਾ. ਹਰਭਜਨ ਸਿੰਘ ਦਾ ਲੇਖ ਮਹਿਬੂਬ ਦਾ ਇਸਲਾਮੀ ਉਲਾਰ ਛਾਪਿਆ ਸੀ ਜਿਸ ਦੇ ਪ੍ਰਤੀਕ੍ਰਮ ਵਿਚ ਇਕ ਲੰਮਾ ਲੇਖ ਡਾ. ਗੁਰਤਰਨ ਸਿੰਘ ਹੋਰਾਂ ਨੇ ਲਿਖਿਆ ਸੀ। ਉਸੇ ਲੇਖ ਦੇ ਜਵਾਬ ਵਿਚ ਡਾ. ਹਰਭਜਨ ਸਿੰਘ ਹੋਰਾਂ ਦਾ ਇਹ ਲੇਖ ਹੈ। ਅਸੀਂ ਇਹ ਲੇਖ ਵਿਚਾਰਾਂ ਦਾ ਇਕ ਮੰਚ ਮੁਹੱਈਆ ਕਰਨ ਦੇ ਮਨੋਰਥ ਨਾਲ ਛਾਪ ਰਹੇ ਹਾਂ। ਇਸ ਵਿਸ਼ੇ 'ਤੇ ਪਾਠਕਾਂ ਦੇ ਪ੍ਰਤੀਕ੍ਰਮ ਦਾ ਵੀ ਅਸੀਂ ਸਵਾਗਤ ਕਰਾਂਗੇ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਹੁਣ ਅਸੀਂ ਇਹ ਵੇਖਣ ਦਾ ਯਤਨ ਕਰਾਂਗੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਆਏ ਭਗਤਾਂ ਦੀ ਪਾਰਬ੍ਰਹਮ ਤਕ ਪਹੁੰਚ ਸੀ ਜਾਂ ਨਹੀਂ, ਉਨ੍ਹਾਂ ਦਾ ਧੁਰ-ਅੰਤਰ ਰੱਬੀ ਬਾਣੀ ਪ੍ਰਗਟ ਕਰਨ ਦੇ ਸਮਰਥ ਸੀ ਜਾਂ ਨਹੀਂ। ਮੇਰਾ ਮੱਤ ਹੈ ਕਿ ਭਗਤ ਪਾਰਬ੍ਰਹਮ ਵਿਚ ਸਰਬ-ਭਾਂਤ ਅਭੇਦ ਸਨ ਅਤੇ ਉਨ੍ਹਾਂ ਦੇ ਅੰਤਹਕਰਣ ਵਿਚੋਂ ਪ੍ਰਗਟ ਹੋਇਆ 'ਸ਼ਬਦ' ਕਿਸੇ ਵੀ ਸਥਿਤੀ ਵਿਚ ਗੁਰਬਾਣੀ ਤੋਂ ਵਧ ਜਾਂ ਘਟ ਨਹੀਂ ਆਂਕਿਆ ਜਾ ਸਕਦਾ, ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਪੋਥੀ ਜਾਂ ਸ਼ਬਦ ਨੂੰ ਪਰਮੇਸ਼ਰ ਦਾ ਹੀ ਇਕ ਰੂਪ ਕਿਹਾ ਗਿਆ ਹੈ ਅਤੇ ਪਰਮੇਸ਼ਰ ਦੇ ਕਿਸੇ ਅੰਗ ਨੂੰ ਵੱਡਾ ਜਾਂ ਛੋਟਾ ਨਹੀਂ ਕਿਹਾ ਜਾ

ਡਾ. ਹਰਭਜਨ ਸਿੰਘ

ਸਕਦਾ। ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਦਾ ਪਰਮੇਸ਼ਰ ਭਗਤਾਂ ਦੇ ਪਾਰਬ੍ਰਹਮ ਤੋਂ ਉਚਾ ਸੀ। ਨਾ ਇਹ ਮੰਨਿਆ ਜਾ ਸਕਦਾ ਹੈ ਕਿ ਭਗਤ ਪਰਮੇਸ਼ਰ ਦੇ ਉਸ ਤਰ੍ਹਾਂ ਨਜ਼ਦੀਕ ਨਹੀਂ ਸਨ, ਜਿਵੇਂ ਸਾਡੇ ਗੁਰੂ-ਪਾਤਸ਼ਾਹ ਹਜ਼ੂਰ ਸਨ। ਜੇ 'ਗੁਰਤਰਨ' ਨੇ ਇਸਲਾਮ ਬਾਰੇ ਕੁਝ ਪੜ੍ਹਿਆ ਹੈ, ਤਾਂ ਉਹ ਜ਼ਰੂਰ ਜਾਣਦਾ ਹੋਵੇਗਾ ਕਿ ਇਸਲਾਮ ਵਿਚ ਇਹ ਦਰਜੇਬੰਦੀ ਹੈ। ਪੈਗ਼ੰਬਰ ਸਾਹਿਬ ਦੇ ਸਤਵੇਂ ਆਕਾਸ਼ ਜਾਣ ਵਾਲੀ ਕਥਾ ਵਿਚ ਅਬਰਾਹਮ, ਮੂਸਾ, ਈਸਾ ਆਦਿ ਪਹਿਲੇ ਪੈਗ਼ੰਬਰਾਂ ਨੂੰ ਵਖ-ਵਖ ਆਕਾਸ਼ਾਂ 'ਤੇ ਵਿਖਾਇਆ ਗਿਆ ਹੈ। ਪਰ ਗੁਰਬਾਣੀ ਦੇ ਅਧਿਆਤਮਵਾਦ ਵਿਚ ਦਰਜੇਬੰਦੀ ਨੂੰ ਕੋਈ ਸਥਾਨ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਗੁਰਤਰਨ ਸਿੰਘ ਵਰਗੇ ਪੱਖਪਾਤੀ ਅਤੇ ਦ੍ਵੈਤ-ਪੀੜਿਤ ਵਿਅਕਤੀਆਂ ਦੁਆਰਾ ਸਿਰਜੀਆਂ ਸਮੂਹ ਦਰਜੇਬੰਦੀਆਂ ਨੂੰ ਨਕਾਰਦਿਆਂ ਸਾਧਕਾਂ ਦੀ ਅੰਤਿਮ ਮੰਜ਼ਿਲ 'ਬੇਗਮਪੁਰੇ' ਵਿਚ ਸਥਿਤ ਕਰ ਕੇ ਹਰ ਦੀਵਾਰ, ਹਰ ਭੇਦ-ਭਾਵ, ਹਰ ਉਚ-ਨੀਚ ਨੂੰ ਪੂਰੀ ਤਰ੍ਹਾਂ ਵਿਨਸ਼ਟ ਕਰ ਕੇ ਇਕ ਪ੍ਰਭੂ-ਦਰਬਾਰ ਦੀ ਸਿਰਜਣਾ ਕੀਤੀ ਹੈ। ਹਰ ਜੀਵ ਉਥੋਂ ਆਇਆ ਹੈ, ਉਸੇ ਵਿਚ ਸਮਾ ਜਾਵੇਗਾ, ਯਥਾ-ਤਾਹੀ ਤੇ ਉਪਜ ਸਭੇ ਤਾਹੀ ਮਹਿ ਸਮਾਹਿੰਗੇ। ਸੱਤ ਆਕਾਸ਼ ਅਤੇ ਸੱਤ ਪਾਤਾਲ ਦਾ ਇਸਲਾਮੀ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਗ਼ਦਾਦ ਵਰਗੇ ਇਸਲਾਮਿਕ ਕੇਂਦਰ ਵਿਚ ਵੀ ਨਕਾਰ ਦਿੱਤਾ ਸੀ। ਅਕਾਲ-ਪੁਰਖ ਦੀ ਬਾਦਸ਼ਾਹਤ ਤਾਂ ਹੀ ਸਦੀਵੀ ਹੈ, ਕਿਉਂਕਿ ਉਥੇ ਦ੍ਵੈਤ ਅਤੇ ਦ੍ਵੇਸ਼ ਪ੍ਰੇਰਿਤ ਲੋਕਾਂ ਦੇ ਪੈਰ ਰੱਖਣ ਵਾਸਤੇ ਕੋਈ ਸਥਾਨ ਨਹੀਂ। ਉਥੇ ਉਨ੍ਹਾਂ ਦਿਲ ਦੇ ਅਮੀਰ ਲੋਕਾਂ ਦਾ ਆਗਮਨ ਸਵਾਗਤ ਯੋਗ ਹੈ, ਜਿਹੜੇ ਜਾਤ ਅਤੇ ਧਰਮ ਦੀਆਂ ਤੰਗ-ਦਿਲੀਆਂ ਤੋਂ ਮੁਕਤ ਹਨ। 'ਹਮਸ਼ਹਿਰੀਆਂ' ਦੇ ਉਸ ਇਕ ਵਤਨ ਵਿਚ ਉਨ੍ਹਾਂ ਲੋਕਾਂ ਨੂੰ ਕਦੇ ਵੀ ਪ੍ਰਵੇਸ਼ ਨਹੀਂ ਮਿਲ ਸਕਦਾ, ਜਿਨ੍ਹਾਂ ਦੀ ਮਾਨਸਿਕ ਸੰਕੀਰਣਤਾ ਆਪਣੇ ਹੀ ਧਰਮ ਗ੍ਰੰਥਾਂ ਦੇ ਬਚਨਾਂ ਵਿਚ ਉਚ-ਨੀਚ ਦੀ ਦੀਵਾਰ ਖੜ੍ਹੀ ਕਰਦੀ ਹੋਵੇ, ਯਥਾ-

ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥2॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥3॥
ਗਉੜੀ, ਰਵਿਦਾਸ, ਸਫ਼ਾ 345

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਸਦੀ ਹੈ ਕਿ ਭਗਤ ਨਾ ਕੇਵਲ ਅਕਾਲ-ਪੁਰਖ ਤਕ ਪਹੁੰਚੇ ਹੋਏ ਸਨ, ਬਲਕਿ ਆਕਾਲ-ਪੁਰਖ ਨਾਲ ਜਲ ਅਤੇ ਲਹਿਰ ਵਾਂਗ ਇਸ ਤਰ੍ਹਾਂ ਅਭੇਦ ਸਨ ਕਿ ਪਰਮੇਸ਼ਰ ਤੋਂ ਭਿੰਨ ਉਨ੍ਹਾਂ ਦੇ ਵਖਰੇ ਅਸਤਿਤ੍ਵ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ-

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ ਰਹਾਉ॥
ਤੁਮ ਜੁ ਨਾਇਕ ਆਛਹੁ ਅੰਤਰਜਾਮੀ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥2॥
ਸਿਰੀ ਰਾਗ, ਰਵਿਦਾਸ, ਸਫ਼ਾ 93

ਜਬ ਹਮ ਹੋਤੇ ਤਬ ਤੁਮ ਨਾਹੀ
ਅਬ ਤੁਮ ਹਹੁ ਹਮ ਨਾਹੀ॥
ਅਬ ਹਮ ਤੁਮ ਏਕ ਭਏ ਹਹਿ
ਏਕੈ ਦੇਖਤ ਮਨੁ ਪਤੀਆਹੀ॥1॥
ਗਉੜੀ, ਕਬੀਰ, ਸਫ਼ਾ 339

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਨਾਲ ਨਾਮਦੇਵ ਜੀ, ਕਬੀਰ ਜੀਉ, ਰਵਿਦਾਸ ਜੀ ਆਦਿ ਲਿਖਿਆ ਹੈ। ਜਿਨ੍ਹਾਂ ਦਾ ਨਾਮ ਗੁਰੂ ਸੱਚੇ ਪਾਤਸ਼ਾਹ ਨੇ ਸਤਿਕਾਰ ਨਾਲ ਲਿਆ ਹੋਵੇ, ਉਨ੍ਹਾਂ ਦੀ ਬਾਣੀ ਨਾਲ ਹੀਣਤਾ ਸੰਬੰਧਿਤ ਕਰਨੀ ਹਰ ਤਰੀਕੇ ਨਾਲ ਗਲਤ ਹੀ ਨਹੀਂ, ਨਿੰਦਣਯੋਗ ਵੀ ਹੈ। ਭਗਤਾਂ ਦੀ ਬਾਣੀ ਨਾਲ ਕਈ ਪਦ ਗੁਰੂ ਜੀ ਨੇ ਰਲਾ ਕੇ ਲਿਖੇ ਹਨ। ਕਈ ਥਾਂਈਂ ਉਨ੍ਹਾਂ ਦੀ ਸਿਖਿਆ ਨੂੰ ਆਧਾਰ ਬਣਾ ਕੇ ਆਪਣੇ ਪਦ ਰਚੇ ਹਨ, ਜਿਵੇਂ ਸਾਰੰਗ ਮਹਲਾ 5 ਸੂਰਦਾਸ। ਕਬੀਰ ਦੇ ਨਾਮ ਹੇਠ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਪੂਰਾ ਸ਼ਬਦ ਉਚਾਰਨ ਕੀਤਾ ਹੈ-

ਭੈਰਉ ਮਹਲਾ 5
ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥1॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥1॥ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥2॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥3॥
ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥4॥
ਕਹੁ ਕਬੀਰ ਇਹੁ ਕੀਆ ਵਖਾਨਾ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥5॥
ਭੈਰਉ, ਮਹਲਾ 5, ਸਫ਼ਾ 1136

ਕੀ ਗੁਰਤਰਨ ਸਿੰਘ ਦੇ ਪ੍ਰਚੰਡ ਬੌਧਿਕ-ਗਿਆਨ ਤੋਂ ਬੁਧੀਮਾਨ ਹੋ ਕੇ ਅਸੀਂ ਅਜਿਹੇ ਗੁਰਵਾਕਾਂ ਨੂੰ ਵੀ ਛੋਟੇ ਦਰਜੇ ਦੇ ਸਵੀਕਾਰ ਕਰਨ ਲਗ ਜਾਵਾਂਗੇ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੇ ਪਰਮੇਸ਼ਰ ਨਾਲ ਅਭੇਦ ਹੋਣ ਦੀ ਵਾਰ-ਵਾਰ ਪ੍ਰੋੜਤਾ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੇ ਅਜਿਹੇ ਬਹੁਤ ਪਦ ਹਨ, ਜਿਨ੍ਹਾਂ ਵਿਚ ਨਾਮਦੇਵ, ਕਬੀਰ, ਰਵਿਦਾਸ ਆਦਿ ਪ੍ਰਭੂ ਦੇ ਹਰ ਸੇਵਕ ਨੂੰ ਪਰਮੇਸ਼ਰ ਨਾਲ ਅਭੇਦ ਦਰਸਾਇਆ ਹੈ, ਉਦਾਹਰਣ ਵਜੋਂ-

ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ॥
ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ॥
ਨੀਕੀ ਤੇਰੀ ਬਿਗਾਰੀ
ਆਲੇ ਤੇਰਾ ਨਾਉ॥1॥ਰਹਾਉ॥
ਤਿਲੰਗ, ਨਾਮਦੇਵ, ਸਫ਼ਾ 727

ਹਰਿ ਕੇ ਸੇਵਕ ਜੋ ਹਰਿ ਭਾਏ
ਤਿਨ ਕੀ ਕਥਾ ਨਿਰਾਰੀ ਰੇ॥
ਆਵਹਿ ਨ ਜਾਹਿ ਨ ਕਬਹੂ ਮਰਤੇ
ਪਾਰਬ੍ਰਹਮ ਸੰਗਾਰੀ ਰੇ॥3॥
ਬਿਲਾਵਲ, ਕਬੀਰ, ਸਫ਼ਾ 855

ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ
ਸਰਬ ਨਿਰੰਤਰਿ ਸੋਇ ਰੇ॥
ਕਹਿ ਕਬੀਰ ਰਾਮ ਨਾਮੁ ਨ ਛੋਡਉ
ਸਹਜੇ ਹੋਇ ਸੁ ਹੋਇ ਰੇ॥3॥
ਗੋਂਡ, ਕਬੀਰ, ਸਫ਼ਾ 870

ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ॥
ਅੰਤਰਿ ਜੋਤਿ ਰਾਮ ਪਰਗਾਸਾ
ਗੁਰਮੁਖਿ ਬਿਰਲੈ ਜਾਨੀ॥1॥ਰਹਾਉ॥
ਰਾਮਕਲੀ, ਕਬੀਰ, ਸਫ਼ਾ 970

ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ॥
ਸੋਧਉ ਮੁਕਤਿ ਕਹਾ ਦੇਉ ਕੈਸੀ
ਕਰਿ ਪ੍ਰਸਾਦ ਮੋਹਿ ਪਾਈ ਹੈ॥1॥ਰਹਾਉ॥
ਮਾਰੂ, ਕਬੀਰ, ਸਫ਼ਾ 1104

ਸੰਤਨ ਸੰਗਿ ਕਬੀਰਾ ਬਿਗਰਿਓ॥
ਸੋ ਕਬੀਰੁ ਰਾਮੈ ਹੋਇ ਨਿਬਰਿਓ॥4॥
ਭੈਰਉ, ਕਬੀਰ, ਸਫ਼ਾ 1158

ਏਕੁ ਭਗਤੁ ਮੇਰੇ ਹਿਰਦੇ ਬਸੈ॥
ਨਾਮੇ ਦੇਖਿ ਨਰਾਇਨੁ ਹਸੈ॥3॥
ਦੂਧੁ ਪੀਆਇ ਭਗਤੁ ਘਰਿ ਗਇਆ॥
ਨਾਮੇ ਹਰਿ ਕਾ ਦਰਸਨੁ ਭਇਆ॥4॥
ਭੈਰਉ, ਨਾਮਦੇਵ, ਸਫ਼ਾ 1163

ਸਾਤ ਘੜੀ ਜਬ ਬੀਤੀ ਸੁਣੀ॥
ਅਜਹੁ ਨ ਆਇਓ ਤ੍ਰਿਭਵਣ ਧਣੀ॥14॥
ਪਾਖੰਤਣ ਬਾਜ ਬਜਾਇਲਾ॥
ਗਰੁੜ ਚੜੇ ਗੋਬਿੰਦ ਆਇਲਾ॥15॥
ਅਪਨੇ ਭਗਤ ਪਰਿ ਕੀ ਪ੍ਰਤਿਪਾਲ॥
ਗਰੁੜ ਚੜੇ ਆਏ ਗੋਪਾਲ॥16॥
ਕਹਹਿ ਤ ਧਰਣਿ ਇਕੋਡੀ ਕਰਉ॥
ਕਹਹਿ ਤ ਲੇ ਕਰਿ ਊਪਰਿ ਧਰਉ॥17॥
ਭੈਰਉ, ਨਾਮਦੇਵ, ਸਫ਼ਾ 1166

ਹਰਿ ਕੇ ਨਾਮ ਕਬੀਰ ਉਜਾਗਰ॥
ਜਨਮ ਜਨਮ ਕੇ ਕਾਟੇ ਕਾਗਰ॥1॥
ਨਿਮਤ ਨਾਮਦੇਉ ਦੂਧੁ ਪੀਆਇਆ॥
ਤਉ ਜਗ ਜਨਮ ਸੰਕਟ ਨਹੀ ਆਇਆ॥2॥
ਜਨ ਰਵਿਦਾਸ ਰਾਮ ਰੰਗਿ ਰਾਤਾ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥3॥
ਆਸਾ, ਰਵਿਦਾਸ, ਸਫ਼ਾ 487

ਗੁਰੂ ਜੀ ਨੇ ਆਪਣੇ ਮੁਖ-ਅਰਵਿੰਦ ਤੋਂ ਭਗਤ-ਜਨਾਂ ਦੀ ਉਪਮਾ ਵਿਚ ਉਚਾਰਨ ਕੀਤਾ ਹੈ-

ਭਲੋ ਕਬੀਰੁ ਦਾਸੁ ਦਾਸਨ ਕੋ
ਊਤਮੁ ਸੈਨੁ ਜਨੁ ਨਾਈ॥
ਊਚ ਤੇ ਊਚ ਨਾਮਦੇਉ ਸਮਦਰਸੀ
ਰਵਿਦਾਸ ਠਾਕੁਰ ਬਣਿ ਆਈ॥
ਸਾਰਗ, ਮਹਲਾ 5, ਸਫ਼ਾ 1207

ਨਾਮਾ ਛੀਬਾ ਕਬੀਰੁ ਜੋੁਲਾਹਾ
ਪੂਰੇ ਗੁਰ ਤੇ ਗਤਿ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ
ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ
ਕੋਇ ਨ ਮੇਟੈ ਭਾਈ॥3॥
ਸਿਰੀ ਰਾਗ, ਮਹਲਾ 3, ਸਫ਼ਾ 68

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥4॥
ਆਸਾ, ਮਹਲਾ 5, ਸਫ਼ਾ 488

ਊਧਉ ਅਕ੍ਰੂਰੁ ਤਿਲੋਚਨੁ ਨਾਮਾ
ਕਲਿ ਕਬੀਰ ਕਿਲਵਿਖ ਹਰਿਆ॥
ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ
ਅਮਰਦਾਸ ਗੁਰ ਕਉ ਫੁਰਿਆ॥3॥
ਸਵਈਏ, ਮਹਲੇ ਤੀਜੇ ਕੇ, ਸਫ਼ਾ 1393

ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ
ਲੈਤ ਉਪਜ੍ਯ੍ਯੋ ਜੁ ਪ੍ਰਗਾਸੁ॥
ਜਿਹ ਪਿਖਤ ਅਤਿ ਹੋਇ ਰਹਸੁ
ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ॥2॥
ਸਵਈਏ, ਮਹਲੇ ਚੌਥੇ ਕੇ, ਸਫ਼ਾ 1406

ਜਿਸ ਕਬੀਰ ਨੂੰ ਮਹਿਬੂਬ ਦੀ ਪ੍ਰੇਰਨਾ ਵਿਚ ਡਾ. ਗੁਰਤਰਨ ਸਿੰਘ ਡਰਪੋਕ ਦਰਸਾਉਣ ਦਾ ਯਤਨ ਕਰ ਰਹੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਉਹ ਧਰਮ-ਸਾਧਕ ਬਹੁਤ ਆਤਮ-ਵਿਸ਼ਵਾਸ ਨਾਲ ਰੱਬ ਦੇ ਸਿੰਘਾਸਣ ਉਤੇ ਹਰ-ਹਾਲ ਚੜ੍ਹ ਜਾਣ ਲਈ ਦ੍ਰਿੜ-ਸੰਕਲਪ ਦੀ ਘੋਸ਼ਣਾ ਕਰਦਾ ਹੈ। ਇਸ ਵਿਸ਼ਵਾਸ ਵਿਚ ਉਹ ਬਾਬਾ ਫ਼ਰੀਦ ਸਾਹਿਬ ਤੋਂ ਕਿਵੇਂ ਪਿਛੇ ਹੈ-

ਅਬ ਤਉ ਜਾਇ ਚਢੇ ਸਿੰਘਾਸਨਿ
ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ
ਕੋਇ ਨ ਸਕੈ ਪਛਾਨੀ॥6॥
ਰਾਮਕਲੀ, ਕਬੀਰ, ਸਫ਼ਾ 969

ਕੁਰਾਨ ਦੇ ਸਰਵ-ਕਾਲੀ ਸੱਤ ਦੇ ਗਿਆਨਵਾਨ ਪ੍ਰਚਾਰਕ ਮੇਰੇ ਪਰਮ ਮਿੱਤਰ ਡਾ. ਗੁਰਤਰਨ ਸਿੰਘ ਨੇ ਆਪਣੇ ਲੇਖ ਵਿਚ ਫਰਿਥਜਾਫ ਸੁਨ (ਇਹ ਨਾਮ ਜਿਵੇਂ ਗੁਰਤਰਨ ਸਿੰਘ ਨੇ ਪੰਜਾਬੀ ਵਿਚ ਲਿਖਿਆ ਹੈ, ਮੈਂ ਉਨ੍ਹਾਂ ਦੀ ਜ਼ਿਮੇਵਾਰੀ ਸਹਿਤ ਇੰਨ-ਬਿੰਨ ਲਿਖ ਰਿਹਾ ਹਾਂ। ਕਿਸੇ ਸੂਰਤ ਵਿਚ ਜੇ ਇਸ ਦਾ ਪੰਜਾਬੀਕਰਣ ਗਲਤ ਹੋਵੇ, ਤਾਂ ਪਾਠਕ ਮੈਨੂੰ ਕਸੂਰਵਾਰ ਨਾ ਠਹਿਰਾਉਣ) ਨੂੰ ਉਨ੍ਹਾਂ 40 ਦੈਵੀ-ਪੁਰਖਾਂ ਵਿਚੋਂ ਇਕ ਦੱਸਿਆ ਹੈ, ਜੋ ਸਦੀਵ ਕਾਲ ਪਰਮੇਸ਼ਰ ਦੇ ਸਿੰਘਾਸਣ ਨੂੰ ਆਸਰਾ ਦੇਂਦੇ ਹਨ ਅਤੇ ਉਨ੍ਹਾਂ ਦਾ ਅਟੁਟ ਵਿਸ਼ਵਾਸ ਹੈ ਕਿ ਅਜੋਕੇ ਯੁਗ ਦੇ ਵਿਦਵਾਨ ਹਰਿੰਦਰ ਸਿੰਘ ਮਹਿਬੂਬ ਵੀ ਚਾਲ੍ਹੀਆਂ ਵਿਚੋਂ ਇਕ ਹਨ। ਹੁਣ ਵਾਲੇ ਇਨ੍ਹਾਂ 40 ਸਤ-ਪੁਰਖਾਂ ਵਿਚੋਂ 39 ਕਿਹੜੇ ਹਨ, ਉਨ੍ਹਾਂ ਦੇ ਨਾਵਾਂ ਦੀ ਸੂਚੀ ਡਾ. ਗੁਰਤਰਨ ਸਿੰਘ ਨੇ ਜਾਰੀ ਨਹੀਂ ਕੀਤੀ। ਉਂਵ ਮੇਰਾ ਯਕੀਨ ਹੈ ਕਿ ਅਜਿਹੇ ਹੋਰ ਨਾਮ 38 ਹੀ ਹੋਣੇ ਚਾਹੀਦੇ ਹਨ, ਕਿਉਂਕਿ ਚਾਲੀਆਂ ਵਿਚੋਂ ਇਕ ਤਾਂ ਗੁਰਤਰਨ ਜੀ ਜ਼ਰੂਰ ਆਪ ਹੋਣਗੇ। ਜੇ 40 ਪੁਰਖ ਧਰਤੀ ਦਾ ਭਾਰ ਹਮੇਸ਼ਾ ਚੁੱਕੀ ਰਖਦੇ ਹਨ, ਤਾਂ ਡਾ. ਗੁਰਤਰਨ ਸਿੰਘ ਉਨ੍ਹਾਂ ਚਾਲੀਆਂ ਵਿਚੋਂ ਇਕ ਅਜਿਹੇ ਮਹਾਨ ਵਿਅਕਤੀ ਜ਼ਰੂਰ ਹਨ, ਜੋ ਹਰਿੰਦਰ ਸਿੰਘ ਮਹਿਬੂਬ ਦੇ ਹੈਦਰੀ ਝੰਡੇ ਵਾਲੇ ਬੈਲੇ ਦਾ ਭਾਰ ਹਮੇਸ਼ਾ ਚੁੱਕੀ ਰਖਦੇ ਹਨ। ਗੱਲ ਹੋਰ ਪਾਸੇ ਨਾ ਚਲੀ ਜਾਵੇ, ਅਸੀਂ ਗੁਰਤਰਨ ਜੀ ਵਲੋਂ ਪ੍ਰਤੀਪਾਦਿਤ ਫਰਿਥਜਾਫ ਸੁਨ ਦੀਆਂ ਕੁਝ ਕੁ ਟਿਪਣੀਆਂ ਦਾ ਵਿਸ਼ਲੇਸ਼ਣ ਕਰਨਾ ਹੈ। ਇਸ ਅਵਤਾਰੀ ਚਿੰਤਕ ਦਾ ਜੋ ਦੈਵੀ ਮਹਿਮਾ-ਗਾਨ ਡਾ. ਗੁਰਤਰਨ ਸਿੰਘ ਨੇ ਕੀਤਾ ਹੈ, ਉਸ ਦੇ ਕੁਝ ਮਹੱਤਵਪੂਰਨ ਅੰਸ਼ ਇਥੇ ਦੇ ਰਹੇ ਹਾਂ, ਤਾਂ ਕਿ ਨਵੇਂ ਪਾਠਕਾਂ ਨੂੰ ਲੜੀ ਜੋੜਨ ਵਿਚ ਅਸੁਵਿਧਾ ਨਾ ਹੋਵੇ। ਗੁਰਤਰਨ ਜੀ ਲਿਖਦੇ ਹਨ-

"ਫਰਿਥਜਾਫ ਸੁਨ ਭਗਤ-ਬਾਣੀ ਅਤੇ ਗੁਰਬਾਣੀ ਵਿਚ ਇਕ ਚਮਤਕਾਰੀ ਅੰਦਾਜ਼ ਵਿਚ ਅਚੇਤ ਹੀ ਨਿਖੇੜਾ ਕਰਦਿਆਂ ਇਹ ਦਰਸਾਉਂਦਾ ਹੈ ਕਿ ਆਧੁਨਿਕ ਯੁੱਗ ਵਿਚ ਭਾਸ਼ਾਵਾਂ ਅਤੇ ਸਮੂਹਿਕ ਮਨੁੱਖ ਵਿਚ ਏਥੋਂ ਤੱਕ ਨਿਘਾਰ ਆ ਚੁੱਕਿਆ ਹੈ ਕਿ ਅੱਜ ਦੇ ਸਮੇਂ (Revealed Book) ਇਲਹਾਮ ਵਾਲਾ ਕੋਈ ਧਰਮ ਗ੍ਰੰਥ ਪੈਦਾ ਨਹੀਂ ਹੋ ਸਕਦਾ। ਪ੍ਰੰਤੂ ਏਸੇ ਥਾਂ ਤੇ ਉਹ ਪੁਸਤਕ ਦੇ ਫੁਟ ਨੋਟ 'ਤੇ ਇਹ ਲਿਖਦੇ ਹਨ ਕਿ ਹਾਂ ਸਿੱਖ ਸੰਗਤ ਦੇ ਰੂਪ ਵਿਚ ਕਬੀਰ ਰਾਹੀਂ ਪੈਦਾ ਹੋਇਆ ਧਰਮ ਇਕ ਵਿਸ਼ੇਸ਼ ਧਰਮ ਗ੍ਰੰਥ (Revealed Book) ਦੇ ਰੁਤਬੇ ਦਾ ਹੋ ਸਕਦਾ ਹੈ। ਇਥੇ ਉਸ ਨੂੰ ਅਚੇਤ ਹੀ ਪਾਰਦਰਸ਼ੀ ਦ੍ਰਿਸ਼ਟੀ ਰਾਹੀਂ ਇਹ ਪਤਾ ਹੈ ਕਿ ਕਬੀਰ ਦੀ ਬਾਣੀ ਪਿਛੇ ਗੁਰੂ ਜਾਂ ਪੈਗੰਬਰ ਵੀ ਹੋ ਸਕਦਾ ਹੈ। ਕਬੀਰ ਆਦਿ ਭਗਤਾਂ ਬਾਰੇ ਤਾਂ ਉਹ ਵੱਖ ਵੱਖ ਥਾਂਵਾਂ 'ਤੇ ਇਹ ਸਪਸ਼ਟ ਕਰ ਚੁੱਕੇ ਹਨ ਕਿ ਭਗਤ-ਬਾਣੀ ਜਿਵੇਂ ਕਿ ਚੈਤੰਨਿਆ ਆਦਿ ਦੀ ਰਚਨਾ ਪਿਆਰ ਵਿਚੋਂ ਪੈਦਾ ਹੋਈ ਹੈ। ਪਿਆਰ ਦੀ ਉਪਜ ਨੂੰ ਉਹ ਇਲਹਾਮ ਨਹੀਂ ਮੰਨਦਾ। ਭਗਤ-ਬਾਣੀ ਰੱਬ ਨਾਲ ਸਿੱਧੇ ਰਿਸ਼ਤੇ ਵਿਚੋਂ ਪੈਦਾ ਨਹੀਂ ਹੋਈ, ਸਗੋਂ ਇਸਦਾ ਸਰੋਤ ਇਸਾਈ ਸੰਤਾਂ ਵਾਲਾ ਭਾਵ ਇਲਹਾਮ ਦੀ ਥਾਂ ਪ੍ਰੇਰਨਾ (Inspiration) ਵਿਚੋਂ ਹੈ। ਅਸੀਂ ਆਪਣੇ ਮੱਤ ਦੀ ਪੁਸ਼ਟੀ ਲਈ ਉਨ੍ਹਾਂ ਦੇ ਵਿਚਾਰ ਉਨ੍ਹਾਂ ਦੀਆਂ ਪੁਸਤਕਾਂ ਕ੍ਰਮਵਾਰ 'ਦੀ ਅੰਡਰਸਟੈਂਡਿੰਗ ਇਸਲਾਮ' ਅਤੇ 'ਦੀ ਟਰਾਂਸੈਂਡੈਂਟ ਯੂਨਿਟੀ ਆਫ ਰਿਲੀਜਨਜ਼' ਵਿਚੋਂ ਇਥੇ ਦੇਣੇ ਉਚਿਤ ਸਮਝਦੇ ਹਾਂ-

"A language is sacred when God has spoken it, and in order that God should speak in it, it must have certain characteristics such as are not found in any modern language, finally, it is essential to understand that after a certain cyclical period and the hardening of the terrestrial ambience which it comprises, God no longer speaks, at least not as revealer. (Page 47)"

"ਪ੍ਰੰਤੂ ਏਸੇ ਖਿਆਲ ਦੇ ਅਗਲੇ ਸਫੇ ਦੇ ਫੁਟ ਨੋਟ ਵਿਚ ਫਰਿਥਜਾਫ ਸੁਨ ਸਿੱਖ ਧਰਮ ਵਿਚ ਇਲਹਾਮ (Revelation) ਵਾਲਾ ਧਰਮ ਗ੍ਰੰਥ ਹੋਣ ਸਬੰਧੀ ਸਹਿਮਤ ਹੈ। ਉਸਨੇ ਭਾਵੇਂ ਗੁਰੂ ਗ੍ਰੰਥ ਸਾਹਿਬ ਤਾਂ ਨਹੀਂ ਸੀ ਪੜ੍ਹਿਆ, ਪ੍ਰੰਤੂ ਉਸਨੂੰ ਕਿਸੇ ਵਸੀਲੇ ਰਾਹੀਂ ਕੋਈ ਜਾਣਕਾਰੀ ਸਿੱਖ ਧਰਮ ਗ੍ਰੰਥ ਪ੍ਰਤੀ ਜ਼ਰੂਰ ਸੀ। ਏਸੇ ਲਈ ਉਸਨੂੰ ਆਧੁਨਿਕ ਯੁਗ ਵਿਚ ਕਿਸੇ ਇਲਹਾਮ ਦੀ ਸੰਭਾਵਨਾ ਨਾ ਹੋਣ ਦੇ ਬਾਵਜੂਦ ਇਹ ਕਹਿਣਾ ਪਿਆ ਕਿ ਸਿੱਖ ਧਰਮ ਜ਼ਰੂਰ ਇਲਾਹੀ ਬਾਣੀ ਦਾ ਹੱਕਦਾਰ ਹੋ ਸਕਦਾ ਹੈ। ਫਰਿਥਜਾਫ ਸੁਨ ਦੀ ਅੱਗੇ ਲਿਖੀ ਟਿੱਪਣੀ ਇਸਦਾ ਸੰਕੇਤ ਹੈ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ" ਇਕ ਪਵਿੱਤਰ ਧਰਮ ਗ੍ਰੰਥ (Revealed Book) ਹੈ ਅਤੇ ਗੁਰੂ ਦਾ ਸਰੀਰ ਸ਼ਬਦ (Word in flesh) ਹੈ -In fact Islam is the last world religion. As for the Sikh brotherhood, this is an asterism analogous to that of Kabir, the special position of which is explained by the quite exceptional conditions arising from the contiguity of Hinduism and sufism, but here too it is a case of a final possibility. Page 48. Foot note 13."

"ਅਸੀਂ ਏਥੇ ਇਹ ਦਰਸਾਉਣਾ ਚਾਹੁੰਦੇ ਹਾਂ ਕਿ ਫਰਿਥਜਾਫ ਸੁਨ ਨੂੰ ਭਾਵੇਂ ਗੁਰੂਆਂ ਬਾਰੇ ਸਿੱਧੇ ਰੂਪ ਵਿਚ ਨਹੀਂ ਸੀ ਪਤਾ, ਪ੍ਰੰਤੂ ਉਸਨੂੰ ਇਸ ਧਰਤੀ ਉਪਰ ਅਗਲੇ ਧਰਮ, ਅੰਤਮ ਧਰਮ ਦੇ ਸੰਭਵ ਹੋਣ ਪ੍ਰਤੀ ਜੋ ਯਕੀਨ ਹੈ, ਉਸਦਾ ਆਧਾਰ ਕਬੀਰ ਭਗਤ ਨਹੀਂ। ਕਿਉਂਕਿ ਭਗਤ-ਬਾਣੀ ਤਾਂ ਉਨ੍ਹਾਂ ਨੇ ਕਿਤੇ ਵੀ ਰੱਬ ਵਲੋਂ ਆਈ ਸਿੱਧੀ ਬਾਣੀ ਪ੍ਰਵਾਨ ਹੀ ਨਹੀਂ ਕੀਤੀ।

ਇਸਦਾ ਇਕ ਹੋਰ ਹਵਾਲਾ ਏਥੇ ਦੇਣਾ ਉਚਿਤ ਸਮਝਦੇ ਹਾਂ ਤਾਂ ਕਿ ਪਾਠਕ ਦੀ ਭਗਤ-ਬਾਣੀ ਦੇ ਦੈਵੀ ਸਥਾਨ ਪ੍ਰਤੀ ਤਸੱਲੀ ਹੋ ਸਕੇ। ਉਹ ਗੁਰਬਾਣੀ ਅਤੇ ਭਗਤ ਦੀ ਬਾਣੀ ਵਿਚ ਨਿਖੇੜਾ ਕਰਨ ਦੇ ਸਮਰੱਥ ਹੋ ਸਕੇ- Faith is in fact nothing else than the 'bhaktic' mode of knowledge and of intellectual certainty, which means that faith is a passive act of the intelligence, its immediate object being not the truth as such but a symbol of the truth. This symbol will yield up its secrets in proportion to the greatness of the faith, which in its tern will be determined by an attitude of confidence or of emotional certainty, That is to say, by an element of bhakti or love Insofar as faith is a contemplative attitude, its subject is the intelligence, it can therefore be said to constitute a virtual knowledge. But since its mode is passive, it say, by an attitude of the will. The substance of which is precisely confidence and fervor by virtue of which the intelligence will receive spiritual certainties. (ਦੇਖੋ ਸਫਾ 139, 'ਦੀ ਟਰਾਂਸੈਂਡੈਂਟ ਯੂਨਿਟੀ ਆਫ ਰਿਲੀਜਨਜ਼ ਬਾਈ ਫਰਿਥਜਾਫ ਸੁਨ)"

ਗੁਰਤਰਨ ਸਿੰਘ ਦੇ ਪ੍ਰਤੀਪਾਦਿਤ ਫਰਿਥਜਾਫ ਸੁਨ ਦੇ ਉਪਰੋਕਤ ਹਵਾਲਿਆਂ ਦਾ ਸਾਰਾਂਸ਼-

*ਕੁਰਾਨ ਤੋਂ ਬਾਅਦ ਇਲਹਾਮੀ ਗ੍ਰੰਥ ਪੈਦਾ ਨਹੀਂ ਹੋ ਸਕਦਾ।

*ਸਿੱਖ ਧਰਮ ਦੇ ਸੰਸਥਾਪਕ ਭਗਤ, ਕਬੀਰ ਹਨ।

*ਸਿੱਖ ਧਰਮ ਹਿੰਦੂ ਧਰਮ ਅਤੇ ਸੂਫੀਵਾਦ ਦਾ ਮਿਲਗੋਭਾ ਹੈ।

*ਚੈਤੰਨਿਆ ਆਦਿ ਭਗਤਾਂ ਦੀ ਬਾਣੀ ਇਸਾਈ ਸੰਤਾਂ ਵਾਂਗ ਪਿਆਰ ਵਿਚੋਂ ਪੈਦਾ ਹੋਈ ਹੈ, ਰੱਬ ਦੇ ਸਿਧੇ ਸੰਪਰਕ ਵਿਚੋਂ ਨਹੀਂ।

*ਇਲਹਾਮੀ ਭਾਸ਼ਾ ਦੀ ਪਵਿੱਤਰਤਾ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਉਹ ਦੀ ਬੋਲੀ ਰੱਬੀ ਹੋਵੇ ਅਤੇ ਉਸ ਵਿਚ ਕੁਝ ਅਜਿਹੇ ਗ਼ੈਬ ਤੋਂ ਆਏ ਸ਼ਬਦ ਹੋਣ, ਜਿਨ੍ਹਾਂ ਦਾ ਸੰਬੰਧ ਧਰਤੀ ਦੀਆਂ ਭਾਸ਼ਾਵਾਂ ਨਾਲ ਨਾ ਹੋਵੇ।

*ਕੁਰਾਨ ਦੇ ਅਵਤ੍ਰਣ ਤੋਂ ਬਾਅਦ ਰੱਬ ਨੇ ਬੋਲਣਾ ਬੰਦ ਕਰ ਦਿੱਤਾ ਹੈ। ਘਟੋ-ਘਟ ਆਪਣਾ ਆਪਾ ਮਨੁੱਖਤਾ ਉਤੇ ਜ਼ਾਹਿਰ ਕਰਨਾ ਰੋਕ ਦਿੱਤਾ ਹੈ।

*ਕੁਰਾਨ ਤੋਂ ਬਾਅਦ ਕਿਸੇ ਇਲਹਾਮ ਦੀ ਸੰਭਾਵਨਾ ਤਾਂ ਨਹੀਂ, ਪਰ ਕਬੀਰ ਦੁਆਰਾ ਸਥਾਪਿਤ ਸਿੱਖ ਧਰਮ ਇਸ ਦਾ ਹੱਕਦਾਰ ਹੋ ਸਕਦਾ ਹੈ।

*ਸਿੱਖ ਧਰਮ ਵਿਚ ਗੁਰੂ ਦਾ ਸਰੀਰ ਸ਼ਬਦ (Word in flesh) ਹੈ।

*ਭਗਤਾਂ ਦੇ ਵਿਸ਼ਵਾਸ ਦਾ ਆਧਾਰ ਬੌਧਿਕ ਗਿਆਨ ਹੈ। ਇਸ ਵਿਚ ਸੱਚ ਦਾ ਪ੍ਰਕਾਸ਼ ਨਹੀਂ, ਉਸ ਦੀ ਪਰਛਾਈ ਹੈ।

*(ਬਾਕੀ ਅਗਲੇ ਅੰਕ 'ਚ)*

## ਸਫ਼ਰ ਜ਼ਿੰਦਗੀ ਦਾ

# ਨਿੱਕੀਆਂ-ਨਿੱਕੀਆਂ ਅੱਖਾਂ ਵਾਲੀ ਨਰਗਿਸ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਇਹ ਬਹੁਤ ਚੰਗਾ ਹੋਇਆ ਕਿ ਉਸ ਨੇ ਅਦਾਕਾਰੀ ਦੀਆਂ ਮੰਜ਼ਲਾਂ ਹੌਲੀ ਹੌਲੀ ਤੈਅ ਕੀਤੀਆਂ। ਜੇਕਰ ਉਹ ਇਕੋ ਛਾਲ ਵਿਚ ਆਖ਼ਰੀ ਮੰਜ਼ਲ 'ਤੇ ਪੁੱਜ ਜਾਂਦੀ ਤਾਂ ਫਿਲਮਾਂ ਵੇਖਣ ਵਾਲੇ ਸੂਝਵਾਨਾਂ ਨੂੰ ਬੜਾ ਦੁੱਖ ਹੁੰਦਾ।

ਨਰਗਿਸ ਅਜਿਹੇ ਘਰਾਣੇ ਵਿਚ ਪੈਦਾ ਹੋਈ ਸੀ ਕਿ ਅਖੀਰ ਉਹਨੇ ਐਕਟਰਸ ਬਣਨਾ ਈ ਸੀ। ਜੱਦਨ ਬਾਈ ਬੁੱਢੀ ਹੋ ਰਹੀ ਸੀ। ਉਸ ਦੇ ਦੋ ਪੁੱਤਰ ਸਨ। ਪਰ ਉਸ ਦਾ ਸਾਰਾ ਧਿਆਨ ਬੇਬੀ ਨਰਗਿਸ 'ਤੇ ਲੱਗਾ ਰਹਿੰਦਾ। ਉਸ ਦੀ ਸ਼ਕਲ ਆਮ ਜਿਹੀ ਸੀ। ਗਲੇ ਵਿਚ ਸੁਰ ਦੇ ਪੈਦਾ ਹੋਣ ਦੀ ਵੀ ਕੋਈ ਸੰਭਾਵਨਾ ਨਹੀਂ ਸੀ। ਜੱਦਨ ਬਾਈ ਜਾਣਦੀ ਸੀ ਕਿ ਸੁਰ ਉਧਾਰ ਲਿਆ ਜਾ ਸਕਦਾ ਏ ਅਤੇ ਸਾਧਾਰਣ ਸ਼ਕਲ ਸੂਰਤ ਨਾਲ ਵੀ ਦਿਲਕਸ਼ੀ ਪੈਦਾ ਕੀਤੀ ਜਾ ਸਕਦੀ ਏ। ਇਹੀ ਕਾਰਨ ਏ ਕਿ ਉਸ ਨੇ ਜਾਨ ਮਾਰ ਕੇ ਇਸ ਨੂੰ ਪਾਲਿਆ ਪੋਸਿਆ ਅਤੇ ਕੱਚ ਦੇ ਨਾਜ਼ਕ ਤੇ ਮਹੀਨ ਮਹੀਨ ਟੁਕੜੇ ਜੋੜ ਕੇ ਆਪਣਾ ਸੁਪਨਾ ਪੂਰਾ ਕੀਤਾ।

ਜੱਦਨ ਬਾਈ ਉਹਦੀ ਮਾਂ ਸੀ। ਮੋਹਨ ਬਾਬੂ ਸੀ। ਬੇਬੀ ਨਰਗਿਸ ਸੀ। ਉਸ ਦੇ ਦੋ ਭਰਾ ਸਨ।

ਇੰਨੇ ਵੱਡੇ ਟੱਬਰ ਦੀ ਸਾਰੀ ਜ਼ਿੰਮੇਵਾਰੀ ਜੱਦਨ ਬਾਈ ਉਤੇ ਸੀ। ਮੋਹਨ ਬਾਬੂ ਇਕ ਬਹੁਤ ਵੱਡਾ ਰਈਸਜ਼ਾਦਾ ਸੀ। ਉਹ ਜੱਦਨ ਬਾਈ ਦੇ ਗਾਉਣ 'ਤੇ ਅਜਿਹਾ ਮੋਹਤ ਹੋਇਆ ਕਿ ਦੀਨ ਦੁਨੀਆਂ ਦੀ ਹੋਸ਼ ਈ ਨਾ ਰਹੀ। ਖ਼ੂਬਸੂਰਤ ਸੀ। ਧਨ-ਦੌਲਤ ਦੀ ਕੋਈ ਘਾਟ ਨਹੀਂ ਸੀ। ਪੜ੍ਹਿਆ ਲਿਖਿਆ ਤੇ ਸਿਹਤਮੰਦ ਸੀ ਪਰ ਉਸ ਦੀਆਂ ਇਹ ਸਾਰੀਆਂ ਦੌਲਤਾਂ ਜੱਦਨ ਬਾਈ ਦੇ ਦਰ ਦੀਆਂ ਫ਼ਕੀਰ ਬਣ ਗਈਆਂ। ਉਨ੍ਹਾਂ ਦਿਨਾਂ 'ਚ ਜੱਦਨ ਬਾਈ ਦੇ ਨਾਂ ਦਾ ਡੰਕਾ ਵੱਜਦਾ ਸੀ। ਬੜੇ ਬੜੇ ਰਾਜੇ, ਨਵਾਬ ਉਸ ਦੇ ਮੁਜਰਿਆਂ 'ਤੇ ਸੋਨੇ ਚਾਂਦੀ ਦੀ ਵਰਖਾ ਕਰਦੇ ਸਨ। ਜਦੋਂ ਇਹ ਸਭ ਕੁਝ ਖ਼ਤਮ ਹੁੰਦਾ ਤਾਂ ਜੱਦਨ ਬਾਈ ਆਪਣੇ ਮੋਹਨ ਨੂੰ ਛਾਤੀ ਨਾਲ ਲਾ ਲੈਂਦੀ। ਉਹਦੇ ਮੋਹਨ ਕੋਲ ਉਹਦਾ ਦਿਲ ਸੀ। ਮੋਹਨ ਬਾਬੂ ਮਰਦੇ ਦਮ ਤੱਕ ਜੱਦਨ ਬਾਈ ਕੋਲ ਈ ਰਿਹਾ। ਉਹ ਉਸ ਦੀ ਬੜੀ ਇੱਜ਼ਤ ਕਰਦੀ ਸੀ। ਉਹਨੇ ਰਾਜਿਆਂ ਤੇ ਨਵਾਬਾਂ ਦੀ ਦੌਲਤ 'ਚੋਂ ਗਰੀਬਾਂ ਦੇ ਲਹੂ ਦੀ ਬੋਅ ਸੁੰਘ ਲਈ ਸੀ। ਉਸ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਸ ਦਾ ਇਸ਼ਕ ਇਕ-ਪਾਸੜ ਨਹੀਂ ਸੀ। ਉਹ ਮੋਹਨ ਬਾਬੂ ਨਾਲ ਮੁਹੱਬਤ ਕਰਦੀ ਸੀ। ਉਹ ਉਹਦੇ ਬੱਚਿਆਂ ਦਾ ਬਾਪ ਸੀ।

ਮੈਂ ਗੱਲ ਨੂੰ ਕਿਧਰ ਦਾ ਕਿਧਰ ਲੈ ਗਿਆਂ। ਨਰਗਿਸ ਨੇ ਹਰ ਹਾਲਤ 'ਚ ਐਕਟਰਸ ਬਣਨਾ ਸੀ, ਸੋ ਉਹ ਬਣ ਗਈ। ਕਾਮਯਾਬੀ ਦੀ ਸਿਖ਼ਰ ਤੱਕ ਪਹੁੰਚਣ ਦਾ ਰਾਜ਼ ਜਿਥੋਂ ਤਾਈਂ ਮੈਂ ਸਮਝਦਾਂ ਉਸ ਦਾ ਸਾਫ ਹਿਰਦੇ ਵਾਲੀ ਹੋਣਾ ਏ, ਜਿਹੜਾ ਪੈਰ ਪੈਰ 'ਤੇ ਉਹਦੇ ਨਾਲ ਰਿਹਾ।

ਇਕ ਗੱਲ ਜਿਹੜੀ ਮੈਂ ਉਨ੍ਹਾਂ ਮੁਲਾਕਾਤਾਂ ਤੋਂ ਖ਼ਾਸ ਤੌਰ 'ਤੇ ਮਹਿਸੂਸ ਕੀਤੀ ਉਹ ਇਹ ਵੇ ਕਿ ਨਰਗਿਸ ਨੂੰ ਇਸ ਗੱਲ ਦਾ ਅਹਿਸਾਸ ਸੀ, ਜਿਨ੍ਹਾਂ ਕੁੜੀਆਂ ਨੂੰ ਉਹ ਮਿਲਦੀ ਏ, ਉਹ ਵੱਖਰੀ ਕਿਸਮ ਦੀ ਮਿੱਟੀ ਦੀਆਂ ਬਣੀਆਂ ਹੋਈਆਂ ਨੇ। ਉਹ ਉਨ੍ਹਾਂ ਕੋਲ ਆਉਂਦੀ ਸੀ, ਘੰਟਿਆਂ ਬੱਧੀ ਉਨ੍ਹਾਂ ਨਾਲ ਬੜੀਆਂ ਮਾਸੂਮ ਗੱਲਾਂ ਕਰਦੀ ਸੀ, ਪਰ ਉਹਨਾਂ ਨੂੰ ਆਪਣੇ ਘਰ ਬੁਲਾਉਣ 'ਚ ਇਕ ਖ਼ਾਸ ਕਿਸਮ ਦੀ ਝਿਜਕ ਮਹਿਸੂਸ ਕਰਦੀ ਸੀ। ਸ਼ਾਇਦ ਉਹਨੂੰ ਇਹ ਡਰ ਸੀ ਕਿ ਕਿਧਰੇ ਉਹ ਉਸਦੇ ਸੱਦੇ ਨੂੰ ਠੁਕਰਾ ਨਾ ਦੇਣ। ਉਹ ਕਹਿੰਦੀਆਂ ਕਿ ਉਹ ਉਸ ਦੇ ਘਰ ਕਿਸ ਤਰ੍ਹਾਂ ਜਾ ਸਕਦੀਆਂ ਨੇ।

ਇਕ ਦਿਨ ਮੈਂ ਘਰ ਈ ਸੀ ਕਿ ਉਸ ਨੇ ਸਰਸਰੀ ਤੌਰ 'ਤੇ ਆਪਣੀਆਂ ਸਹੇਲੀਆਂ ਨੂੰ ਕਿਹਾ, "ਹੁਣ ਕਦੀ ਤੁਸੀਂ ਵੀ ਮੇਰੇ ਘਰ ਆਉ।" ਇਹ ਸੁਣ ਕੇ ਤਿੰਨੋ ਭੈਣਾਂ ਨੇ ਇਕ ਦੂਜੀ ਵਲ ਹੋਰ ਈ ਤਰ੍ਹਾਂ ਵੇਖਿਆ। ਸ਼ਾਇਦ ਉਹ ਸੋਚ ਰਹੀਆਂ ਸਨ ਕਿ ਅਸੀਂ ਨਰਗਿਸ ਦਾ ਇਹ ਸੱਦਾ ਕਿਸ ਤਰ੍ਹਾਂ ਕਬੂਲ ਕਰ ਸਕਦੀਆਂ ਹਾਂ। ਪ੍ਰੰਤੂ ਮੇਰੀ ਬੀਵੀ ਮੇਰੇ ਵਿਚਾਰਾਂ ਨੂੰ ਜਾਣਦੀ ਸੀ, ਇਸ ਲਈ ਨਰਗਿਸ ਦੇ ਵਾਰ ਵਾਰ ਕਹਿਣ 'ਤੇ ਉਹਦਾ ਸੱਦਾ ਮੰਨ ਲਿਆ ਗਿਆ ਅਤੇ ਮੈਨੂੰ ਦਸੇ ਬਿਨਾ ਉਹਦੇ ਘਰ ਟੁਰ ਗਈਆਂ।

ਨਰਗਿਸ ਨੇ ਆਪਣੀ ਕਾਰ ਭੇਜ ਦਿੱਤੀ ਸੀ। ਜਦੋਂ ਉਹ ਬੰਬਈ ਦੀ ਬਹੁਤ ਖ਼ੂਬਸੂਰਤ ਥਾਂ ਮੈਰਿਨ ਡਰਾਈਵ 'ਤੇ ਪਹੁੰਚੀਆਂ, ਜਿਥੇ ਨਰਗਿਸ ਰਹਿੰਦੀ ਸੀ, ਤਾਂ ਉਹਨਾਂ ਨੇ ਮਹਿਸੂਸ ਕੀਤਾ ਕਿ ਉਹਨਾਂ ਦੇ ਆਉਣ 'ਤੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਨੇ। ਮੋਹਨ ਬਾਬੂ ਅਤੇ ਉਸ ਦੇ ਦੋ ਜਵਾਨ ਪੁੱਤਰਾਂ ਨੂੰ ਘਰ ਦੇ ਅੰਦਰ ਆਉਣ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ, ਕਿਉਂਕਿ ਨਰਗਿਸ ਦੀਆਂ ਸਹੇਲੀਆਂ ਆ ਰਹੀਆਂ ਸਨ। ਮਰਦ ਨੌਕਰਾਂ ਨੂੰ ਵੀ ਉਸ ਕਮਰੇ 'ਚ ਆਉਣ ਦੀ ਆਗਿਆ ਨਹੀਂ ਸੀ, ਜਿਥੇ ਇਹਨਾਂ ਇੱਜ਼ਤਦਾਰ ਮਹਿਮਾਨਾਂ ਨੂੰ ਬਿਠਾਇਆ ਗਿਆ ਸੀ। ਜੱਦਨ ਬਾਈ ਥੋੜ੍ਹਾ ਚਿਰ ਰਸਮੀ ਤੌਰ 'ਤੇ ਇਨ੍ਹਾਂ ਕੋਲ ਬੈਠ ਕੇ ਅੰਦਰ ਚਲੀ ਗਈ। ਉਹਨਾਂ ਦੀਆਂ ਮਾਸੂਮ ਗੱਲਾਂ ਵਿਚ ਰੁਕਾਵਟ ਨਹੀਂ ਸੀ ਬਣਨਾ ਚਾਹੁੰਦੀ।

ਤਿੰਨਾਂ ਭੈਣਾਂ ਦਾ ਕਹਿਣਾ ਏ ਕਿ ਨਰਗਿਸ ਉਹਨਾਂ ਦੇ ਆਉਣ 'ਤੇ ਏਨੀ ਖ਼ੁਸ਼ ਸੀ ਕਿ ਵਾਰ ਵਾਰ ਘਬਰਾ ਜਿਹੀ ਜਾਂਦੀ ਸੀ। ਆਪਣੀਆਂ ਸਹੇਲੀਆਂ ਦੀ ਖ਼ਾਤਰਦਾਰੀ ਵਿਚ ਉਹਨੇ ਬੜੇ ਉਤਸ਼ਾਹ ਦਾ ਪ੍ਰਗਟਾਵਾ ਕੀਤਾ ਸੀ। ਉਥੇ ਕੋਲ ਹੀ ਡੇਅਰੀ ਸੀ। ਉਸ ਦੇ 'ਮਿਲਕ ਸ਼ੇਕ' ਬਹੁਤ ਮਸ਼ਹੂਰ ਸਨ। ਕਾਰ 'ਚ ਜਾ ਕੇ ਨਰਗਿਸ ਆਪ ਇਹ ਮਿਲਕ ਸ਼ੇਕ ਤਿਆਰ ਕਰਵਾ ਕੇ ਲਿਆਈ। ਉਹ ਇਹ ਕੰਮ ਨੌਕਰਾਂ ਕੋਲੋਂ ਨਹੀਂ ਕਰਵਾਉਣਾ ਚਾਹੁੰਦੀ ਸੀ, ਕਿਉਂਕਿ ਇਸ ਤਰ੍ਹਾਂ ਉਹਨਾਂ ਦੇ ਅੰਦਰ ਆਉਣ ਦੀ ਸੰਭਾਵਨਾ ਸੀ।

ਆਓ-ਭਗਤ ਦੇ ਇਸ ਜੋਸ਼ ਵਿਚ ਨਰਗਿਸ ਨੇ ਆਪਣੇ ਨਵੇਂ ਸੈੱਟ ਦਾ ਗਲਾਸ ਤੋੜ ਦਿੱਤਾ। ਮਹਿਮਾਨਾਂ ਨੇ ਦੁੱਖ ਦਾ ਇਜ਼ਹਾਰ ਕੀਤਾ ਤਾਂ ਨਰਗਿਸ ਨੇ ਕਿਹਾ, "ਕੋਈ ਗੱਲ ਨਹੀਂ। ਬੀਬੀ ਗੁੱਸੇ ਹੋਵੇਗੀ ਤਾਂ ਡੈਡੀ ਉਸ ਨੂੰ ਚੁੱਪ ਕਰਾ ਦੇਣਗੇ ਅਤੇ ਗੱਲ ਰਫ਼ਾ ਦਫ਼ਾ ਹੋ ਜਾਵੇਗੀ।"

ਮੋਹਨ ਬਾਬੂ ਨੂੰ ਨਰਗਿਸ ਨਾਲ ਅਤੇ ਨਰਗਿਸ ਨੂੰ ਮੋਹਨ ਬਾਬੂ ਨਾਲ ਬਹੁਤ ਮੋਹ ਸੀ।

'ਮਿਲਕ ਸ਼ੇਕ' ਪਿਲਾਉਣ ਤੋਂ ਮਗਰੋਂ ਨਰਗਿਸ ਨੇ ਮਹਿਮਾਨਾਂ ਨੂੰ ਆਪਣੀ ਐਲਬਮ ਦਿਖਾਈ, ਜਿਸ ਵਿਚ ਵੱਖ ਵੱਖ ਫਿਲਮਾਂ ਦੇ ਉਹਦੇ ਪੋਜ਼ ਸਨ। ਉਸ ਨਰਗਿਸ ਵਿਚ, ਜਿਹੜੀ ਉਹਨਾਂ ਨੂੰ ਇਹ ਫੋਟੋ ਦਿਖਾ ਰਹੀ ਸੀ ਅਤੇ ਉਹ ਨਰਗਿਸ ਜਿਹੜੀ ਉਹਨਾਂ ਤਸਵੀਰਾਂ ਵਿਚ ਮੌਜੂਦ ਸੀ, ਕਿੰਨਾ ਫਰਕ ਸੀ। ਤਿੰਨੇ ਭੈਣਾਂ ਕਦੀ ਉਸ ਵਲ ਵੇਖਦੀਆਂ ਅਤੇ ਕਦੀ ਐਲਬਮ ਵਲ। ਉਹ ਆਪਣੀ ਹੈਰਾਨੀ ਦਾ ਪ੍ਰਗਟਾਵਾ ਇਸ ਤਰ੍ਹਾਂ ਕਰਦੀਆਂ, "ਨਰਗਿਸ-ਤੂੰ ਇਹ ਨਰਗਿਸ ਕਿਸ ਤਰ੍ਹਾਂ ਬਣ ਜਾਂਦੀ ਏਂ?"

ਇਹ ਸੁਣ ਕੇ ਨਰਗਿਸ ਮੁਸਕਰਾ ਪੈਂਦੀ।

ਮੇਰੀ ਬੀਵੀ ਨੇ ਦੱਸਿਆ ਕਿ ਘਰ 'ਚ ਨਰਗਿਸ ਦੀ ਹਰ ਹਰਕਤ, ਹਰ ਅਦਾ ਵਿਚ ਅੱਲ੍ਹੜਪਣ ਸੀ। ਉਸ ਵਿਚ ਸ਼ੋਖ਼ੀ ਤੇ ਤਿੱਖਾਪਣ ਨਹੀਂ ਸੀ, ਜਿਹੜਾ ਪਰਦੇ ਉਤੇ ਨਜ਼ਰ ਆਉਂਦਾ ਏ। ਉਹ ਬਹੁਤ ਈ ਘਰੇਲੂ ਕਿਸਮ ਦੀ ਕੁੜੀ ਸੀ। ਮੈਂ ਆਪ ਵੀ ਇਹੋ ਮਹਿਸੂਸ ਕੀਤਾ ਸੀ, ਪਰ ਪਤਾ ਨਹੀਂ ਕਿਉਂ ਮੈਨੂੰ ਉਸ ਦੀਆਂ ਨਿੱਕੀਆਂ ਨਿੱਕੀਆਂ ਅੱਖਾਂ 'ਚੋਂ ਇਕ ਅਜੀਬ ਕਿਸਮ ਦੀ ਅਦਾ ਨਜ਼ਰ ਆਉਂਦੀ ਸੀ।

ਇਹ ਗੱਲ ਤੈਅ ਸੀ ਕਿ ਪ੍ਰਸਿੱਧੀ ਦੀ ਜਿਹੜੀ ਮੰਜ਼ਲ 'ਤੇ ਨਰਗਿਸ ਨੇ ਪਹੁੰਚਣਾ ਸੀ, ਉਹ ਬਹੁਤ ਦੂਰ ਨਹੀਂ ਸੀ। ਤਕਦੀਰ ਆਪਣਾ ਫੈਸਲਾ ਉਹਦੇ ਹੱਕ 'ਚ ਕਰ ਚੁੱਕੀ ਸੀ, ਪਰ ਫਿਰ ਵੀ ਉਹ ਉਦਾਸ ਕਿਉਂ ਸੀ? ਕੀ ਉਹ ਆਪਣੇ ਮਨ ਵਿਚ ਇਹ ਮਹਿਸੂਸ ਤਾਂ ਨਹੀਂ ਸੀ ਕਰ ਰਹੀ ਕਿ ਇਸ਼ਕ-ਮੁਹੱਬਤ ਦਾ ਇਹ ਬਨਾਵਟੀ ਖੇਲ ਖੇਡਦੀ ਹੋਈ ਇਕ ਦਿਨ ਉਹ ਕਿਸੇ ਅਜਿਹੇ ਰੇਗਿਸਤਾਨ ਵਿਚ ਨਿਕਲ ਜਾਵੇਗੀ, ਜਿਥੇ ਭੁਲੇਖੇ ਹੀ ਭੁਲੇਖੇ ਹੋਣਗੇ।

ਇੰਨੇ ਸਾਲ ਬੀਤ ਜਾਣ ਮਗਰੋਂ ਹੁਣ ਮੈਂ ਉਸ ਨੂੰ ਪਰਦੇ 'ਤੇ ਦੇਖਦਾ ਹਾਂ ਤਾਂ ਮੈਨੂੰ ਉਹਦੀ ਉਦਾਸੀ ਕੁਝ ਸੁਸਤ ਨਜ਼ਰ ਆਉਂਦੀ ਏ। ਪਹਿਲਾਂ ਉਸ ਵਿਚ ਇਕ ਤਲਾਸ਼ ਸੀ। ਹੁਣ ਇਹ ਤਲਾਸ਼ ਵੀ ਉਦਾਸ ਏ। ਕਿਉਂ? ਇਹਦਾ ਜਵਾਬ ਨਰਗਿਸ ਈ ਦੇ ਸਕਦੀ ਏ।

ਤਿੰਨੇ ਭੈਣਾਂ ਚੋਰੀ ਚੋਰੀ ਨਰਗਿਸ ਦੇ ਘਰ ਗਈਆਂ ਸਨ। ਇਸ ਲਈ ਉਹ ਬਹੁਤਾ ਚਿਰ ਉਥੇ ਨਾ ਰਹਿ ਸਕੀਆਂ। ਨਿੱਕੀਆਂ ਦੋਹਾਂ ਨੂੰ ਇਹ ਡਰ ਸੀ ਕਿ ਕਿਧਰੇ ਮੈਨੂੰ ਇਸ ਦਾ ਪਤਾ ਨਾ ਲੱਗ ਜਾਏ। ਇਸ ਲਈ ਉਹ ਛੇਤੀ ਘਰ ਆ ਗਈਆਂ।

ਨਰਗਿਸ ਬਾਰੇ ਉਹ ਜਦੋਂ ਵੀ ਗੱਲ ਕਰਦੀਆਂ ਘੁੰਮਾ ਫਿਰਾ ਕੇ ਉਸ ਦੇ ਵਿਆਹ ਦੀ ਗੱਲ 'ਤੇ ਆ ਜਾਂਦੀਆਂ। ਨਿੱਕੀਆਂ ਦੋਹਾਂ ਨੂੰ ਇਹ

**ਸਆਦਤ ਹਸਨ ਮੰਟੋ**

ਜਾਣਨ ਦੀ ਇੱਛਾ ਸੀ ਕਿ ਉਹ ਕਦੋਂ ਅਤੇ ਕਿਥੇ ਵਿਆਹ ਕਰੇਗੀ? ਵੱਡੀ ਜਿਸ ਦੇ ਵਿਆਹ ਨੂੰ ਪੰਜ ਸਾਲ ਹੋ ਚੁੱਕੇ ਸਨ, ਇਹ ਸੋਚਦੀ ਸੀ ਕਿ ਵਿਆਹ ਤੋਂ ਮਗਰੋਂ ਉਹ ਮਾਂ ਕਿਸ ਤਰ੍ਹਾਂ ਬਣੇਗੀ।

ਕੁਝ ਚਿਰ ਤੱਕ ਮੇਰੀ ਪਤਨੀ ਨੇ ਨਰਗਿਸ ਨਾਲ ਇਸ ਲੁਕਵੀਂ ਮੁਲਾਕਾਤ ਦਾ ਹਾਲ ਛੁਪਾਈ ਰੱਖਿਆ। ਆਖ਼ਰ ਇਕ ਦਿਨ ਦੱਸ ਦਿੱਤਾ। ਮੈਂ ਬਨਾਉਟੀ ਗੁੱਸੇ ਦਾ ਇਜ਼ਹਾਰ ਕੀਤਾ ਤਾਂ ਉਸ ਨੇ ਸੱਚੀ-ਮੁੱਚੀ ਦਾ ਸਮਝ ਕੇ ਖ਼ਿਮਾਂ ਮੰਗੀ ਅਤੇ ਕਿਹਾ, "ਸੱਚੀਂ, ਸਾਡੇ ਕੋਲੋਂ ਗਲਤੀ ਹੋ ਗਈ, ਪਰ ਰੱਬ ਦਾ ਵਾਸਤਾ ਜੇ ਹੁਣ ਤੁਸੀਂ ਇਸ ਬਾਰੇ ਕਿਸੇ ਨਾਲ ਗੱਲ ਨਾ ਕਰਿਆ ਜੇ।"

ਉਹ ਚਾਹੁੰਦੀ ਸੀ ਕਿ ਇਹ ਗੱਲ ਮੇਰੇ ਤੱਕ ਹੀ ਸੀਮਤ ਰਹੇ। ਇਕ ਐਕਟਰਸ ਦੇ ਘਰ ਜਾਣਾ ਤਿੰਨਾਂ ਭੈਣਾਂ ਵਾਸਤੇ ਇਕ ਦੋਸ਼ ਵਾਲੀ ਘਟਨਾ ਸੀ। ਉਹ ਆਪਣੀ ਇਸ 'ਹਰਕਤ' ਨੂੰ ਛੁਪਾਉਣਾ ਚਾਹੁੰਦੀਆਂ ਸਨ। ਜਿਥੋਂ ਤੱਕ ਮੈਨੂੰ ਪਤਾ ਏ ਕਿ ਉਹਨਾਂ ਇਸ ਗੱਲ ਦਾ ਜ਼ਿਕਰ ਆਪਣੀ ਮਾਂ ਨਾਲ ਵੀ ਨਹੀਂ ਸੀ ਕੀਤਾ, ਭਾਵੇਂ ਉਹ ਪੁਰਾਣੇ ਖਿਆਲਾਂ ਦੀ ਨਹੀਂ ਸੀ। ਇਸ ਲੇਖ ਦੇ ਸ਼ੁਰੂ ਵਿਚ ਮੈਂ ਇਕ ਖ਼ਤ ਦਾ ਕੁਝ ਹਿੱਸਾ ਨਕਲ ਕੀਤਾ ਏ, ਜਿਹੜਾ ਮੈਨੂੰ ਤਸਨੀਮ ਸਲੀਮ ਨੇ ਲਿਖਿਆ ਸੀ, ਜਿਸ ਤੋਂ ਸਾਰੀ ਗੱਲ ਤੁਰੀ ਸੀ।

ਮੈਨੂੰ ਨਰਗਿਸ ਦੇ ਘਰ ਜਾ ਕੇ ਮਿਲਣ ਦੀ ਖ਼ਾਹਿਸ਼ ਸੀ। ਇਸ ਲਈ ਮੈਂ ਕੰਮ 'ਚ ਰੁੱਝਾ ਹੋਣ ਦੇ ਬਾਵਜੂਦ ਸਲੀਮ ਅਤੇ ਉਸ ਦੇ ਸਾਥੀਆਂ ਨੂੰ ਨਾਲ ਲੈ ਕੇ ਮੈਰਿਨ ਡਰਾਈਵ ਵਲ ਤੁਰ ਪਿਆ।

ਚਾਹੀਦਾ ਤਾਂ ਇਹ ਸੀ ਕਿ ਮੈਂ ਫੋਨ ਕਰਕੇ ਜੱਦਨ ਬਾਈ ਨੂੰ ਇਹਦੇ ਬਾਰੇ ਦੱਸਦਾ, ਪਰ ਮੈਂ ਆਮ ਜ਼ਿੰਦਗੀ ਵਿਚ ਅਜਿਹੇ ਉਚੇਚ ਦਾ ਕਾਇਲ ਨਹੀਂ, ਇਸ ਲਈ ਬਿਨਾ ਖ਼ਬਰ ਕੀਤੇ ਹੀ ਉਥੇ ਪਹੁੰਚ ਗਿਆ। ਜੱਦਨ ਬਾਈ ਵਰਾਂਡੇ 'ਚ ਬੈਠੀ ਸੁਪਾਰੀ ਕੁਤਰ ਰਹੀ ਸੀ। ਮੈਨੂੰ ਵੇਖ ਕੇ ਉੱਚੀ ਸਾਰੀ ਕਿਹਾ, "ਓ ਮੰਟੋ...ਆ ਬਈ ਆ।" ਫਿਰ ਨਰਗਿਸ ਨੂੰ 'ਵਾਜ ਮਾਰੀ, "ਬੇਬੀ, ਤੇਰੀਆਂ ਸਹੇਲੀਆਂ ਆਈਆਂ ਨੇ।"

ਮੈਂ ਉਹਦੇ ਨੇੜੇ ਹੋ ਕੇ ਉਹਨੂੰ ਦੱਸਿਆ ਕਿ ਮੇਰੇ ਨਾਲ ਸਹੇਲੀਆਂ ਨਹੀਂ, ਸਹੇਲੇ ਨੇ। ਜਦੋਂ ਮੈਂ ਨਵਾਬ ਛਤਾਰੀ ਦੇ ਦਾਮਾਦ ਦਾ ਜ਼ਿਕਰ ਕੀਤਾ ਤਾਂ ਉਹਦਾ ਲਹਿਜਾ ਬਦਲ ਗਿਆ, "ਬੁਲਾ ਲੈ ਉਨ੍ਹਾਂ ਨੂੰ।" ਨਰਗਿਸ ਦੌੜੀ ਦੌੜੀ ਆਈ ਤਾਂ ਉਸ ਕਿਹਾ, "ਤੂੰ ਅੰਦਰ ਜਾ ਬੇਬੀ। ਮੰਟੋ ਸਾਹਿਬ ਦੇ ਦੋਸਤ ਆਏ ਨੇ।"

ਜੱਦਨ ਬਾਈ ਨੇ ਮੇਰੇ ਦੋਸਤਾਂ ਦਾ ਸਵਾਗਤ ਕੁਝ ਇਸ ਤਰ੍ਹਾਂ ਕੀਤਾ, ਜਿਵੇਂ ਉਹ ਮਕਾਨ ਵੇਖਣ ਅਤੇ ਪਸੰਦ ਕਰਨ ਆਏ ਹੋਣ। ਮੇਰੇ ਨਾਲ ਜਿਹੜੀ ਖ਼ਾਸ ਬੇਤਕੱਲਫ਼ੀ ਸੀ, ਉਹ ਗਾਇਬ ਹੋ ਗਈ। 'ਬੈਠੋ' - 'ਤਸ਼ਰੀਫ਼ ਰੱਖੀਏ' ਵਿਚ ਬਦਲ ਗਈ। ਕੀ ਪੀਓਗੇ? 'ਤੂੰ' ਤੁਸੀਂ ਹੋ ਗਿਆ। ਮੈਂ ਆਪਣੇ ਆਪ ਨੂੰ ਉੱਲੂ ਬਣਿਆ ਮਹਿਸੂਸ ਕੀਤਾ।

ਮੈਂ ਆਪਣਾ ਅਤੇ ਆਪਣੇ ਦੋਸਤਾਂ ਦੇ ਆਉਣ ਦਾ ਕਾਰਨ ਦੱਸਿਆ ਤਾਂ ਜੱਦਨ ਬਾਈ ਨੇ ਬਨਾਉਟੀ ਅੰਦਾਜ਼ ਵਿਚ ਮੇਰੇ ਵਲ ਨਿਗ੍ਹਾ ਕਰਕੇ ਮੇਰੇ ਸਾਥੀਆਂ ਨੂੰ ਕਿਹਾ, "ਬੇਬੀ ਨੂੰ ਮਿਲਣਾ ਚਾਹੁੰਦੇ ਹੋ...ਕੀ ਦੱਸਾਂ, ਕਈ ਦਿਨਾਂ ਤੋਂ ਵਿਚਾਰੀ ਦੀ ਤਬੀਅਤ ਠੀਕ ਨਹੀਂ। ਦਿਨ ਰਾਤ ਦੀ ਸ਼ੂਟਿੰਗ ਨੇ ਉਹਨੂੰ ਸੁਸਤ ਕਰ ਦਿੱਤਾ ਏ। ਬਹੁਤ ਰੋਕਦੀ ਹਾਂ ਕਿ ਇਕ ਦਿਨ ਆਰਾਮ ਕਰ ਲੈ, ਪਰ ਮੇਰੀ ਗੱਲ ਸੁਣਦੀ ਈ ਨਹੀਂ। ਮਹਿਬੂਬ ਨੇ ਵੀ ਕਿਹਾ ਕਿ ਬੇਟਾ ਕੋਈ ਹਰਜ਼ ਨਹੀਂ ਤੂੰ ਰੈਸਟ ਕਰ ਲੈ, ਮੈਂ ਸ਼ੂਟਿੰਗ ਬੰਦ ਕਰ ਦਿੰਦਾ ਹਾਂ, ਪਰ ਨਹੀਂ ਮੰਨੀ... ਅੱਜ ਮੈਂ ਜ਼ਬਰਦਸਤੀ ਰੋਕ ਲਿਆ... ਜ਼ੁਕਾਮ ਨਾਲ ਵਿਚਾਰੀ ਦਾ ਬੁਰਾ ਹਾਲ ਏ।" ਇਹ ਸੁਣ ਕੇ ਮੇਰੇ ਦੋਸਤਾਂ ਨੂੰ ਨਿਰਾਸ਼ਾ ਹੋਈ। ਜੱਦਨ ਬਾਈ ਏਧਰ-ਉਧਰ ਦੀਆਂ ਗੱਲਾਂ ਕਰੀ ਜਾਂਦੀ ਸੀ। ਮੈਨੂੰ ਪਤਾ ਸੀ ਕਿ ਨਰਗਿਸ ਦੀ ਬਿਮਾਰੀ ਦਾ ਤਾਂ ਇਕ ਬਹਾਨਾ ਈ ਸੀ। ਮੈਂ ਜੱਦਨ ਬਾਈ ਨੂੰ ਕਿਹਾ, "ਬੇਬੀ ਨੂੰ ਤਕਲੀਫ ਤਾਂ ਹੋਵੇਗੀ, ਪਰ ਇਹ ਇੰਨੀ ਦੂਰੋਂ ਆਏ ਨੇ, ਜ਼ਰਾ ਬੁਲਾ ਦਿਓ।" ਤਿੰਨ ਚਾਰ ਵਾਰੀ ਅੰਦਰ ਅਖਵਾਇਆ ਤਾਂ ਜਾ ਕੇ ਨਰਗਿਸ ਆਈ। ਸਾਰਿਆਂ ਨੇ ਉੱਠ ਕੇ ਆਦਰ ਨਾਲ ਉਹਨੂੰ ਸਲਾਮ ਕੀਤਾ। ਮੈਂ ਬੈਠਾ ਰਿਹਾ। ਨਰਗਿਸ ਦੇ ਆਉਣ ਦਾ ਅੰਦਾਜ਼ ਫਿਲਮੀ ਸੀ। ਸਲਾਮ ਦਾ ਜਵਾਬ ਦੇਣਾ ਵੀ ਫਿਲਮੀ ਸੀ। ਉਹਦਾ ਉੱਠਣਾ ਬੈਠਣਾ ਫਿਲਮੀ ਸੀ। ਉਹਦੀ ਗੱਲਬਾਤ ਦਾ ਲਹਿਜਾ ਵੀ ਫਿਲਮੀ ਸੀ, ਜਿਵੇਂ ਸੈੱਟ 'ਤੇ ਬੋਲ ਰਹੀ ਹੋਵੇ।

ਮੇਰੇ ਸਾਥੀਆਂ ਦੇ ਸਵਾਲ ਜਵਾਬ ਵੀ ਨਵਾਬੀ ਕਿਸਮ ਦੇ ਊਟ-ਪਟਾਂਗ ਸੀ। "ਤੁਹਾਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ।" "ਹਾਂ ਜੀ, ਅੱਜ ਹੀ ਬੰਬਈ ਪਹੁੰਚੇ ਹਾਂ।" "ਕੱਲ੍ਹ ਪਰਸੋਂ ਵਾਪਸ ਚਲੇ ਜਾਵਾਂਗੇ।" "ਖ਼ੁਦਾ ਦੀ ਮਿਹਰ ਨਾਲ ਇਸ ਵੇਲੇ ਤੁਸੀਂ ਹਿੰਦੋਸਤਾਨ ਦੀ ਚੋਟੀ ਦੀ ਐਕਟਰਸ ਹੋ।" "ਤੁਹਾਡੀ ਹਰ ਫਿਲਮ ਦਾ ਅਸੀਂ ਪਹਿਲਾ ਸ਼ੋਅ ਵੇਖਿਆ ਏ।" "ਇਹ ਤਸਵੀਰ ਜਿਹੜੀ ਤੁਸੀਂ ਦਿੱਤੀ ਏ, ਇਹ ਮੈਂ ਆਪਣੀ ਐਲਬਮ ਵਿਚ ਲਗਾਵਾਂਗਾ।" ਇਸ ਦੌਰਾਨ ਮੋਹਨ ਬਾਬੂ ਵੀ ਆ ਗਏ, ਪਰ ਉਹ ਚੁੱਪ ਬੈਠੇ ਰਹੇ। ਆਪਣੀਆਂ ਖ਼ੂਬਸੂਰਤ ਅੱਖਾਂ ਘੁੰਮਾ ਕੇ ਕਦੀ ਕਦੀ ਸਾਨੂੰ ਸਾਰਿਆਂ ਨੂੰ ਵੇਖ ਲੈਂਦੇ ਅਤੇ ਫਿਰ ਰੱਬ ਜਾਣੇ ਕਿਹੜੀ ਸੋਚ 'ਚ ਡੁੱਬ ਜਾਂਦੇ। ਸਭ ਤੋਂ ਜ਼ਿਆਦਾ ਗੱਲਾਂ ਜੱਦਨ ਬਾਈ ਨੇ ਕੀਤੀਆਂ। ਉਸ ਨੇ ਮੁਲਾਕਾਤੀਆਂ ਨੂੰ ਸਪੱਸ਼ਟ ਕਰ ਦਿੱਤਾ ਕਿ ਉਹ ਹਿੰਦੋਸਤਾਨ ਦੇ ਹਰੇਕ ਰਾਜੇ, ਹਰੇਕ ਨਵਾਬ ਨੂੰ ਅੰਦਰੋਂ ਬਾਹਰੋਂ ਚੰਗੀ ਤਰ੍ਹਾਂ ਜਾਣਦੀ ਏ। ਇਹ ਮੁਲਾਕਾਤ ਬੜੀ ਫਿਕੀ ਰਹੀ। ਮੇਰੇ ਸਾਥੀ ਮੇਰੀ ਮੌਜੂਦਗੀ ਵਿਚ ਖੁੱਲ੍ਹ ਕੇ ਮੂਰਖਾਂ ਵਰਗੀਆਂ ਗੱਲਾਂ ਨਹੀਂ ਕਰ ਸਕੇ ਸਨ। ਮੈਂ ਵੀ ਉਹਨਾਂ ਦੀ ਮੌਜੂਦਗੀ ਕਰਕੇ ਘੁਟਨ ਜਿਹੀ ਮਹਿਸੂਸ ਕਰਦਾ ਰਿਹਾ। ਪਰ ਨਰਗਿਸ ਦਾ ਦੂਜਾ ਰੂਪ ਵੇਖਣਾ ਵੀ ਦਿਲਚਸਪ ਸੀ। ਸਲੀਮ ਆਪਣੇ ਦੋਸਤਾਂ ਨਾਲ ਦੂਜੇ ਦਿਨ ਫਿਰ ਨਰਗਿਸ ਦੇ ਘਰ ਗਿਆ। ਉਹਨਾਂ ਨੇ ਇਸ ਬਾਰੇ ਮੈਨੂੰ ਨਾ ਦੱਸਿਆ। ਮੇਰਾ ਖਿਆਲ ਏ ਕਿ ਇਸ ਮੁਲਾਕਾਤ ਦਾ ਰੰਗ ਕੁਝ ਹੋਰ ਈ ਹੋਵੇਗਾ।

ਨਰਗਿਸ ਦਾ ਇਕ ਹੋਰ ਦਿਲਚਸਪ ਅੰਦਾਜ਼ ਮੈਂ ਉਸ ਵੇਲੇ ਵੇਖਿਆ, ਜਦੋਂ ਅਸ਼ੋਕ ਕੁਮਾਰ ਮੇਰੇ ਨਾਲ ਸੀ। ਜੱਦਨ ਬਾਈ ਕੋਈ ਫਿਲਮ ਬਣਾਉਣ ਦਾ ਵਿਚਾਰ ਬਣਾ ਰਹੀ ਸੀ। ਉਸ ਦੀ ਇੱਛਾ ਸੀ ਕਿ ਅਸ਼ੋਕ ਕੁਮਾਰ ਉਹਦਾ ਹੀਰੋ ਹੋਵੇ। ਅਸ਼ੋਕ ਕੁਮਾਰ ਇਕੱਲਾ ਜਾਣ ਤੋਂ ਘਬਰਾਉਂਦਾ ਸੀ, ਇਸ ਲਈ ਉਹ ਮੈਨੂੰ ਨਾਲ ਲੈ ਗਿਆ।

ਗੱਲਬਾਤ ਦੌਰਾਨ ਕਈ ਨੁਕਤੇ ਉਭਰੇ। ਕਾਰੋਬਾਰੀ ਨੁਕਤੇ, ਦੋਸਤਾਨਾ ਨੁਕਤੇ, ਖ਼ੁਸ਼ਾਮਦੀ ਨੁਕਤੇ। ਜੱਦਨ ਬਾਈ ਦਾ ਅੰਦਾਜ਼ ਕਦੀ ਬਜ਼ੁਰਗਾਂ ਵਰਗਾ ਹੁੰਦਾ, ਕਦੀ ਹਮ-ਉਮਰ ਵਾਲਾ। ਉਹ ਕਦੀ ਪ੍ਰੋਡਿਊਸਰ ਬਣ ਜਾਂਦੀ, ਕਦੀ ਨਰਗਿਸ ਦੀ ਮਾਂ। ਮੋਹਨ ਬਾਬੂ ਤੋਂ ਕਦੀ ਕਦੀ ਹਾਂ 'ਚ ਹਾਂ ਮਿਲ ਜਾਂਦੀ।

ਲੱਖਾਂ ਰੁਪਈਆਂ ਦਾ ਜ਼ਿਕਰ ਆਇਆ। ਸਭ ਦਾ ਹਿਸਾਬ ਉਂਗਲਾਂ 'ਤੇ ਗਿਣਾਇਆ ਗਿਆ। ਨਰਗਿਸ ਦਾ ਅੰਦਾਜ਼ ਇਹ ਸੀ ਕਿ ਵੇਖ ਅਸ਼ੋਕ, ਮੈਂ ਮੰਨਦੀ ਹਾਂ ਕਿ ਤੂੰ ਇਕ ਹੰਢਿਆ ਹੋਇਆ ਐਕਟਰ ਏਂ, ਤੇਰੀ ਧਾਂਕ ਬੈਠੀ ਹੋਈ ਏ, ਪਰ ਮੈਂ ਵੀ ਕਿਸੇ ਤਰ੍ਹਾਂ ਘੱਟ ਨਹੀਂ। ਤੂੰ ਮੰਨ ਜਾਏਂਗਾ ਕਿ ਅਦਾਕਾਰੀ 'ਚ ਮੈਂ ਤੇਰਾ ਮੁਕਾਬਲਾ ਕਰ ਸਕਦੀ ਹਾਂ। ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਇਸੇ ਨੁਕਤੇ 'ਤੇ ਖੜ੍ਹੀਆਂ ਸਨ। ਇਸ ਤੋਂ ਛੁੱਟ ਕਦੀ ਕਦੀ ਉਸ ਦੇ ਅੰਦਰ ਔਰਤ ਵੀ ਜਾਗ ਪੈਂਦੀ ਸੀ। ਉਸ ਵੇਲੇ ਉਹ ਅਸ਼ੋਕ ਨੂੰ ਇਹ ਕਹਿੰਦੀ, "ਤੇਰੇ 'ਤੇ ਹਜ਼ਾਰਾਂ ਕੁੜੀਆਂ ਮਰਦੀਆਂ ਨੇ, ਪਰ ਮੈਂ ਇਸ ਨੂੰ ਕੀ ਸਮਝਦੀ ਹਾਂ। ਮੇਰੇ ਵੀ ਹਜ਼ਾਰਾਂ ਚਾਹੁਣ ਵਾਲੇ ਮੌਜੂਦ ਨੇ। ਜੇਕਰ ਯਕੀਨ ਨਹੀਂ ਤਾਂ ਕਿਸੇ ਮਰਦ ਤੋਂ ਪੁੱਛ ਲਓ। ਹੋ ਸਕਦਾ ਏ ਤੂੰ ਈ ਮੇਰੇ 'ਤੇ ਮਰਨਾ ਸ਼ੁਰੂ ਕਰ ਦੇਵੇਂ।"

ਜੱਦਨ ਬਾਈ ਵਿਚਲਾ ਰਾਹ ਲੱਭਦੀ ਤੇ ਕਹਿੰਦੀ ਕਿ ਨਹੀਂ ਅਸ਼ੋਕ ਤੇਰੇ ਅਤੇ ਬੇਬੀ ਦੋਹਾਂ 'ਤੇ ਦੁਨੀਆਂ ਮਰਦੀ ਏ। ਇਸ ਲਈ ਮੈਂ ਚਾਹੁੰਦੀ ਹਾਂ ਕਿ ਤੁਹਾਨੂੰ ਦੋਹਾਂ ਨੂੰ ਇਕੱਠਿਆਂ ਪੇਸ਼ ਕਰਾਂ ਤਾਂ ਕਿ ਇਕ ਕਤਲੇਆਮ ਹੋਵੇ ਅਤੇ ਅਸੀਂ ਸਭ ਉਸ ਦਾ ਲਾਭ ਉਠਾਈਏ।

ਕਦੀ ਉਹ ਇਕ ਹੋਰ ਅੰਦਾਜ਼ ਵਿਚ ਬੋਲਦੀ ਅਤੇ ਮੈਨੂੰ ਕਹਿੰਦੀ, "ਮੰਟੋ, ਅਸ਼ੋਕ ਇੰਨਾ ਵੱਡਾ ਐਕਟਰ ਬਣ ਗਿਆ ਏ, ਪਰ ਸਹੁੰ ਰੱਬ ਦੀ ਇਹ ਬਹੁਤ ਹੀ ਨੇਕ ਬੰਦਾ ਏ। ਬੜਾ ਘੱਟ ਬੋਲਦਾ ਏ, ਬਹੁਤ ਈ ਸ਼ਰਮਾਕਲ ਏ। ਮੈਂ ਜਿਹੜੀ ਫਿਲਮ ਸ਼ੁਰੂ ਕਰ ਰਹੀ ਹਾਂ, ਉਸ 'ਚ ਅਸ਼ੋਕ ਲਈ ਖ਼ਾਸ ਤੌਰ 'ਤੇ ਕਰੈਕਟਰ ਲਿਖਵਾਇਆ ਏ। ਤੂੰ ਸੁਣੇਂਗਾ ਤਾਂ ਖ਼ੁਸ਼ ਹੋ ਜਾਏਂਗਾ।"

ਮੈਂ ਇਹ ਕਰੈਕਟਰ ਸੁਣੇ ਬਿਨਾ ਈ ਖ਼ੁਸ਼ ਸੀ, ਕਿਉਂਕਿ ਜੱਦਨ ਬਾਈ ਦਾ ਆਪਣਾ ਕਰੈਕਟਰ ਬੜਾ ਰੋਚਕ ਸੀ ਅਤੇ ਨਰਗਿਸ ਜਿਹੜਾ ਰੋਲ ਅਦਾ ਕਰ ਰਹੀ ਸੀ, ਉਹ ਤਾਂ ਹੋਰ ਵੀ ਦਿਲਚਸਪ ਸੀ। ਗੱਲਾਂ ਗੱਲਾਂ ਵਿਚ ਸੁਰੱਈਆ ਦਾ ਜ਼ਿਕਰ ਆਇਆ ਤਾਂ ਜੱਦਨ ਬਾਈ ਨੱਕ ਚਾੜ੍ਹ ਕੇ ਉਹਦੇ ਸਾਰੇ ਖ਼ਾਨਦਾਨ ਦੀਆਂ ਬੁਰਾਈਆਂ ਦੱਸਣ ਲੱਗੀ। ਪਈ ਅਖੇ ਸੁਰੱਈਆ ਦਾ ਗਲਾ ਖ਼ਰਾਬ ਏ, ਬੇਸੁਰੀ ਏ। ਦੰਦ ਬੜੇ ਕੋਝੇ ਨੇ। ਓਧਰ ਸੁਰੱਈਆ ਦੇ ਜਾਓ ਤਾਂ ਸੁਰੱਈਆ ਦੀ ਨਾਨੀ, ਜਿਹੜੀ ਅਸਲ 'ਚ ਉਹਦੀ ਮਾਸੀ ਏ, ਹੁੱਕੇ ਦੇ ਧੂੰਏਂ ਦੇ ਬੱਦਲ ਉਡਾ ਉਡਾ ਕੇ ਦੋਹਾਂ ਮਾਵਾਂ-ਧੀਆਂ ਨੂੰ ਰੱਜ ਕੇ ਬੁਰਾ ਭਲਾ ਕਹਿੰਦੀ ਏ। ਨਰਗਿਸ ਦਾ ਜ਼ਿਕਰ ਜਦ ਆਉਂਦੈ ਤਾਂ ਉਹ ਭੈੜਾ ਜਿਹਾ ਮੂੰਹ ਬਣਾ ਕੇ ਮਰਾਸਣਾਂ ਦੇ ਅੰਦਾਜ਼ 'ਚ ਆਖਦੀ ਏ, "ਮੂੰਹ ਵੇਖੋ ਜਿਸ ਤਰ੍ਹਾਂ ਗਲਿਆ ਹੋਇਆ ਅਪਪੀਤਾ ਹੁੰਦਾ ਏ।"

ਮੋਹਨ ਬਾਬੂ ਦੀਆਂ ਖ਼ੂਬਸੂਰਤ ਅਤੇ ਵੱਡੀਆਂ ਵੱਡੀਆਂ ਅੱਖਾਂ ਸਦਾ ਲਈ ਬੰਦ ਹੋ ਚੁੱਕੀਆਂ ਨੇ। ਜੱਦਨ ਬਾਈ ਆਪਣੇ ਦਿਲ ਦੀਆਂ ਬਾਕੀ ਹਸਰਤਾਂ ਅਤੇ ਖ਼ਾਹਸ਼ਾਂ ਸਮੇਤ ਮਣਾਂ-ਮੂੰਹੀਂ ਮਿੱਟੀ ਹੇਠਾਂ ਦਫ਼ਨ ਏ। ਉਸ ਦੀ ਬੇਬੀ ਨਰਗਿਸ ਦਿਖਾਵੇ ਅਤੇ ਬਨਾਵਟ ਦੀ ਉਪਰਲੀ ਟੀਸੀ 'ਤੇ ਚੜ੍ਹ ਕੇ ਪਤਾ ਨਹੀਂ ਹੋਰ ਉਪਰ ਵੇਖ ਰਹੀ ਏ ਜਾਂ ਉਸ ਦੀਆਂ ਉਦਾਸ ਅੱਖਾਂ ਹੇਠਾਂ ਨੂੰ ਵੇਖ ਰਹੀਆਂ ਨੇ।

**ਅਨੁਵਾਦ : ਓਮ ਪ੍ਰਕਾਸ਼ ਪਨਾਹਗੀਰ**

(ਸਮਾਪਤ)



ਨਰਗਿਸ ਦਾ ਇਕ ਹੋਰ ਦਿਲਚਸਪ ਅੰਦਾਜ਼ ਮੈਂ ਉਸ ਵੇਲੇ ਵੇਖਿਆ, ਜਦੋਂ ਅਸ਼ੋਕ ਕੁਮਾਰ ਮੇਰੇ ਨਾਲ ਸੀ। ਜੱਦਨ ਬਾਈ ਕੋਈ ਫਿਲਮ ਬਣਾਉਣ ਦਾ ਵਿਚਾਰ ਬਣਾ ਰਹੀ ਸੀ। ਉਸ ਦੀ ਇੱਛਾ ਸੀ ਕਿ ਅਸ਼ੋਕ ਕੁਮਾਰ ਉਹਦਾ ਹੀਰੋ ਹੋਵੇ। ਅਸ਼ੋਕ ਕੁਮਾਰ ਇਕੱਲਾ ਜਾਣ ਤੋਂ ਘਬਰਾਉਂਦਾ ਸੀ, ਇਸ ਲਈ ਉਹ ਮੈਨੂੰ ਨਾਲ ਲੈ ਗਿਆ। ਗੱਲਬਾਤ ਦੌਰਾਨ ਕਈ ਨੁਕਤੇ ਉਭਰੇ। ਕਾਰੋਬਾਰੀ ਨੁਕਤੇ, ਦੋਸਤਾਨਾ ਨੁਕਤੇ, ਖ਼ੁਸ਼ਾਮਦੀ ਨੁਕਤੇ। ਜੱਦਨ ਬਾਈ ਦਾ ਅੰਦਾਜ਼ ਕਦੀ ਬਜ਼ੁਰਗਾਂ ਵਰਗਾ ਹੁੰਦਾ, ਕਦੀ ਹਮ-ਉਮਰ ਵਾਲਾ। ਉਹ ਕਦੀ ਪ੍ਰੋਡਿਊਸਰ ਬਣ ਜਾਂਦੀ, ਕਦੀ ਨਰਗਿਸ ਦੀ ਮਾਂ। ਮੋਹਨ ਬਾਬੂ ਤੋਂ ਕਦੀ ਕਦੀ ਹਾਂ 'ਚ ਹਾਂ ਮਿਲ ਜਾਂਦੀ। ਲੱਖਾਂ ਰੁਪਈਆਂ ਦਾ ਜ਼ਿਕਰ ਆਇਆ। ਸਭ ਦਾ ਹਿਸਾਬ ਉਂਗਲਾਂ 'ਤੇ ਗਿਣਾਇਆ ਗਿਆ। ਨਰਗਿਸ ਦਾ ਅੰਦਾਜ਼ ਇਹ ਸੀ ਕਿ ਵੇਖ ਅਸ਼ੋਕ, ਮੈਂ ਮੰਨਦੀ ਹਾਂ ਕਿ ਤੂੰ ਇਕ ਹੰਢਿਆ ਹੋਇਆ ਐਕਟਰ ਏਂ। ਤੇਰੀ ਧਾਂਕ ਬੈਠੀ ਹੋਈ ਏ, ਪਰ ਮੈਂ ਵੀ ਕਿਸੇ ਤਰ੍ਹਾਂ ਘੱਟ ਨਹੀਂ। ਤੂੰ ਮੰਨ ਜਾਏਂਗਾ ਕਿ ਅਦਾਕਾਰੀ 'ਚ ਮੈਂ ਤੇਰਾ ਮੁਕਾਬਲਾ ਕਰ ਸਕਦੀ ਹਾਂ।

# ਰੂਹਾਂ ਪਿਛੇ ਛੱਡ ਆਏ ਕਲਬੂਤਾਂ ਦੀ ਕਥਾ

ਰੰਗ-ਬੇਰੰਗ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਜਦੋਂ ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾਖਲਾ ਲਿਆ ਤਾਂ ਸ਼ੈਰੀ ਦੋ ਸਾਲ ਪਹਿਲਾਂ ਤੋਂ ਉਥੇ ਇੰਜੀਨੀਅਰਿੰਗ ਕਰ ਰਿਹਾ ਸੀ। ਕਾਲਜ ਵੇਲੇ ਦੇ ਮੁਕਾਬਲੇ ਹੁਣ ਉਸ ਵਿਚ ਕਾਫੀ ਤਬਦੀਲੀਆਂ ਆਈਆਂ ਮਹਿਸੂਸ ਹੁੰਦੀਆਂ ਸਨ। ਸਭ ਤੋਂ ਵੱਡੀ ਤਬਦੀਲੀ ਉਸਦਾ ਮਾਰਕਸਵਾਦ ਵਲ ਝੁਕਾਅ ਹੋ ਜਾਣਾ ਸੀ। ਉਸ ਵੇਲੇ ਨਵੀਂ ਨਵੀਂ ਸ਼ੁਰੂ ਹੋਈ ਨਕਸਲਬਾੜੀ ਲਹਿਰ ਦਾ ਉਹ ਜੋਸ਼ੀਲਾ ਹਮਦਰਦ ਬਣ ਗਿਆ ਲਗਦਾ ਸੀ। ਭਾਵੇਂ ਉਸ ਵੇਲੇ ਪੰਜਾਬ ਯੂਨੀਵਰਸਿਟੀ 'ਚ ਕੋਈ ਐਸਾ ਮਾਹੌਲ ਨਹੀਂ ਸੀ ਜਿਸ ਤਰ੍ਹਾਂ ਦਾ ਮਾਹੌਲ ਉਸ ਵੇਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਹੁੰਦਾ ਸੀ, ਜਿਥੇ ਪੀ ਐਸ ਯੂ ਪੂਰੀ ਤਰ੍ਹਾਂ ਸਰਗਰਮ ਸੀ, ਪਰ ਫਿਰ ਵੀ ਇਥੇ ਸ਼ੈਰੀ ਹੁਰੀਂ 8-10 ਜਣੇ, ਜਿਵੇਂ ਕਮਿਸਟਰੀ ਵਾਲਾ ਭਗਵਾਨ ਜੋਸ਼ ਜਾਂ ਇਕਨਾਮਿਕਸ ਵਾਲਾ ਪ੍ਰੀਤਮ ਆਮ ਸ਼ਾਮ ਨੂੰ ਇਕੱਠੇ ਹੁੰਦੇ ਹੀ ਰਹਿੰਦੇ ਸਨ ਅਤੇ ਮਾਰਕਸਵਾਦ ਬਾਰੇ ਬਹਿਸ-ਮੁਬਾਸਾ ਕਰਦੇ ਰਹਿੰਦੇ ਸਨ। ਹੋਸਟਲ 'ਚ ਸ਼ੈਰੀ ਮਾਰਕਸਵਾਦ ਲੈਨਿਨਵਾਦ ਦੇ ਹੱਕ 'ਚ ਬੜੀਆਂ ਜੋਸ਼ੀਲੀਆਂ ਗੱਲਾਂ ਕਰਦਾ ਹੁੰਦਾ ਸੀ ਅਤੇ ਗੱਲ ਗੱਲ ਤੇ ਮਾਓ ਜਾਂ ਲੈਨਿਨ ਨੂੰ ਕੋਟ ਕਰਦਾ ਰਹਿੰਦਾ ਸੀ। ਉਨ੍ਹਾਂ ਦਿਨਾਂ 'ਚ ਉਸਨੇ ਇਕ ਇਨਕਲਾਬੀ ਕਵਿਤਾ ਵੀ ਲਿਖੀ ਸੀ, ਜਿਸ ਵਿਚ ਉਸਨੇ ਕਰਜ਼ੇ ਦੇ ਬੋਝ ਹੇਠ ਦੱਬੇ ਆਪਣੇ ਬਾਪ ਅਤੇ ਬੁੱਢੀ ਅਤੇ ਗਰੀਬ ਮਾਂ ਦਾ ਸਹਾਰਾ ਬਣ ਸਕਣ 'ਤੇ ਆਪਣੀ ਬੇਵਸੀ ਜ਼ਾਹਰ ਕੀਤੀ ਸੀ ਕਿਉਂਕਿ ਹਨੇਰੀ ਧਰਤੀ ਨੂੰ ਰੌਸ਼ਨ ਕਰਨ ਲਈ ਸੂਰਜ ਫੜਨ ਜਾ ਰਹੇ ਕਾਫਲੇ ਨਾਲ ਉਸਦਾ ਜਾਣਾ ਜ਼ਿਆਦਾ ਜ਼ਰੂਰੀ ਸੀ। ਇਹ ਕਵਿਤਾ ਉਸ ਵੇਲੇ ਦੇ ਇਕ ਸਥਾਪਤ ਪੰਜਾਬੀ ਇਨਕਲਾਬੀ ਮੈਗਜ਼ੀਨ 'ਚ ਛਪੀ ਵੀ ਸੀ। ਜਦੋਂ ਮੈਂ ਇਹ ਕਵਿਤਾ ਪੜ੍ਹੀ ਤਾਂ ਮੇਰੇ ਸਾਹਮਣੇ ਸ਼ੈਰੀ ਦੇ ਦਾਦਾ ਜੀ ਦੀ ਤਸਵੀਰ ਆ ਗਈ। ਸਾਡੇ ਸ਼ਹਿਰ ਦੇ ਬਾਣੀਆਂ 'ਚ ਇਕ ਗੱਲ ਮਸ਼ਹੂਰ ਸੀ ਕਿ ਜੈਲਦਾਰ ਸ਼ਿਵਦੇਵ ਸਿੰਘ ਦਾ ਵਿਆਜ ਵੀ ਡਾਢਾ ਏ ਤੇ ਜੇ ਕੋਈ ਦੇਣਦਾਰ ਚੂੰ-ਚਾਂ ਕਰੇ ਤਾਂ ਉਸਦਾ ਖੂੰਡਾ ਉਦੂੰ ਵੀ ਡਾਢਾ ਏ। ਉਹ ਜ਼ਿਆਦਾਤਰ ਕਪੜੇ ਦੇ ਦੁਕਾਨਦਾਰਾਂ ਨੂੰ ਚੰਗੀਆਂ ਰਕਮਾਂ ਵਿਆਜ 'ਤੇ ਦਿੰਦਾ ਹੁੰਦਾ ਸੀ। ਇਕ ਦਿਨ ਕੁਦਰਤੀ ਸਾਡੇ ਅੰਗਰੇਜ਼ੀ ਵਿਭਾਗ ਦੇ ਪ੍ਰੋਫੈਸਰ ਗੁਰਬਖਸ਼ ਸਿੰਘ ਸੋਚ ਕਿਸੇ ਕੰਮ ਸਾਡੇ ਹੋਸਟਲ ਆਏ 'ਤੇ ਮੈਨੂੰ ਤੇ ਸ਼ੈਰੀ ਨੂੰ ਮੈਸ 'ਚੋਂ ਆਉਂਦਿਆਂ ਮਿਲ ਪਏ। ਅਸੀਂ ਚਾਹ ਪਿਲਾਉਣ ਲਈ ਉਸਨੂੰ ਕਮਰੇ 'ਚ ਲੈ ਗਏ। ਉਹ ਪੜਾਂਦਾ ਭਾਵੇਂ ਅੰਗਰੇਜ਼ੀ ਸੀ ਪਰ ਉਹ ਮਾਰਕਸਵਾਦ ਅਤੇ ਪੰਜਾਬੀ ਸਾਹਿਤ ਬਾਰੇ ਵੀ ਚੰਗੀ ਸਮਝ ਰਖਦਾ ਸੀ। ਚਾਹ ਪੀਂਦਿਆਂ ਹਾਸੇ ਹਾਸੇ 'ਚ ਸ਼ੈਰੀ ਦੀ ਕਵਿਤਾ ਦਾ ਜ਼ਿਕਰ ਵੀ ਹੋਇਆ ਤੇ ਉਸਦੇ ਦਾਦਾ ਜੀ ਦੇ ਕਾਰੋਬਾਰ ਦਾ ਵੀ। ਪ੍ਰੋ. ਸੋਚ ਨੇ ਸ਼ੈਰੀ ਦੀ ਕਵਿਤਾ ਪੜ੍ਹੀ ਤੇ ਕਹਿਣ ਲੱਗਾ, ''ਇਹ ਤਾਂ ਕੁਝ ਵੀ ਨਹੀਂ ਜੇ ਸੂਦਖੋਰੀ 'ਤੇ ਕਵਿਤਾ ਸ਼ੈਰੀ ਨੇ ਲਿਖੀ ਹੈ, ਵਿਆਜ 'ਤੇ ਧੰਨ ਤਾਂ ਇਸ ਦਾ ਦਾਦਾ ਹੀ ਦਿੰਦਾ ਹੈ। ਅੱਜਕਲ ਮੈਂ ਅਜਿਹੇ ਵੀ ਕਥਿਤ ਇਨਕਲਾਬੀ ਕਵੀ ਦੇਖੇ ਹਨ, ਜੋ ਖੁਦ ਅਜਿਹੇ ਪਰਿਵਾਰਕ ਕਾਰੋਬਾਰ 'ਚ ਹੱਥ ਵਟਾਂਦੇ ਹਨ ਅਤੇ ਸ਼ੈਰੀ ਨਾਲੋਂ ਵੀ ਤੱਤੀਆਂ ਕਵਿਤਾਵਾਂ ਲਿਖਦੇ ਹਨ। ਪਹਿਲਾਂ ਸ਼ਾਮ ਨੂੰ ਉਗਰਾਹੀ ਲੈ ਆਉਂਦੇ ਹਨ ਤੇ ਫਿਰ ਪੈਗ ਲਾ ਕੇ ਕਵਿਤਾ ਰਾਹੀਂ ਪਿਉ ਦੇ ਸਿਰ ਕਰਜ਼ੇ ਦੇ ਬੋਝ ਅਤੇ ਮਾਂ ਦੀ ਟੁੱਟ ਚੁੱਕੀ ਐਨਕ ਲਈ ਕੁਝ ਨਾ ਕਰ ਸਕਣ ਦੇ ਦੁੱਖ 'ਚ ਹੰਝੂ ਵਹਾਉਂਦੇ ਹਨ।''

ਇਸੇ ਦੌਰਾਨ ਪੰਜਾਬ ਪੁਲਿਸ ਖਾਸ ਕਰਕੇ ਬਠਿੰਡੇ, ਲੁਧਿਆਣੇ ਅਤੇ ਪਟਿਆਲੇ ਦੀ ਪੁਲਿਸ ਨੂੰ ਸੂਹ ਮਿਲੀ ਕਿ ਪੰਜਾਬ 'ਚ ਪੀ ਐਸ ਯੂ ਰਾਹੀਂ ਹੜਤਾਲਾਂ, ਮੁਜ਼ਾਹਰੇ ਕਰਵਾਉਣ ਵਾਲੇ ਜ਼ਿਆਦਾਤਰ ਲੀਡਰ ਵਾਰੰਟਡ ਹੋਣ 'ਤੇ ਚੰਡੀਗੜ੍ਹ ਜਾ ਡੇਰੇ ਲਾਉਂਦੇ ਹਨ। ਪਰ ਅਸਲ 'ਚ ਐਸੀ ਕੋਈ ਗੱਲ ਨਹੀਂ ਸੀ। ਜਦੋਂ ਬਠਿੰਡੇ ਅਤੇ ਲੁਧਿਆਣੇ ਦੇ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਾਂ ਖਿਲਾਫ ਹੜਤਾਲਾਂ ਤੇ ਖਾੜਕੂ ਮੁਜ਼ਾਹਰੇ ਹੋ ਰਹੇ ਸਨ ਤਾਂ ਸੈਕਟਰ 16 ਦੀ ਪੁਲਿਸ ਨੇ ਕੁਝ ਵਿਦਿਆਰਥੀਆਂ ਤੋਂ ਪੁੱਛ ਗਿੱਛ ਕਰਨ ਲਈ ਯੂਨੀਵਰਸਿਟੀ ਅਧਿਕਾਰੀਆਂ ਕੋਲ ਪਹੁੰਚ ਕੀਤੀ। ਇਸ ਲਿਸਟ 'ਚ ਸ਼ੈਰੀ ਦਾ ਨਾਂ ਵੀ ਸੀ। ਜਦੋਂ ਉਸਨੂੰ ਪਤਾ ਲੱਗਿਆ ਤਾਂ ਉਹ ਬਹੁਤ ਡਰ ਗਿਆ ਸੀ। ਰੋਜ਼ ਵਾਂਗ ਪੁਲਿਸ ਦਾ ਆਉਣਾ ਜਾਣਾ ਸ਼ੁਰੂ ਹੋ ਗਿਆ। ਸਾਡਾ ਇਕ ਦੋਸਤ ਮੇਜਰ ਸਿੰਘ, ਸ਼ੈਰੀ ਨੂੰ 22 ਸੈਕਟਰ ਸਾਡੇ ਇਕ ਮੁਲਾਜ਼ਮ ਦੋਸਤ ਦੇ ਗੈਸਟ ਹਾਊਸ ਵਰਗੇ ਕਵਾਟਰ 'ਚ ਛੱਡ ਆਇਆ ਅਤੇ ਲੋੜੀਂਦੀ ਗਰੋਸਰੀ ਵੀ ਖਰੀਦ ਕੇ ਕਿਚਨ 'ਚ ਰੱਖ ਆਇਆ। ਇਸ ਕਵਾਟਰ ਦਾ ਮਾਲਕ ਜ਼ਿਆਦਾਤਰ ਚੰਡੀਗੜ੍ਹ ਨੇੜੇ ਆਪਣੇ ਪਿੰਡ ਹੀ ਰਹਿੰਦਾ ਸੀ। ਇਕ ਦਿਨ ਪੁਲਿਸ ਨੇ ਡਾ. ਤਿਵਾੜੀ ਦੀ ਹਾਜ਼ਰੀ 'ਚ ਸ਼ੈਰੀ ਦੇ ਕਮਰੇ ਦੀ ਤਲਾਸ਼ੀ ਲਈ ਅਤੇ ਇਕ ਦੋ ਕਿਤਾਬਾਂ ਤੇ ਮੈਗਜ਼ੀਨ ਲੈ ਕੇ ਚਲੇ ਗਏ। ਇਸੇ ਦੌਰਾਨ ਸ਼ੈਰੀ ਦੇ ਪਿਤਾ ਸ. ਜਨਮੀਤ ਸਿੰਘ ਸੰਧੂ ਆਪਣੇ ਨੇਤਾ ਤੇ ਦੋਸਤ ਸ. ਗੁਰਮੀਤ ਸਿੰਘ ਬਰਾੜ (ਜਗਮੀਤ ਸਿੰਘ ਬਰਾੜ ਦੇ ਪਿਤਾ) ਨੂੰ ਨਾਲ ਲੈ ਕੇ ਬਠਿੰਡਾ, ਲੁਧਿਆਣਾ ਤੇ ਪਟਿਆਲਾ ਦੇ ਪੁਲਿਸ ਮੁਖੀਆ ਨੂੰ ਮਿਲਦੇ ਹੋਏ ਤੇ ਸ਼ੈਰੀ ਲਈ ਕਲੀਨ ਚਿੱਟ ਲੈਂਦੇ ਹੋਏ ਡਾ. ਤਿਵਾੜੀ ਦੀ ਕੋਠੀ ਆਣ ਪਹੁੰਚੇ। ਫਿਰ ਉਹ ਤਿੰਨੋਂ ਜਣੇ ਸੈਕਟਰ 16 ਦੇ ਪੁਲਿਸ ਸਟੇਸ਼ਨ ਗਏ ਅਤੇ ਸ਼ਾਮ ਤੱਕ ਸਭ ਕੁਝ ਠੀਕ ਠਾਕ ਕਰਕੇ ਮੁੜ ਡਾ. ਤਿਵਾੜੀ ਦੀ ਕੋਠੀ ਆ ਗਏ। ਉਨ੍ਹਾਂ ਮੈਨੂੰ ਤੇ ਮੇਜਰ ਸਿੰਘ ਨੂੰ ਕਿਹਾ ਕਿ ਸ਼ੈਰੀ ਨੂੰ ਤਿਵਾੜੀ ਸਾਹਿਬ ਦੀ ਕੋਠੀ ਲੈ ਕੇ ਆਈਏ। ਜਦੋਂ ਅਸੀਂ ਥਰੀ ਵੀਲ੍ਹਰ ਲੈ ਕੇ 22 ਸੈਕਟਰ ਪਹੁੰਚੇ ਤਾਂ ਸ਼ੈਰੀ ਤੇ ਮਨਮੀਤ ਗਹਿਰੀ ਉਦਾਸੀ 'ਚ ਡੁੱਬੇ ਹੋਏ ਗਮਗੀਨ ਅਤੇ ਖਾਮੋਸ਼ ਬੈਠੇ ਸਨ। ਮੈਂ ਮਨਮੀਤ ਵਲ ਮੂੰਹ ਕਰਕੇ ਤੇ ਸ਼ੈਰੀ ਨੂੰ ਸੁਣਾਕੇ ਕਿਹਾ, ''ਪੁਲਿਸ ਵਾਲੇ ਦੋ ਗੱਲਾਂ ਹੀ ਕਹਿੰਦੇ ਨੇ ਕਿ ਜਿਹੜਾ ਇਹ ਮੁੰਡਾ ਇੰਨੀਆਂ ਖਤਰਨਾਕ ਕਿਤਾਬਾਂ ਪੈਸਿਆਂ ਨਾਲ ਖਰੀਦ ਕੇ ਪੜ੍ਹਦਾ ਹੈ ਅਤੇ ਫਿਰ ਮਾਓ ਅਤੇ ਲੈਨਿਨ ਵਾਂਗ ਬਾਂਹ ਉਚੀ ਕਰਕੇ ਤੇ ਇਕ ਉਂਗਲ ਖੜੀ ਕਰਕੇ ਕਮਿਊਨਿਜ਼ਮ ਬਾਰੇ ਬਾਤਾਂ ਕਰਦਾ ਹੈ, ਇਹ ਖੈਰ ਹੱਥਾ ਨਹੀਂ ਹੋ ਸਕਦਾ।'' ਮਨਮੀਤ ਨੇ ਸ਼ੈਰੀ ਦੇ ਮੂੰਹ ਵਲ ਦੇਖਕੇ ਮੇਰੇ ਵਲ ਇੰਜ ਦੇਖਿਆ ਜਿਵੇਂ ਕਹਿ ਰਹੀ ਹੋਵੇ ਕਿ ਇਹ ਇਨਾ ਖਤਰਨਾਕ ਤਾਂ ਨਹੀਂ ਲਗਦਾ। ਅਸਲ 'ਚ ਉਸ ਵਿਚਾਰੀ ਨੂੰ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਇਹ ਸਾਰਾ ਚੱਕਰ ਕੀ ਹੈ। ਮੇਰੀ ਗੱਲ ਸੁਣਕੇ ਸ਼ੈਰੀ ਇਕ ਦਮ ਗੁੱਸੇ 'ਚ ਬੋਲਿਆ, ''ਮੈਂ ਕੋਈ ਕਿਤਾਬਾਂ ਨਹੀਂ ਖਰੀਦੀਆਂ, ਪੰਡਤ ਆਪ ਹੀ ਕਮਰੇ 'ਚ ਰੱਖ ਗਿਆ ਸੀ। ਬਾਕੀ ਮੈਂ ਕਦੇ ਬਾਂਹ ਖੜੀ ਕਰਕੇ ਤੇ ਉਂਗਲ ਚੁੱਕ ਕੇ ਲੈਨਿਨ ਜਾਂ ਮਾਓ ਵਾਂਗ ਕਦੇ ਗੱਲ ਨਹੀਂ ਕੀਤੀ। ਕੁਦਰਤੀ ਬੰਦੇ ਤੋਂ ਗੱਲ ਕਰਦਿਆਂ ਬਾਂਹ ਜਾਂ ਉਂਗਲ ਤਾਂ ਕਦੇ ਚੁੱਕੀ ਹੀ ਜਾਂਦੀ ਹੈ।'' ਉਸਦੀ ਗੱਲ ਸੁਣਕੇ ਮੈਂ ਅਤੇ ਮੇਜਰ ਹਾਸਾ ਨਾ ਰੋਕ ਸਕੇ ਤੇ ਉਸਨੂੰ ਉਸਦੀ ਖਲਾਸੀ ਬਾਰੇ ਸਾਰੀ ਕਹਾਣੀ ਦੱਸ ਦਿੱਤੀ। ਮਨਮੀਤ ਨੂੰ ਹੋਸਟਲ ਛੱਡ ਕੇ ਅਸੀਂ ਤਿਵਾੜੀ ਸਾਹਿਬ ਦੀ ਕੋਠੀ ਚਲੇ ਗਏ, ਜਿਥੇ ਉਨ੍ਹਾਂ ਸਾਨੂੰ ਚਾਹ ਪਾਣੀ ਪਿਲਾ ਕੇ ਅਤੇ ਸ਼ੈਰੀ ਨੂੰ ਬੁਰੀ ਸੰਗਤ ਤੋਂ ਪਰ੍ਹੇ ਰਹਿਣ ਅਤੇ ਖਤਰਨਾਕ ਕਿਤਾਬਾਂ ਅੱਗੇ ਤੋਂ ਨਾ ਪੜ੍ਹਨ ਦੀ ਨਸੀਹਤ ਦੇ ਕੇ ਹੋਸਟਲ ਵਲ ਤੋਰ ਦਿੱਤਾ। ਸ਼ੈਰੀ ਇਸ ਨਸੀਹਤ 'ਤੇ ਅੱਜ ਤੱਕ ਕਾਇਮ ਹੈ। ਇਸੇ ਸ਼ੈਰੀ ਦੀ ਡਾਇਰੀ ਦੇ ਕੁਝ ਹੋਰ ਪੰਨੇ 'ਪੰਜਾਬ ਟਾਈਮਜ਼' ਰਾਹੀਂ ਪਾਠਕਾਂ ਤੱਕ ਪਹੁੰਚਾ ਰਿਹਾ ਹਾਂ। ਕਿਸੇ ਦੀ ਡਾਇਰੀ 'ਚ ਅੰਕਤ ਵਿਚਾਰ ਜਾਂ ਪ੍ਰਭਾਵ ਆਮ ਤੌਰ 'ਤੇ ਲਿਖਣ ਵਾਲੇ ਦੇ ਨਿੱਜੀ ਤਜਰਬੇ ਅਤੇ ਸੋਚਣੀ 'ਤੇ ਹੀ ਅਧਾਰਤ ਹੁੰਦੇ ਹਨ। ਪਰ ਕਈ ਵਾਰ ਸਮਾਜ ਜਾਂ ਮਨੁੱਖਾਂ ਬਾਰੇ ਕਿਸੇ ਦੇ ਨਿੱਜੀ ਵਿਚਾਰ ਸਾਡੀ ਜ਼ਿੰਦਗੀ ਦੇ ਆਮ ਵਰਤਾਰੇ ਨਾਲ ਇਨਾ ਮੇਲ ਖਾ ਜਾਂਦੇ ਹਨ ਕਿ ਇਹ ਨਿੱਜੀ ਹੁੰਦਿਆਂ ਹੋਇਆਂ ਵੀ ਸਮਾਜਿਕ ਟਿੱਪਣੀਆਂ ਲੱਗਦੇ ਹਨ ਅਤੇ ਸਾਡੀ ਦਿਲਚਸਪੀ ਦਾ ਕਾਰਨ ਬਣ ਜਾਂਦੇ ਹਨ। ਇਹੋ ਇਕ ਵਜ੍ਹਾ ਹੈ ਇਨ੍ਹਾਂ ਪੰਨਿਆਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ।

***

ਹਰ ਸਾਲ ਜਦੋਂ ਵੀ ਮੈਂ ਅਮਰੀਕਾ ਆਉਂਦਾ ਹਾਂ ਤਾਂ ਮੈਂ ਉਨ੍ਹਾਂ ਮਿੱਤਰ, ਲੋਕਾਂ ਦਾ ਥਹੁ ਪਤਾ ਲੱਭਣ ਦੀ ਕੋਸ਼ਿਸ਼ ਕਰਦਾ ਹਾਂ, ਜੋ ਕਦੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਮੇਰੇ ਸਮਕਾਲੀ ਵਿਦਿਆਰਥੀ ਰਹੇ ਤੇ ਫਿਰ ਕੁਝ ਪਹਿਲੀ ਉਮਰੇ ਅਤੇ ਕੁਝ ਪਿਛਲੀ ਉਮਰੇ ਅਮਰੀਕਾ, ਕੈਨੇਡਾ ਆ ਵਸੇ। ਹੌਲੀ ਹੌਲੀ ਅਤੇ ਜਿਵੇਂ ਜਿਵੇਂ ਪਤਾ ਲਗਦਾ ਗਿਆ, ਮੈਂ ਉਨ੍ਹਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ। ਕਈਆਂ ਨਾਲ ਫੋਨ 'ਤੇ ਸੰਪਰਕ ਹੋਇਆ, ਇਕ ਦੋ ਨੂੰ ਮਿਲ ਵੀ ਸਕਿਆ ਤੇ ਕੁਝ ਦਾ ਅਜੇ ਤੱਕ ਪਤਾ ਟਿਕਾਣਾ ਨਹੀਂ ਮਿਲਿਆ। ਅੱਜ ਜਦ ਮੈਂ ਇਨ੍ਹਾਂ ਬਾਰੇ ਕੁਝ ਲਿਖਣ ਲੱਗਿਆਂ ਹਾਂ ਤਾਂ ਇਹ ਲੋਕ ਮੈਨੂੰ ਅੱਜ ਤੋਂ ਲਗਭਗ 40 ਸਾਲ ਪਹਿਲਾਂ ਵਾਂਗ ਹੀ ਆਸ ਪਾਸ ਦਿਖਾਈ ਦਿੰਦੇ ਹਨ। ਅੱਜ ਵੀ ਇਹ ਮੈਨੂੰ ਇਕ ਨੰਬਰ ਹੋਸਟਲ ਦੇ ਇਕ ਨੰਬਰ ਬਲਾਕ ਦੀਆਂ ਬਾਹਰਲੀਆਂ ਬਾਲਕੋਨੀਆਂ 'ਚ ਖੜੇ ਅੰਗਰੇਜ਼ੀ ਅਤੇ ਪੰਜਾਬੀ ਵਿਭਾਗ ਵਲ ਮੂੰਹ ਕਰਕੇ ਚਾਂਗਰਾ ਮਾਰਦੇ ਸੁਣਾਈ ਦਿੰਦੇ ਹਨ। ਕਦੇ ਸ਼ਾਮ ਨੂੰ 14 ਸੈਕਟਰ ਵੀ ਮਾਰਕਿਟ ਦੀ ਰੇਲਿੰਗ ਤੇ ਬੈਠੇ ਗੱਪਾਂ ਮਾਰਦੇ ਦਿਸਦੇ ਹਨ ਅਤੇ ਕਦੇ ਸ਼ਾਮ ਨੂੰ



ਪੀ.ਜੀ.ਆਈ. ਤੋਂ 22 ਸੈਕਟਰ (ਉਦੋਂ 17 ਸੈਕਟਰ ਇਨਾ ਰੌਣਕੀ ਨਹੀਂ ਸੀ) ਜਾਣ ਵਾਲੀ ਭੀੜ ਭਰੀ ਬੱਸ 'ਤੇ ਚੜਦੇ ਅਤੇ ਫਿਰ ਆ ਕੇ ਮੈਸ ਦੇ ਕਾਮਨਰੂਮ 'ਚ ਬੈਠਕੇ ਆਪਣੀਆਂ ਜਿੱਤਾਂ ਅਤੇ ਹਾਰਾਂ ਦਾ ਖੁਲਾਸਾ ਕਰਦੇ ਦਿਸਦੇ ਹਨ। ਦਿਨੇ ਚਾਚੇ ਗੁਲਾਟੀ ਦੀ ਕੈਨਟੀਨ ਨੂੰ ਰੰਗ ਭਾਗ ਲਾਉਂਦੇ ਹਨ। ਬਿਰਤੀ ਕਿਧਰੇ ਹੋਰ ਇੰਨੀ ਇਕਾਗਰ ਹੋਈ ਹੁੰਦੀ ਹੈ ਕਿ ਨਾ ਇਨ੍ਹਾਂ ਨੂੰ ਚਾਚੇ ਗੁਲਾਟੀ ਦੀਆਂ ਮੱਤਾਂ ਸੁਣਦੀਆਂ ਹਨ ਤੇ ਨਾਂ ਇਨ੍ਹਾਂ ਨੂੰ ਪਤਾ ਲਗਦਾ ਹੈ ਕਿ ਉਹ ਚਾਚੇ ਗੁਲਾਟੀ ਦੀ ਉਬਲੇ ਬੁਸੇ ਪਾਣੀ ਵਰਗੀ ਬੇਸੁਆਦੀ ਚਾਹ ਦੇ ਦੋ-ਦੋ, ਤਿੰਨ-ਤਿੰਨ ਕੱਪ ਕਿਵੇਂ ਪੀ ਗਏ।

ਇਨ੍ਹਾਂ ਰੰਗੀਲੀਆਂ ਰੂਹਾਂ ਵਾਲੇ ਬੇਪ੍ਰਵਾਹ ਮਿੱਤਰਾਂ 'ਚੋਂ ਸਭ ਤੋਂ ਪਹਿਲਾਂ ਮੈਨੂੰ ਪ੍ਰੋ. ਮੇਜਰ ਸਿੰਘ ਯਾਦ ਆਉਂਦਾ ਹੈ। ਉਹ ਹਮੇਸ਼ਾ ਫਿਕੇ ਕਰੀਮ ਰੰਗ ਦੀ ਪੱਗ ਬੰਨਦਾ ਤੇ ਇੰਨੀ ਫੱਬਵੀਂ ਕਿ ਉਸਨੂੰ ਕਦੇ ਕਦਾਈਂ ਮਿਲਣ ਵਾਲੇ ਲੋਕ ਉਸਨੂੰ ਤਾਂ ਭੁਲ ਗਏ ਹੋਣਗੇ, ਪਰ ਉਸਦੀ ਖੂਬਸੂਰਤ ਪੱਗ ਨੂੰ ਨਹੀਂ। ਉਹ ਮੁੱਛਾਂ 90 ਡਿਗਰੀ ਤੇ ਖੜੀਆਂ ਰੱਖਦਾ, ਪਰ ਮੁੱਛ ਵੱਟ ਪਾਣੇ ਖਾਂ ਨਹੀਂ ਸੀ ਲਗਦਾ, ਹਮੇਸ਼ਾ ਫਿੱਕੇ ਰੰਗਾਂ ਦੇ ਮੈਚਿੰਗ ਕਪੜੇ ਪਹਿਨਦਾ, ਜਿਹੜੇ ਉਸਨੂੰ ਜੱਚਦੇ ਵੀ ਤੇ ਉਸਦੇ ਮੁਸਕੀ ਰੰਗ ਨੂੰ ਵੀ ਢਕ ਲੈਂਦੇ। ਉਹ ਵਿਦਿਆਰਥੀ ਜੀਵਨ 'ਚ ਹੀ ਸ਼ਰਾਬ ਦਾ ਸ਼ੌਕੀ ਤਾਂ ਸੀ, ਪਰ ਆਦੀ ਨਹੀਂ ਸੀ। ਉਹ ਜਿਥੇ ਵੀ ਰਿਹਾ, ਮਹੱਤਵਪੂਰਨ, ਹਰਮਨਪਿਆਰਾ ਅਤੇ ਯਾਰਾਂ ਦਾ ਯਾਰ ਹੀ ਰਿਹਾ। ਪਿਛੇ ਮੁੜਕੇ ਉਸਨੇ ਕਦੇ ਨਹੀਂ ਸੀ ਦੇਖਿਆ। ਜੰਗਲ 'ਚ ਮੰਗਲ ਲਾਉਣਾ ਉਸਨੂੰ ਆਉਂਦਾ ਸੀ। ਸਾਡੇ ਸ਼ਹਿਰ ਦੇ ਡਿਗਰੀ ਕਾਲਜ 'ਚ ਉਹ ਵਿਦਿਆਰਥੀਆਂ ਦੀ ਸਿਰਕੱਢ ਢਾਣੀ ਦਾ ਆਗੂ ਰਿਹਾ ਅਤੇ ਅਧਿਆਪਕਾਂ ਦਾ ਚਹੇਤਾ ਵਿਦਿਆਰਥੀ। ਹੁਸ਼ਿਆਰਪੁਰ ਐਮ.ਏ. ਕਰਨ ਗਿਆ, ਉਥੋਂ ਦਾ ਹੀ ਹੋ ਗਿਆ। ਪਿੱਛੇ ਅਣਸਰਦੇ ਨੂੰ ਗੇੜਾ ਮਾਰਿਆ। ਉਥੇ ਹੀ ਦੋਸਤੀ ਦਾ ਅਜਿਹਾ ਦਾਇਰਾ ਕਾਇਮ ਕਰ ਲਿਆ ਕਿ ਅੱਗੇ ਦੋਸਤਾਂ ਦੇ ਤਾਏ, ਚਾਚਿਆਂ ਤੱਕ ਦੇ ਪਿਆਲੇ ਦਾ ਸਾਂਝੀ ਬਣ ਗਿਆ।

ਐਮ.ਏ. ਪਹਿਲਾ ਭਾਗ ਤੋਂ ਬਾਅਦ ਐਮ.ਏ. ਫਾਈਨਲ 'ਚ ਉਸਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਦਾਖਲਾ ਮਿਲ ਗਿਆ। ਉਸ ਵੇਲੇ ਉਸਦਾ ਸਕਾ ਭਰਾ ਸੁਰਜੀਤ ਸਿੰਘ ਅਕਾਲੀ ਐਮ.ਐਲ.ਏ.ਸੀ। ਉਹ ਮੇਜਰ ਨੂੰ ਹੋਸਟਲ 'ਚ ਕਮਰਾ ਦਿਵਾਉਣ ਲਈ ਡਾ. ਤਿਵਾੜੀ ਕੋਲ ਸਿਫਾਰਿਸ਼ ਕਰਨ ਆਇਆ ਤਾਂ ਕਮਰਾ ਵੀ ਮਿਲ ਗਿਆ ਅਤੇ ਮੇਜਰ ਦਾ ਤਿਵਾੜੀ ਸਾਹਿਬ ਨਾਲ ਦੋਸਤਾਂ ਵਰਗਾ ਸਹਿਚਾਰ ਵੀ ਬਣ ਗਿਆ। ਜਿਸਤੋਂ ਅੱਗੇ ਅਮਿਤੋਜ ਅਤੇ ਸ਼ਿਵ ਨਾਲ ਮੇਜਰ ਦੀ ਦੋਸਤੀ ਹੋ ਗਈ ਹਾਲਾਂਕਿ ਉਹ ਕਵਿਤਾ ਅਤੇ ਕਮਿਊਨਿਸਟਾਂ 'ਚ ਉਕਾ ਹੀ ਕੋਈ ਦਿਲਚਸਪੀ ਨਹੀਂ ਸੀ ਰੱਖਦਾ। ਇਕ ਮਹੀਨੇ ਬਾਅਦ ਹੀ ਇਉਂ ਲਗਦਾ ਸੀ, ਜਿਵੇਂ ਮੇਜਰ ਕਿਤੇ ਦਾ ਕੈਂਪਸ 'ਚ ਪੜ੍ਹਾਉਂਦਾ ਹੋਵੇ। ਅੰਗਰੇਜ਼ੀ ਵਿਭਾਗ ਦਾ ਸੁਪਰਡੈਂਟ ਰਾਜਾ ਉਸਦਾ ਪਿਆਲੇ ਦਾ ਸਾਂਝੀ ਸੀ। ਚਾਚੇ ਗੁਲਾਟੀ ਦੇ ਕੁਝ ਖਾਸ ਭਤੀਜਾਂ 'ਚੋਂ ਮੇਜਰ ਇਕ ਸੀ। ਕਦੇ ਉਹ ਅਮਿਤੋਜ ਨੂੰ ਸਿਗਰਟਾਂ ਨੂੰ ਦਫਾ ਕਰਨ ਲਈ ਕਹਿ ਰਿਹਾ ਹੁੰਦਾ ਅਤੇ ਕਦੇ ਸ਼ਿਵ ਨਾਲ 22 ਸੈਕਟਰ ਦੇ ਲੋਕਲ ਬੱਸ ਸਟੈਂਡ ਨੇੜੇ ਦੀ ਰੇਲਿੰਗ ਤੇ ਰੰਗਾਂ 'ਚ ਹੋਇਆ ਬੈਠਾ ਦਿਸਦਾ। ਐਮ.ਏ. ਦਾ ਰਿਜ਼ਲਟ ਆਉਂਦਿਆਂ ਹੀ ਉਹ ਕਾਲਜ 'ਚ ਪ੍ਰੋਫੈਸਰ ਲੱਗ ਗਿਆ, ਜਿਥੇ ਉਸਨੇ ਆਦਤ ਅਨੁਸਾਰ ਮਾਹੌਲ ਨੂੰ ਗੁਲਜ਼ਾਰ ਕਰੀ ਰੱਖਿਆ। ਅੱਜ ਵੀ ਉਸਦੇ ਸਾਥੀ ਪ੍ਰੋਫੈਸਰ ਅਤੇ ਸ਼ਹਿਰ ਦੇ ਉਸਦੇ ਕੁਝ ਪਤਵੰਤੇ ਮਿੱਤਰ ਮੇਜਰ ਦੀਆਂ ਮਹਿਫਲਾਂ ਨੂੰ ਯਾਦ ਕਰਦੇ ਹਨ।

ਨੌਕਰੀ ਲੱਗਣ ਦੇ ਸਾਲ ਬਾਅਦ ਹੀ ਉਸਦਾ ਅਮਰੀਕਾ ਵਿਆਹ ਹੋ ਗਿਆ ਤੇ ਉਹ ਆਪਣੀ ਬੇਪ੍ਰਵਾਹੀ ਤੇ ਜ਼ਿੰਦਾਦਿਲੀ ਮੋਢਿਆਂ 'ਤੇ ਚੁੱਕੀ ਕੈਲੇਫੋਰਨੀਆਂ ਦੇ ਪੰਜਾਬੀ ਕਿਸਾਨਾਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਸ਼ਹਿਰ ਆਣ ਲੱਥਾ। ਜਿਥੇ ਉਹ ਨਾ ਹੀ ਜੰਗਲ ਨੂੰ ਮੰਗਲ ਬਣਾ ਸਕਿਆ ਤੇ ਨਾ ਹੀ ਪਿਛਲੀਆਂ ਮਹਿਫਲਾਂ ਦੇ ਰੰਗਾਂ ਦੀ ਚਮਕ ਨੂੰ ਭੁਲਾ ਸਕਿਆ। ਇਥੋਂ ਦੇ ਲੋਕਾਂ ਦੇ ਕੰਮਕਾਜੀ ਸੁਭਾ ਅਤੇ ਸਕੈਜੁਅਲ ਹੋਣ ਕਰਕੇ ਉਹ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਆਪਣੇ ਆਪਨੂੰ ਇਥੋਂ ਦੇ ਸੈਚੇ ਦੇ ਮੇਚ ਨਾ ਕਰ ਸਕਿਆ। ਦਾਰੂ ਦਾ ਸ਼ੌਕ ਆਦਤ ਬਣਨ ਲੱਗਾ ਤੇ ਇਥੇ ਆ ਕੇ ਜਲਦੀ ਹੀ ਉਹ ਵੀ ਸ਼ਿਵ ਵਾਂਗ ਦਾਰੂ ਦੇ ਦਰਿਆ 'ਚ ਰੁੜ੍ਹ ਗਿਆ।

***

ਗੁਰਪਾਲ ਭੁੱਲਰ ਯੂਨੀਵਰਸਿਟੀ ਦੀ ਅਜੀਬ ਸ਼ਖਸੀਅਤ ਸੀ। ਜੇ ਉਹ ਖੱਬੇ ਪੱਖੀਆਂ 'ਚ ਬੈਠਾ ਹੈ ਤਾਂ ਉਨ੍ਹਾਂ ਨੂੰ ਉਹ ਚੰਗਾ ਮਾਰਕਸਵਾਦੀ ਲਗਦਾ ਸੀ। ਜੇ ਉਹ ਸਾਹਿਤਕ ਲੋਕਾਂ 'ਚ ਬੈਠਾ ਹੈ ਤਾਂ ਉਨ੍ਹਾਂ ਨੂੰ ਉਹ ਆਪਣੇ ਕੈਂਪ ਦਾ ਬੰਦਾ ਜਾਪਦਾ ਸੀ। ਜੇ ਮੇਜਰ ਅਤੇ ਸਾਡੇ ਵਰਗਿਆਂ 'ਚ ਬੈਠਾ ਹੈ ਤੇ ਸਾਨੂੰ ਉਹ ਮਸਤ ਮਲੰਗ ਲਗਦਾ ਸੀ। ਆਵਦੇ ਵਿਭਾਗ ਇਕਨਾਮਿਕਸ ਦੇ ਬੇਲੀ ਵਿਦਿਆਰਥੀਆਂ ਲਈ ਉਹ ਇਕ ਬੜਾ ਹੁਸ਼ਿਆਰ ਤੇ ਗੰਭੀਰ ਵਿਦਿਆਰਥੀ ਸੀ। ਇਸ ਸਭ ਕੁਝ ਦਾ ਕਾਰਨ ਇਹ ਸੀ ਕਿ ਉਹ ਕਈ ਤਰ੍ਹਾਂ ਦੇ ਤਜਰਬਿਆਂ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਪਹੁੰਚਿਆ ਸੀ। ਸਰਸੇ ਦੇ ਨੈਸ਼ਨਲ ਕਾਲਜ ਤੋਂ ਬੀ.ਏ. ਕਰਨ ਬਾਅਦ ਉਸਨੇ ਸਭ ਤੋਂ ਪਹਿਲਾਂ ਦਿੱਲੀ ਦੇ ਨੈਸ਼ਨਲ ਸਕੂਲ ਆਫ ਡਰਾਮਾ 'ਚ ਦਾਖਲਾ ਲਿਆ, ਕਿਉਂਕਿ ਉਹ ਕਾਲਜ 'ਚ ਸਟੇਜ ਦਾ ਵਧੀਆ ਕਲਾਕਾਰ ਸੀ। ਪਰ ਨੈਸ਼ਨਲ ਸਕੂਲ ਆਫ ਡਰਾਮਾ ਵਿਚੋਂ ਹੀ ਛੱਡ ਕੇ ਉਹਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ 'ਚ ਹਿਸਟਰੀ ਦੀ ਐਮ.ਏ. 'ਚ ਦਾਖਲਾ ਲੈ ਲਿਆ, ਕਿਉਂਕਿ ਉਸਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਾ ਸਾਹਿਤਕ ਅਤੇ ਅਕਾਦਮਿਕ ਮਾਹੌਲ ਚੰਗਾ ਲੱਗਿਆ। ਪਰ ਜਲਦੀ ਹੀ ਉਸਨੂੰ ਆਪਣੇ ਕੈਰੀਅਰ ਦੀ ਯਾਦ ਆ ਗਈ ਤੇ ਉਸਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਹਿਸਟਰੀ ਵਿਭਾਗ ਤੋਂ ਐਮ.ਏ. ਦਾ ਪਹਿਲਾ ਭਾਗ ਪਾਸ ਕਰਕੇ ਪੰਜਾਬ ਯੂਨੀਵਰਸਿਟੀ 'ਚ ਆ ਕੇ ਇਕਨਾਮਿਕਸ ਦੀ ਐਮ.ਏ. 'ਚ ਦਾਖਲਾ ਲੈ ਲਿਆ ਅਤੇ ਹੱਸਦਿਆਂ, ਖੇਡਦਿਆਂ, ਸ਼ਰਾਰਤਾਂ ਕਰਦਿਆਂ ਅਤੇ ਹੋਸਟਲ ਬਦਲਦਿਆਂ ਉਹ ਬਹੁਤ ਵਧੀਆ ਨੰਬਰਾਂ ਨਾਲ ਮਾਸਟਰ ਡਿਗਰੀ ਕਰ ਗਿਆ ਅਤੇ ਫਟਾ-ਫਟ ਆਪਣੀ ਜਮਾਤਣ ਬਲਜੀਤ ਕੌਰ ਨਾਲ ਵਿਆਹ ਕਰਵਾ ਕੇ ਵਾਪਸ ਚਲਾ ਗਿਆ। ਸਾਲ ਬਾਅਦ ਹੀ ਉਹ ਦੋਵੇਂ ਜੀਅ ਚੰਡੀਗੜ੍ਹ ਆ ਵਸੇ, ਕਿਉਂਕਿ ਉਸਦੇ ਕਾਂਗਰਸੀ ਨੇਤਾ ਬਾਪ ਨੇ ਭੱਜ ਨੱਠ ਕਰਕੇ ਦੋਵਾਂ ਨੂੰ ਹਰਿਆਣੇ ਦੇ ਯੋਜਨਾ ਅਤੇ ਅੰਕੜੇ ਵਿਭਾਗ 'ਚ ਚੰਗੀ ਨੌਕਰੀ ਦਿਵਾ ਦਿੱਤੀ ਸੀ। ਆਉਂਦਿਆਂ ਹੀ ਉਸ ਨੇ ਆਪਣੇ ਸੁਭਾ ਅਨੁਸਾਰ ਪੁਰਾਣੇ ਬੇਲੀਆਂ ਨਾਲ ਸ਼ਾਮ ਦੀਆਂ ਮਹਿਫਲਾਂ ਸਜਾਉਣੀਆਂ ਸ਼ੁਰੂ ਕਰ ਦਿੱਤੀਆਂ। ਟਾਊਨ ਪਲੈਨਿੰਗ ਵਾਲਾ ਬਾਜਵਾ, ਵਕੀਲ ਹਰਮੀਤ ਸਰਾਂ, ਮੈਂ ਤੇ ਉਹ ਅਕਸਰ ਹਫਤੇ 'ਚ ਇਕ ਦੋ ਵਾਰ ਇਕੱਠੇ ਹੁੰਦੇ, ਜਿਸਦਾ ਸਿਹਰਾ ਭੁੱਲਰ ਸਿਰ ਹੀ ਹੁੰਦਾ।

ਜਿਸ ਦਿਨ ਵੀ ਮੌਸਮ ਵਧੀਆ ਹੋਣਾ ਤੇ ਫੋਨ ਦੀ ਘੰਟੀ ਖੜਕਣੀ ਤਾਂ ਸਮਝੋ ਫੋਨ ਭੁੱਲਰ ਦਾ ਹੀ ਐ। ਉਸ ਹਮੇਸ਼ਾ ਇਹ ਹੀ ਕਹਿਣਾ, ''ਕਿਵੇਂ ਐਂ ਸੰਧੂ ਸਾਹਿਬ, ਮੌਸਮ ਕੀ ਕਹਿੰਦਾ ਐ।'' ਮੇਰਾ ਜਵਾਬ ਸੁਣੇ ਬਗੈਰ ਹੀ ਉਸ ਕਹਿਣਾ ''ਫਟਾਫਟ ਤਿਆਰ ਹੋ ਜਾ। ਮੈਂ ਬਾਜਵੇ ਅਤੇ ਸਰਾਂ ਨੂੰ ਫੋਨ ਕਰ ਦਿੱਤਾ ਐ। ਉਹ ਤੈਨੂੰ ਲੈਣ ਆ ਰਹੇ ਹਨ। ਇਉਂ ਕਰੀਂ ਆਪਣੇ ਵਾਲਾ ਵੱਡਾ ਹਾਟ ਕੇਸ ਲੈ ਲਈਂ ਅਤੇ ਆਉਂਦੇ ਹੋਏ ਕੜਾਹੀ ਮੀਟ ਦਾ ਭਰਵਾ ਲਿਆਇਆ ਜੇ। ਬਾਕੀ ਸਭ ਰਾਸ਼ਨ ਮੈਂ ਤਿਆਰ ਕਰ ਲੈਨਾ ਆਂ।'' ਇਹ ਸਾਰੀਆਂ ਗੱਲਾਂ ਉਸ ਨਾਨਕੇ ਚੱਲੇ ਨਿਆਣੇ ਦੇ ਦਾਅ ਵਾਂਗ ਇਕੋ ਸਾਹੇ ਕਹਿ ਦੇਣੀਆਂ ਤੇ ਫਿਰ ਪੁੱਛਣਾ, ''ਅੱਜ ਧੂਣੀ ਕਿਥੇ ਸੇਕਣੀ''? ਮੇਰੇ ਇਹ ਕਹਿਣ 'ਤੇ ਕਿ ਪਿੰਜੌਰ ਗਾਰਡਨ ਤੋਂ ਅੱਗੇ ਪਹਾੜੀਏ ਦਾ ਢਾਬਾ ਠੀਕ ਰਹੇਗਾ ਤਾਂ ਉਸਨੇ ਹਮੇਸ਼ਾ ਇਕੋ ਗੱਲ ਕਹਿਣੀ ''ਕਿਆ ਬਾਤ ਕਹੀ ਐ ਮੇਰੇ ਆਰ (ਮੇਰੇ ਯਾਰ)। ਬਸ ਫਿਰ ਫਟਾ ਫਟ ਪਹੁੰਚੋ ਮੇਰੇ ਕੋਲ।'' ਕਦੇ ਛੁੱਟੀ ਵਾਲੇ ਦਿਨ ਜੇ ਉਸਦਾ ਮਿਲ ਬੈਠਣ ਦਾ ਮਨ ਕਰਨਾ ਤਾਂ ਉਸ ਸਧਾਰਣ ਮੌਸਮ ਨੂੰ ਵੀ ਗੱਲੀਂ ਬਾਤੀਂ ਖਾਸ ਤੇ ਖੂਬਸੂਰਤ ਸਿੱਧ ਕਰਨਾ ਤੇ ਸਾਨੂੰ ਕਹਿਣਾ ਕਿ ਐਸੇ ਮੌਸਮਾਂ 'ਚ ਤਾਂ ਕੈਦੀ ਵੀ ਅੰਦਰੀਂ ਨਹੀਂ ਬੈਠਦੇ। ਫਿਰ ਸਾਨੂੰ ਤਿੰਨਾਂ ਨੂੰ ਘਰਾਂ ਤੋਂ ਲੈ ਕੇ ਕਦੀ ਝੀਲ 'ਤੇ ਅਤੇ ਕਦੀ ਯੂਨੀਵਰਸਿਟੀ ਦੇ ਗੈਸਟ ਹਾਊਸ 'ਚ ਮਹਿਫਲ ਮਘਾ ਲੈਣੀ। ਜਦੋਂ ਸ਼ਿਮਲੇ ਬਰਫ ਪੈਣ ਦੀ ਖਬਰ ਆਉਣੀ ਤਾਂ ਉਸ ਆਪ ਹੀ ਡਾ. ਰਾਮ ਪ੍ਰਕਾਸ਼ ਵਰਗੇ ਹਰਿਆਣੇ ਦੇ ਕਿਸੇ ਸੈਨੇਟਰ ਨੂੰ ਕਹਿਕੇ ਸ਼ਿਮਲੇ ਪੰਜਾਬ ਯੂਨੀਵਰਸਿਟੀ ਦਾ ਫੈਕਲਟੀ ਹਾਊਸ ਬੁਕ ਕਰਵਾ ਲੈਣਾ। ਫਿਰ ਸਭ ਨੂੰ ਦਫਤਰਾਂ 'ਚੋਂ ਦੋ ਚਾਰ ਦਿਨਾਂ ਦੀਆਂ ਛੁੱਟੀਆਂ ਲੈ ਲੈਣ ਲਈ ਫੋਨ ਕਰ ਦੇਣੇ ਤੇ ਸਾਨੂੰ ਤਿੰਨਾਂ ਨੂੰ ਆਪਣੀ ਵੱਡੀ ਕਾਰ 'ਚ ਲੱਦਕੇ ਸ਼ਿਮਲੇ ਜਾ ਪਹੁੰਚਣਾ। ਜਿਥੇ ਬਾਲਕੋਨੀ 'ਚ ਬੈਠਕੇ ਦੋ ਦੋ, ਤਿੰਨ ਤਿੰਨ ਦਿਨ ਧੂਣੀ ਵੀ ਸੇਕੀ ਜਾਣੀ ਅਤੇ ਸ਼ਿਮਲੇ ਦੀ ਬਰਫ ਦੀ ਠੰਡਕ ਵੀ ਮਾਣੀ ਜਾਣੀ।

ਇਹ ਭੁੱਲਰ ਪਿਛਲੀ ਉਮਰੇ ਜਾਣੀ ਚਾਰ ਸਾਲ ਪਹਿਲਾਂ ਬੀਵੀ ਬੱਚਿਆਂ ਸਮੇਤ ਕੈਲੇਫੋਰਨੀਆਂ ਦੇ ਇਕ ਵੱਡੇ ਸ਼ਹਿਰ ਆ ਵਸਿਆ ਹੈ। ਰਾਤ ਦੇ ਸਾਡੇ ਕੁ ਨੌਂ ਵਜੇ ਮੈਂ ਉਸਨੂੰ ਫੋਨ ਕੀਤਾ ਤਾਂ ਉਸਦੀ ਪਤਨੀ ਨੇ ਫੋਨ ਚੁੱਕਿਆ। ਪਤਾ ਲੱਗਾ ਕਿ ਗੁਰਪਾਲ ਸਿੰਘ ਭੁੱਲਰ ਹੁਣੇ ਰੋਟੀ ਖਾ ਕੇ ਸੌਂ ਚੁੱਕੇ ਹਨ। ਮੇਰੇ ਇਹ ਪੁਛਣ 'ਤੇ ਕਿ ਕਿਤੇ ਜ਼ਿਆਦਾ ਤਾਂ ਨਹੀਂ ਪੀ ਲਈ, ਉਸਦੀ ਪਤਨੀ ਕਹਿਣ ਲੱਗੀ ਕਿ ਪੀਣੀ ਤਾਂ ਉਸਨੇ ਤਕਰੀਬਨ ਬੰਦ ਹੀ ਕਰ ਦਿੱਤੀ ਹੈ, ਕਿਉਂਕਿ ਇਕ ਤਾਂ ਸਟੋਰ 'ਤੇ ਸਵੇਰੇ ਸਾਢੇ ਪੰਜ ਵਜੇ ਪਹੁੰਚਣਾ ਹੁੰਦਾ ਹੈ ਤੇ ਪੀਣ ਨਾਲ ਸਵੇਰੇ ਜਲਦੀ ਨਹੀਂ ਉਠਿਆ ਜਾਂਦਾ ਦੂਜਾ ਇਥੇ ਆ ਕੇ ਉਸਦਾ ਬਲੱਡ-ਪ੍ਰੈਸ਼ਰ ਕਾਫੀ ਵਧ ਗਿਆ ਹੈ, ਜਿਸ ਕਰਕੇ ਸ਼ਰਾਬ ਤਾਂ ਕੀ ਲੂਣ, ਚੀਨੀ ਅਤੇ ਮੀਟ ਆਦਿ ਵੀ ਲਗਭਗ ਛੱਡ ਹੀ ਦਿੱਤੇ ਹਨ। ਉਸਨੇ ਇਹ ਵੀ ਦੱਸਿਆ ਕਿ ਹਰ ਰੋਜ਼ 8-9 ਘੰਟੇ ਖੜ੍ਹਕੇ ਕੰਮ ਕਰਨ ਨਾਲ ਉਸਦੇ ਇਕ ਗੋਡੇ 'ਚ ਕਾਫੀ ਦਰਦ ਰਹਿੰਦਾ ਹੈ। ਦੇਸੀ ਸਟੋਰ 'ਤੇ ਕੰਮ ਕਰਦਾ ਹੈ, ਇੰਸ਼ੋਰੈਂਸ ਕੋਈ ਹੈ ਨਹੀ, ਇੰਡੀਆ ਤੋਂ ਦਵਾਈ ਤੇ ਮੱਲਮ ਮੰਗਵਾਈ ਹੈ ਕੋਈ ਖਾਸ ਫਰਕ ਨਹੀਂ ਪਿਆ। ਮੇਰੀ ਪਤਨੀ ਨੇ ਫੋਨ ਫੜਿਆ ਤਾਂ ਬਲਜੀਤ ਨੇ ਦੱਸਿਆ ਕਿ ਉਹ ਆਪ ਵੀ 6 ਦਿਨ ਕੰਮ ਕਰਦੀ ਹੈ ਉਪਰੋਂ ਘਰ ਦਾ ਤੇ ਬੱਚਿਆਂ ਦਾ ਸਾਰਾ ਕੰਮ। ਹਰ ਵੇਲੇ ਥਕਾਵਟ ਮਹਿਸੂਸ ਹੁੰਦੀ ਰਹਿੰਦੀ ਹੈ। ਇਥੇ ਕਿਹੜਾ ਚੰਡੀਗੜ੍ਹ ਵਾਂਗ ਨੌਕਰ ਰੱਖ ਸਕਦੇ ਆਂ। ਏਥੇ ਤਾਂ ਆਪ ਹੀ ਨੌਕਰ ਆਂ। ਬੱਚੇ ਵਿਚਾਰੇ ਪੜ੍ਹਦੇ ਵੀ ਨੇ ਅਤੇ ਕੰਮ ਵੀ ਕਰਦੇ ਨੇ। ਅਗਲੇ ਦਿਨ ਸ਼ਾਮ ਨੂੰ ਮੈਂ ਫਿਰ ਭੁੱਲਰ ਨੂੰ ਫੋਨ ਕੀਤਾ। ਦੋਵੇਂ ਜੀਅ ਘਰੇ ਸਨ। ਬੜੀਆਂ ਗੱਲਾਂ-ਬਾਤਾਂ ਹੋਈਆਂ, ਪਰ ਭੁੱਲਰ ਨੇ ਕੋਈ ਦੁਖ ਤਕਲੀਫ ਵਾਲੀ ਗੱਲ ਨਹੀਂ ਕੀਤੀ। ਮੈਨੂੰ ਜੋ ਕੁਝ ਉਸਦੀ ਪਤਨੀ ਤੋਂ ਕੱਲ ਪਤਾ ਲੱਗਿਆ ਸੀ, ਜਦੋਂ ਮੈਂ ਉਸ ਤਕਲੀਫ ਤੇ ਬਿਮਾਰੀ ਬਾਰੇ ਪੁਛਿਆ ਤਾਂ ਕਹਿਣ ਲੱਗਾ, ''ਚੰਡੀਗੜ੍ਹ ਬਥੇਰੀਆਂ ਧੂਣੀਆਂ ਸੇਕੀਆਂ ਨੇ ਸੰਧੂ

ਸਾਹਿਬ ਹੁਣ ਹੱਡਾਂ ਨੂੰ ਸੇਕ ਤਾਂ ਪਹੁੰਚਣਾ ਹੀ ਸੀ। ਤੁਸੀਂ ਬੱਸ ਚੰਡੀਗੜ੍ਹ ਸਾਡੀ ਕੋਠੀ ਦਾ ਖਿਆਲ ਰੱਖਿਓ, ਬਾਕੀ ਸਭ ਖੈਰ ਸੱਲਾ ਏ।'' ਫੋਨ ਬੰਦ ਕਰਨ ਤੋਂ ਪਹਿਲਾਂ ਮੈਂ ਉਸਨੂੰ ਪੁਛਿਆ ਕਿ ਉਸਨੇ ਜੇ ਕੋਈ ਉਲਾਂਭਾ ਜਾਂ ਸੁਨੇਹਾ ਚੰਡੀਗੜ੍ਹ ਭੇਜਣਾ ਏ ਤਾਂ ਮੈਂ ਲੈ ਜਾ ਸਕਦਾ ਹਾਂ। ਉਹ ਜਰਾ ਕੁ ਚੰਡੀਗੜ੍ਹ ਵਾਲੇ ਮੂਡ 'ਚ ਹੋ ਕੇ ਕਹਿਣ ਲੱਗਾ ਕਿ ਸੁਨੇਹਾ ਜਾਂ ਉਲਾਂਭਾ ਤਾਂ ਕੋਈ ਨਹੀਂ, ਤੈਨੂੰ ਇਕ ਗੱਲ ਕਹਿਣੀ ਐ ਜੇ ਮੰਨੇਗਾ ਤੇ, ਮੇਰੇ ਪੁੱਛਣ 'ਤੇ ਕਿ ਕਿਹੜੀ ਗੱਲ, ਉਸ ਕਿਹਾ:

''ਡਾਚੀ ਵਾਲਿਆ ਮੋੜ ਮੁਹਾਰ ਵੇ,
ਸਾਨੂੰ ਲੈ ਚੱਲ ਆਪਣੇ ਨਾਲ ਵੇ।''

ਉਸਦੀ ਇਹ ਗੱਲ ਸੁਣਕੇ ਅਸੀਂ ਦੋਵੇਂ ਹੱਸਣ ਲੱਗੇ ਅਤੇ ਫੋਨ ਬੰਦ ਕਰ ਦਿੱਤੇ।

***

ਗੱਲ ਸ਼ਾਇਦ 1970 ਜਾਂ 1971 ਦੀ ਹੈ ਕਿ ਸੰਤ ਸਿੰਘ ਸੇਖੋਂ ਕਿਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਆਇਆ ਅਤੇ ਉਹ ਪ੍ਰੋ. ਰਾਮ ਸਿੰਘ ਦੇ ਕਮਰੇ 'ਚ ਬੈਠਾ ਸੀ। ਕੋਲ ਪ੍ਰੋ. ਰਾਮ ਸਿੰਘ ਤੋਂ ਬਿਨਾਂ ਕੇਸਰ ਸਿੰਘ ਕੇਸਰ ਵੀ ਬੈਠਾ ਸੀ। ਜੋ ਉਨ੍ਹਾਂ ਦਿਨਾਂ 'ਚ ਪੰਜਾਬੀ ਵਿਭਾਗ 'ਚ ਰੀਸਰਚ ਸਕਾਲਰ ਹੁੰਦਾ ਸੀ। ਇੰਨੇ ਨੂੰ ਇਕ ਸੋਹਣੀ-ਸਨੁੱਖੀ ਤੇ ਲੰਬੀ-ਲੰਝੀ ਕੁੜੀ ਪ੍ਰੋ. ਰਾਮ ਨੂੰ ਕੁਝ ਕਿਤਾਬਾਂ ਵਾਪਸ ਦੇਣ ਅਤੇ ਕੁਝ ਸਵਾਲ ਪੁਛਣ ਆਈ। ਇਕ ਮਿੰਟ ਤੋਂ ਵੀ ਘੱਟ ਸਮੇਂ 'ਚ ਉਹ ਪੁੱਛ-ਦੱਸਕੇ ਵਾਪਸ ਚਲੀ ਗਈ ਤਾਂ ਪ੍ਰੋ. ਸੇਖੋਂ ਕਹਿਣ ਲੱਗਾ, ''ਰਾਮ ਸਿਆਂ, ਜੇ ਕੋਈ ਪੁੱਛੇ ਕਿ ਇਕ ਅੱਲੜ ਅਤੇ ਪੂਰਨ ਸੁੰਦਰ ਪੰਜਾਬੀ ਮੁਟਿਆਰ ਕਿਹੋ ਜਿਹੀ ਹੁੰਦੀ ਹੈ ਜਾਂ ਕੋਈ ਪੁੱਛੇ ਕਿ ਅੰਗਰੇਜ਼ੀ ਕਵੀ ਵਰਡਜ਼ਵਰਥ ਦੀ ਕਲਪਤ ਭੋਲੀ ਭਾਲੀ ਲੂਸੀ ਦਾ ਚਿਹਰਾ ਕਿਹੋ ਜਿਹਾ ਹੋਣਾ ਐ ਤਾਂ ਮੇਰੇ ਖਿਆਲ 'ਚ ਆਹ ਕੁੜੀ ਜਵਾਬ ਹੈ ਦੋਹਾਂ ਸਵਾਲਾਂ ਦਾ, ਬਿਨਾਂ ਕਿਸੇ ਵਿਆਖਿਆ ਦੇ।'' ਪੁਸ਼ਪਿੰਦਰ ਪੰਧੇਰ ਬਾਰੇ ਸੇਖੋਂ ਦੀ ਅਤਕਥਨੀ ਲਗਣ ਵਾਲੀ ਪਰ ਸੱਚੀ ਇਹ ਟਿਪਣੀ ਪੰਜਾਬੀ ਵਿਭਾਗ ਦੇ ਮੁੰਡੇ ਕੁੜੀਆਂ ਤੱਕ ਤੇ ਅੱਗੇ ਸਾਡੇ ਵਰਗਿਆਂ ਤੱਕ 'ਕੇਸਰ ਸਿੰਘ' ਰਾਹੀਂ ਪਹੁੰਚੀ ਸੀ। ਮੈਂ ਉਸਨੂੰ ਜਿਆਦਾ ਇਸ ਕਰਕੇ ਵੀ ਜਾਣਦਾ ਸੀ ਕਿ ਦੋ ਸਾਲ ਉਹ ਤੇ ਮੇਰੀ ਪਤਨੀ ਮਨਮੀਤ ਇਕੋ ਹੋਸਟਲ ਰਹੀਆਂ, ਪਹਿਲੇ ਸਾਲ ਤਾਂ ਉਹ ਰੂਮ-ਮੇਟ ਵੀ ਰਹੀਆਂ, ਕਿਉਂਕਿ ਉਹ ਦੋਵੇਂ ਲੁਧਿਆਣੇ ਦੀਆਂ ਸਨ। ਮੇਰੀ ਪਤਨੀ ਨੇ ਮੈਨੂੰ ਦੱਸਿਆ ਸੀ ਕਿ ਉਹ ਇਕ ਬੇਪ੍ਰਵਾਹ, ਜ਼ਹੀਨ ਤੇ

ਫੋਨ ਬੰਦ ਕਰਨ ਤੋਂ ਪਹਿਲਾਂ ਮੈਂ ਉਸਨੂੰ ਪੁਛਿਆ ਕਿ ਉਸਨੇ ਜੇ ਕੋਈ ਉਲਾਂਭਾ ਜਾਂ ਸੁਨੇਹਾ ਚੰਡੀਗੜ੍ਹ ਭੇਜਣਾ ਏ ਤਾਂ ਮੈਂ ਲੈ ਜਾ ਸਕਦਾ ਹਾਂ। ਉਹ ਜਰਾ ਕੁ ਚੰਡੀਗੜ੍ਹ ਵਾਲੇ ਮੂਡ 'ਚ ਹੋ ਕੇ ਕਹਿਣ ਲੱਗਾ ਕਿ ਸੁਨੇਹਾ ਜਾਂ ਉਲਾਂਭਾ ਤਾਂ ਕੋਈ ਨਹੀਂ, ਤੈਨੂੰ ਇਕ ਗੱਲ ਕਹਿਣੀ ਐ ਜੇ ਮੰਨੇਗਾ ਤੇ, ਮੇਰੇ ਪੁੱਛਣ 'ਤੇ ਕਿ ਕਿਹੜੀ ਗੱਲ, ਉਸ ਕਿਹਾ:
''ਡਾਚੀ ਵਾਲਿਆ ਮੋੜ ਮੁਹਾਰ ਵੇ,
ਸਾਨੂੰ ਲੈ ਚੱਲ ਆਪਣੇ ਨਾਲ ਵੇ।''
ਉਸਦੀ ਇਹ ਗੱਲ ਸੁਣਕੇ ਅਸੀਂ ਦੋਵੇਂ ਹੱਸਣ ਲੱਗੇ ਅਤੇ ਫੋਨ ਬੰਦ ਕਰ ਦਿੱਤੇ।

ਸਾਹਿਤਕ ਰੁਚੀਆਂ ਵਾਲੀ ਕੁੜੀ ਸੀ, ਕਿਸੇ ਕਿਸਮ ਦੀ ਨਿੰਦਿਆ, ਚੁਗਲੀ ਤੇ ਈਰਖਾ ਤੋਂ ਕੋਹਾਂ ਦੂਰ। ਅਸੀਂ ਉਸਦੇ ਵਿਆਹ 'ਤੇ ਵੀ ਗਏ ਸੀ। ਪਤਾ ਲੱਗਿਆ ਸੀ ਕਿ ਮੁੰਡਾ ਪੁਸ਼ਪਿੰਦਰ ਦੇ ਬਾਪ ਦੇ ਚੰਗੇ ਜਾਣਕਾਰ ਪਰਿਵਾਰ ਦਾ ਸੀ। ਇਹ ਵੀ ਪਤਾ ਲੱਗਾ ਕਿ ਮੁੰਡੇ ਵਾਲਿਆਂ ਨੇ ਇਹ ਰਿਸ਼ਤਾ ਮੰਗ ਕੇ ਅਤੇ ਬੜੀਆਂ ਸਿਫਾਰਸ਼ਾਂ ਨਾਲ ਲਿਆ ਸੀ। ਮੈਨੂੰ ਮਨਮੀਤ ਨੇ ਦੱਸਿਆ ਸੀ ਕਿ ਜੋੜੀ ਬਹੁਤ ਵਧੀਆ ਬਣੀ ਹੈ ਅਤੇ ਪ੍ਰੋਫੈਸਰ ਮੁੰਡਾ ਅਤੇ ਉਸਦਾ ਘਰ ਬਾਰ ਪੁਸ਼ਪਿੰਦਰ ਨੂੰ ਵੀ ਪਸੰਦ ਹੈ। ਬਸ ਇੰਨੀ ਕੁ ਹੀ ਜਾਣਕਾਰੀ ਸੀ ਸਾਨੂੰ ਹੁਣ ਤੱਕ ਪੁਸ਼ਪਿੰਦਰ ਬਾਰੇ।

ਪਿਛਲੇ ਦਿਨੀਂ ਸਬੱਬ ਨਾਲ ਇਹੋ ਪੁਸ਼ਪਿੰਦਰ ਸਾਨੂੰ ਅਮਰੀਕਾ 'ਚ ਮਿਲ ਗਈ। ਗੱਲ ਇਸ ਤਰ੍ਹਾਂ ਹੋਈ ਕਿ ਅਸੀਂ ਨਿਊਯਾਰਕ ਤੋਂ ਕੋਈ ਤਿੰਨ ਕੁ ਘੰਟਿਆਂ ਦੀ ਦੂਰੀ 'ਤੇ ਕਿਸੇ ਰਿਸ਼ਤੇਦਾਰ ਨੂੰ ਮਿਲਣ ਜਾ ਰਹੇ ਸਾਂ। ਰਸਤੇ 'ਚ ਗੈਸ ਅਤੇ ਬੱਚਿਆਂ ਲਈ ਕੁਝ ਲੈਣ ਲਈ ਅਸੀਂ ਇਕ ਸ਼ਹਿਰ 'ਚ ਦਾਖ਼ਲ ਹੋਏ ਅਤੇ ਕਾਫੀ ਅੰਦਰ ਜਾ ਕੇ ਇਕ ਗੈਸ-ਸਟੇਸ਼ਨ 'ਤੇ ਰੁਕੇ ਅਤੇ ਮੇਰੀ ਲੜਕੀ ਅਤੇ ਉਸ ਦੀ ਮਾਂ ਬੱਚਿਆਂ ਨੂੰ ਲੈ ਕੇ ਅੰਦਰ ਚਲੀਆਂ ਗਈਆਂ। ਜਦੋਂ ਉਹ ਬਾਹਰ ਆਈਆਂ ਤਾਂ ਉਨ੍ਹਾਂ ਨਾਲ ਇਕ ਹੋਰ ਪੰਜਾਬੀ ਦਿਸਦੀ ਔਰਤ ਸੀ। ਤਿੰਨੋਂ ਸਾਡੇ ਵਲ ਵੇਖ ਕੇ ਹੱਸਦੀਆਂ ਆ ਰਹੀਆਂ ਸਨ। ਮੇਰੀ ਪਤਨੀ ਦੇ ਦੱਸਣ 'ਤੇ ਮੈਨੂੰ ਪਤਾ ਲੱਗਿਆ ਕਿ ਇਹ ਲੁਧਿਆਣੇ ਵਾਲੀ ਪੁਸ਼ਪਿੰਦਰ ਹੈ ਤੇ ਇਹ ਦੋਵੇਂ ਜੀਅ ਆਪਣੇ ਲੜਕੇ ਸਮੇਤ 4-5 ਸਾਲ ਪਹਿਲਾਂ ਅਮਰੀਕਾ ਆ ਗਏ ਸਨ। ਲੜਕੀ ਇੰਡੀਆ 'ਚ ਹੀ ਮੁਹਾਲੀ ਵਿਆਹੀ ਹੋਈ ਹੈ। ਉਸ ਨੇ ਬੜਾ ਜ਼ੋਰ ਲਾਇਆ ਕਿ ਅਸੀਂ ਅੱਜ ਉਸ ਕੋਲ ਰਹੀਏ, ਪਰ ਅਸੀਂ ਮਜ਼ਬੂਰੀ ਦੱਸੀ ਤੇ ਕੱਲ ਇਸੇ ਵੇਲੇ ਇਸੇ ਗੈਸ ਸਟੇਸ਼ਨ 'ਤੇ ਉਸ ਨਾਲ ਬਰੇਕਫਾਸਟ ਕਰਨ ਦਾ ਵਾਅਦਾ ਕਰਕੇ ਅੱਗੇ ਚੱਲ ਪਏ। ਅਗਲੇ ਦਿਨ ਅਸੀਂ ਮਿਥੇ ਹੋਏ ਸਮੇਂ 'ਤੇ ਪਹੁੰਚ ਗਏ। ਪੁਸ਼ਪਿੰਦਰ ਨੇ ਸਾਡੇ ਨਾਲ ਸਮਾਂ ਬਿਤਾਉਣ ਲਈ ਸਟੋਰ ਦੀ ਮਾਲਕਣ ਆਪਣੀ ਨਨਾਣ ਨੂੰ ਸਪੈਸ਼ਲੀ ਸੱਦਿਆ ਹੋਇਆ ਸੀ। ਉਹ ਬੜੀ ਅਪਣੱਤ ਅਤੇ ਜ਼ੋਰ ਨਾਲ ਸਾਨੂੰ ਆਪਣੇ ਅਪਾਰਟਮੈਂਟ ਵਿਚ ਲੈ ਤੁਰੀ। ਮਨਜੀਤ ਨੇ ਉਸਨੂੰ ਉਸ ਦੀ ਨਨਾਣ ਦੇ ਓਪਰੇ ਰਵੱਈਏ ਬਾਰੇ ਪੁੱਛਿਆ ਤਾਂ ਕਹਿਣ ਲੱਗੀ ਕਿ ਇਹ ਤੁਹਾਨੂੰ ਅਜੀਬ ਲੱਗਦਾ ਹੈ ਸਾਨੂੰ ਤਾਂ ਹੁਣ ਅਜਿਹੀਆਂ ਗੱਲਾਂ ਸਾਧਾਰਨ ਹੀ ਲੱਗਦੀਆਂ ਹਨ। ਉਸ ਦੇ ਦੋ ਕਮਰਿਆਂ ਦੇ ਕਵਾਟਰ 'ਚ ਪਹੁੰਚੇ ਤਾਂ ਮੈਨੂੰ ਇਕ ਵਾਰ ਦੇਖੀ ਲੁਧਿਆਣੇ ਵਾਲੀ ਉਨ੍ਹਾਂ ਦੀ ਕੋਠੀ ਯਾਦ ਆ ਰਹੀ ਸੀ। ਬੜੀ ਰੀਝ ਅਤੇ ਚਾਅ ਨਾਲ ਉਸ ਨੇ ਸਾਨੂੰ ਬੜਾ ਸੁਆਦੀ ਨਾਸ਼ਤਾ ਕਰਵਾਇਆ ਅਤੇ ਮੇਰੀ ਨੂੰਹ, ਧੀ ਅਤੇ ਪਤਨੀ ਨਾਲ ਬਹੁਤ ਦੇਰ ਗੱਲਾਂ ਕਰਦੀ ਰਹੀ। ਉਸ ਦਾ ਪਤੀ ਇੰਡੀਆ ਗਿਆ ਹੋਇਆ ਸੀ ਅਤੇ ਲੜਕਾ ਕਾਲਜ। ਤਿੰਨ-ਚਾਰ ਘੰਟਿਆਂ ਬਾਅਦ ਅਸੀਂ ਉਸਨੂੰ ਸਟੋਰ 'ਤੇ ਛੱਡ ਕੇ ਵਾਪਸ ਨਿਊਯਾਰਕ ਵਲ ਰਵਾਨਾ ਹੋ ਗਏ।

ਸ਼ਾਮ ਨੂੰ ਅਸੀਂ ਪੁਸ਼ਪਿੰਦਰ ਦੇ ਅੱਜ ਅਤੇ ਬੀਤੇ ਕੱਲ ਦੀਆਂ ਹੀ ਗੱਲਾਂ ਕੀਤੀਆਂ। ਮੇਰੀ ਪਤਨੀ ਨੇ ਦੱਸਿਆ ਕਿ ਪੁਸ਼ਪਿੰਦਰ ਦੀ ਲੜਕੀ ਮੁਹਾਲੀ ਵਿਆਹੀ ਹੈ ਅਤੇ ਉਹ ਐਜੂਕੇਸ਼ਨ ਬੋਰਡ 'ਚ ਉੱਚੇ ਅਹੁਦੇ 'ਤੇ ਲੱਗੀ ਹੋਈ ਹੈ ਅਤੇ ਜਵਾਈ ਇੰਡਸਟਰੀ ਵਿਭਾਗ 'ਚ ਚੰਡੀਗੜ੍ਹ 'ਚ ਅਫਸਰ ਹੈ। ਉਹ ਧੀ ਵਲੋਂ ਤਾਂ ਬੜੀ ਸੌਖੀ ਹੈ, ਪਰ ਇਥੇ ਉਸਨੂੰ ਸੱਤੇ ਦਿਨ ਕੰਮ ਕਰਨਾ ਪੈਂਦਾ ਹੈ। ਲੜਕਾ ਪੜ੍ਹਨ ਕਰਕੇ ਥੋੜ੍ਹਾ ਕੰਮ ਕਰਦਾ ਹੈ। ਇਸ ਦਾ ਘਰ ਵਾਲਾ 4-5 ਮਹੀਨੇ ਇਥੇ ਰਹਿ ਜਾਂਦਾ ਹੈ ਤੇ 5-7 ਮਹੀਨੇ ਲੁਧਿਆਣੇ ਜਾਂ ਮੁਹਾਲੀ ਚਲਾ ਜਾਂਦਾ ਹੈ। ਉਸਦਾ ਨਾ ਇਥੇ ਜੀ ਲੱਗਦਾ ਹੈ ਅਤੇ ਨਾ ਹੀ ਇਨ੍ਹਾਂ ਬਿਨਾਂ ਇੰਡੀਆ। ਇਥੇ ਆਉਂਦਾ ਹੈ ਤਾਂ ਅਪਾਰਟਮੈਂਟ 'ਚ ਬੈਠਾ ਰਹਿੰਦਾ ਹੈ। ਬਸ ਟੀ.ਵੀ. ਦੇਖ ਲਿਆ ਜਾਂ ਕਦੇ ਸ਼ਾਮ ਨੂੰ ਸ਼ਰਾਬ ਦਾ ਘੁੱਟ ਪੀ ਲਿਆ। ਇਥੋਂ ਅੱਕ ਜਾਂਦਾ ਹੈ ਤਾਂ ਇੰਡੀਆ ਚਲਾ ਜਾਂਦਾ ਹੈ। ਆਏ ਗਏ ਨੇ ਇਕ ਮਹੀਨਾ ਕੰਮ ਕੀਤਾ। ਇਕ ਦਿਨ ਸਟੋਰ ਦੇ ਮਾਲਕ ਉਸ ਦੇ ਭਣੋਈਏ ਨੇ ਪਤਾ ਨਹੀਂ ਕੀ ਕਹਿ ਦਿੱਤਾ, ਸ਼ਾਮ ਨੂੰ ਉਸ ਨੂੰ ਜਵਾਬ ਦੇ ਦਿੱਤਾ। ਪੁਸ਼ਪਿੰਦਰ ਅਤੇ ਉਨ੍ਹਾਂ ਦਾ ਲੜਕਾ ਉਸ ਨਾਲ ਬਹੁਤ ਹਮਦਰਦੀ ਵਾਲਾ ਰਵੱਈਆ ਰੱਖਦੇ ਹਨ। ਕਿਉਂਕਿ ਪੁਸ਼ਪਿੰਦਰ ਕਹਿੰਦੀ ਹੈ ਕਿ ਉਹ ਬਹੁਤ ਨਾਜ਼ੁਕ ਤਬੀਅਤ ਦਾ ਆਦਮੀ ਹੈ। ਪਰ ਉਸ ਨੇ ਆਪਣੇ ਮਨ ਨੂੰ ਬਹੁਤ ਕਰੜਾ ਕਰ ਰੱਖਿਆ ਹੈ। ਉਹ ਕਹਿੰਦੀ ਐ ਕਿ ਜਿੰਨੀਆਂ ਵੀ ਤਕਲੀਫਾਂ ਸਹਿਣੀਆਂ ਪੈਣ ਉਹ ਲੜਕੇ ਨੂੰ ਸੈੱਟ ਕਰਕੇ ਹੀ ਲੁਧਿਆਣੇ ਜਾਵੇਗੀ। ਪਰ ਮੇਰੀ ਧੀ ਦੱਸਦੀ ਹੈ ਕਿ ਆਂਟੀ ਉਪਰੋਂ ਜਿੰਨੀ ਮਰਜ਼ੀ ਦਲੇਰੀ ਦੀਆਂ ਗੱਲਾਂ ਕਰਦੀ ਹੈ, ਪਰ ਅੰਦਰੋਂ ਤਿੜਕੀ ਪਈ ਹੈ। ਗੱਲ ਗੱਲ 'ਤੇ ਇੰਡੀਆ ਦੀਆਂ ਗੱਲਾਂ ਯਾਦ ਕਰਕੇ ਅੱਖਾਂ ਭਰ ਆਉਂਦੀ ਹੈ। ਹੁਣ ਮੇਰੀ ਧੀ, ਨੂੰਹ ਅਤੇ ਪਤਨੀ ਤਕਰੀਬਨ ਹਰ ਹਫਤੇ ਹੀ ਪੁਸ਼ਪਿੰਦਰ ਨੂੰ ਫੋਨ ਕਰਦੀਆਂ ਹਨ।

## ਮਿੰਨੀ ਕਹਾਣੀ

### ਫਰਕ

"ਓਏ ਕੀ ਗੱਲ ਹੋ ਗੀ! ਕਿਉਂ ਅੜਾਟ ਪਵਾਇਆ ਏਹਦਾ?" ਜਾਗਰ ਸਿਓਂ ਨੇ ਬਾਰੋਂ ਵੜਦਿਆਂ ਹੀ ਆਪਣੇ ਲੜਕੇ ਪਾਲੇ ਨੂੰ ਪੁਛਿਆ, ਜੋ ਕਿ ਨਿੱਕੇ ਰੂਪੇ ਨੂੰ ਕਿਸੇ ਗੱਲੋਂ ਝਿੜਕ ਰਿਹਾ ਸੀ।

"ਅੜਾਟ ਕੀ ਪਵਾਉਣਾ ਬਾਪੂ! ਸਾਲਾ ਕਸੂਤਾ ਈ ਗਿੱਝ ਗਿਆ ਏਹ ਤਾਂ। ਨਿੱਤ ਈ ਆਖੂ ਦਿਉ ਪੈਸੇ ਪਕੌੜੇ ਖਾਣ ਜਾਣਾ ਦੀਸ਼ੇ ਦੀ ਹੱਟੀ ਤੋਂ। ਮੈਂ ਦਿੱਨਾਂ ਏਹਨੂੰ ਚਟਣੀ ਪਾ ਕੇ।" ਉਹਨੇ ਰੂਪੇ ਨੂੰ ਮੋਢਿਓਂ ਫੜ ਕੇ ਝੰਜੋੜਦਿਆਂ ਕਿਹਾ।

"ਓਏ ਤੂੰ ਛੱਡ ਏਹਦਾ ਖਹਿੜਾ ਤੇ ਭਈਆਂ ਨੂੰ ਨਾਲ ਲਾ ਕੇ ਟਰਾਲੀ ਬਰਸੀਨ ਦੀ ਵੱਢ ਲੋ ਦਿਨ ਖੜੇ ਖੜੇ। ਤੜਕੇ ਜਾ ਕੇ ਗਊਸ਼ਾਲਾ ਪਾ ਆਂਮਾਂਗੇ ਗਾਈਆਂ ਨੂੰ। ਪੁੰਨ ਈ ਹੁੰਦਾ ਦਰਵੇਸ਼ਾਂ ਦਾ। "

ਜਾਗਰ ਸਿਓਂ ਨੇ ਸਾਫੇ ਨਾਲ ਚਾਦਰੇ ਤੋਂ ਘੱਟਾ ਝਾੜਿਆ।

"ਚੰਗਾ ਬਾਪੂ! ਪਰ ਏਹਦਾ ਕੀ ਕਰੀਏ, ਏਹ ਤਾਂ ਤੰਗ ਕਰੂ ਮਗਰੋਂ ਆਵਦੀ ਮਾਂ ਨੂੰ।" ਪਾਲੇ ਨੇ ਸਿਰ ਖੁਰਕਿਆ।

"ਤੂੰ ਵਗ ਜਾ ਛੇਤੀ ਦੇਣੇ ਤੇ ਏਹਨੂੰ ਮੈਂ ਲੈ ਜਾਨਾਂ ਨਾਲ, ਨਾਲੇ ਹੱਟੀ ਤੋਂ ਪਕੌੜੇ ਲੈ ਦੂੰ ਨਾਲੇ ਅਸੀਂ ਦਾਦਾ ਪੋਤਾ ਨਹਿਰ ਆਲੇ ਖੇਤ ਗੇੜਾ ਮਾਰ ਆਉਨੇ ਆਂ। ਕਿਤੇ ਸਾਲੀਆਂ ਅਵਾਰਾ ਗਾਈਆਂ ਉਜਾੜਾ ਈ ਨਾ ਕਰੀ ਜਾਂਦੀਆਂ ਹੋਣ ਖੇਤ ਦਾ।" ਜਾਗਰ ਸਿਓਂ ਨੇ ਕੰਧ ਨਾਲ ਪਈ ਤੂਤ ਦੀ ਛਿਟੀ ਚੁੱਕਦਿਆਂ ਕਿਹਾ। ਬਾਬੇ ਦੀ ਉਂਗਲ ਫੜੀ ਜਾਂਦਾ ਅੱਠ ਕੁ ਸਾਲ ਦਾ ਰੂਪਾ ਆਪਣੇ ਨਿੱਕੇ ਜਿਹੇ ਦਿਮਾਗ 'ਤੇ ਜੋਰ ਪਾ ਕੇ ਗਊਸ਼ਾਲਾ ਵਾਲੀਆਂ ਗਾਈਆਂ ਤੇ ਖੇਤ ਵਾਲੀਆਂ ਗਾਈਆਂ 'ਚ ਫਰਕ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ।

*-ਬਲਜਿੰਦਰ ਝਤਰੇ*


# Real Estate and Loans Under One Roof

**Call: Sam Chahal Tel: 916-612-5773**

**Multi-Million Dollars Producer-2007-08**

**Reo-Bankowned Properties**

**Serving from Bay Area to Sacramento**

*For Buying and Selling Residential, Commercial property and for Loans in Sacramento area*



## Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 6-8 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।



**Sam (Sohanpreet)Chahal**
CA Lic. 01504071
**Realtor/Notary Public**
e-mail:sam@jassigill.com



We Help You Buy/Sell Business & Homes

# Golden State Realty



Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

**ਭਾਗ - 1**

ਕਰਮਜੀਤ ਸਿੰਘ ਕੁੱਸਾ

"ਫੇਰ ਉਹਨੂੰ ਕੋਈ ਕੰਮ ਧੰਦਾ ਭਾਲ ਕੇ ਦਿਉ, ਇਉਂ ਵਿਹਲਾ ਫਿਰਦਾ ਤਾਂ ਵਿਗੜੂਗਾ ਈ!"

"ਕੰਮ-ਧੰਦਾ ਮੈਂ ਭਾਲ ਕੇ ਦੇਵਾਂ!" ਗੁਰਬਖਸ਼ ਦੀ ਆਵਾਜ਼ ਭੈਂਕਰ ਵਿਚ ਬਦਲ ਗਈ। ਜਗਰਾਜ ਨੇ ਨੀਵੀਂ ਪਾਇਆਂ ਹੀ ਅੱਖਾਂ ਤਿਰਛੀਆਂ ਕਰਕੇ ਆਪਣੇ ਬਾਪ ਵਲ ਵੇਖਿਆ, ਬਲਬ ਦੇ ਮਧਮ ਪੀਲੇ ਚਾਨਣ ਵਿਚ ਸਾਹਬ ਕੁਰ ਨੂੰ ਮਾਮੂਲੀ ਜਿਹਾ ਦਿੱਸਦਾ ਚਿਹਰਾ ਗੁੱਸੇ ਨਾਲ ਲਾਲ-ਸੁਰਖ਼ ਜਾਪਿਆ, ਉਸ ਹੌਲੀ ਜਿਹੀ ਹਉਕਾ ਭਰਕੇ ਹੌਲੀ ਹੌਲੀ ਛੱਡਿਆ। ਜਗਰਾਜ ਦੀ ਵਹੁਟੀ ਨੇ ਚੁਪ ਨਜ਼ਰਾਂ ਨਾਲ ਸੱਸ-ਸਹੁਰੇ ਵਲ ਝਾਤ ਪਾਈ! ਚੁੱਲ੍ਹੇ ਦੀ ਲਾਟ ਜਦੋਂ ਉੱਚੀ ਉੱਠਦੀ ਤਾਂ ਬਲਬ ਦਾ ਮਧਮ ਚਾਨਣ ਦੂਣਾਂ ਹੋ ਜਾਂਦਾ, "ਜੇ ਮੈਂ ਈ ਭਾਲ ਕੇ ਦੇਣਾ ਐ, ਤਾਂ ਨੌਕਰੀ ਵੀ ਇਨ੍ਹਾਂ ਦੇ ਥਾਂ ਮੈਂ ਈ ਕਰ ਲਿਆ ਕਰੂੰ!... ਕੱਲ੍ਹ ਨੂੰ ਵਿਆਹ ਹੋਊਗਾ! ਜਵਾਕ ਹੋਣਗੇ! ਉਨ੍ਹਾਂ ਨੂੰ ਵੀ ਮੈਂ ਕਮਾ ਕੇ ਖਵਾਊਂ! ਇਹ ਕਾਹਨੂੰ ਕੁਸ਼ ਕਰਨਗੇ। ਸਾਡੇ ਮਾਂ ਪਿਉ ਨੇ ਸਾਨੂੰ ਇਕ ਜਨਮ ਦਿੱਤਾ ਐ, ਮੁੜ ਕੇ ਸਾਫ਼ ਕਹਿ ਤਾ, ਜਿਵੇਂ ਮਰਜ਼ੀ ਐ ਕਰੋ!"

ਮੰਜਾ ਹੌਲੀ ਜਿਹੀ ਯਰਕਿਆ, ਗੁਰਬਖਸ਼ ਪਲ ਕੁ ਚੁੱਪ ਹੋ ਗਿਆ। ਸਾਹਬ ਕੁਰ ਨੇ ਪਤਲੇ ਹਨੇਰੇ ਵਿਚ ਅੱਖਾਂ ਪਾੜ ਕੇ ਦੇਖਿਆ, ਜਗਰਾਜ ਜੁੱਤੀ ਪੈਰਾਂ ਵਿਚ ਪਾ ਕੇ ਘਸੀਟਦਾ ਬਾਹਰ ਨੂੰ ਤੁਰ ਚੱਲਿਆ। ਸਾਹਬ ਕੁਰ ਦੇ ਚਿੱਤ ਵਿਚ ਕੋਈ ਗੱਲ ਉਤਰੀ ਪਰ ਆਵਾਜ਼ ਮਾਰਨ ਤੋਂ ਪਹਿਲਾਂ ਹੀ ਉਸ ਨੇ ਕੁਝ ਸੋਚ ਕੇ ਮੂੰਹ ਬੰਦ ਕਰ ਲਿਆ। ਗੁਰਬਖਸ਼ ਹੁਣ ਚੁੱਪ ਬੈਠਾ ਇਕ ਹੱਥ ਨਾਲ ਮੁੱਛ ਮਰੋੜਦਾ, ਬਿੱਟ ਬਿੱਟ ਝਾਕ ਰਿਹਾ ਸੀ। ਸਾਹਬ ਕੁਰ ਨੇ ਮੁੜ ਗੱਲ ਨਹੀਂ ਤੋਰੀ, ਪਰ ਹਰਪਾਲ ਬਾਰੇ ਉਸਦਾ ਦਿਮਾਗ ਸੋਚਣ ਲਈ ਮਜ਼ਬੂਰ ਹੋ ਜਾਂਦਾ, "ਐਨਾ ਪੜ੍ਹ ਲਿਖ ਕੇ ਵਿਹਲਾ ਤੁਰਿਆ ਫਿਰਦਾ ਐਂ। ਸਰਕਾਰਾਂ ਵੀ ਔਂਤਰੇ ਦੀਆਂ ਬਦਲੇ ਲੈਂਦੀਆਂ! ਜੇ ਨਹੀਂ ਕੰਮ ਦੇ ਸਕਦੇ! ਏਨੇ ਸਕੂਲ ਕਾਲਜ ਕਾਹਤੋਂ ਖੋਹਲੀ ਜਾਨੇ ਓਂ, ਦਫਾ ਹੋਣਿਓ!...ਕਿਤੇ ਸੱਚੀ ਨਾ ਨਕਸਲਬਾੜੀਆਂ 'ਚ ਰਲ ਗਿਆ ਹੋਵੇ! ਇਹੋ-ਜੇ ਛੋਹਰਾਂ ਦਾ ਕੀ ਐ? ਕੋਈ ਮਰਜ਼ੀ ਉਂਗਲ ਲਾ ਕੇ ਮਗਰ ਲਾ ਲਵੇ। ਇਨ੍ਹਾਂ ਨੇ ਨਫਾ ਨੁਕਸਾਨ ਥੋੜੇ ਸੋਚਣਾ ਐ। ਐਤਕੀਂ ਆਉਣ ਦੇ ਮਰ ਜਾਣੇ ਨੂੰ! ਭੰਨੂੰ ਉਹਦੇ ਪਾਸੇ?"

ਹਰਪਾਲ ਇਸ ਵੇਲੇ ਅਮੋਲਕ ਨਾਲ ਖੰਨੇ ਵਲ ਗਿਆ ਹੋਇਆ ਸੀ, ਉਥੇ ਇਕ ਪਿੰਡ ਵਿਚ ਸਭਾ ਦਾ ਇਕ ਮੈਂਬਰ ਜੁਲਾਹਿਆਂ ਦੀ ਕੁੜੀ ਨਾਲ, ਕੁੜੀ ਦੇ ਘਰ ਵਿਚ ਦਿਨ ਦਿਹਾੜੇ ਫੜਿਆ ਗਿਆ, ਮੁੰਡਾ ਕਾਲਜੀਏਟ ਸੀ, ਉਹ ਪਤਾ ਲੱਗਣ ਸਾਰ ਪੱਤਰੇ ਵਾਚ ਗਿਆ, ਪਰ ਮਗਰੋਂ ਕੁੜੀ ਦੇ ਪਿਉ ਭਰਾ ਗੁੱਸੇ ਨਾਲ ਹੱਥਾਂ 'ਤੇ ਦੰਦੀਆਂ ਵੱਢਦੇ ਫਿਰਦੇ ਸਨ। ਜੱਟਾਂ ਨੇ ਆਪਣਾ ਮੁੰਡਾ ਅੱਖੋਂ ਓਹਲੇ ਕਰ ਦਿੱਤਾ, ਨੌਜਵਾਨ ਸਭਾ ਨੇ ਮੁੰਡੇ ਤੱਕ ਰਸਾਈ ਕੀਤੀ ਤੇ ਉਹਨੂੰ ਪਿੰਡ ਦੇ ਸਾਹਮਣੇ ਮਾਫੀ ਮੰਗਣ ਲਈ ਪ੍ਰੇਰਿਆ। ਪਰ ਉਹਦੇ ਭਰਾਵਾਂ ਵਿਚੋਂ ਇਕ ਨੇ ਕੁੜ੍ਹ ਕੇ ਆਖਿਆ, "ਕਿਉਂ ਅਸੀਂ ਕਾਹਤੋਂ ਮਾਫੀ ਮੰਗੀਏ! ਸਾਡੇ ਮੁੰਡੇ ਨੇ ਗੈਂ ਵੱਢ-ਤੀ! ਨਾਲੇ ਤੁਸੀਂ ਕੌਣ ਆ'ਗੇ, ਸਾਡੇ ਮੁੰਡੇ ਨੂੰ ਸੱਥ 'ਚ ਲਿਜਾ ਕੇ ਜੁੱਤੀਆਂ ਮਾਰਨ ਵਾਲੇ!"

"ਇਹ ਸਭਾ ਦੀ ਰੀਤ ਐ!" ਸਭਾ ਦੇ ਪ੍ਰਧਾਨ ਨੇ ਉਨ੍ਹਾਂ ਨੂੰ ਹਲੀਮੀ ਨਾਲ ਸਮਝਾਉਣਾ ਚਾਹਿਆ, "ਅੱਗੇ ਵੀ ਕਈ ਵਾਰੀ ਗਲਤੀਆਂ ਕਰਨ ਵਾਲੇ ਮੁੰਡਿਆਂ ਤੋਂ ਮਾਫੀ ਮੰਗਾਈ ਐ! ਥੋਡਾ ਮੁੰਡਾ ਈ ਅੱਗੇ ਮੂਹਰੇ ਹੁੰਦਾ ਸੀ! ਇਹ ਤਾਂ ਅਗਲੇ ਨੂੰ ਖਿਚ ਖਿਚ ਲਿਜਾਂਦਾ ਸੀ।"

ਲੱਖ ਸਮਝਾਉਣ ਉੱਤੇ ਵੀ ਮੁੰਡੇ ਦੇ ਆਕੜੇ ਘਰ ਵਾਲੇ ਰਜ਼ਾਮੰਦ ਨਾ ਹੋਏ, ਸਭਾ ਵਾਲੇ ਚੁੱਪ ਕਰਕੇ ਨਾ ਬੈਠੇ, ਉਨ੍ਹਾਂ ਕੁੜੀ ਵਾਲਿਆਂ ਨੂੰ ਚੁੱਕ ਕੇ 'ਧਨੀ ਕਿਸਾਨੀ' ਵਿਰੁਧ ਗਰੀਬ ਲੋਕਾਂ ਨੂੰ ਜਥੇਬੰਦ ਕਰਨ ਦੀ ਠਾਣ ਲਈ, ਪਰ ਕੁੜੀ ਵਾਲੀ ਧਿਰ ਵੀ ਲੱਤ ਨਹੀਂ ਲਾਉਂਦੀ ਸੀ। ਸਭਾ ਵਾਲਿਆਂ ਹਾਰ ਕੇ ਪਿੰਡ ਦੀ ਸੱਥ ਵਿਚ ਆਪਣੇ ਤੌਰ 'ਤੇ ਰੈਲੀ ਕਰਨ ਦਾ ਵਿਚਾਰ ਬਣਾ ਲਿਆ, ਤਾਂ ਕਿ ਧਨੀ-ਜੱਟਾਂ ਦੀ ਸਮਾਜਿਕ ਪੋਜ਼ੀਸ਼ਨ ਦੀ ਮਿੱਟੀ ਪੱਟੀ ਜਾਵੇ। ਪਿੰਡ ਦੇ ਵਿਚਕਾਰ ਇਕ ਪਿੱਪਲ ਵਾਲੇ ਥੜ੍ਹੇ 'ਤੇ ਸਪੀਕਰ ਰੱਖ ਕੇ ਆਪਣਾ ਕੰਮ ਚਾਲੂ ਕਰ ਦਿੱਤਾ, ਲੋਕ ਤਮਾਸ਼ਾ ਵੇਖਣ ਦੇ ਮਾਰੇ ਜੁੜਦੇ ਗਏ। ਅਮੋਲਕ ਖੁਦ ਮਾਇਕ ਫੜੀ ਬੋਲ ਰਿਹਾ ਸੀ, "ਸਾਥੀਓ, ਅੱਜ ਜਿਸ ਮਸਲੇ ਲਈ ਅਸੀਂ ਇਥੇ 'ਕੱਠੇ ਹੋਏ ਆਂ, ਉਹ ਥੋਨੂੰ ਪਤਾ ਈ ਐ! ਇਸ ਕੜਾਕੇ ਦੀ ਠੰਢ ਵਿਚ ਤੁਹਾਨੂੰ ਤਕਲੀਫ਼ ਦੇਣ ਦੀ ਖੇਚਲ ਅਸੀਂ ਇਸ ਲਈ ਕੀਤੀ ਐ ਕਿ ਇਸੇ ਪਿੰਡ ਦੇ ਇਕ ਬਦਮਾਸ਼ ਟਾਈਪ ਮੁੰਡੇ ਨੇ ਸਾਡੀ ਇਕ ਭੈਣ ਦਾ ਸੱਤ-ਧਰਮ ਲੁੱਟਿਆ!" ਉਹ ਮਾੜਾ ਜਿਹਾ ਰੁਕਿਆ ਲੋਕਾਂ 'ਚ ਕੁਰਬਲ ਕੁਰਬਲ ਹੋ ਰਹੀ ਸੀ!

"ਇਸ ਗੰਦੇ ਨਜ਼ਾਮ ਵਿਚ ਇਹ ਗੁੰਡਾ 'ਕੱਲਾ ਨਹੀਂ ਐ! ਸਗੋਂ ਇਹਦੇ ਵਰਗੇ ਹੋਰ ਵੀ ਕਿੰਨੇ ਗੁੰਡੇ ਆਪਣੀਆਂ ਭੈੜੀਆਂ ਕਰਤੂਤਾਂ ਨਾਲ ਸਾਡੀਆਂ ਭੈਣਾਂ ਦਾ ਸੱਤ-ਧਰਮ ਲੁੱਟ ਰਹੇ ਐ!"

ਅਮੋਲਕ ਕਿੰਨਾ ਸਾਰਾ ਸਮਾਂ ਸਾਹ ਚੜਵੀਂ ਆਵਾਜ਼ ਵਿਚ ਬੋਲਦਾ ਰਿਹਾ। ਹਰਪਾਲ ਸੁਣ ਸੁਣ ਨੀਲਾ-ਪੀਲਾ ਹੋਈ ਜਾਂਦਾ ਸੀ। ਰੈਲੀ ਖ਼ਤਮ ਹੋਣ ਉਪਰੰਤ ਜਦੋਂ ਉਹ ਕਿਸੇ ਮੈਂਬਰ ਦੇ ਘਰ ਠਹਿਰੇ ਸਨ, ਚੱਲਦੀਆਂ ਗੱਲਾਂ ਵਿਚ ਹਰਪਾਲ ਨੇ ਹੌਲੀ ਜਿਹੀ ਪੁੱਛਿਆ, "ਯਾਰ ਜਦੋਂ ਇਹ ਬੰਦਾ ਏਨਾ



ਗੰਦਾ ਸੀ, ਤੁਸੀਂ ਇਹਨੂੰ ਸਭਾ 'ਚ ਕਿਉਂ ਰੱਖਿਆ? ਤੁਸੀਂ ਆਪ ਈ ਦੱਸਦੇ ਸੀ, ਇਹ ਹੋਰ ਕੁੜੀਆਂ ਨਾਲ ਵੀ ਮਾੜਾ ਸੀ!"

ਇਕ ਹੋਰ ਕਾਰਕੁੰਨ ਨੇ ਮੂੰਹ ਸੰਵਾਰ ਕੇ ਕਹਿਣਾ ਸ਼ੁਰੂ ਕੀਤਾ, ਜਿਸ ਦੇ ਚਿਹਰੇ ਦੀਆਂ ਹੜਬਾਂ ਨਿਕਲੀਆਂ ਹੋਈਆਂ ਸਨ- "ਪਤਾ ਤਾਂ ਬਾਈ, ਪਹਿਲਾਂ ਈ ਸੀ, ਅਸੀਂ ਕਹਿੰਦੇ ਸੀ, ਚਲ ਕੋਈ ਗੱਲ ਨਹੀਂ, ਮੁੰਡਾ-ਖੁੰਡਾ ਐ, ਸਮਝ ਜੂਗਾ।"

"ਫੇਰ ਥੋਨੂੰ ਇਸ ਮਾਮਲੇ ਦਾ ਵੀ ਪਤਾ ਹੋਊਗਾ!"

"ਹਾਂਅ!" ਉਸੇ ਸੁੱਕੇ ਚਿਹਰੇ ਵਾਲੇ ਨੇ ਲਮਕਾ ਕੇ ਆਖਿਆ, "ਇਹ ਤਾਂ ਕੋਈ ਦੋਂਹ ਸਾਲਾਂ ਤੋਂ ਚੱਲਦਾ ਸੀ!"

"ਫੇਰ ਤੁਸੀਂ ਇਹਨੂੰ ਉਦੋਂ ਈ ਰੋਕਣਾ ਸੀ।"

ਮੂਹਰਲੇ ਮੁੰਡੇ ਨੂੰ ਕੋਈ ਜਵਾਬ ਨਾ ਆਇਆ, ਅਮੋਲਕ ਨੇ ਟੇਢੇ ਪਿਆਂ ਰਜਾਈ ਦਾ ਲੜ ਚੁੱਕ ਕੇ ਆਖਿਆ, "ਪਹਿਲਾਂ ਅਸੀਂ ਸੋਚਦੇ ਸੀ, ਬਈ ਚਲੋ ਪਰਦੇ ਵਿਚ ਜੋ ਮਰਜ਼ੀ ਹੋਈ ਜਾਵੇ! ਅਸੀਂ ਉਹਨੂੰ ਗੱਲੀਂ-ਬਾਤੀਂ ਸਮਝਾਇਆ ਵੀ, ਪਰ ਇਹ ਬੰਦਾ ਏਨਾ ਫੁਕਰਾ ਸੀ, ਆਖਿਆ ਕਰੇ, ਮੇਰਾ ਤਾਂ ਸੱਚਾ ਪਿਆਰ ਐ! ਮੈਂ ਉਹਦੇ ਨਾਲ ਤੋੜ ਨਿਭਾਉਣਾ।"

"ਹੁਣ ਤੋੜ ਨਿਭਾਉਣ ਬਾਰੇ ਕੀ ਕਹਿੰਦੈ?"

"ਨਹੀਂ!" ਅਮੋਲਕ ਨੇ ਜ਼ੋਰ ਨਾਲ ਆਖਿਆ, "ਇਹ ਤਾਂ ਉਹਦੀ ਇਕ ਚਾਲ ਸੀ। ਇਹਦੇ ਬਾਰੇ ਸਾਨੂੰ ਉਦੋਂ ਪਤਾ ਵੀ ਸੀ! ਉਸ ਸਮੇਂ ਅਸੀਂ ਡਰਦੇ ਸੀ, ਗਰੀਬ ਜੁਲਾਹੇ ਆਖਣਗੇ ਸਭਾ ਵਾਲੇ ਸਾਡੀ ਮਿੱਟੀ ਪੱਟਦੇ ਐ!"

ਉਸ ਪਲ ਕੁ ਰੁਕ ਕੇ ਨਿੱਕਾ ਜਿਹਾ ਘੰਗੂਰਾ ਮਾਰ ਕੇ ਗਲ਼ਾ ਸਾਫ ਕੀਤਾ, "ਹੁਣ ਜਦੋਂ ਗੱਲ ਨੰਗੀ ਈ ਹੋ-ਗੀ! ਇਹਦੇ 'ਚੋਂ ਆਪਾਂ ਨੂੰ ਆਪਣਾ ਫਾਇਦਾ ਸੋਚਣਾ ਚਾਹੀਦੈ!"

ਅਮੋਲਕ ਚੁੱਪ ਹੋਇਆ, ਕੋਈ ਹੋਰ ਬੋਲਣ ਲੱਗ ਪਿਆ। ਰਾਤ ਕਿੰਨੀ ਟੁੱਟ ਗਈ ਸੀ। ਹਰਪਾਲ ਉਨ੍ਹਾਂ ਦੀਆਂ ਗੱਲਾਂ ਹੈਰਾਨ ਹੋਇਆ ਸੁਣ ਰਿਹਾ ਸੀ। ਕਦੇ ਕਦੇ ਅਮੋਲਕ ਦੀਆਂ ਗੱਲਾਂ ਉਹਨੂੰ ਸਮਝ ਨਾ ਆਉਂਦੀਆਂ ਤਾਂ ਮਾੜੀ-ਮੋਟੀ ਹੂੰ-ਹਾਂ ਕਰ ਛੱਡਦਾ। ਇਕ ਦਿਨ ਅਮੋਲਕ ਹਰਪਾਲ ਦੇ ਪਿੰਡ ਆਇਆ ਹੋਇਆ ਸੀ, ਹਰਪਾਲ ਬੀ-ਐਡ ਦੇ ਰਿਜ਼ਲਟ ਤੋਂ ਬਾਅਦ ਨੌਕਰੀ ਦੀ ਆਸ ਵਿਚ ਬੈਠਾ ਸੀ, ਜਦੋਂ ਉਸ ਦੀ ਅਮੋਲਕ ਨਾਲ ਗੱਲ ਹੋਈ, ਉਹ ਇਸ ਸਿਸਟਮ ਦੇ ਸੁਭਾਅ ਦੀਆਂ ਗੱਲਾਂ ਕਰਨ ਲੱਗ ਪਿਆ, "ਸਾਰੇ ਪਰਿਵਾਰ ਦੀਆਂ ਲੋੜਾਂ ਸਾਥੀ, ਤੂੰ 'ਕੱਲੀ ਮਾਸਟਰੀ 'ਚੋਂ ਪੂਰੀਆਂ ਕਰ ਸਕਦਾਂ! ਸਾਰਾ ਟੱਬਰ ਝਾਕਦਾ ਤੇਰੀ ਨੌਕਰੀ ਵਲ ਈ ਐ! ਚਲ ਮੰਨ ਲਉ ਤੈਨੂੰ ਮਾਸਟਰੀ ਮਿਲ ਜਾਂਦੀ ਐ! ਤੂੰ ਕੱਲ੍ਹ ਨੂੰ ਵਿਆਹ ਵੀ ਕਰਾਏਂਗਾ! ਬੱਚੇ ਵੀ ਹੋਣਗੇ! ਹੁਣ ਆਪਣਾ ਟੱਬਰ ਪਾਲੇਂਗਾ ਕਿ ਬਾਪੂ ਦੀ ਕਬੀਲਦਾਰੀ ਕਾਉਂਟੇਂਗਾ!" ਹੱਥ 'ਤੇ ਪੁੱਠਾ ਹੱਥ ਮਾਰ ਕੇ ਪਟਾਕਾ ਪਾਉਂਦੇ ਅਮੋਲਕ ਨੇ ਕਿਸੇ ਉਮਾਹ ਨਾਲ ਆਖਿਆ, "ਝਗੜਾ ਫੇਰ ਵਧ ਗਿਆ, ਮਾਂ ਪਿਉ ਆਖਣਗੇ, ਅਸੀਂ ਪੜਾਇਐ ਪਾਲਿਐ! ਸਾਡਾ ਇਹਦੀ ਕਮਾਈ 'ਤੇ ਹੱਕ ਐ!"

ਹਰਪਾਲ ਦੀਆਂ ਪਹਿਲਾਂ ਹੀ ਉਦਾਸ ਅੱਖਾਂ ਵਿਚ ਹੋਰ ਸਿੱਲ ਛਾ ਗਈ, "ਫਿਰ ਇਹਦਾ ਕੀ ਹੱਲ ਹੋ ਸਕਦੈ?"

"ਹੱਲ ਐ, ਇਨਕਲਾਬ!" ਅਮੋਲਕ ਨੇ ਆਪਣੀਆਂ ਨਿੱਕੀਆਂ ਅੱਖਾਂ ਚੌੜੀਆਂ ਕਰਕੇ ਵਿਸ਼ਵਾਸੀ ਆਵਾਜ਼ ਵਿਚ ਆਖਿਆ।

ਪਾਲ ਦਾ ਸਲ੍ਹਾਬਿਆ ਚਿਹਰਾ ਹੱਸ ਪਿਆ, ਪਰ ਉਹ ਮੂੰਹੋਂ ਕੁਝ ਨਾ ਬੋਲਿਆ। ਸੁੱਖੀ ਚਾਹ ਫੜਾ ਕੇ ਮੁੜ ਗਈ ਸੀ। ਚਾਹ ਉਪਰ ਮਲਾਈ ਆਉਂਦੀ ਵੇਖ ਕੇ ਹਰਪਾਲ ਨੇ ਗਲਾਸ ਚੁੱਕ ਕੇ ਅਮੋਲਕ ਨੂੰ ਫੜਾ ਦਿੱਤਾ,

"ਹੋਰ ਸੁਣ!" ਹਰਪਾਲ ਨੂੰ ਉਸਦੀ ਆਵਾਜ਼ ਵਿਚ ਅਜਿਹੀ ਟੁਣਕ ਮਹਿਸੂਸ ਹੋਈ, ਜਿਵੇਂ ਬੰਦੇ ਨੇ ਕਦੀ ਉਦਾਸੀ ਦਾ ਮੂੰਹ ਨਾ ਵੇਖਿਆ ਹੋਵੇ।

"ਏਸ ਨਜ਼ਾਮ ਦੀ ਹੀ ਤੈਨੂੰ ਥੋਡੇ ਘਰ ਦੀ ਮਸਾਲ ਦੇ ਕੇ ਸਮਝਾਉਨਾਂ! ਤੇਰੇ ਬਾਪੂ ਜੀ ਨੇ ਆਪਣੀ ਸਾਰੀ ਉਮਰ ਨੌਕਰੀ 'ਚ ਰੋਲ਼ 'ਤੀ! ਠੀਕ ਐ! ਸਾਰੀ ਉਮਰ ਦੀ ਕਮਾਈ ਦੀ ਉਹਨੇ ਥੋਨੂੰ ਗੱਡੀ ਪਾ ਕੇ ਦਿੱਤੀ! ਠੀਕ ਐ! ਹੁਣ ਤੁਸੀਂ ਤਾਂ ਸਾਰੇ ਜਣੇ ਬਾਪੂ ਜੀ ਇਹੀ ਸਮਝੀ ਬੈਠੇ ਓ ਬਈ ਸਾਡੀ ਗੱਡੀ ਸਾਡੇ ਸਕੇ ਖਾ ਗਏ! ਪਰ ਗੱਲ ਏਸ ਤਰ੍ਹਾਂ ਨਹੀਂ ਐ! ਏਥੇ ਵੱਡਾ ਛੋਟੇ ਨੂੰ ਖਾਂਦਾ ਐ! ਇਹ ਇਸ ਨਜ਼ਾਮ ਦੀ ਖੇਡ ਐ! ਹਾਕਮ ਜਮਾਤ ਨੂੰ ਤਾਂ ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ! ਉਹਨੇ ਬੜੀ ਚਲਾਕੀ ਨਾਲ ਮਨੁੱਖ ਨੂੰ ਐਸੀ ਗੰਦੀ ਖੇਡ 'ਚ ਪਾ ਦਿੱਤਾ ਐ ਬਈ ਪੈਸੇ 'ਕੱਠੇ ਕਰਨ ਦੀ ਹੋੜ 'ਚ ਇਕ ਦੂਜੇ ਦਾ ਕਰਿਆਟਾ ਕਰੀ ਜਾਵੋ! ਥੋਡੀ ਗੱਡੀ ਦੇਰ-ਸਵੇਰ ਫੇਲ੍ਹ ਹੋਣੀ ਹੀ ਸੀ। ਬਹਾਨਾ ਕੋਈ ਬਣਦਾ! ਸਕੇ ਚਾਚੇ ਨਾ ਹੁੰਦੇ! ਕੋਈ ਹੋਰ ਹੁੰਦਾ! ਤੇਰੇ ਚਾਚੇ ਵੀ ਬਹੁਤੇ ਵੱਡੇ ਟਰਾਂਸਪੋਰਟਰ ਨਹੀਂ ਐ! ਹੋਣੀ ਉਨ੍ਹਾਂ ਨਾਲ ਵੀ ਇਉਂ ਈ ਐਂ! ਹਾਂਅ, ਪਰ ਸਮਾਂ ਲੱਗੂਗਾ।"

ਹਰਪਾਲ ਦੇ ਚਿਹਰੇ ਉੱਤੇ ਰੌਣਕ ਤਰਨ ਲੱਗ ਪਈ।

ਉਹ ਇਸ ਬੰਦੇ ਦੀ ਅਕਲ 'ਤੇ ਅਸ਼ ਅਸ਼ ਕਰ ਰਿਹਾ ਸੀ, ਹਰ ਗੱਲ ਵਿਚੋਂ ਏਨੇ ਡੂੰਘੇ ਅਰਥ ਕੱਢ ਵਿਖਾਉਂਦਾ ਸੀ। ਦੁਪਹਿਰ ਹੁੰਦੀ ਵੇਖ ਕੇ ਅਮੋਲਕ ਨੇ ਪਾਲ ਨੂੰ ਆਖਿਆ; "ਸਾਥੀ ਮੈਂ ਅਗਲੇ ਪਿੰਡ ਕਿਸੇ ਹੋਰ ਨੂੰ ਵੀ ਮਿਲਣੈ! ਤੂੰ ਪਤਾ ਕਰ ਰੋਟੀ ਪੱਕ ਗਈ।"

"ਰੋਟੀ ਤਾਂ ਪੱਕ ਗੀ ਹੋਊ।" ਪਾਲ ਮੰਜੇ ਤੋਂ ਛਾਲ਼ ਮਾਰ ਕੇ ਉੱਠਿਆ, ਉਸ ਨੂੰ ਸ਼ਰਮ ਵੀ ਮਹਿਸੂਸ ਹੋਈ, ਉਹਨੇ ਅਮੋਲਕ ਨੂੰ ਰੋਟੀ ਤੱਕ ਨਹੀਂ ਪੁੱਛੀ ਸੀ। ਅਮੋਲਕ ਦੇ ਜਾਣ ਮਗਰੋਂ ਉਹ ਕਿੰਨਾ ਚਿਰ ਉਹਦੇ ਰਸਾਲੇ ਮੈਗਜ਼ੀਨ ਫਰੋਲਦਾ ਰਿਹਾ, ਜਿਨ੍ਹਾਂ ਵਿਚ ਇਕ ਰੋਜ਼ਾਨਾ ਅਖਬਾਰ ਵੀ ਸੀ, ਜਿਸ ਦੇ ਵਿਚਕਾਰਲੇ ਪੰਨੇ 'ਤੇ ਇਕ ਖਾਲਸਾ ਹਾਈ ਸਕੂਲ ਵਿਚ ਖਾਲੀ ਪੋਸਟਾਂ ਪੁਰ ਕਰਨ ਲਈ ਇਸ਼ਤਿਹਾਰ ਸੀ। ਉਸਦੇ ਅੰਦਰ ਫਿਰ ਲਾਲਸਾ ਜਾਗ ਪਈ, ਨੌਕਰੀ ਉਸਦੇ ਅੰਦਰ ਘੁੰਮਣ ਲੱਗੀ, ਸੋਚ-ਸਾਚ ਕੇ ਸ਼ਹਿਰੋਂ ਕਾਪੀਆਂ ਅਟੈਸਟ ਕਰਵਾ ਕੇ ਉਸ ਅਪਲਾਈ ਕਰ ਦਿੱਤਾ। ਫੇਰ ਦੋਂਹ-ਚਹੁੰ ਦੇ ਆਖੇ ਵੇਖੇ, ਸਕੂਲ ਦੀ ਮੈਨੇਜਿੰਗ ਕਮੇਟੀ ਦੇ ਇਕ ਜ਼ਿੰਮੇਵਾਰ ਬੰਦੇ ਨੂੰ ਲੱਭਿਆ, ਉਸ ਚਿੱਟਕਪੜੀਏ ਤੇ ਸਫੈਦ ਦੁੱਧ ਦਾਹੜੀ ਵਾਲੇ ਭੱਦਰ ਪੁਰਸ਼ ਨੇ ਸਿੱਧੀ ਗੱਲ ਕੀਤੀ, "ਦੇਖ ਕਾਕਾ! ਸਾਡਾ ਸਕੂਲ ਪ੍ਰਾਈਵੇਟ ਸੰਸਥਾ ਐ! ਇਹ ਕੋਈ ਵਪਾਰ ਤਾਂ ਹੈ ਨਹੀਂ! ਬਈ ਜੀਹਦੇ ਵਿਚੋਂ ਕੋਈ ਖੱਟੀ ਕਰਨੀ ਐ! ਇਹ ਤਾਂ ਲੋਕ ਭਲਾਈ ਐ! ਅਸੀਂ ਅਧਿਆਪਕ ਰੱਖਣ ਵੇਲੇ ਸਕੂਲ ਲਈ ਡੋਨੇਸ਼ਨ ਲੈਂਦੇ ਆਂ!"

ਕਹਿ ਕੇ ਉਸ ਪਾਲ ਹੋਰਾਂ ਦੇ ਮੂੰਹ ਵਲ ਵੇਖਿਆ, ਹਰਪਾਲ ਦਾ ਮੂੰਹ ਉਤਰਨ ਵਾਲਾ ਹੋ ਗਿਆ, ਉਹਨੂੰ ਇਕ ਦਮ ਅਮੋਲਕ ਦੀਆਂ ਗੱਲਾਂ ਯਾਦ ਆਈਆਂ। ਭਦਰ ਪੁਰਸ਼ ਨੇ ਫੇਰ ਗੱਲ ਸ਼ੁਰੂ ਕੀਤੀ, "ਦਾਨ ਅਸੀਂ ਸਕੂਲ ਦੇ ਕੰਮ-ਕਾਰਜਾਂ 'ਤੇ ਲਾ ਦੇਣਾ ਹੁੰਦਾ ਐ। ਆਪਣੀ ਜੇਬ 'ਚ ਤਾਂ ਪਾਉਣਾ ਨਹੀਂ।"

"ਕਿੰਨੀ ਕੁ...?"

"ਇਹੀ...ਬੱਸ ਪੰਦਰਾਂ ਕੁ ਹਜ਼ਾਰ!"

ਸੁਣ ਕੇ ਪਾਲ ਦਾ ਸਰੀਰ ਬਰਫ ਵਾਂਗ ਸੁੰਨ ਹੋ ਗਿਆ, ਉਹ ਖਾਲੀ ਖਾਲੀ ਝਾਕਦਾ ਰਿਹਾ। ਨਾਲ ਵਾਲਾ ਬੰਦਾ, ਜਿਸ ਨੂੰ ਪਾਲ ਸਿਫਾਰਸ਼ ਲਈ ਲੈ ਕੇ ਆਇਆ ਸੀ, ਚੁੱਪ ਬੈਠਾ ਰਿਹਾ। ਭੱਦਰ ਪੁਰਸ਼ ਨੇ ਆਪਣੀ ਦਾਹੜੀ ਦੋਵੇਂ ਹੱਥਾਂ ਨਾਲ ਪਲੋਸਦਿਆਂ ਆਖਿਆ, "ਥੋੜਾ ਬਹੁਤਾ ਲੈਕ ਬੰਦੇ ਲਈ ਘੱਟ ਵਧ ਵੀ ਕੀਤਾ ਜਾ ਸਕਦਾ ਐ! ਨਾਲੇ ਇਹ ਰਕਮ ਕੋਈ ਜ਼ਿਆਦਾ ਨਹੀਂ! ਲੁਧਿਆਣੇ ਦੇ ਕਈ ਸਕੂਲ ਵੀਹ ਵੀਹ ਹਜ਼ਾਰ ਤੱਕ ਲੈਂਦੇ ਆ! ਤਨਖਾਹ ਹਰ ਮਹੀਨੇ ਰੈਗੂਲਰ ਮਿਲੂਗੀ! ਗੌਰਮਿੰਟ ਗਰੇਡ! ਉਹੀ ਭੱਤੇ!"

ਉਹ ਬੋਲੀ ਜਾਂਦਾ ਸੀ, ਪਰ ਹਰਪਾਲ ਦੇ ਕੰਨਾਂ ਵਿਚ ਸਾਂ ਸਾਂ ਹੋ ਰਹੀ ਸੀ। ਉਸ ਨੂੰ ਆਪਣੇ ਅੰਦਰ ਤਰਥੱਲੀ ਪੈਂਦੀ ਮਹਿਸੂਸ ਹੋਈ, ਉਹਨੇ ਬੜੀ ਮੁਸ਼ਕਲ ਨਾਲ ਆਪਣੇ ਆਪ ਨੂੰ ਰੋਕਿਆ ਹੋਇਆ ਸੀ। ਬਾਹਰ ਨਿਕਲਦਿਆਂ ਉਹ ਆਪਣੇ ਆਪ ਉੱਤੇ ਕਾਬੂ ਨਾ ਰੱਖ ਸਕਿਆ ਤੇ ਉਹ ਆਪ-ਮੁਹਾਰੇ ਬੁੜ ਬੁੜਾਉਣ ਲੱਗਾ, "ਸਾਲਾ ਲੋਕ ਭਲਾਈ ਦਾ! ਕੰਜਰਾ ਲੋਕ ਭਲਾਈ ਡੋਨੇਸ਼ਨ ਲੈ ਕੇ ਕਰੋਗੇ! ਕੁੱਤੇ ਦੇ ਪੁੱਤ!"

ਨਾਲ ਵਾਲਾ ਸਖ਼ਸ਼ ਉਹਦੇ ਵਲ ਝਾਕ ਕੇ ਹੌਲੀ ਜਿਹੀ ਬੋਲਿਆ, "ਮਰਜ਼ੀ ਦੇ ਮਾਲਕ ਐ! ਉਨ੍ਹਾਂ ਨੂੰ ਮਾਸਟਰਾਂ ਦਾ ਘਾਟਾ ਨ੍ਹੀਂ!"

"ਮਾਸਟਰਾਂ ਦਾ ਚਲੋ ਨਹੀਂ ਘਾਟਾ! ਪਰ ਇਹਨੂੰ ਉਹ ਬਦਮਾਸ਼ ਲੋਕ ਭਲਾਈ ਦਾ ਵਿਸ਼ੇਸ਼ਣ ਕਿਉਂ ਦੇ ਰਿਹਾ ਸੀ!"

"ਮੱਲ ਇਹ ਦੁਨੀਆਂ ਈ ਐਸੀ ਐ! ਬਾਹਰੋਂ ਕੁਸ਼ ਹੋਰ, ਅੰਦਰੋਂ ਹੋਰ! ਭੇਸ ਦਿਖਾਇਓ ਜਗਤ ਕੋ, ਲੋਗੋ ਕੋ ਬਸਕੀਨ! ਆਪਾਂ ਨੂੰ ਲੋੜ ਐ! ਤੈਨੂੰ ਐਵੇਂ ਜਵਾਨੀ ਦਾ ਜੋਸ਼ ਐ! ਇਹ ਇਸੇ ਤਰ੍ਹਾਂ ਵਰ੍ਹਿਆਂ-ਬੱਧੀ ਤੁਰਿਆ ਆਉਂਦਾ ਐ! ਮੇਰੀ ਉਮਰ ਪੰਜਾਹ ਸਾਲ ਹੋਣੀ ਵਾਲੀ ਐ! ਸੱਚ-ਮੁੱਚ ਦੀਆਂ ਗੱਲਾਂ ਐਵੇਂ ਵੇਦਾਂ-ਗ੍ਰੰਥਾਂ ਦੀਆਂ ਗੱਲਾਂ ਐ!"

ਹਰਪਾਲ ਇਕਦਮ ਉਸ ਵਲ ਝਾਕਿਆ, ਉਸਦੇ ਚਿਹਰੇ ਉੱਤੇ ਕਿਸੇ ਕਿਸਮ ਦੀ ਤਲਖੀ ਨਹੀਂ ਦਿੱਸਦੀ ਸੀ। ਪਰ ਹਰਪਾਲ ਦਾ ਅੰਦਰ ਮੱਚ-ਸੜ੍ਹ ਕੇ ਕਬਾਬ ਬਣਿਆ ਹੋਇਆ ਸੀ। ਉਸਦਾ ਰਉਂ ਤਾੜ ਕੇ ਉਸ ਨੇ ਫੇਰ ਕੁਝ ਆਖਿਆ। ਘਰ ਆਣ ਕੇ ਉਹ ਆਪਣੇ ਆਪ ਵਿਚ ਰਿੱਝੀ ਜਾਂਦਾ ਸੀ। ਘਰਦਿਆਂ ਨੇ ਵੀ ਉਸ ਦਾ ਰੁਖ ਤਾੜ ਕੇ ਗੱਲ ਆਈ-ਗਈ ਕਰ ਛੱਡੀ। ਫੇਰ ਜਦੋਂ ਉਸ ਦਾ ਅੰਦਰ ਕੁਝ ਧਰਵਾਸ ਵਿਚ ਆਇਆ ਤਾਂ ਉਸ ਦੱਸ ਦਿੱਤਾ। ਗੁਰਬਖਸ਼ ਤੇ ਸਾਹਬ ਕੁਰ ਸੁੰਨ ਜਿਹੇ ਹੋ ਗਏ। ਸਿਆਲ ਦੀ ਰੁੱਤ ਹੋਣ ਕਾਰਨ ਉਹ ਸਾਰੇ ਚੁੱਲ੍ਹੇ ਕੋਲ ਖੇਸਾਂ ਭੂਰਿਆਂ ਦੀਆਂ ਬੁਕਲਾਂ ਮਾਰੀ ਬੈਠੇ ਸਨ। ਧੀਰੇ ਨੇ ਤਣੀ ਚੁੱਪ ਤੋੜਦਿਆਂ ਆਖਿਆ, "ਜੇ ਭਲਾ ਆਪਾਂ ਏਨਾ ਰੁਪਈਆ ਦੇ ਵੀ ਦਈਏ, ਤਨਖਾਹ ਕਿੰਨੀ ਕੁ ਹੋਊ?"

ਟਿਕੀ ਚੁੱਪ ਵਿਚ ਉਸਦਾ ਇਕੱਲਾ ਬੋਲ ਫੈਲ ਕੇ ਬੰਦ ਹੋ ਗਿਆ। ਸਾਹਬ ਕੁਰ ਜਿਹੜੀ ਬੈਠੀ ਰੋਟੀਆਂ ਚੋਪੜ ਰਹੀ ਸੀ ਬੋਲੀ, "ਤਨਖਾਹ ਤਾਂ ਹੋਊਗੀ ਹਜ਼ਾਰ-ਬਾਰਾਂ ਸੌ! ਜਿਹੜੇ ਐਨੇ ਪੈਸਿਆਂ ਨੂੰ ਮੂੰਹ ਟੱਡਦੇ ਐ!"

"ਫੇਰ ਕੀ ਮਾੜਾ ਐ!" ਧੀਰੇ ਦੇ ਬੋਲ ਵਿਚ ਇਸ ਬਾਰ ਪਹਿਲਾਂ ਨਾਲੋਂ ਕਰਾਰ ਸੀ, "ਸਾਲ-ਖੰਡ ਸਮਝ ਲਾਂਗੇ, ਨੌਕਰੀ ਨਹੀਂ ਮਿਲੀ।"

ਹਰਪਾਲ ਨੇ ਹੌਲੀ ਜਿਹੀ, ਪਰ ਚੱਬਵੀਂ ਆਵਾਜ਼ ਵਿਚ ਆਖਿਆ, "ਹਜ਼ਾਰ-ਬਾਰਾਂ ਸੌ ਨਾ ਕਿਤੇ, ਪੱਚੀ ਸੌ! ਸੱਤ ਕੁ ਸੌ ਰੁਪਈਆ ਮੁਸ਼ਕਲ ਨਾਲ ਤਨਖਾਹ ਐ!"

"ਚਲੋ ਤਾਂ ਵੀ ਕੀ ਮਾੜਾ ਐ!" ਸਾਹਬ ਕੁਰ ਨੇ ਕੌਲੀਆਂ-ਥਾਲੀਆਂ ਸਾਫ ਕਰਦਿਆਂ ਮੜਕਾ ਕੇ ਬੋਲ ਕੱਢਿਆ, "ਵਿਹਲੇ ਵਜੋਂ ਤਾਂ ਚੰਗਾ ਐ! ਸਮਝ ਲਾਂਗੇ, ਦੋ ਸਾਲ ਨੌਕਰੀ ਨਾ ਮਿਲੀ ਸਹੀ!"

ਹਰਪਾਲ ਦਾ ਇਸ ਬਾਰ ਉਨ੍ਹਾਂ ਦੀਆਂ ਗੱਲ ਸੁਣ ਕੇ ਹਾਸਾ ਨਿਕਲਿਆ। ਗੁਰਬਖਸ਼ ਕੁਝ ਨਾ ਬੋਲਿਆ, ਉਹ ਬਿਜਲੀ ਦੇ ਮਟਮੈਲੇ ਜਿਹੇ ਚਾਨਣ ਵਿਚ ਬੱਗੀਆਂ ਹੋ ਗਈਆਂ ਮੁੱਛਾਂ ਨੂੰ ਅੰਗੂਠੇ ਤੇ ਉਂਗਲ ਦੀ ਦਾਬ ਨਾਲ ਮਰੋੜਦਾ ਰਿਹਾ।

"ਪਾਲ, ਇਹ ਘੁੱਗੀ ਤਾਂ ਛਿੱਤਰ ਨਾਲ ਕੁੱਟ ਲੈ! ਰੁਪਈਆਂ ਦਾ ਕੀ ਐ? ਇਹ ਤਾਂ ਸਾਲੇ, ਹੱਥਾਂ ਦੀ ਮੈਲ ਐ!...ਦੇ ਦਿਉ ਇਹਨੂੰ! ਹੁਣ ਸਿਰੇ ਤਾਂ ਲਾਉ!" ਅੱਗੋਂ ਕਿਸੇ ਨੂੰ ਨਾ ਬੋਲਦਿਆਂ ਵੇਖ ਕੇ ਧੀਰੇ ਨੇ ਬਿਨਾ ਕਿਸੇ ਵਲ ਮੂੰਹ ਕਰਿਆਂ ਐਵੇਂ ਹੀ ਆਖਿਆ, "ਘਰ ਕਿੰਨੇ ਕੁ ਐ?"

"ਘਰ ਕਿਹੜੇ ਐ!" ਗੁਰਬਖਸ਼ ਨੇ ਮਮੂਲੀ ਜਿਹੀ ਖਿਝ ਨਾਲ ਆਖਿਆ।

"ਸਾਰਾ ਪੰਜ-ਛੇ ਹਜ਼ਾਰ ਹੋਣੈ!"

ਉਦੋਂ ਹੀ ਚੁੱਲੇ ਦੀ ਅੱਗ ਨੇ ਚੁਰ ਚੁਰ ਕੀਤੀ, ਉਹ ਸਾਰੇ ਉਧਰ ਝਾਕੇ।

"ਦਰਸ਼ਣ ਨੂੰ ਚਿੱਠੀ ਪਾਉ, ਬਈ ਸਾਨੂੰ ਪੈਸੇ ਭੇਜ!"

ਹਰਪਾਲ ਉੱਠ ਕੇ ਬਾਹਰ ਨੂੰ ਤੁਰ ਪਿਆ। ਉਸ ਬਾਹਰ ਆ ਕੇ ਐਵੇਂ ਨਾਂ ਵਜੋਂ ਪੇਸ਼ਾਬ ਕੀਤਾ, ਵਾਹਵਾ ਸਮਾਂ ਖੁੱਲ੍ਹੇ ਚੁਗਾਨ ਵਿਚ ਖਲੋਤਾ ਨੀਵੇਂ ਨੀਵੇਂ ਖੇਤਾਂ ਵਲ ਵੇਖਦਾ ਰਿਹਾ, ਰਾਤ ਹੋਣ ਕਾਰਨ ਧੁੱਸੀ-ਬੰਨ੍ਹ ਦੀਆਂ ਕਿੱਕਰਾਂ ਦੂਰੋਂ ਕੰਧ ਜਿਹੀ ਜਾਪ ਰਹੀਆਂ ਸਨ।

ਉਸ ਪਿੰਡ ਵਲ ਨਿਗਾਹ ਮਾਰੀ, ਘਰਾਂ ਵਿਚੋਂ ਚਾਨਣ ਬਾਹਰ ਛਣ ਰਿਹਾ ਸੀ। ਉਸੇ ਵਕਤ ਉਹਦੇ ਸਿਰ ਉੱਤੋਂ ਇਕ ਚਾਮਚੜਿੱਕ ਨੇ ਚੁੱਭੀ ਮਾਰੀ, ਉਹ ਤ੍ਰਬਕ ਗਿਆ। ਚਾਮਚੜਿੱਕ ਨੇ ਦੋ ਤਿੰਨ ਹੋਰ ਚੁੱਭੀਆਂ ਮਾਰੀਆਂ ਤੇ ਉਹ ਘਰ ਮੁੜ ਆਇਆ। ਧੀਰੇ ਹੋਰੀਂ ਹਾਲੇ ਵੀ ਪੈਸਿਆਂ ਦਾ ਬੰਦੋਬਸਤ ਕਰਨ ਦੀਆਂ ਗੱਲਾਂ ਕਰੀ ਜਾਂਦੇ ਸਨ। ਹਰਪਾਲ ਦੇ ਚਿੱਤ ਵਿਚ ਇਹ ਗੱਲ ਗੇੜੇ ਦੇ ਰਹੀ ਸੀ, ਉਹ ਘਰਦਿਆਂ ਨੂੰ ਕਹਿ ਦੇਵੇ, "ਰਿਸ਼ਵਤ ਦੇ ਕੇ ਮੈਂ ਨੌਕਰੀ ਨਹੀਂ ਕਰਨੀ।" ਪਰ ਉਹ ਕਹਿ ਨਹੀਂ ਸਕਿਆ, ਡਰਦਾ ਸੀ, ਆਖਣਗੇ, "ਇਕ ਤਾਂ ਅਸੀਂ ਇਹਦੀ ਖਾਤਰ ਭੱਜ ਦੌੜ ਕਰਦੇ ਆਂ! ਇਹ ਨਖਰੇ ਦਿਖਾਉਂਦਾ ਐ!" ਫੇਰ ਉਸਦੇ ਅੰਦਰ ਹੋਰ ਗੱਲ ਉਭਰ ਆਈ, 'ਚਲੋ ਜੇ ਪੈਸਿਆਂ ਦਾ ਵਸੀਲਾ ਬਣ ਜਾਵੇ ਤਾਂ ਹਰਜ ਕੀ ਐ? ਸੋਚ ਲਵਾਂਗੇ, ਅਜੇ ਸਰਵਿਸ ਦੋ ਸਾਲ ਪਛੜ ਕੇ ਮਿਲੀ ਐ!"

ਵੱਡੇ ਤੜਕੇ ਜਦੋਂ ਉਸ ਉੱਤੋਂ ਕਿਸੇ ਨੇ ਰਜਾਈ ਲਾਹ ਕੇ ਉਸਨੂੰ ਹਲੂਣ ਕੇ ਜਗਾਇਆ ਤਾਂ ਉਹ ਉਬੜ ਕੇ ਉੱਠ ਖਲੋਤਾ, ਅੱਧ ਮਿਟੀਆਂ ਅੱਧ ਖੁੱਲ੍ਹੀਆਂ ਅੱਖਾਂ ਮਲ ਕੇ ਉਸ ਦੇਖਿਆ, ਅਮੋਲਕ ਰਜਾਈ ਦਾ ਲੜ੍ਹ ਫੜੀ ਖਲੋਤਾ ਸੀ, ਅੰਦਰ ਬਾਹਰੋਂ ਸਵੇਰ ਦੀਆਂ ਕਿਰਨਾਂ ਆ ਰਹੀਆਂ ਸਨ, ਪੰਛੀਆਂ ਨੇ ਚਹਿਕਣਾ ਸ਼ੁਰੂ ਕੀਤਾ ਸੀ। ਉਸ ਨੂੰ ਯਾਦ ਆਇਆ, ਉਹ ਕਿੱਥੇ ਪਿਆ ਸੀ। ਰਾਤ ਵਾਲੀ ਰੈਲੀ ਉਸ ਦੀਆਂ ਅੱਖਾਂ ਸਾਹਵੇਂ ਫੈਲ ਗਈ।

ਹਰਪਾਲ ਜਦੋਂ ਘਰ ਆਇਆ, ਉਸ ਘਰ ਦਿਆਂ ਦੀਆਂ ਪੁੱਛਾਂ ਦੇ ਏਨੇ ਗੋਲ-ਮੋਲ ਉੱਤਰ ਦਿਤੇ, ਉਨ੍ਹਾਂ ਨੂੰ ਕੁਝ ਸਮਝ ਹੀ ਨਾ ਆਉਣ ਦਿੱਤਾ।

"ਫੇਰ ਤੂੰ ਏਨੇ ਦਿਨ ਕਿੱਥੇ ਰਹਿੰਦਾ ਐਂ?" ਸਾਹਬ ਕੁਰ ਨੇ ਸਿੱਧੀ ਤਾੜ ਮੁੰਡੇ ਦੇ ਮੂੰਹ ਉੱਤੇ ਲਾਈ ਹੋਈ ਸੀ।

"ਰਹਿਣਾ ਕਿੱਥੇ ਐ? ਘਰੇ ਜੀਅ ਨੀ ਲਗਦਾ! ਤਾਂ ਚਲਿਆ ਜਾਨਾਂ!"

"ਜੀਅ ਕਾਹਤੋਂ ਨ੍ਹੀਂ ਲਗਦਾ, ਧੀਰੇ ਨਾਲ ਕੰਮ ਕਰਵਾਇਆ ਕਰ!"

"ਉਹ ਕਰਵਾਉਂਦਾ ਨ੍ਹੀਂ, ਕਹਿੰਦਾ ਮੈਂ ਆਪੇ ਕਰ ਲੂੰਗਾ।"

"ਫੇਰ ਹੋਰ ਤਾਂ ਕੋਈ ਗੱਲ ਨਹੀਂ?"

"ਨਹੀਂ!"

"ਖਾ ਸਹੁੰ ਮੇਰੀ!"

"ਮੈਨੂੰ ਤਾਂ ਤੇਰੀ ਸਹੁੰ ਬੇਜੀ!" ਸਾਹਬ ਕੁਰ ਨੇ ਵੇਖਿਆ, ਪਾਲ ਦੀਆਂ ਭੋਲੀਆਂ ਅੱਖਾਂ ਵਿਚ ਬੱਗੋਂ ਛਾ ਰਹੀ ਸੀ। ਫੇਰ ਉਸ ਨੂੰ ਸਮਝਾਉਣ ਦੀ ਨੀਅਤ ਨਾਲ ਨਰਮ ਆਵਾਜ਼ ਵਿਚ ਆਖਣਾ ਸ਼ੁਰੂ ਕੀਤਾ, "ਦੇਖ ਪੁੱਤ ਐਵੇਂ ਨ੍ਹੀਂ ਕਿਸੇ ਦੇ ਮਗਰ ਲੱਗੀਦਾ! ਆਪਣੇ ਕੋਲ ਤਾਂ ਜ਼ਮੀਨ ਵੀ ਕੋਈ ਬਹੁਤੀ ਨ੍ਹੀਂ! ਜੀਹਦੇ ਸਿਰ 'ਤੇ ਗੁਜ਼ਾਰਾ ਕਰ ਲਾਂਗੇ! ਕੰਮ ਕਰੋ ਮੇਰੇ ਸ਼ੇਰ ਪੁੱਤ ਬਣ ਕੇ! ਭੀੜਾਂ-ਸੰਘੀੜਾਂ ਤਾਂ ਬੰਦੇ 'ਤੇ ਪੈਂਦੀਆਂ ਈ ਰਹਿੰਦੀਆਂ! ਇਹ ਤਾਂ ਧੁੱਪ ਛਾਂ ਐ! ਜੇ ਅੱਜ ਮਾੜੇ ਦਿਨ ਐ, ਕੱਲ੍ਹ ਨੂੰ ਚੰਗੇ ਵੀ ਹੋ ਜਾਣਗੇ!"

ਹਰਪਾਲ ਬਿਨਾ ਜਵਾਬ ਦਿੱਤੇ ਸਾਹਬ ਕੁਰ ਦੀਆਂ ਗੱਲਾਂ ਸੁਣਦਾ ਰਿਹਾ। ਅਮੋਲਕ ਨਾਲ ਤੁਰ ਫਿਰ ਕੇ ਉਸ ਨੂੰ ਏਨਾ ਕੁ ਇਲਮ ਹੋ ਗਿਆ ਸੀ,

*(ਬਾਕੀ ਅਗਲੇ ਸਫੇ 'ਤੇ)*

# ਜ਼ਖ਼ਮੀ ਦਰਿਆ

ਛੇਤੀ ਕੀਤਿਆਂ ਘਰ ਵਾਲਿਆਂ ਨੂੰ ਸੱਚ ਨਹੀਂ ਦੱਸੀਦਾ! ਉਂਜ ਭਾਵੇਂ ਉਹ ਘਰ ਵਿਚ ਮਾੜੇ ਨਾਲ ਤਕੜੇ ਦੇ ਧੱਕੇ ਬਾਰੇ ਗੱਲ ਕਰਦਾ ਰਹਿੰਦਾ ਸੀ। ਪਰ ਹੁਣ ਸਾਹਬ ਕੁਰ ਦਾ ਕੌੜ ਵਿਚ ਆਇਆ ਚਿਹਰਾ ਵੇਖ ਕੇ ਉਹ ਸਭ ਕੁਝ ਹੀ ਮੁੱਕਰ ਗਿਆ। ਕਈ ਦਿਨ ਉਹ ਘਰ ਰਿਹਾ, ਵਿਚ ਦੀ ਇਕ ਦੋ ਵਾਰ ਸ਼ਹਿਰ ਗਿਆ। ਇਨ੍ਹਾਂ ਦਿਨਾਂ ਵਿਚ ਹੀ ਅਮੋਲਕ ਦਾ ਸੁਨੇਹਾ ਉਸ ਦੀ ਗੈਰਹਾਜ਼ਰੀ ਵਿਚ ਆਇਆ ਕਿ ਛੇਤੀ ਤੋਂ ਛੇਤੀ ਉਹਦੇ ਪਿੰਡ ਆ ਕੇ ਮਿਲੇ! ਇਸ ਪਰਚੀ-ਸੁਨੇਹੇ ਨੇ ਉਸਦੇ ਅੰਦਰ ਉੱਚੜ ਪੈਰੀ ਲਾ ਦਿੱਤੀ। ਉਸ ਨੂੰ ਰਾਤ ਮਸਾਂ ਟੱਪੀ! ਸਵੇਰੇ ਸਾਝਰੇ ਤਿਆਰ ਹੋ ਕੇ ਉਹਨੇ ਲੰਮੀ ਤਣੀ ਵਾਲਾ ਝੋਲਾ ਗਲ ਵਿਚ ਪਾਇਆ, ਦੁੱਧ ਰਿੜਕਦੀ ਸਾਹਬ ਕੁਰ ਕੋਲ ਆ ਕੇ ਬੋਲਿਆ, "ਬੇ ਜੀ, ਮੈਂ ਕੋਈ ਜ਼ਰੂਰੀ ਕੰਮ ਚੱਲਿਆਂ!" ਉਸ ਸਵੇਰੇ ਦੇ ਘਸਮੈਲੇ ਜਿਹੇ ਚਾਨਣ ਵਿਚ ਵੱਡੀ ਭਾਬੀ ਵਲ ਵੇਖਿਆ, ਜਿਹੜੀ ਚੁੱਲ੍ਹੇ ਮੁਹਰੇ ਬੈਠੀ ਆਟਾ ਗੁੰਨ ਰਹੀ ਸੀ, ਅਗਲੀ ਗੱਲ ਹਰਪਾਲ ਨੇ ਹੌਲੀ ਜਿਹੀ ਆਖੀ, "ਮੈਨੂੰ ਦਸ-ਕੁ ਰੁਪਈਏ ਤਾਂ ਦਿਓ!"

ਸਾਹਬ ਕੁਰ ਨੇ ਨੇਤਰੇ ਦੀਆਂ ਲੜੀਆਂ ਇਕੱਠੀਆਂ ਕਰਕੇ ਮਧਾਣੀ ਉੱਤੇ ਰੱਖ ਦਿੱਤੀਆਂ, ਉੱਠ ਕੇ ਅੰਦਰ ਜਾਂਦੀ ਹੋਈ ਬੋਲੀ, "ਭਾਈ ਪੈਸੇ ਹੈਣ ਕਿੱਥੇ! ਕਮਾਈਆਂ ਕਰੋ ਤਾਂ ਕਿਤੇ ਜਾ ਕੇ ਕੋਈ ਬੰਨ੍ਹ-ਸੁੱਬ ਬਣੂੰਗਾ!"

ਹਰਪਾਲ ਚੁੱਪ ਚਾਪ ਨੀਵੀਂ ਪਾਈ ਸਬਾਤ ਵਲ ਜਾਂਦੀ ਸਾਹਬ ਕੁਰ ਦੇ ਮਗਰ ਤੁਰਿਆ ਗਿਆ। ਸਾਹਬ ਕੁਰ ਸੰਦੂਖ ਖੋਹਲਦੀ, ਦਸਾਂ ਦਾ ਇਕ ਨੋਟ ਫੜਾਉਂਦੀ ਹੋਈ ਵੀ ਕੁਝ ਨਾ ਕੁਝ ਬੋਲਦੀ ਰਹੀ, ਪਾਲ ਹੌਲੀ ਜਿਹੀ ਬੋਲਿਆ, "ਜੇ ਮੈਂ ਨਾ ਮੁੜਾਂ ਤਾਂ ਫਿਕਰ ਨਾ ਕਰਿਓ!"

"ਫਿਕਰ ਤਾਂ ਹੋਈ ਜਾਂਦੈ! ਤੂੰ ਅੱਗੇ ਵਾਂਗੂੰ ਬਹੁਤੇ ਦਿਨ ਨਾ ਲਾਈਂ!" ਖਿੜਕ ਕੋਲ ਪਹੁੰਚ ਚੁੱਕੇ ਹਰਪਾਲ ਨੂੰ ਸਾਹਬ ਕੁਰ ਨੇ ਸੁਭਾਵਕ ਹੀ ਉੱਚੀ ਆਵਾਜ਼ ਵਿਚ ਆਖਿਆ। ਵੱਡੀ ਭਾਬੀ ਨੇ ਕੰਧੋਲੀ ਤੋਂ ਸਿਰ ਚੁੱਕ ਕੇ ਮਗਰੋਂ ਆਵਾਜ਼ ਮਾਰੀ, "ਵੇ ਰੋਟੀ ਤਾਂ ਖਾ ਜਾਂਦਾ, ਮੈਂ ਲਾਹੁਣ ਲੱਗੀ ਆਂ!"

ਹਰਪਾਲ ਖਿੜਕ ਲੰਘ ਕੇ ਬੀਹੀ ਵਿਚ ਆ ਗਿਆ ਸੀ। ਚਿੱਤ ਉਦਾਸ ਸੀ, ਭੜੀਹ 'ਤੇ ਪਥਵਾੜੇ ਵਿਚ ਪਾਥੀਆਂ ਦੀਆਂ ਲਾਈਨਾਂ ਖ਼ੁਰਦੁਰੀਆਂ ਜਿਹੀਆਂ ਜਾਪੀਆਂ, ਹਵਾ ਸੁੱਕੀ ਮਿੱਟੀ ਉਡਾ ਰਹੀ ਸੀ, ਸਹਿਜ ਮਤੇ ਉਸ ਦੀਆਂ ਅੱਖਾਂ ਰਾਣੋ ਦੇ ਘਰ ਵਲ ਚਲੀਆਂ ਗਈਆਂ। ਰਾਣੋ ਦੀਆਂ ਉਸ ਦਿਨ ਵਾਲੀਆਂ ਗੱਲਾਂ ਯਾਦ ਕਰਕੇ ਉਸਦਾ ਸਾਰਾ ਸਰੀਰ ਕੰਬ ਉੱਠਿਆ, ਮੋਟੀਆਂ ਮੋਟੀਆਂ ਵਿਰਲਾਂ ਵਾਲੇ ਤਖ਼ਤੇ ਵੇਖ ਕੇ ਉਹਨੂੰ ਮਹਿਸੂਸ ਹੋਇਆ, ਜਿਵੇਂ ਭੂਤਾਂ ਦਾ ਵਾੜਾ ਹੋਵੇ। ਉਸ ਕਾਹਲੀ ਕਾਹਲੀ ਪੈਰ ਚੁੱਕਣਾ ਸ਼ੁਰੂ ਕਰ ਦਿੱਤਾ। ਬੱਸ ਫੜ੍ਹ ਕੇ ਉਹ ਨੌਂ ਵਜਦੇ ਨੂੰ ਅਮੋਲਕ ਕੋਲ ਪਹੁੰਚ ਗਿਆ। ਅੱਗੇ ਵੀ ਕਈ ਵਾਰੀ ਉਹ ਇਸ ਘਰ ਆਇਆ ਸੀ, ਪਰ ਅੱਜ ਉਸ ਨੂੰ ਘਰ ਬੇਰੌਣਕ ਜਿਹਾ ਜਾਪਿਆ। ਅਮੋਲਕ ਦੀ ਬੇਬੇ ਦੇ ਤੇੜ ਵਾਲੇ ਕਪੜੇ ਉਸ ਨੂੰ ਏਨੇ ਮੈਲੇ ਲੱਗੇ, ਉਸ ਦਾ ਜੀਅ ਮਤਲਾਉਣ ਲੱਗਾ। ਚਾਹ ਬਣਦਿਆਂ ਅਮੋਲਕ ਕਾਹਲੀ ਜਿਹੀ ਨਾਲ ਦੱਸਣ ਲੱਗਾ, "ਗੱਲ ਪਾਲ ਇਹ ਐ, ਹੁਣ ਆਪਾਂ ਨੂੰ ਜਾਨ ਹੂਲ ਕੇ ਕੰਮ ਕਰਨਾ ਚਾਹੀਦੈ!"

ਹਰਪਾਲ ਉਸ ਵਲ ਝਾਕਿਆ।

"ਹੱਛਾ ਤੂੰ ਇਹ ਦੱਸ, ਤੂੰ ਟਾਈਮ ਕਿੰਨਾ ਕੁ ਕੱਢ ਸਕਦੈਂ?"

"ਟਾਈਮ ਨੂੰ...ਕੀ ਮੈਂ ਤਾਂ ਵਿਹਲਾ ਈ ਆਂ...ਪਰ ਤੂੰ ਗੱਲ ਤਾਂ ਦੱਸ!"

"ਗੱਲ ਸਾਥੀ ਇਹ ਐ, ਰਾਏਕੋਟ ਵਾਲੇ ਨਿਰਵੈਰ ਨੂੰ ਤੂੰ ਜਾਣਦਾ ਈ ਐਂ!" ਅਮੋਲਕ ਨੇ ਹਰਪਾਲ ਵਲ ਵੇਖਿਆ, "ਹੱਛਾ ਉਹ ਕਿਸਾਨ ਯੂਨੀਅਨ ਦਾ ਵਰਕਰ ਐ, ਸਗੋਂ ਲੀਡਰ ਈ ਕਹਿ! ਤੂੰ ਉਨ੍ਹਾਂ ਦੇ ਪਰਿਵਾਰ ਨੂੰ ਵੀ ਜਾਣਦਾ ਈ ਐਂ! ਉਥੇ ਆਪਣੇ ਇਕ ਸਾਥੀ ਦਾ ਕਤਲ ਹੋ ਗਿਆ!"

"ਹੈਂ! ਕਦੋਂ?...ਕੀਹਦਾ?"

"ਕਈ ਦਿਨ ਹੋ-ਗੇ।" ਅਮੋਲਕ ਦੀ ਆਵਾਜ਼ ਵਿਚ ਘਬਰਾਹਟ ਨਹੀਂ ਸੀ, "ਕਤਲ ਪਿੰਡ ਦੇ ਗੁੰਡਿਆਂ ਨੇ ਕੀਤਾ ਐ!"

"ਹੱਛਿਆ...!"

"ਇਹ ਤਾਂ ਤੂੰ ਜਾਣਦਾ ਈ ਐਂ, ਕਚਹਿਰੀਆਂ-ਕਾਨੂੰਨ ਤਕੜਿਆਂ ਦੇ ਹੁੰਦੇ ਐ!... ਜਿੰਨਾ ਚਿਰ ਅਸੀਂ ਠੋਸ ਕਦਮਾਂ ਨਾਲ ਨਹੀਂ ਚੱਲਦੇ, ਲੋਕਾਂ ਨੂੰ 'ਕੱਠੇ ਨਹੀਂ ਕਰ ਸਕਦੇ!"

(ਬਾਕੀ ਅਗਲੇ ਅੰਕ 'ਚ)

# ਲਾਸਾਨੀ ਗਦਰੀ ਸੂਰਮਾ: ਬਾਬਾ ਵਿਸਾਖਾ ਸਿੰਘ

ਕਿਰਤੀ ਕਿਸਾਨ ਪਾਰਟੀ ਵਿਚ ਬਾਬਾ ਜੀ ਦੀਆਂ ਸਰਗਰਮੀਆਂ ਨੂੰ ਰੋਕਣ ਹਿੱਤ ਅੰਗਰੇਜ਼ ਹਾਕਮਾਂ ਨੇ 1932-33 ਦੋ ਸਾਲ ਪਿੰਡ ਵਿਚ ਜੂਹ ਬੰਦ ਕਰ ਦਿੱਤਾ।

21 ਅਕਤੂਬਰ ਤੋਂ 24 ਦਸੰਬਰ 1934 ਤਕ ਬੜੇ ਹੀ ਔਖੇ ਸਮੇਂ ਲਈ ਬਾਬਾ ਜੀ ਸਿੱਖਾਂ ਦੀ ਸਰਬ ਉੱਚ ਪਦਵੀਂ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਦੇ ਅਹੁਦੇ 'ਤੇ ਸੁਭਾਇਮਾਨ ਰਹੇ। ਕੁਝ ਕੁ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਪੁੱਛੇ ਬਗੈਰ ਇਕ ਸਰਕਾਰੀ ਅਫਸਰ ਮੁਜ਼ਫਰ ਖਾਂ ਨੂੰ ਅਕਾਲ ਤਖ਼ਤ ਤੋਂ ਸਿਰੋਪਾਓ ਦੇ ਦਿੱਤਾ ਅਤੇ ਅਯੋਗ ਸ਼ਬਦ ਕਹੇ ਜੋ ਬਾਬਾ ਜੀ ਦੀਆਂ ਨਜ਼ਰਾਂ ਵਿਚ ਇਸ ਪਵਿਤਰ ਸਥਾਨ ਦੀਆਂ ਉੱਚ ਰਵਾਇਤਾਂ ਦੇ ਉਲਟ ਸਨ। ਬਾਬਾ ਜੀ ਨੇ ਉਚ ਆਦਰਸ਼ਾਂ ਦਾ ਅਨੁਸਰਣ ਕਰਦਿਆਂ ਉਸ ਸਮੇਂ ਤਿਆਗ ਪੱਤਰ ਦੇ ਦਿੱਤਾ।

1936 ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਮੇਂ ਦੋ ਧੜਿਆਂ ਦਾ ਮੇਲ ਕਰਵਾਉਣ ਲਈ ਬਾਬਾ ਜੀ ਨੂੰ ਸਾਲਸ ਮੰਨਿਆ ਗਿਆ। ਉਨ੍ਹਾਂ ਮਰਜੀ ਨਾਲ ਸਾਲਸੀ ਦੀ ਜ਼ਿੰਮੇਵਾਰੀ ਨਿਭਾਉਣ ਲਈ ਬਾਬਾ ਸੋਹਣ ਸਿੰਘ ਭਕਨਾ ਦਾ ਨਾਂ ਪੇਸ਼ ਕਰ ਦਿੱਤਾ।

1937 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਸਮੇਂ ਉਮੀਦਵਾਰ ਬਣੇ 9 ਗਦਰੀ ਬਾਬਿਆਂ ਵਿਚੋਂ 8 ਨੇ ਦੇਸ਼ ਭਗਤ ਬੋਰਡ ਦੇ ਝੰਡੇ ਹੇਠ ਲੜੀਆਂ ਚੋਣਾਂ ਸਮੇਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ, ਪਰ ਬਾਬਾ ਵਿਸਾਖਾ ਸਿੰਘ ਨੇ ਚੋਣ ਲੜਨਾ ਪ੍ਰਵਾਨ ਨਾ ਕੀਤਾ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਸਥਾਪਨਾ ਤੇ ਉਸਾਰੀ ਹਿਤ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵਲੋਂ 25000 ਰੁਪਏ ਦੇ ਕੇ ਇਸ ਕਾਰਜ ਲਈ ਮੁਢਲੀ ਸਹਾਇਤਾ ਕੀਤੀ ਗਈ। ਇਹ ਸੰਸਥਾ ਗਦਰੀ ਬਾਬਿਆਂ ਦੀ ਸੋਚ-ਸਮਝ, ਨੀਤੀਆਂ ਤੇ ਪ੍ਰੋਗਰਾਮ ਅਨੁਸਾਰ ਉਨਤੀ ਕਰ ਰਹੀ ਹੈ।

ਦੂਜੇ ਵਿਸ਼ਵ ਯੁਧ ਦੌਰਾਨ ਅੰਗਰੇਜ਼ ਸਰਕਾਰ ਨੇ ਦੇਸ਼ ਦੇ ਸਾਰੇ ਸੋਸ਼ਲਿਸਟ ਤੇ ਕਮਿਊਨਿਸ਼ਟ ਆਗੂਆਂ ਨੂੰ ਗ੍ਰਿਫਤਾਰ ਕਰਕੇ ਦਿਉਲੀ ਕੈਂਪ ਜੇਲ੍ਹ ਵਿਚ ਬੰਦ ਕਰ ਦਿੱਤਾ। ਉਥੇ ਸਾਰੇ ਖੱਬੀ ਸੋਚ ਵਾਲੇ ਧੜਿਆਂ ਦੀ ਏਕਤਾ ਲਈ ਬਹਿਸ-ਮੁਬਾਹਸੇ ਹੁੰਦੇ ਸਨ, ਜਿਸ ਵਿਚ ਬਾਬਾ ਜੀ ਸ਼ਾਮਿਲ ਨਹੀਂ ਹੁੰਦੇ ਸਨ ਪਰ ਏਕਤਾ ਸੰਮੇਲਨ ਦਾ ਪ੍ਰਧਾਨ ਬਾਬਾ ਜੀ ਨੂੰ ਹੀ ਬਣਾਇਆ ਗਿਆ। ਉਨ੍ਹਾਂ ਏਕਤਾ ਲਈ ਸਾਰਿਆਂ ਨੂੰ ਅਸ਼ੀਰਵਾਦ ਦਿੱਤਾ। ਸੰਤ ਜੀ ਜਰਮਨ ਫਾਸਿਜ਼ਮ ਤੇ ਅੰਗਰੇਜ਼ ਸਾਮਰਾਜ ਦੋਹਾਂ ਨੂੰ ਹੀ ਭਾਰਤ ਦੇ ਘੋਰ ਦੁਸ਼ਮਣ ਸਮਝਦੇ ਸਨ। ਕਿਸੇ ਨੇ ਬਾਬਾ ਜੀ ਨੂੰ ਸਵਾਲ ਕੀਤਾ "ਤੁਸੀਂ ਕਮਿਊਨਿਸਟਾਂ ਦੇ ਮਿੱਤਰ ਹੋ ਇਹ ਤਾਂ ਰੱਬ ਨੂੰ ਮੰਨਦੇ ਹੀ ਨਹੀਂ।" ਬਾਬਾ ਜੀ ਨੇ ਬੜੀ ਬੇਬਾਕੀ ਨਾਲ ਉੱਤਰ ਦਿੱਤਾ, "ਇਨ੍ਹਾਂ ਕਦੇ ਵੀ ਮੇਰੇ ਧਾਰਮਿਕ ਵਿਸ਼ਵਾਸਾਂ ਵਿਚ ਦਖ਼ਲ ਨਹੀਂ ਦਿੱਤਾ। ਪਰ ਜਦ ਇਹ ਸਰਕਾਰ ਦੇ ਜਬਰ ਜ਼ੁਲਮ ਵਿਰੁਧ ਲੜਦਿਆਂ ਦੇਸ਼ ਦੀ ਆਜ਼ਾਦੀ ਲਈ, ਗਰੀਬ-ਗੁਰਬੇ, ਕਿਰਤੀਆਂ ਲਈ ਜਾਨ ਤਕ ਵਾਰਨ ਤੋਂ ਪਿੱਛੇ ਨਹੀਂ ਹਟਦੇ ਤਾਂ ਮੈਨੂੰ ਪੱਕੇ ਗੁਰੂ ਦੇ ਸਿੱਖ ਨਜ਼ਰ ਆਉਂਦੇ ਹਨ।"

ਇਥੇ ਹੀ ਸਿਆਸੀ ਕੈਦੀਆਂ ਨੇ ਜੇਲ੍ਹ ਸੁਧਾਰਾਂ ਦੀਆਂ ਮੰਗਾਂ ਤੇ ਸਹੂਲਤਾਂ ਲਈ ਭੁੱਖ ਹੜਤਾਲ ਕਰ ਦਿੱਤੀ। ਬਾਬਾ ਜੀ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਉਹ ਟੀ.ਬੀ. ਦੀ ਨਾ-ਮੁਰਾਦ ਬਿਮਾਰੀ ਕਾਰਨ ਬਹੁਤ ਕਮਜ਼ੋਰ ਹੋ ਚੁੱਕੇ ਸਨ। ਸਾਥੀਆਂ ਨੂੰ ਦਿਖਾਉਣ ਲਈ ਲੰਗਰ ਵਿਚ ਤਾਂ ਜਾਂਦੇ ਬਿਨਾ ਕੁਝ ਖਾਧਿਆਂ ਹੀ ਵਾਪਸ ਪਰਤ ਆਉਂਦੇ। ਅਠਾਰਵੇਂ ਦਿਨ ਜਦ ਬਾਬਾ ਜੀ ਬੇਹੋਸ਼ ਹੋ ਕੇ ਡਿੱਗ ਪਏ ਤਾਂ ਇਸ ਗੁਪਤ ਭੁਖ ਹੜਤਾਲ ਵਿਚ ਸ਼ਮੂਲੀਅਤ ਦਾ ਪਤਾ ਲੱਗਾ।

1941 ਵਿਚ ਬਾਬਾ ਜੀ ਨੂੰ ਮਾੜੀ ਸਿਹਤ ਕਾਰਨ ਰਿਹਾ ਕਰਦੇ ਸਮੇਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਨੇ ਆਪ 'ਤੇ ਦਇਆ ਕੀਤੀ ਹੈ। ਸੰਤ ਜੀ ਨੇ ਕਿਹਾ, "ਇਹ ਚੰਗੀ ਦਇਆ ਹੈ। ਸ਼ਹੀਦੀ ਦੀ ਉਚ ਪਦਵੀ ਦੇ ਨੇੜੇ ਪਹੁੰਚੇ ਨੂੰ ਪਿਛਾਂਹ ਖਿੱਚ ਲਿਆ ਗਿਆ ਹੈ।"

1947 ਵਿਚ ਦੇਸ਼ ਦੀ ਵੰਡ ਸਮੇਂ ਵਿਆਪਕ ਰੂਪ ਵਿਚ ਫੈਲੇ ਫਿਰਕੂ ਫਸਾਦਾਂ ਨੇ ਸਮੁੱਚੇ ਪੰਜਾਬ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ। ਉਹ ਬਿਮਾਰੀ ਦੀ ਹਾਲਤ ਵਿਚ ਡਿਗਸ਼ਈ ਆਰਾਮ ਕਰ ਰਹੇ ਸਨ। ਸਿਹਤ ਦੀ ਪ੍ਰਵਾਹ ਨਾ ਕਰਦਿਆਂ ਪਿੰਡ ਆ ਕੇ ਫਿਰਕੂ ਫਸਾਦਾਂ ਨੂੰ ਰੋਕਣ ਤੇ ਘਟ ਗਿਣਤੀ ਤਬਕੇ ਦੀ ਰਖਿਆ ਲਈ ਜਥੇਬੰਦਕ ਉਪਰਾਲੇ ਕਰਨੇ ਆਰੰਭ ਕਰ ਦਿੱਤੇ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲ ਕੇ ਸ਼ਰਨਾਰਥੀ ਸਮਸਿਆ ਦਾ ਸਾਰਥਕ ਹਲ ਕਰਨ ਦੀ ਅਪੀਲ ਕੀਤੀ।

ਸੰਤ ਬਾਬਾ ਵਿਸਾਖਾ ਸਿੰਘ ਅਖੀਰਲੇ ਦਮ ਤੱਕ ਧਾਰਮਿਕ, ਸਮਾਜਕ, ਤੇ ਇਨਕਲਾਬੀ ਤਹਿਰੀਕਾਂ ਵਿਚ ਸਰਗਰਮ ਰਹਿੰਦਿਆਂ 5 ਦਸੰਬਰ 1957 ਨੂੰ ਤਰਨਤਾਰਨ ਵਿਖੇ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ। ਗੁਰਮੁਖ ਜਨਮ ਸਵਾਰ ਦਰਗਾਹ ਚਲਿਆ। ਉਨ੍ਹਾਂ ਦਾ ਜੀਵਨ ਰਾਜਨੀਤਕ, ਸਮਾਜਿਕ, ਧਾਰਮਿਕ ਖੇਤਰ ਵਿਚ ਕੰਮ ਕਰਦੇ ਆਗੂਆਂ ਕਾਰਜ ਕਰਤਵਾਂ ਤੇ ਜਨ ਸਾਧਾਰਣ ਲਈ ਰਾਹ-ਦਸੇਰੇ ਚਾਨਣ-ਮੁਨਾਰੇ ਦਾ ਕੰਮ ਕਰਦਾ ਰਹੇਗਾ।

ਗਦਰੀ ਬਾਬਿਆਂ ਦੇ ਜੀਵਤ ਪਰਿਵਾਰਾਂ ਦੇ ਪੁੱਤਰ ਪੋਤਰੇ ਤੇ ਹੋਰ ਜਨ ਸਾਧਾਰਣ ਬਾਬਾ ਸੰਤ ਵਿਸਾਖਾ ਸਿੰਘ ਦੇ ਯਤਨਾਂ ਨਾਲ ਸਟਾਕਟਨ ਕੈਲੀਫੋਰਨੀਆ ਵਿਚ ਸਥਾਪਤ ਕੀਤੇ ਗਏ ਗੁਰੂ ਘਰ ਦੇ ਦਰਸ਼ਨ ਕਰਨ ਜਾਂਦੇ ਹਨ ਜੋ ਗਦਰੀ ਬਾਬਿਆਂ ਦੇ ਗੁਰੂ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਗ੍ਰੰਥ ਸਾਹਿਬ ਅੱਗੇ ਸ਼ਰਧਾ ਨਾਲ ਨਤਮਸਤਕ ਹੋਣ ਪਿੱਛੋਂ ਲਾਇਬਰੇਰੀ ਜਿਥੇ ਗਦਰੀ ਬਾਬਿਆਂ ਦੀਆਂ ਫੋਟੋਆਂ ਉਨ੍ਹਾਂ ਵਲੋਂ ਉਸ ਸਮੇਂ ਪੜ੍ਹੀਆਂ ਜਾਣ ਵਾਲੀਆਂ ਗਦਰ ਦੇ ਪਰਚਿਆਂ ਦੀਆਂ ਕਾਪੀਆਂ ਹੋਰ ਪੁਸਤਕਾਂ ਤੇ ਲਿਟਰੇਚਰ ਉਪਲਬਧ ਸੀ। ਹੁਣ ਗੁਰੂ ਘਰ ਦੀ ਲਾਇਬਰੇਰੀ ਵਿਚ ਐਸਾ ਕੁਝ ਵੀ ਨਹੀਂ ਹੈ। ਜਨ ਸਾਧਾਰਣ ਉਸ ਗੁਰੂ ਘਰ ਦੇ ਪ੍ਰਬੰਧਕਾਂ ਨੂੰ ਸਨਿਮਰ ਬੇਨਤੀ ਕਰਦਾ ਹੈ। ਹੁਣ ਤਕ ਉਸ ਲਾਇਬਰੇਰੀ ਦੀ ਮੁਰੰਮਤ ਦਾ ਕੰਮ ਮੁਕੰਮਲ ਹੋ ਚੁੱਕਾ ਹੋਵੇਗਾ। ਉਹ ਸਾਰੀ ਵੇਖਣ ਤੇ ਪੜ੍ਹਨਯੋਗ ਸਮਗਰੀ ਥਾਂ ਸਿਰ ਸਥਾਪਤ ਕਰਨ ਦੀ ਖੇਚਲ ਕੀਤੀ ਜਾਵੇ ਤਾਂ ਜੋ ਨਵੀਂ ਪੀੜ੍ਹੀ ਆਪਣੇ ਪੁਰਖਿਆਂ ਦੀਆਂ ਕੀਤੀਆਂ ਕੁਰਬਾਨੀਆਂ ਤੋਂ ਜਾਣੂ ਹੋ ਸਕੇ।

# ਕਾਵਿ-ਮੰਚ

### ਆਜ਼ਾਦੀ

ਪਾਟੇ ਕੱਪੜੇ ਭੁੱਖੀ ਤੇ ਅੱਧ ਨੰਗੀ,
ਆਜ਼ਾਦੀ ਖੜ੍ਹ ਕੇ ਸ਼ਰੇ ਬਾਜ਼ਾਰ ਰੋਈ।
ਕਿਹੜੀ ਆਜ਼ਾਦੀ ਤੇ ਕੌਣ ਆਜ਼ਾਦ ਹੋਇਆ,
ਇਸ ਗੱਲ ਦੀ ਮੈਨੂੰ ਨਾ ਸਾਰ ਕੋਈ।
ਗੋਰੇ ਅੰਗਰੇਜ਼ ਦੇ ਹੱਥੋਂ ਆਜ਼ਾਦ ਹੋ ਕੇ,
ਸਰਮਾਏਦਾਰਾਂ ਦੀ ਮੈਂ ਫੇਰ ਗੁਲਾਮ ਹੋਈ।
ਪਾਈ ਵੰਡੀਆਂ ਕੁਰਸੀ ਦੇ ਲੋਭੀਆ ਨੇ,
ਮੈਂ ਹਿੰਦੋਸਤਾਨ ਤੇ ਪਾਕਿਸਤਾਨ ਹੋਈ।
ਵੇਖ ਸੰਤਾਲੀ ਦੇ ਘੱਲੂਘਾਰਿਆ ਨੂੰ,
ਗ੍ਰੰਥ ਸਾਹਿਬ, ਗੀਤਾ ਤੇ ਨਾਲੇ ਕੁਰਾਨ ਰੋਈ।
ਲੱਖਾਂ ਕਤਲ ਹੋ ਗਏ, ਬੇਘਰ ਹੋ ਗਏ,
ਮੈ ਇੰਨਾ ਸਾਰਿਆਂ ਦੀ ਜ਼ਿੰਮੇਦਾਰ ਹੋਈ।
ਹੱਕ-ਸੱਚ ਨਾ ਮੈਂ ਦੇ ਸਕੀ ਕਿਰਤੀ-ਕਾਮਿਆਂ ਨੂੰ,
ਮੈ ਬੇਗੈਰਤ ਤੇ ਸ਼ਰਮੋ-ਸਾਰ ਹੋਈ।
ਲੋਕੀ ਪੂਜਦੇ ਨੇ ਝੂਠੇ ਲੀਡਰਾਂ ਨੂੰ,
ਲਈ ਸ਼ਹੀਦਾਂ ਦੀ ਕਿਸੇ ਨਾ ਸਾਰ ਕੋਈ।
ਵਾਰੀਆਂ ਜਿੰਦਾ ਜਿਨ੍ਹਾਂ ਮੈਨੂੰ ਵਿਆਹੁਣ ਲਈ,
ਮੈਂ ਉਨ੍ਹਾਂ ਤੋਂ ਬੇ-ਕਰਾਰ ਹੋਈ।
ਕਰਾਂ ਖੁਦਕਸ਼ੀ ਮੈ ਸ਼ਹੀਦਾਂ ਦੀ ਮੜੀ ਉਤੇ,
ਆਖਰ ਸ਼ਹੀਦਾਂ ਨੂੰ ਮਿਲੇ ਸਤਿਕਾਰ ਕੋਈ।

**-ਸਤਪਾਲ ਸਿੰਘ ਦੌਧਰ**

### ਬਾਦਲ ਸਰਕਾਰ ਦੀ ਝਲਕ

ਵਾਹ ਵਾਹ ਬਾਦਲ ਸਰਕਾਰੇ,
ਤੇਰੇ ਮੰਤਰੀ ਤਰੱਕੀਆਂ ਕਰ ਰਹੇ ਨੇ।
ਤੇਰੇ ਮੰਤਰੀਆਂ ਦੇ ਟੋਲੇ
ਨਿੱਤ ਰਹਿਣ ਤੁਰੇ ਵਿਦੇਸ਼ਾਂ ਨੂੰ,
ਪੰਜਾਬ ਵਿਚ ਰਹਿ ਕੇ
ਕਿਉਂ ਨਹੀਂ ਸੁਲਝਾਉਂਦੇ
ਦੁੱਖਾਂ ਤੇ ਕਲੇਸ਼ਾਂ ਨੂੰ।
ਅੱਜ ਕੱਲ੍ਹ ਸਕੂਲਾਂ ਕਾਲਜਾਂ ਵਿਚ
ਕਿਹੜਾ ਨਸ਼ਾ ਜੋ ਨਹੀਂਓਂ ਮਿਲਦਾ,
ਪੰਜਾਬ ਵਿਚ ਰਿਸ਼ਵਤ ਤੋਂ ਬਿਨਾ ਤਾਂ
ਪੱਤਾ ਵੀ ਨਹੀਂ ਹਿਲਦਾ।
ਦੁਆ ਦਿੱਤੀਆਂ ਗਵਾਹੀਆਂ
ਬੇਰੁਜ਼ਗਾਰੀ ਦੀਆਂ ਤੁਹਾਡੇ ਰਾਜ ਨੇ,
ਹੁਣ ਤਾਂ ਸੁੱਕੇ ਪਏ ਛੱਪੜਾਂ ਵਿਚਲੇ
ਡੱਡੂ ਵੀ ਬਾਦਲ ਬਾਦਲ ਕਰ ਰਹੇ ਨੇ।
ਸਭ ਦੋਸ਼ ਸਿਆਸੀ ਪਾਰਟੀਆਂ
ਇਕ ਦੂਜੀ 'ਤੇ ਧਰ ਰਹੀਆਂ ਨੇ।

### ਨੇਕ ਸਲਾਹ

ਜੇਕਰ ਸਦਾ ਜੀਉਣ ਦੀ ਇੱਛਿਆ ਈ,
ਤਾਂ ਫਿਰ ਕਿਸੇ ਤੋਂ ਜ਼ਿੰਦਗੀ ਵਾਰ ਆਪਣੀ।
ਹੰਝੂ ਕਿਸੇ ਦੁਖਿਆਰੇ ਦੇ ਪੂੰਝ ਕੇ ਤੂੰ,
ਹਿੱਕ ਲਾ ਉਸ ਨੂੰ, ਛਾਤੀ ਠਾਰ ਆਪਣੀ।
ਹੋਵੇਗੀ ਫੇਰ ਜਹਾਨ 'ਤੇ ਜਿੱਤ ਤੇਰੀ,
ਜੇਕਰ ਦਿਲ ਅੰਦਰ ਮੰਨੇ ਹਾਰ ਆਪਣੀ।
ਮਰ ਕੇ ਫੇਰ ਵੀ ਜ਼ਿੰਦਗੀ ਪਾਏਂਗਾ ਤੂੰ,
ਬੁਰੀ ਖਾਹਸ਼ ਜੇ ਦੇਵੇਂ ਵਿਸਾਰ ਆਪਣੀ।

**-ਲਾਲੀ ਭੂਰ, ਟਰੇਸੀ**

### ਕਿਸੇ ਦੇ ਦੁੱਖ ਨੂੰ ਕੌਣ ਜਾਣਦਾ

ਕਿਸੇ ਦੇ ਦੁੱਖ ਨੂੰ ਕੋਈ ਵਿਰਲਾ ਹੀ ਜਾਣਦਾ
ਸਭ ਚੱਲਦੀਆਂ ਦੇ ਯਾਰ ਹੁੰਦੇ
ਜਦੋਂ ਬਟੂਆ ਭਾਰੀ ਹੁੰਦਾ
ਸਭ ਹੁੰਦੇ ਬੇਲੀ ਰਿਸ਼ਤੇਦਾਰ
ਕੋਲ ਢੁਕ ਢੁਕ ਬਹਿੰਦੇ
ਪਰ ਜਦੋਂ ਬਾਜ਼ੀ ਪੁਠੀ ਪੈਂਦੀ
ਕੋਈ ਕੋਲ ਨਾ ਖੜੋਵੇ
ਸਭ ਵਿਚੇ ਹੀ ਛੱਡ ਜਾਵਣ
ਜੇਕਰ ਹਰ ਕੋਈ ਮਦਰ ਟਰੇਸਾ
ਤੇ ਭਗਤ ਪੂਰਨ ਬਣ ਜਾਵੇ
ਜੇਕਰ ਦੁਖ ਗਰੀਬੀ ਵੰਡੇ ਜਾਣ
ਤਾਂ ਇਹ ਦੁਨੀਆ ਬਣ ਜਾਵੇ ਸਵਰਗ
ਪਰ ਅਜਿਹਾ ਨਹੀਂ ਹੁੰਦਾ
ਜਿਸ ਤਨ ਲਾਗੇ ਸੋ ਤਨ ਜਾਣੇ
ਕੌਣ ਜਾਣੇ ਪੀੜ ਪਰਾਈ
ਘਰ ਲੱਗੇ ਤਾਂ ਅੱਗ
ਬਾਹਰ ਲੱਗੇ ਤਾਂ ਬਸੰਤਰ
ਜਿਸ ਨੇ ਗਰੀਬੀ ਦੇਖੀ ਨਹੀਂ
ਉਸ ਨੂੰ ਕੀ ਪਤਾ
ਗਰੀਬੀ ਵਾਲਾ ਜੀਵਨ ਕੀ ਹੁੰਦਾ
ਜਿਹੜਾ ਕਦੀ ਬੀਮਾਰ ਹੋਇਆ ਨਹੀਂ
ਉਸਨੂੰ ਕੀ ਪਤਾ ਬੀਮਾਰੀ ਕੀ ਹੁੰਦੀ ਹੈ।
ਤੇ ਬੀਮਾਰ ਮਨੁੱਖ ਦਾ ਜੀਵਨ
ਕਿੱਦਾਂ ਦਾ ਹੁੰਦਾ
ਤੰਦਰੁਸਤ ਕੀ ਦੁੱਖ ਦੀ ਸਾਰ ਜਾਣੇ
ਦੁੱਖ ਪੁੱਛ ਨਾ ਕਿਸੇ ਮਰੀਜ਼ ਕੋਲੋਂ
ਇਹ ਦੁਨੀਆਂ ਮਤਲਬ ਦੀ
ਕੋਈ ਨਹੀਂ ਕਿਸੇ ਦਾ ਦਰਦੀ
ਅੱਜ ਲਹੂਆਂ ਵਿਚ ਪਾਣੀ ਪੈ ਗਿਆ
ਅੱਜ ਖ਼ੂਨ ਚਿੱਟਾ ਹੋ ਗਿਆ
ਅੱਜ ਆਪਣਾ ਹੀ ਆਪਣੇ ਨੂੰ ਮਾਰੀ ਜਾਵੇ
ਅੱਜ ਭਰਾ ਹੀ ਭਰਾ ਨੂੰ ਪੈਸੇ ਦੀ ਖਾਤਰ
ਕਤਲ ਕਰੀ ਜਾਵੇ
ਇਸ ਦੁਨੀਆਂ ਵਿਚ ਹੈ ਨਹੀਂ ਕੋਈ ਕਿਸੇ ਦਾ
ਅਗਰ ਹੈ ਤਾਂ ਇਕੱਲਾ ਸਾਇਆ
ਤੇ ਉਹ ਵੀ ਹਨੇਰੇ ਵਿਚ ਸਾਥ ਛੱਡ ਜਾਂਦਾ ਹੈ
ਅੱਜ ਅੰਨ੍ਹੀ ਨੂੰ ਬੋਲਾ ਘੜੀਸੀ ਜਾਵੇ
ਵਾਲੀ ਗੱਲ ਬਣ ਚੁਕੀ
ਅੱਜ ਫਰਜ਼, ਹਮਦਰਦੀ, ਪਿਆਰ, ਦਇਆ
ਤੇ ਸਤਿਕਾਰ ਖੰਭ ਲਾ ਕੇ ਉਡ ਰਹੇ ਨੇ
ਲਾਮ ਲੱਦ ਗਏ ਵਕਤ ਯਰਾਨਿਆਂ ਦੇ
ਵਿਰਲੇ ਵਿਰਲੇ ਨੇ ਨਿਮਾਣੀ ਦੇ
ਯਾਰ ਅੱਜ ਕੱਲ੍ਹ
ਜਿੰਨੀ ਕਰੋ ਵਧੀਕੋ ਵਧੀਕ ਉਲਫ਼ਤ
ਮਿੱਟੀ ਹੁੰਦੀ ਹੈ ਓਨੀ ਖੁਆਰ ਅੱਜ ਕੱਲ੍ਹ
'ਨਿਰਮਲਾ' ਯਾਰ ਮੁਹੱਬਤਾਂ ਬੰਦ ਕਰਦੇ
ਨਾ ਉਹ ਸਮੇਂ ਰਹੇ ਨਾ ਉਹ ਯਾਰ ਅੱਜ ਕੱਲ੍ਹ

**-ਨਿਰਮਲ ਸਿੰਘ ਲਾਲੀ, ਯੂਬਾ ਸਿਟੀ**

### ਉਹ

ਹੋਵੇ ਭਾਵੇਂ ਉਹ ਜਿੰਨੀ ਵੀ ਦੂਰ,
ਭਾਵੇਂ ਹੋਵੇ ਉਹ ਕਿੰਨੀ ਵੀ ਮਜਬੂਰ।
ਰੱਬ ਵਰਗਾ ਸੀ ਉਹਦੇ ਚਿਹਰੇ ਉਤੇ ਨੂਰ,
ਹੈ ਸੀ ਇਕ ਸੋਹਣੀ ਜਿਹੀ ਹੂਰ।
ਸੂਰਜ ਦੀ ਰੋਸ਼ਨੀ ਵਾਂਗ ਸੀ ਚਿਹਰੇ ਉਤੇ ਨੂਰ,
ਹੁੰਦੀ ਸੀ ਜਦ ਉਹ
ਬਰਸਾਤ ਦੇ ਮੌਸਮ ਵਿਚ ਮਗਰੂਰ।
ਦਿਲ ਦੀਆਂ ਉਮੰਗਾਂ ਕਹਿੰਦੀ ਹੈ
ਉਹ ਇਕ ਹੂਰ,
ਜਿਸ ਲਈ ਸਤਿੰਦਰ ਰਹਿੰਦਾ ਬਣ ਮਜ਼ਬੂਰ।

**-ਸਤਿੰਦਰ ਸਿੰਘ ਸੁਸਾਣਾ, ਸ਼ਿਕਾਗੋ।**

### ਫੁੱਲ

ਸਾਨੂੰ ਟਾਹਣੀ ਨਾਲੋਂ ਤੋੜ ਕੇ
ਖ਼ੁਦ ਮੁਹੱਬਤਾਂ ਦੇ ਨਾਤੇ ਜੋੜਦਾ
ਦਿਲ ਨਾਲ ਦਿਲ ਮਿਲਾਉਣ ਦੇ ਲਈ
ਸਾਡਾ ਕਿਉਂ ਦਿਲ ਤੋੜਦਾ
ਪਹਿਲੀ ਮੁਲਾਕਾਤ ਦੇ ਲਈ
ਸਾਨੂੰ ਸੱਜਣਾਂ ਦੇ ਵਲ ਤੋਰਦਾ
ਸੱਜਣ ਪਿਛਾਂਹ ਨੂੰ ਧੱਕਦੇ ਨੇ
ਉਨ੍ਹਾਂ ਦੇ ਹੱਥਾਂ ਵਿਚ ਫੁੱਲ ਕਿਸੇ ਹੋਰ ਦਾ
ਗੁੱਸੇ ਵਿਚ ਆ ਕੇ ਫਿਰ
ਸਾਨੂੰ ਧਰਤੀ 'ਤੇ ਸੁੱਟਦਾ
ਬੂਟਾਂ ਦੀਆਂ ਅੱਡੀਆਂ ਦੇ ਨਾਲ
ਸਾਡਾ ਸਾਰਾ ਸਰੀਰ ਕੁੱਟਦਾ
ਪੱਤੀ-ਪੱਤੀ ਹੋ ਕੇ ਫਿਰ ਅਸੀਂ
ਸੱਜਣ ਦੇ ਪੈਰਾਂ ਵਿਚ ਰੁਲਦੇ
ਫੁੱਲ ਵੰਡਦੇ ਨੇ ਖੁਸ਼ਬੋ ਸਾਰਿਆਂ ਨੂੰ
ਚੰਗੇ ਲੱਗਦੇ ਨੇ ਟਾਹਣੀ ਨਾਲ ਝੂਲਦੇ
ਵੰਡਣੀ ਖੁਸ਼ਬੋ ਸਿੱਖੀਏ ਫੁੱਲਾਂ ਕੋਲੋਂ
ਆਪਸ ਵਿਚ ਕਦੇ ਨਾ ਲੜੀਏ
ਇਥੇ ਫੁੱਲ ਤੋੜਨਾ ਸਖ਼ਤ ਮਨ੍ਹਾਂ ਹੈ,
'ਮੇਜਰ ਕੁਲਾਰ' ਬੋਰਡ 'ਤੇ ਪੜ੍ਹੀਏ।

**-ਮੇਜਰ ਕੁਲਾਰ 'ਬੋਪਾਰਾਏ ਕਲਾਂ'**

---

ਤੇਰੀ ਇਹ ਨਿਕੀ ਜਿਹੀ ਮਿਲਣੀ
ਭੁਲਾਈ ਨਹੀਂ ਜਾ ਸਕਦੀ,
ਬਿਨਾਂ ਯਾਦਾਂ ਤੋਂ ਉਮਰ
ਬਿਤਾਈ ਨਹੀਂ ਜਾ ਸਕਦੀ।
ਖੁਸ਼ੀ 'ਚ ਤਾਂ ਸਾਰਾ ਜੱਗ
ਸ਼ਾਮਿਲ ਹੋ ਜਾਂਦਾ ਹੈ
ਪਰ ਗਮਾਂ ਦੀ ਦਾਸਤਾਂ ਸਭ ਨੂੰ
ਸੁਣਾਈ ਨਹੀਂ ਜਾ ਸਕਦੀ।
ਕਸਮ ਹੈ ਮੈਨੂੰ ਤੇਰੀ ਮੁਹੱਬਤ ਦੀ,
ਇਹ ਗਰਦਨ ਕੱਟ ਤਾਂ ਸਕਦੀ ਹੈ
ਪਰ ਤੇਰੇ ਦਰ ਤੋਂ ਕਿਧਰੇ ਹੋਰ
ਝੁਕਾਈ ਨਹੀਂ ਜਾ ਸਕਦੀ।
ਕਿਸੇ ਡਿੱਗੀ ਹੋਈ ਸ਼ੈ ਨੂੰ
ਉਠਾਉਣਾ ਹੈ ਬੜਾ ਸੌਖਾ
ਪਰ ਜੋ ਨਜ਼ਰਾਂ ਤੋਂ ਡਿੱਗ ਪਏ
ਉਠਾਈ ਨਹੀਂ ਜਾ ਸਕਦੀ।

**-ਸੁਦਰਸ਼ਨ ਸਿੱਧੂ**

### ਨੁਸਖੇ

ਅਨਪੜ੍ਹ ਨਾ ਸਮਝੋ ਮੈਨੂੰ,
ਉਤੇ ਐੜੇ ਦੀ ਸੀ.ਡੀ. ਮੈਂ ਬਣਾਈ ਹੈ।
ਕਿਰਤ ਮੇਰੀ ਆਪਣੀ ਕੋਈ ਨਹੀਂ ਬੇਸ਼ਕ,
ਕਰਦਾ ਹਾਂ ਡਰਾਮੇ ਹਰ ਰੋਜ਼ ਕਲਾਮਈ।
ਮੈਂ ਘੜਦਾ ਹਾਂ ਨਾਵਲਕਾਰ ਡਰਾਮੇਕਾਰ।
ਕਵੀ ਨੂੰ ਕਊਆ ਤੇ ਕਾਂ ਨੂੰ ਕਵੀ,
ਸਜਾਉਣ ਵਾਸਤੇ
ਲੱਛੇਦਾਰ ਭਾਸ਼ਾ ਹੈ ਮੇਰੇ ਕੋਲ।
ਮੈਂ ਵੰਡਦਾ ਹਾਂ ਦਸਤੂਰੀ ਨੁਸਖੇ,
ਗਜ਼ਲ ਕਵਿਤਾ ਮਾਂ ਕਾਵਿ ਬਣਾਉਣ ਦੇ,
ਸਾਹਿਤਕਾਰ ਫਸਾਉਣ ਦੇ,
ਕਿਤਾਬਾਂ ਛਪਵਾਉਣ ਦੇ।
ਪਬਲਿਸ਼ਰ ਕਹਾਉਣ ਦੇ।


### ਮਾਇਆ

ਮਾਇਆ ਜਾਲ
ਹੈ ਸਭ ਪਾਸਾਰਾ।
ਸੁਪਨਾ ਹੈ ਸਭ
ਮਾਇਆ ਝੂਠੀ।
ਮਾਇਆ ਹੈ ਠਗਣੀ
ਠੱਗੇ ਜਾਓਗੇ,
ਮਾਇਆ ਹੈ ਨਾਗਨੀ,
ਡੰਗੇ ਜਾਓਗੇ,
ਬਚੋ ਇਸ ਤੋਂ,
ਪਾ ਦਿਓ ਸਾਰੀ ਮਾਇਆ,
ਮਾਇਆ ਦੀ ਗੋਲਕ ਵਿਚ।

### ਨੀਮ ਹਕੀਮ

ਮੈਂ ਅਸਾਧ ਰੋਗੀ,
ਖਾਨਦਾਨੀ ਹਕੀਮ ਵੈਦ ਜੋਗੀ।
ਅਜ਼ਮਾਉਂਦਾ ਹਾਂ ਜੜ੍ਹੀ ਨੁਸਖੇ,
ਕੈਂਸਰ ਅਧਰੰਗ ਮਾਨਸਿਕ ਬਿਮਾਰ,
ਲਾਚਾਰ ਜਿਨਸੀ ਮਰੀਜ਼ਾਂ ਤੇ।
ਨਿਰੋਗ ਤੰਦਰੁਸਤ ਸਿਹਤ ਵਾਸਤੇ।

**-ਚਰਨਜੀਤ ਸਿੰਘ ਪੰਨੂ**


ਸਲੱਮਡਾਗ ਮਿਲੀਨੇਅਰ

# ਮੁੰਬਈ ਦੀ ਧਰਾਵੀ ਬਸਤੀ ਤੇ ਫਿਲਮਾਂ 'ਚ ਇਸ ਦਾ ਪ੍ਰਦਰਸ਼ਨ

ਧਰਾਵੀ (ਮੁੰਬਈ) ਏਸ਼ੀਆ ਦੀ ਸਭ ਤੋਂ ਵੱਡੀ ਗੰਦੀ ਬਸਤੀ ਹੈ। ਆਬਾਦੀ ਛੇ ਲੱਖ ਤੋਂ ਵਧ ਹੈ। ਆਪਣੇ ਆਪ 'ਚ ਸ਼ਹਿਰ ਹੈ। ਇਹਦੇ ਨਾਗਰਿਕ ਨੂੰ ਪੁੱਛਿਆ ਜਾਵੇ ਕਿ ਉਹ ਜ਼ਿੰਦਗੀ 'ਚ ਕੀ ਬਣਨਾ ਚਾਹੁੰਦਾ ਹੈ, ਉਹਦਾ ਉੱਤਰ ਹੋਵੇਗਾ: 'ਕਰੋੜਪਤੀ।' ਜੇ ਅਮਰੀਕਾ ਜਾਂ ਪੱਛਮ ਦੇ ਬੰਦੇ ਨੂੰ ਪੁੱਛਿਆ ਜਾਵੇ ਕਿ ਉਹ ਜ਼ਿੰਦਗੀ 'ਚ ਕੀ ਚਾਹੁੰਦਾ ਹੈ ਤਾਂ ਜਵਾਬ ਹੋਵੇਗਾ: 'ਐਕਸ਼ਨ।'

ਫਿਲਮ 'ਸਲੱਮਡਾਗ ਮਿਲੀਨੇਅਰ' ਗਰੀਬ ਬੰਦੇ ਨੂੰ ਅਮੀਰ ਬਣਨ ਲਈ 'ਐਕਸ਼ਨ' ਕਰਦਿਆਂ ਦਿਖਾਉਂਦੀ ਹੈ। ਇਸ ਕਰਕੇ ਇਹਨੇ ਪੱਛਮੀ ਬੰਦੇ ਨੂੰ ਪ੍ਰਸੰਨ-ਚਿੱਤ ਕੀਤਾ ਹੈ। ਅਮਰੀਕਾ 'ਚ ਲੋਕ ਸਭ ਤੋਂ ਜ਼ਿਆਦਾ ਖਾਂਦੇ ਹਨ, ਸਭ ਤੋਂ ਤੇਜ਼ ਕਾਰਾਂ ਦੌੜਾਂਦੇ ਹਨ, ਸਭ ਤੋਂ ਜ਼ਿਆਦਾ ਪ੍ਰਦੂਸ਼ਣ ਫੈਲਾਉਂਦੇ ਹਨ, ਸਭ ਤੋਂ ਜ਼ਿਆਦਾ ਜ਼ਿੰਦਗੀ ਦੀ ਲੈਅ ਤੋਂ ਟੁੱਟੇ ਹੋਏ ਹਨ। ਉਥੋਂ ਦੀਆਂ ਔਰਤਾਂ ਅਰਬਾਂ ਡਾਲਰਾਂ ਦਾ ਮੇਕ-ਅੱਪ ਹਜ਼ਮ ਕਰਦੀਆਂ ਹਨ। ਮੁੰਡੇ ਸਕੂਲਾਂ 'ਚ ਵੀ ਬੰਦੂਕਾਂ ਚਲਾਉਂਦੇ ਹਨ। ਅਰਬਾਂ ਡਾਲਰਾਂ ਦਾ ਅਸਲਾ ਦੂਰ ਦਰਾਜ ਦੇਸ਼ਾਂ 'ਤੇ ਸੁੱਟਣ ਲਈ ਅਮਰੀਕਾ ਤੋਂ ਹੀ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਦੇ ਬੰਦੇ ਨੇ 'ਸਲੱਮਡਾਗ ਮਿਲੀਨੇਅਰ' ਨੂੰ ਬਹੁਤ ਪਸੰਦ ਕੀਤਾ ਹੈ।

ਸਾਡੇ ਦੇਸ਼ 'ਚ ਗੰਦੀਆਂ ਬਸਤੀਆਂ ਦੀ ਭਰਮਾਰ ਹੈ। ਇਨ੍ਹਾਂ ਬਸਤੀਆਂ 'ਚ ਗਜ਼ਾਲਤ ਹੈ, ਥੁੜ੍ਹ-ਟੁੱਟ ਹੈ, ਗ਼ੈਰ-ਮਾਨਵੀ ਵਾਤਾਵਰਣ ਹੈ। ਇਹ ਬੰਦਾ ਹਰ ਸਾਹ ਨਾਲ ਐਕਸ਼ਨ 'ਚ ਰਹਿੰਦਾ ਹੈ। ਉਹਦਾ ਰੋਣਾ ਗਰਮ ਟੀਨਾਂ 'ਤੇ ਲੱਥੀ ਬਿੱਲੀ ਵਰਗਾ ਹੈ। ਬਿੱਲੀ ਨੇ ਨਿੱਤ ਉਛਲਣਾ ਹੀ ਹੈ, ਨਵੀਂ ਤਰ੍ਹਾਂ ਦਾ ਐਕਸ਼ਨ ਕਰਨਾ ਹੀ ਹੈ। ਅਮੀਰ ਬੰਦੇ ਨੂੰ ਉਛਲਦੀ ਬਿੱਲੀ ਦਾ 'ਐਕਸ਼ਨ' ਨਵੀਂ ਤਰ੍ਹਾਂ ਦਾ ਲੱਗਦਾ ਹੈ।

ਗੰਦੀ ਬਸਤੀ 'ਚ ਨੌਜਵਾਨਾਂ ਅੰਦਰ ਲਾਵਾ ਉਬਲਦਾ ਰਹਿੰਦਾ ਹੈ। ਸਮਗਲਰ/ਮਾਫੀਆ ਵਾਲੇ ਇਸ ਲਾਵੇ ਨੂੰ ਵਰਤਦੇ ਹਨ। ਸਿਆਸੀ ਨੇਤਾ ਇਸ ਲਾਵੇ ਰਾਹੀਂ ਤਾਕਤ 'ਚ ਆਉਂਦੇ ਹਨ, ਵਿਰੋਧੀਆਂ ਵਿਰੁਧ ਦੰਗੇ ਕਰਵਾਉਂਦੇ ਹਨ।

'ਸਲੱਮਡਾਗ ਮਿਲੀਨੇਅਰ' ਦਾ ਕਮਾਲ ਇਹ ਹੈ ਕਿ ਇਸ ਵਿਚ ਅਜਿਹੀ ਹੀ ਬਸਤੀ 'ਚ ਰਹਿਣ ਵਾਲੇ ਨੌਜਵਾਨ ਜਮਾਲ ਮਲਿਕ ਨੂੰ ਲਾਵੇ ਤੋਂ ਡੀਲਿੰਕ ਕਰਕੇ 'ਐਕਸ਼ਨ' ਕਰਦਿਆਂ ਦਿਖਾਇਆ ਗਿਆ ਹੈ। ਲਾਵਾ 'ਜੈ ਹੋ' ਕਹਿੰਦਾ ਉੜਦਾ ਫਿਰਦਾ ਹੈ। ਸਲੱਮਡਾਗਾਂ ਦਾ ਜੀਵਨ ਫਿਲਮ ਵਿਚ 'ਫੈਂਟਸੀ' 'ਚ ਤਬਦੀਲ ਹੋ ਜਾਂਦਾ ਹੈ। ਫਿਲਮ ਬਣਾਉਣਾ ਬਿਜ਼ਨਸ ਹੈ, ਬਿੱਗ ਬਿਜ਼ਨਸ। ਦਰਸ਼ਕ ਨੂੰ ਜੋ ਚਾਹੀਦਾ ਹੈ, ਉਹ ਸਪਲਾਈ ਹੋਣਾ ਚਾਹੀਦਾ ਹੈ। ਅੱਜ ਦਰਸ਼ਕ ਨੂੰ ਸਨਸਨੀ ਜਾਂ ਥਰਾਹਟ ਚਾਹੀਦੀ ਹੈ, ਸੁਪਰ-ਹਾਈਵੇਅ ਐਕਸ਼ਨ ਚਾਹੀਦਾ ਹੈ। ਇਹਨੂੰ 'ਜੈ ਹੋ' ਦੇ ਨਕਾਬ 'ਚ ਪੇਸ਼ ਕਰਨ ਨਾਲ ਇਰਾਦੇ ਵੀ ਨੇਕ ਦਿਖਾਈ ਦੇਣ ਲੱਗਦੇ ਹਨ।

ਇਹ ਫਿਲਮ ਨਵੀਂ ਤਰ੍ਹਾਂ ਦੇ ਬੰਦੇ ਲਈ ਹੈ। ਇਹ ਬੰਦਾ ਜੋ ਨਵੀਂ ਆਰਥਿਕਤਾ ਨੂੰ ਚਲਾਉਣ ਵਾਲਾ ਹੈ, ਇਹ ਵਿਸ਼ਵੀਕਰਨ ਦਾ ਕਰਿੰਦਾ ਹੈ। ਇਹਦਾ ਹੋਣਾ 'ਲੈਪ ਟੌਪ' ਨੇ ਚੂਸ ਰੱਖਿਆ ਹੈ। ਇਹਦੀ ਆਪਣੀ ਪ੍ਰੋਗਰਾਮਿੰਗ ਹੋ ਚੁੱਕੀ ਹੈ। ਇਹ ਆਪ ਦੇਖ ਨਹੀਂ ਸਕਦਾ, ਸੋਚ ਨਹੀਂ ਸਕਦਾ। ਅਜਿਹਾ ਕਰਨ ਦੀ ਸਮਰੱਥਾ ਇਹਦੇ 'ਚ ਰਹੀ ਨਹੀਂ ਹੈ। ਅਜਿਹਾ ਬੰਦਾ ਪੱਛਮ 'ਚ ਹੀ ਨਹੀਂ, ਬੀਜਿੰਗ 'ਚ ਵੀ ਹੈ। ਦਿੱਲੀ, ਚੰਡੀਗੜ੍ਹ, ਹਰ ਮਹਾਂਨਗਰ 'ਚ। ਇਸ ਬੰਦੇ ਦੇ ਪਛਾਣ ਚਿੰਨ੍ਹ ਮਿੱਟ ਚੁੱਕੇ ਹਨ। ਇਹ ਵਿਸ਼ਵ ਮਿਡਲ ਕਲਾਸ ਵਾਲਾ ਬੰਦਾ ਹੈ, ਪੰਜ ਸਿਤਾਰਾ ਹੋਟਲਾਂ ਦੀ ਕੌਕਟੇਲ 'ਚ ਤੈਰਨ ਵਾਲਾ। ਗੰਦੀਆਂ ਬਸਤੀਆਂ 'ਚ ਅੱਜ ਨੌਜਵਾਨ ਏਦਾਂ ਦਾ ਬਣਨਾ ਚਾਹੁੰਦਾ। ਸਲੱਮਡਾਗ ਮਿਲੀਨੇਅਰ 'ਚ ਗਰੀਬੀ ਸੁਪਰ ਹਾਈਵੇਅ ਤਰਜ਼ ਦਾ ਐਕਸ਼ਨ ਕਰਦੀ ਹੈ। ਐਕਸ਼ਨ ਵੀ ਕਰਦੀ ਹੈ ਤੇ ਐਕਸ਼ਨ ਨੂੰ ਗਰੀਬੀ ਦੀ ਅਸਲੀਅਤ ਤੋਂ ਡੀਲਿੰਕ ਵੀ ਕਰੀ ਜਾਂਦੀ ਹੈ। ਫ਼ਿਲਮ ਸਿਨੇਮਾ ਹਾਲਾਂ 'ਚ ਦੌੜ ਕੇ ਲਗਭਗ 20 ਕਰੋੜ ਡਾਲਰ ਦਾ ਜਾਂ ਇਸ ਤੋਂ ਜ਼ਿਆਦਾ ਦਾ ਬਿਜ਼ਨਸ ਕਰ ਚੁੱਕੀ ਹੈ।

1962 'ਚ ਵੀ ਧਰਾਵੀ ਦਾ ਰੁਤਬਾ ਏਸ਼ੀਆ 'ਚ ਸਭ ਤੋਂ ਵੱਡੀ ਗੰਦੀ ਬਸਤੀ ਵਾਲਾ ਸੀ। ਤਦ ਮੈਂ ਮੁੰਬਈ ਵਿਚ ਰਹਿੰਦਾ ਸੀ। ਉਦੋਂ ਕ੍ਰਿਸ਼ਣਾ ਮੈਨਨ ਨੇ ਉਤਰੀ ਮੁੰਬਈ ਦੀ ਚੋਣ ਵਿਚ ਅਚਾਰੀਆ ਕ੍ਰਿਪਲਾਨੀ ਨੂੰ ਹਰਾਇਆ ਸੀ। ਸਾਰੇ ਫਿਲਮ ਅਭਿਨੇਤਾ ਅਤੇ ਫ਼ਿਲਮੀ ਲੇਖਕ ਪੰਡਤ ਨਹਿਰੂ ਦੇ ਕਹਿਣ 'ਤੇ ਕ੍ਰਿਸ਼ਣਾ ਮੈਨਨ ਦੇ ਹੱਕ ਵਿਚ ਉਤਰ ਆਏ ਸਨ। ਦਲੀਪ ਕੁਮਾਰ, ਦੇਵ ਆਨੰਦ, ਬਲਰਾਜ ਸਾਹਨੀ, ਸਾਹਿਰ ਲੁਧਿਆਣਵੀ, ਮਜਰੂਹ ਸੁਲਤਾਨਪੁਰੀ, ਸਰਦਾਰ ਜਾਫ਼ਰੀ ਆਦਿ ਅਤੇ ਹੋਰ ਅਨੇਕ ਚੋਣ ਮੰਚਾਂ 'ਤੇ ਅੱਧੀ ਰਾਤ ਤੱਕ ਭਾਸ਼ਣ ਕਰਦੇ ਰਹਿੰਦੇ ਸਨ। ਜਦ ਮੈਨਨ ਨੇ ਇਕ ਲੱਖ 47 ਹਜ਼ਾਰ ਵੋਟਾਂ ਤੋਂ ਚੋਣ ਜਿੱਤੀ ਤਾਂ 15 ਫਰਵਰੀ 1962 ਵਾਲੇ ਦਿਨ ਸ਼ਿਵਾਜੀ ਪਾਰਕ 'ਚ 'ਵਿਕਟਰੀ ਰੈਲੀ' ਹੋਈ, ਉਦੋਂ ਵੀ ਮੈਂ ਹਾਜ਼ਰ ਸੀ। ਫ਼ਿਲਮ ਅਭਿਨੇਤਾ ਦਲੀਪ ਕੁਮਾਰ ਨੇ ਸਭਨਾਂ ਦੀ ਮੌਜੂਦਗੀ 'ਚ ਭਾਵੁਕ ਤਰਜ਼ ਦਾ ਭਾਸ਼ਣ ਦਿੱਤਾ ਸੀ, "ਹਮ ਨੇ ਕ੍ਰਿਸ਼ਣਾ ਮੈਨਨ ਜੀ ਕੋ ਲੋਕ ਸਭਾ ਮੇਂ ਇਸ ਲੀਏ ਭੇਜਾ ਹੈ ਕਿ ਵੁਹ ਧਰਾਵੀ ਜੈਸੀ ਗੰਦੀ ਬਸਤੀਆਂ ਕਾ ਕੁਛ ਕਰੇਂ। ਯੇਹ ਬਸਤੀਆਂ ਹਮਾਰੇ ਸ਼ਹਿਰ ਕੇ ਜਿਸਮ ਪੇ ਜ਼ਖ਼ਮ ਕੀ ਤਰ੍ਹਾਂ ਹੈਂ। ਮੈਨਨ ਸਾਹਿਬ ਜਵਾਹਰ ਲਾਲ ਨਹਿਰੂ ਜੀ ਕਾ ਗਰੀਬੀ ਦੂਰ ਕਰਨੇ ਮੇਂ ਹਾਥ ਬਟਾਏਂ।"

ਜਵਾਹਰ ਲਾਲ ਨਹਿਰੂ ਤੁਰ ਗਿਆ, ਮੈਨਨ ਤੁਰ ਗਿਆ, ਇੰਦਰਾ ਗਾਂਧੀ, ਰਾਜੀਵ ਗਾਂਧੀ ਤੁਰ ਗਏ, ਬਲਕਿ ਕਿੰਨੇ ਹੀ ਤੁਰ ਗਏ। ਸੋਨੀਆ ਗਾਂਧੀ ਆ ਗਈ। ਰਾਹੁਲ ਗਾਂਧੀ ਆਉਣ ਵਾਲਾ ਹੈ। ਮਾਇਆਵਤੀ ਆਉਣ ਵਾਲੀ ਹੈ। ਕਈ ਹੋਰ ਆਉਣ ਵਾਲੇ ਹਨ। ਨੇਤਾ ਆ ਰਹੇ ਹਨ, ਨੇਤਾ ਜਾ ਰਹੇ ਹਨ। ਧਰਾਵੀ ਉਥੇ ਖੜ੍ਹਾ ਹੈ, ਉਸੇ ਹਾਲਤ 'ਚ।

ਇਹ ਨਿਤ ਦਿਨ ਫੈਲਦਾ ਜਾ ਰਿਹਾ ਹੈ। ਹਰ ਸ਼ਹਿਰ 'ਚ ਅਨੇਕ ਧਰਾਵੀ ਪੈਦਾ ਹੋ ਚੁੱਕੇ ਹਨ। ਲਾਵੇ ਉਬਲ ਰਹੇ ਹਨ। ਇਸ ਲਾਵੇ ਨੂੰ ਸਿਆਸੀ ਪਾਰਟੀਆਂ ਵਰਤ ਰਹੀਆਂ ਹਨ, ਸਮਗਲਰ ਵਰਤ ਰਹੇ ਹਨ, ਡਰੱਗਾਂ ਵਾਲੇ ਵਰਤ ਰਹੇ ਹਨ, ਕਿਉਂ ਜੁ ਇਥੇ ਰਹਿਣ ਵਾਲੇ ਕਰੋੜਪਤੀ ਬਣਨਾ ਚਾਹੁੰਦੇ ਹਨ। 'ਸਲੱਮਡਾਗ ਮਿਲੀਨੇਅਰ' ਨੇ ਕਰੋੜਪਤੀ ਬਣਨ ਦਾ ਇਕ ਹੋਰ ਤਰੀਕਾ ਪੇਸ਼ ਕੀਤਾ ਹੈ।

ਅਜਿਹਾ ਕਰਦਿਆਂ ਫਿਲਮ ਬਣਾਉਣ ਵਾਲੇ ਅਰਬਪਤੀ ਬਣ ਗਏ। ਧਰਾਵੀ ਵਾਲੇ ਉਸੇ ਗਜ਼ਾਲਤ 'ਚ ਦਿਨ ਗੁਜ਼ਾਰ ਰਹੇ ਹਨ। ਜੈ ਹੋ!!


ਗੁਰਬਚਨ

*ਅਮਰੀਕਾ 'ਚ ਲੋਕ ਸਭ ਤੋਂ ਜ਼ਿਆਦਾ ਖਾਂਦੇ ਹਨ, ਸਭ ਤੋਂ ਤੇਜ਼ ਕਾਰਾਂ 'ਦੌੜਾਂਦੇ ਹਨ, ਸਭ ਤੋਂ ਜ਼ਿਆਦਾ ਪ੍ਰਦੂਸ਼ਣ ਫੈਲਾਉਂਦੇ ਹਨ, ਸਭ ਤੋਂ ਜ਼ਿਆਦਾ ਜ਼ਿੰਦਗੀ ਦੀ ਲੈਅ ਤੋਂ ਟੁੱਟੇ ਹੋਏ ਹਨ। ਉਥੋਂ ਦੀਆਂ ਔਰਤਾਂ ਅਰਬਾਂ ਡਾਲਰਾਂ ਦਾ ਮੇਕ-ਅੱਪ ਹਜ਼ਮ ਕਰਦੀਆਂ ਹਨ। ਮੁੰਡੇ ਸਕੂਲਾਂ 'ਚ ਵੀ ਬੰਦੂਕਾਂ ਚਲਾਉਂਦੇ ਹਨ। ਅਰਬਾਂ ਡਾਲਰਾਂ ਦਾ ਅਸਲਾ ਦੂਰ ਦਰਾਜ ਦੇਸ਼ਾਂ 'ਤੇ ਸੁੱਟਣ ਲਈ ਅਮਰੀਕਾ ਤੋਂ ਹੀ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਦੇ ਬੰਦੇ ਨੇ 'ਸਲੱਮਗਡਾਗ ਮਿਲੀਨੇਅਰ' ਨੂੰ ਬਹੁਤ ਪਸੰਦ ਕੀਤਾ ਹੈ। ਸਾਡੇ ਦੇਸ਼ 'ਚ ਗੰਦੀਆਂ ਬਸਤੀਆਂ ਦੀ ਭਰਮਾਰ ਹੈ। ਇਨ੍ਹਾਂ ਬਸਤੀਆਂ 'ਚ ਗਜ਼ਾਲਤ ਹੈ, ਥੁੜ੍ਹ-ਟੁੱਟ ਹੈ, ਗ਼ੈਰ-ਮਾਨਵੀ ਵਾਤਾਵਰਣ ਹੈ। ਇਹ ਬੰਦਾ ਹਰ ਸਾਹ ਨਾਲ ਐਕਸ਼ਨ 'ਚ ਰਹਿੰਦਾ ਹੈ। ਉਹਦਾ ਹੋਣਾ ਗਰਮ ਟੀਨਾਂ 'ਤੇ ਲੱਥੀ ਬਿੱਲੀ ਵਰਗਾ ਹੈ। ਬਿੱਲੀ ਨੇ ਨਿੱਤ ਉਛਲਣਾ ਹੀ ਹੈ, ਨਵੀਂ ਤਰ੍ਹਾਂ ਦਾ ਐਕਸ਼ਨ ਕਰਨਾ ਹੀ ਹੈ। ਅਮੀਰ ਬੰਦੇ ਨੂੰ ਉਛਲਦੀ ਬਿੱਲੀ ਦਾ 'ਐਕਸ਼ਨ' ਨਵੀਂ ਤਰ੍ਹਾਂ ਦਾ ਲੱਗਦਾ ਹੈ।*

# ਹਿੰਦੀ ਫਿਲਮ 'ਦਿਲ ਬੋਲੇ ਹੜਿੱਪਾ' ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ 'ਚ ਸ਼ਾਮਲ



ਯਸ਼ਰਾਜ ਫਿਲਮਜ਼ ਦੀ ਹਰ ਨਵੀਂ ਫ਼ਿਲਮ ਤੋਂ ਦਰਸ਼ਕਾਂ ਨੂੰ ਕੁਝ ਖਾਸ ਮਨੋਰੰਜਨ ਦੀਆਂ ਉਮੀਦਾਂ ਹੁੰਦੀਆਂ ਹਨ, ਕਿਉਂਕਿ ਇਸ ਬੈਨਰ ਨੇ ਸਮੇਂ-ਸਮੇਂ 'ਤੇ ਬਲਾਕ-ਬਸਟਰ ਫਿਲਮਾਂ ਦੇ ਕੇ ਸਿਨੇਮਾ ਪ੍ਰੇਮੀਆਂ 'ਤੇ ਆਪਣਾ ਜਾਦੂ ਚਲਾਇਆ ਹੈ। ਇਸ ਸਾਲ ਜਿਥੇ 2009 ਦੀ ਪਹਿਲੀ ਵੱਡੀ ਫਿਲਮ 'ਨਿਊ ਯਾਰਕ' ਇਸ ਬੈਨਰ ਦੀ ਆਈ, ਉਥੇ 18 ਸਤੰਬਰ ਨੂੰ ਨਿਰਮਾਤਾ ਆਦਿਤਿਆ ਚੋਪੜਾ ਤੇ ਨਿਰਦੇਸ਼ਕ ਅਨੁਰਾਗ ਸਿੰਘ ਦੀ ਫਿਲਮ 'ਦਿਲ ਬੋਲੇ ਹੜਿੱਪਾ' ਰਿਲੀਜ਼ ਹੋਵੇਗੀ। ਪਰ ਇਸ ਤੋਂ ਪਹਿਲਾਂ ਹੀ 'ਦਿਲ ਬੋਲੇ ਹੜਿੱਪਾ' ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ 2009 ਲਈ ਚੁਣੀ ਗਈ ਹੈ, ਉਥੇ ਇਸ ਨੂੰ ਵਰਲਡ ਪ੍ਰੀਮੀਅਰ ਦੇ ਤੌਰ 'ਤੇ ਪ੍ਰਦਰਸ਼ਿਤ ਵੀ ਕੀਤਾ ਜਾਵੇਗਾ। ਸੂਤਰਾਂ ਅਨੁਸਾਰ ਟੋਰਾਂਟੋ 'ਚ ਹੋਣ ਵਾਲੇ ਫਿਲਮ ਫੈਸਟੀਵਲ ਵਿਚ 400 ਫਿਲਮਾਂ 23 ਸਕਰੀਨਾਂ 'ਤੇ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ ਤੇ ਲਗਭਗ 3 ਲੱਖ ਲੋਕ ਇਸ ਦਾ ਆਨੰਦ ਲੈਣਗੇ।

'ਦਿਲ ਬੋਲੇ ਹੜਿੱਪਾ' ਵਿਚ ਰਾਣੀ ਮੁਖਰਜੀ, ਸ਼ਾਹਿਦ ਕਪੂਰ, ਸ਼ਰਲਿਨ ਚੋਪੜਾ ਤੇ ਰਾਖੀ ਸਾਵੰਤ ਆਦਿ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਇਥੇ ਇਸ ਦੀ ਖਾਸੀਅਤ ਇਹ ਵੀ ਹੈ ਕਿ ਫਿਲਮ ਦੀ 75 ਫੀਸਦੀ ਸ਼ੂਟਿੰਗ ਪੰਜਾਬ ਦੇ ਅੰਮ੍ਰਿਤਸਰ-ਚੰਡੀਗੜ੍ਹ-ਮੋਰਿੰਡਾ ਅਤੇ ਲੁਧਿਆਣਾ ਜ਼ਿਲ੍ਹਿਆਂ ਅਤੇ ਬਾਕੀ ਰਾਜਸਥਾਨ ਅਤੇ ਮੁੰਬਈ ਵਿਚ ਪੂਰੀ ਕੀਤੀ ਗਈ। ਫਿਲਮ ਦੇ ਸਿਤਾਰੇ ਟੋਰਾਂਟੋ ਵਿਚ ਫਿਲਮ ਦੀ ਪਹਿਲੀ ਪਬਲਿਕ ਸਕਰੀਨਿੰਗ ਮੌਕੇ 'ਤੇ ਸ਼ਾਮਲ ਹੋਣਗੇ।

# ਸੋਨਮ ਕਪੂਰ ਲਈ ਵੀ ਬਿਕਨੀ ਬਣੀ ਸਫਲਤਾ ਦੀ ਕੁੰਜੀ



'ਆਈ ਹੇਟ ਲਵ ਸਟੋਰੀਜ਼' ਨਾਮੀ ਫ਼ਿਲਮ 'ਚ ਸੋਨਮ ਦੇ ਉਲਟ ਇਮਰਾਨ ਖਾਨ ਮੁੱਖ ਭੂਮਿਕਾ 'ਚ ਹੈ। ਮਜ਼ੇਦਾਰ ਗੱਲ ਤਾਂ ਇਹ ਹੈ ਕਿ ਇਸ ਫਿਲਮ 'ਚ ਸੋਨਮ ਪਹਿਲੀ ਵਾਰ ਬਿਕਨੀ 'ਚ ਨਜ਼ਰ ਆਵੇਗੀ। ਅਸਲ 'ਚ ਸੋਨਮ ਦੀਆਂ ਇਸ ਤੋਂ ਪਹਿਲਾਂ ਰਿਲੀਜ਼ ਹੋਈਆਂ ਫਿਲਮਾਂ 'ਸਾਂਵਰੀਆ' ਅਤੇ 'ਦਿੱਲੀ-6' ਜ਼ਬਰਦਸਤ ਪ੍ਰਚਾਰ-ਪਸਾਰ ਦੇ ਬਾਵਜੂਦ ਫਲਾਪ ਸਿੱਧ ਹੋਈਆਂ ਸਨ। ਭਾਵੇਂ ਕਿ ਇਨ੍ਹਾਂ ਫਿਲਮਾਂ ਦੀ ਅਸਫਲਤਾ ਦਾ ਸੋਨਮ ਦੇ ਕੈਰੀਅਰ 'ਤੇ ਤਾਂ ਬਹੁਤਾ ਅਸਰ ਨਹੀਂ ਪਿਆ, ਪਰ ਫਿਰ ਵੀ ਸੋਨਮ ਨੂੰ ਇਕ-ਅੱਧੀ ਹਿੱਟ ਦੀ ਉਡੀਕ ਤਾਂ ਹੈ ਹੀ ਅਤੇ ਸ਼ਾਇਦ ਕਰਨ ਜੌਹਰ ਦੀ ਫਿਲਮ 'ਚ ਬਿਕਨੀ ਪਹਿਨਣ ਪਿੱਛੇ ਵੀ ਸੋਨਮ ਦਾ ਮਕਸਦ ਇਸੇ ਤਰੀਕੇ ਨਾਲ ਸਫਲਤਾ ਦੀ ਟੀਸੀ ਨੂੰ ਛੂਹਣਾ ਹੈ। ਯਕੀਨਨ ਸੋਨਮ ਦੀ ਇਹ ਸੋਚ ਹੈ ਕਿ ਆਪਣੀਆਂ ਫ਼ਿਲਮਾਂ 'ਚ ਹੱਦੋਂ ਵਧ ਸੈਕਸੀ ਨਜ਼ਰ ਆ ਕੇ ਉਹ ਦਰਸ਼ਕਾਂ ਨੂੰ ਆਪਣਾ ਦੀਵਾਨਾ ਬਣਾਉਣ ਅਤੇ ਫ਼ਿਲਮ ਨੂੰ ਸਫਲ ਬਣਾਉਣ 'ਚ ਸਫਲ ਹੋ ਸਕਦੀ ਹੈ। ਹੁਣ ਸੋਨਮ ਵਲੋਂ ਆਉਣ ਵਾਲੀ ਫਿਲਮ 'ਚ ਬਿਕਨੀ ਪਹਿਨਣ 'ਤੇ ਉਸ ਦੇ ਪਾਪਾ ਦਾ ਕੀ ਰਵੱਈਆ ਹੈ, ਇਹ ਤਾਂ ਉਹ ਹੀ ਜਾਣੇ, ਪਰ ਦਰਸ਼ਕਾਂ ਨੂੰ ਤਾਂ ਸੋਨਮ ਦੇ ਇਨ੍ਹਾਂ ਬੋਲਡ ਦ੍ਰਿਸ਼ਾਂ ਦੀ ਬੜੀ ਬੇਸਬਰੀ ਨਾਲ ਉਡੀਕ ਰਹੇਗੀ ਹੀ।

ਖੈਰ, ਇਸ ਵੇਲੇ ਸੋਨਮ ਨੂੰ ਡੇਵਿਡ ਧਵਨ ਦੇ ਪੁੱਤਰ ਰੋਹਿਤ ਧਵਨ ਦੇ ਨਿਰਦੇਸ਼ਨ 'ਚ ਬਣਨ ਵਾਲੀ ਇਕ ਫ਼ਿਲਮ 'ਚ ਅਕਸ਼ੈ ਕੁਮਾਰ ਨਾਲ ਕਾਸਟ ਕੀਤੇ ਜਾਣ ਦੀ ਵੀ ਚਰਚਾ ਹੈ। ਪ੍ਰਤੀਸ਼ ਨੰਦੀ ਕਮਿਊਨੀਕੇਸ਼ਨਜ਼ ਵਲੋਂ ਬਣਾਈ ਜਾ ਰਹੀ ਇਸ ਫ਼ਿਲਮ 'ਪਿਆਰ ਕੇ ਸਾਈਡ ਇਫੈਕਟਸ' ਦਾ ਸੀਕਵੇਲ ਦੱਸੀ ਜਾ ਰਹੀ ਹੈ, ਜਿਸ ਦੀ ਮੁੱਖ ਭੂਮਿਕਾ 'ਚ ਅਕਸ਼ੈ ਕੁਮਾਰ ਅਤੇ ਮਲਿਕਾ ਸ਼ੇਰਾਵਤ ਨੂੰ ਲਿਆ ਜਾਣਾ ਸੀ, ਪਰ ਕਿਸੇ ਕਾਰਨ ਮਲਿਕਾ ਵਲੋਂ ਇਹ ਫ਼ਿਲਮ ਠੁਕਰਾਏ ਜਾਣ 'ਤੇ ਅਕਸ਼ੈ ਦੇ ਨਾਲ ਸੋਨਮ ਨੂੰ ਲਏ ਜਾਣ ਦੀ ਚਰਚਾ ਹੈ।

# ਜਦੋਂ ਮਲੇਸ਼ੀਅਨ ਪ੍ਰਧਾਨ ਮੰਤਰੀ ਦੇ ਸੁਰੱਖਿਆ ਗਾਰਡਾਂ ਨੇ ਸਮੀਰਾ ਰੈਡੀ ਨਾਲ ਕੀਤੀ ਖਿੱਚ ਧੂਹ



ਤਮਿਲ ਫਿਲਮ 'ਆਸਲ' ਦੀ ਸ਼ੂਟਿੰਗ ਲਈ ਕੁਆਲਾਲੰਪੁਰ ਵਿਚ ਗਈ ਸਮੀਰਾ ਰੈਡੀ ਨੂੰ ਮਲੇਸ਼ੀਅਨ ਪ੍ਰਧਾਨ ਮੰਤਰੀ ਦੇ ਸੁਰੱਖਿਆ ਗਾਰਡਾਂ ਨਾਲ ਇਕ ਖੌਫਨਾਕ ਅਨੁਭਵ ਹੋਇਆ। ਉਸ ਨੇ ਦੱਸਿਆ ਹੈ, "ਮੈਂ ਸ਼ੂਟਿੰਗ ਖਤਮ ਕਰਕੇ ਆਪਣੇ ਹੋਟਲ ਨੂੰ ਵਾਪਸ ਆ ਰਹੀ ਸੀ। ਮੈਂ ਲਿਫਟ ਦੀ ਉਡੀਕ ਵਿਚ ਹੋਟਲ ਦੇ ਕਾਰ ਪਾਰਕ ਵਿਚ ਸੀ। ਮੈਨੂੰ ਕੁਝ ਨਾਟਕ ਸ਼ੁਰੂ ਹੁੰਦਾ ਨਜ਼ਰ ਆਇਆ। ਮੈਂ 10 ਸੁਰੱਖਿਆ ਗਾਰਡਾਂ ਨੂੰ ਇਕ ਮਨੁੱਖੀ ਲੜੀ ਬਣਾਉਂਦੇ ਦੇਖਿਆ। ਇਸ ਤੋਂ ਲੱਗਦਾ ਸੀ ਕਿ ਕੋਈ ਲਿਫਟ ਵਿਚ ਹੈ। ਜਦੋਂ ਮੈਂ ਲਿਫਟ ਵਿਚ ਦਾਖਲ ਹੋਈ ਤਾਂ ਉਹ ਸਾਰੇ ਮੇਰੇ ਪਿੱਛੇ ਆਪਣੀ ਸੁਰੱਖਿਆ ਵਾਲੇ ਆਦਮੀ ਨਾਲ ਆਉਣ ਲੱਗੇ।

ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਮੈਂ ਹੋਟਲ ਦੇ ਸੁਰੱਖਿਆ ਮੁਲਾਜ਼ਮਾਂ ਨੂੰ ਪੁੱਛਿਆ ਕਿ ਮੈਂ ਅਗਲੀ ਵਾਰੀ ਵਿਚ ਲਿਫਟ ਲੈ ਲਵਾਂ ਤਾਂ ਉਸ ਨੇ ਕਿਹਾ ਅਜਿਹੀ ਕੋਈ ਗੱਲ ਨਹੀਂ।" ਸਮੀਰਾ ਨੇ ਅੱਗੇ ਕਿਹਾ ਕਿ ਮੁਸ਼ਕਲ ਇਸ ਪਿੱਛੋਂ ਪੇਸ਼ ਆਈ। ਅਸੀਂ ਮੇਨ ਲਾਬੀ ਵਿਚ ਪਹੁੰਚ ਗਏ ਤਾਂ ਮੈਂ ਬਾਹਰ ਜਾਣ ਲੱਗੀ, ਪਰ ਅਚਾਨਕ ਇਕ ਸੁਰੱਖਿਆ ਗਾਰਡ ਮੇਰੀ ਬਾਂਹ ਖਿੱਚ ਕੇ ਮੁਸ਼ਕਲ ਨਾਲ ਇਕ ਪਾਸੇ ਹੋਇਆ। ਮੈਨੂੰ ਇਸ ਦਾ ਕਾਫੀ ਝਟਕਾ ਲੱਗਾ, ਕਿਉਂਕਿ ਮੇਰੇ ਨਾਲ ਇਸ ਤਰ੍ਹਾਂ ਦੀ ਖਿੱਚ-ਧੂਹੀ ਕੀਤੀ ਜਾ ਰਹੀ ਸੀ। ਮੈਂ ਆਪਣੇ ਆਪ ਨੂੰ ਛੁਡਾ ਕੇ ਪੁੱਛਿਆ ਕਿ ਇਹ ਕੀ ਬਦਤਮੀਜ਼ੀ ਕਰ ਰਹੇ ਹੋ। ਉਹ ਵੀ ਮਲਾਈ ਭਾਸ਼ਾ ਵਿਚ ਚੀਖਣ ਲੱਗਾ ਅਤੇ ਜਦੋਂ ਮੈਂ ਵੀ ਜਵਾਬ ਦਿੱਤਾ ਤਾਂ ਉਹ ਗੁੱਸੇ ਵਿਚ ਆ ਗਿਆ। ਇਕ ਹੋਰ ਗਾਰਡ ਨੇ ਵੀ ਦਖਲ ਦਿੱਤਾ। ਸਾਰੀ ਸਥਿਤੀ ਬੇਕਾਬੂ ਹੋ ਗਈ। ਦੋਵੇਂ ਜ਼ੋਰ-ਜ਼ੋਰ ਨਾਲ ਚੀਖਣ ਲੱਗੇ। ਉਨ੍ਹਾਂ ਮੈਨੂੰ ਚੁੱਕ ਲੈਣ ਦੀ ਕੋਸ਼ਿਸ਼ ਕੀਤੀ ਅਤੇ ਲਿਫਟ ਵਿਚੋਂ ਮੈਨੂੰ ਬਾਹਰ ਕਰ ਦਿੱਤਾ ਤਾਂ ਹੋਟਲ ਮੁਲਾਜ਼ਮਾਂ ਨੂੰ ਦਖਲ ਦੇਣਾ ਪਿਆ।

ਹੋਟਲ ਮੁਲਾਜ਼ਮ ਨੇ ਸਮੀਰਾ ਨੂੰ ਬੇਨਤੀ ਕੀਤੀ ਕਿ ਇਸ ਮਹੱਤਵਪੂਰਨ ਵਿਅਕਤੀ ਨੂੰ ਪ੍ਰੇਸ਼ਾਨ ਨਾ ਕਰੋ। ਗੁੱਸੇ ਵਿਚ ਭਰੀ ਪੀਤੀ ਮੈਂ ਉੱਥੋਂ ਚਲੀ ਗਈ। ਮੈਂ ਵਿਦੇਸ਼ ਵਿਚ ਕੋਈ ਪੁਆੜਾ ਸਹੇੜਨਾ ਨਹੀਂ ਚਾਹੁੰਦੀ ਸੀ। ਜਿਥੋਂ ਦੀ ਭਾਸ਼ਾ ਵੀ ਮੈਂ ਨਹੀਂ ਜਾਣਦੀ ਸੀ। ਸਮੀਰਾ ਨੇ ਹੱਸਦੇ ਹੋਏ ਅੱਗੇ ਦੱਸਿਆ, "ਮੈਨੂੰ ਬਾਅਦ ਵਿਚ ਦੱਸਿਆ ਗਿਆ ਕਿ ਉਹ ਮਲੇਸ਼ੀਅਨ ਪ੍ਰਧਾਨ ਮੰਤਰੀ ਦੇ ਸੁਰੱਖਿਆ ਗਾਰਡ ਹਨ। ਮੈਂ ਡਰੀ ਨਹੀਂ ਸੀ ਅਤੇ ਨਾ ਹੀ ਕੋਈ ਸ਼ੰਕਾ ਸੀ, ਪਰ ਮੈਨੂੰ ਇਸ 'ਤੇ ਬੜਾ ਮਾਣ ਮਹਿਸੂਸ ਹੋਇਆ। ਕੋਈ ਆਮ ਆਦਮੀ ਮੇਰੇ ਨਾਲ ਬਦਤਮੀਜ਼ੀ ਨਹੀਂ ਕਰ ਸਕਦਾ।" ਇਸ ਘਟਨਾ ਤੋਂ ਬਾਅਦ ਉਹ ਮੁੰਬਈ ਆ ਗਈ, ਪਰ ਫਿਰ ਵਾਪਸ ਜਾਣ ਦੀ ਸਹੁੰ ਵੀ ਖਾਧੀ। ਜਦੋਂ ਉਹ ਆਪਣੀ ਅਗਲੀ ਫਿਲਮ "ਰੈੱਡ ਅਲਰਟ" ਵਿਚ ਇਕ ਨਕਸਲੀ ਕੁੜੀ ਦਾ ਰੋਲ ਕਰ ਰਹੀ ਹੈ।

## Healthy Body Healthy Mind

Sikh Sports Association Presents

# Third Annual Games

# ਤੀਸਰੀਆਂ ਸਾਲਾਨਾ ਖੇਡਾਂ

## 22nd and 23rd August 2009

California State University East Bay (Hayward)
25800 Carlos Bee Boulevard, Hayward, CA 94542



## Come and enjoy the biggest sports event of the year with your family

*For Registration and Question? go to www.SikhSports.com or Contact*

| | | | | |
|---|---|---|---|---|
| **Track & Field** | Gurcharan S Mann | 510-557-0061 | Parminder S Aujla | 916-410-0711 |
| **Field Hockey** | Davinder Singh | 209-564-8899 | Kamaljit S Gill | 408-499-2443 |
| **Basketball** | Rana S Kahlon | 510-378-8560 | Kuljit S Khunkhun | 510-364-1321 |
| **Wrestling** | Tarlochan S Nahal | 408-629-1958 | Kuldip S. Sidhu | 925-890-4750 |
| **Volleyball** | Bhupinder S Mann | 510-386-6582 | Harpaul S Rana | 510-386-8901 |
| **Kabaddi** | Harvinder.S Dhaliwal | 510-501-2263 | Gurdawar S. Mann | 510-468-9381 |
| **Cricket** | Robin Singh | 510-781-0111 | Sarabjit Singh | 510-304-9056 |
| **Soccer** | Jasdev Singh | 650-391-4408 | Bhupinder S Parmar | 510-305-8351 |
| **Tennis** | Lachman S Mangat | 510-589-6637 | Raj Singh | 510-452-7370 |
| **Golf** | Amarjit S. Bal | (408) 836-6898 | Lachman S. Mangat | (510) 589- 6637 |

Booth: Gurcharan Singh Mann GSMann@SikhSports.com
Suggestions: Tarlochan Singh Nahal TSNahal@SikhSports.com
General Information: Harvinder Singh Dhaliwal 510-501-2263
Donation: Sikh Sports 4430 Deer Field Way, Danville, CA 94506

**Sikh Sports Association of USA is a non-profit organization**

ਖ਼ੁਸ਼ਖ਼ਬਰੀ! ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।
ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ। ਖ਼ੁਸ਼ਖ਼ਬਰੀ!

# ਯੂਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2009'

ਪਿਆਰੇ ਖੇਡ ਪ੍ਰੇਮੀਓ,

ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਯੂਨਾਈਟਿਡ ਸਪੋਰਟਸ ਕਲੱਬ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ 'ਕਬੱਡੀ ਕੱਪ-2009' ਕਰਵਾਉਣ ਜਾ ਰਿਹਾ ਹੈ ਜਿਸ ਵਿਚ ਹਰੇਕ ਆਮ ਤੇ ਖਾਸ ਨੂੰ ਬਿਨਾ ਕਿਸੇ ਰੰਗ ਨਸਲ ਜਾਂ ਭੇਦ ਭਾਵ ਤੋਂ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਹੈ ਜੀ। ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਆਪਣਾ ਬਣਦਾ ਯੋਗਦਾਨ ਪਾ ਕੇ ਪ੍ਰਬੰਧਕਾਂ ਨੂੰ ਧੰਨਵਾਦੀ ਬਣਾਓ ਜੀ।

## 26 ਸਤੰਬਰ, 2009

### (ਦਿਨ ਸਨਿਚਰਵਾਰ)

ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Callosbe Blvd, Hayward, CA-94542 (Cal State Hayward)

ਇਨਾਮਾਂ ਦੀ ਵੰਡ ਬਤੌਰ ਮੁੱਖ ਮਹਿਮਾਨ ਯੂਨੀਅਨ ਸਿਟੀ ਦੇ ਮੇਅਰ ਸ਼੍ਰੀ ਮਾਰਕ ਗਰੀਨ ਕਰਨਗੇ



### ਹੋਰ ਜਾਣਕਾਰੀ ਲਈ ਕਾਲ ਕਰੋ:

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ ਯੂਨਾਈਟਿਡ ਕਲੱਬ |
|---|---|---|---|
| ਸ. ਅਮੋਲਕ ਸਿੰਘ ਗਾਖਲ | ਸ. ਬਲਬੀਰ ਸਿੰਘ ਭਾਟੀਆ | ਸ. ਗੁਰਦਾਵਰ ਸਿੰਘ ਮਹੇੜੂ | ਸ. ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-491-4573 |

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼:ਸ. ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ

**ਪਲਾਟੀਨਮ ਸਪਾਂਸਰ** ਗਾਖਲ ਬ੍ਰਦਰਜ਼-ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਤੇ ਅਮੋਲਕ ਸਿੰਘ ਗਾਖਲ

ਰਾਜਾ ਸਵੀਟਸ-ਸ. ਮੱਖਣ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ

**ਗਰੈਂਡ ਸਪਾਂਸਰ:**ਦੀਦਾਰ ਸਿੰਘ ਬੈਂਸ, ਲੱਛਰ ਬ੍ਰਦਰਜ਼-ਲਾਸ ਬੇਨੋਸ, ਫੇਵਰਟ ਇੰਡੀਅਨ ਰੈਸਟੋਰੈਂਟ (ਨਿਊਲੀ ਓਪਨਿੰਗ)-ਹੇਵਰਡ, ਨਾਜਰ ਸਿੰਘ ਸਹੋਤਾ (ਫਰਿਜਨੋ), ਟੁੱਟ ਬ੍ਰਦਰਜ਼-ਵਾਟਸਨਵਿਲ, ਦਲਵਿੰਦਰ ਸਿੰਘ ਧੂਤ, ਗੁਰਚਰਨ ਸਿੰਘ ਮਾਨ-ਦੋਆਬਾ ਇੰਸ਼ੋਰੈਂਸ, ਗੁਲਭਿੰਦਰ ਸਿੰਘ (ਭਿੰਦਾ) ਗਾਖਲ, ਹਰਨੇਕ ਸਿੰਘ ਅਟਵਾਲ, ਰਘਬੀਰ ਸਿੰਘ (ਕਾਲਾ) ਗਾਖਲ-ਨਿਊ ਇੰਡੀਆ ਬਾਜ਼ਾਰ, ਲਖਵੀਰ ਸਿੰਘ (ਕਾਲਾ ਟਰੇਸੀ ਵਾਲਾ), ਜੱਸੀ ਗਿੱਲ-ਗੋਲਡਨ ਸਟੇਟ ਰਿਐਲਟੀ, ਪਾਲ ਸਹੋਤਾ, ਪ੍ਰੀਤਮ ਸਿੰਘ ਗਰੇਵਾਲ, ਦੇਵ ਅਟਵਾਲ, ਰਾਣਾ ਅਟਵਾਲ, ਜਸਪ੍ਰੀਤ ਸਿੰਘ-ਅਟਾਰਨੀ ਐਟ ਲਾਅ, ਮੰਗਲ ਸਿੰਘ ਭੰਡਾਲ, ਸੁਦਰਸ਼ਨ ਸ਼ਰਮਾ (ਮੋਗਾ ਟਾਇਰ, ਫਰਿਜ਼ਨੋ), ਜਸਵੀਰ ਸਿੰਘ ਰਾਜਾ-ਦਵਿੰਦਰ ਸਿੰਘ ਰਣੀਆ, ਸੁਰਿੰਦਰ ਸਿੰਘ ਅਟਵਾਲ

**ਮੁੱਖ ਸਪਾਂਸਰ:**ਅਮਰਜੀਤ ਸਿੰਘ ਸੰਘਾ, ਬਲਬੀਰ ਸਿੰਘ ਢਿੱਲੋਂ, ਕਸ਼ਮੀਰ ਸਿੰਘ ਧੁੱਗਾ, ਲਖਵੀਰ ਸਿੰਘ ਪਟਵਾਰੀ, ਸੁਖਦੇਵ ਸਿੰਘ ਬੈਣੀਵਾਲ, ਮਾਨ ਟੈਕਸ ਸਰਵਿਸ, ਕੁਲਵੰਤ ਸਿੰਘ ਖਹਿਰਾ (ਅਕਾਲੀ ਦਲ), ਕੇਸਰ ਸਿੰਘ ਗੋਸਲ, ਬਿੱਲਾ ਸੰਘੇੜਾ, ਤੀਰਥ ਗਾਖਲ, ਰਘਵੀਰ ਸਿੰਘ ਸ਼ੇਰਗਿੱਲ, ਰਾਣਾ ਕਾਹਲੋਂ (ਕਮਿਸ਼ਨਰ), ਮਹਿੰਗਾ ਸਿੰਘ ਸਰਪੰਚ, ਰਣਧੀਰ ਸਿੰਘ ਕੰਗ, ਕੁਲਵੰਤ ਸਿੰਘ ਖਹਿਰਾ (ਸਿੱਖ ਯੂਥ), ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਿਰਮਲ ਸਿੰਘ ਸੰਧੂ, ਗੁਰਜਿੰਦਰ ਪਾਲ ਰਾਏ, ਪ੍ਰੀਤਮ ਸਿੰਘ ਗਰੇਵਾਲ (ਯੋਧਾਂ ਵਾਲੇ), ਪੀ. ਐਂਡ ਆਰ. ਟਰੱਕਿੰਗ, ਸੰਤ ਸਿੰਘ ਹੋਠੀ, ਗੁਰਬਚਨ ਸਿੰਘ ਰਾਣਾ, ਪ੍ਰੀਤਮ ਸਿੰਘ ਹਨੀ, ਤੀਰਥ ਸਿੰਘ ਸੱਲ, ਦਰਸ਼ਨ ਸਿੰਘ ਸੰਧੂ, ਦਵਿੰਦਰ ਸਿੰਘ (ਸਾਬਕਾ ਸਕੱਤਰ ਗੁਰਦੁਆਰਾ ਫਰੀਮਾਂਟ), ਕੁਲਦੀਪ ਸਿੰਘ ਧਾਲੀਵਾਲ, ਅਵਤਾਰ ਸਿੰਘ ਬੈਂਸ, ਹੈਰੀ ਗਿੱਲ (ਗਿੱਲ ਇੰਸ਼ੋਰੈਂਸ), ਸਨੀ ਗੁਰਨਾ, ਸੁਜਾਨ ਭੱਟ, ਸੰਧੂ ਬ੍ਰਦਰਜ਼ (ਨੌਨਿਹਾਲ ਕਰੰਸੀ ਐਕਸਚੇਂਜ), ਜਸਵੰਤ ਸਿੰਘ ਸਰਾਂ, ਸੰਤੋਖ ਸਿੰਘ ਤੱਖਰ, ਅਮੈਰਿਕਨ ਰਿਐਲਟੀ ਫਰੀਮਾਂਟ, ਦਰਸ਼ਨ ਸਿੰਘ ਔਜਲਾ, ਗੁਰਿੰਦਰਪਾਲ ਲਾਡੀ, ਕਸ਼ਮੀਰ ਸਿੰਘ ਥਾਂਦੀ, ਜਸਵਿੰਦਰ ਸਿੰਘ ਸੋਹਲ, ਸੁਰਜੀਤ ਸਿੰਘ ਸੋਹਲ, ਲਹਿੰਬਰ ਸਿੰਘ ਸਰਪੰਚ, ਪਾਲੀ ਮਹੇ (ਸੰਨੀ ਪੀਜ਼ਾ ਬਰੈਂਟਵੁੱਡ), ਸੰਤੋਖ ਸਿੰਘ-ਸੰਸਾਰ ਇੰਡੀਆ ਸਟਾਕਟਨ, ਰਾਜਾ ਨੂਰਪੁਰੀਆ, ਕਰਨੈਲ ਸਿੰਘ ਮਾਨ, ਸੀਨੀਅਰ ਸਿਟੀਜ਼ਨ-ਯੂਨੀਅਨ ਸਿਟੀ, ਸੁੱਚਾ ਰਾਮ ਭਾਰਟਾ, ਮਹਾਂ ਸਿੰਘ ਨਿੱਝਰ, ਹਰਭਜਨ ਸਿੰਘ ਬੱਲ-ਸੈਲਮਾ, ਗੁਰਦੇਵ ਸਿੰਘ ਨਾਹਲ

ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ ਤਚ ਪਹਿਲਾ ਇਨਾਮ 5100 ਡਾਲਰ
ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਵਲੋਂ
ਦੂਜਾ ਇਨਾਮ ਗੁਰਦੇਵ ਸਿੰਘ ਸੋਹਲ (ਸਿਧਵਾਂ ਦੋਨਾ) ਵਲੋਂ 3100 ਡਾਲਰ



ਕਸ਼ਮੀਰ ਸਿੰਘ ਸਹੋਤਾ



ਗੁਰਦੇਵ ਸਿੰਘ ਸੋਹਲ

**ਵਿਸ਼ੇਸ਼ ਸਨਮਾਨ:** *ਕਬੱਡੀ ਦੇ ਅੰਤਰ ਰਾਸ਼ਟਰੀ ਖਿਡਾਰੀ ਤੀਰਥ ਗਾਖਲ ਦਾ ਸਨਮਾਨ ਸ. ਅਮੋਲਕ ਸਿੰਘ ਗਾਖਲ ਅਤੇ ਸਮੂਹ ਨਗਰ ਨਿਵਾਸੀਆਂ ਵਲੋਂ ਕੀਤਾ ਜਾਏਗਾ।
*ਸ. ਜੌਹਨ ਸਿੰਘ ਗਿੱਲ ਵਲੋਂ ਕਬੱਡੀ ਦੇ ਤੇਜ-ਤਰਾਰ ਖਿਡਾਰੀ ਮੇਜਰ ਸਿੰਘ ਗਾਖਲ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।
*ਕਬੱਡੀ ਦੀ ਮਹਾਨ ਖਿਡਾਰਨ ਤੇ ਨੈਸ਼ਨਲ ਗੇਮਾਂ ਵਿਚ ਗੋਲਡ ਮੈਡਲਿਸਟ ਬੀਬੀ ਜਸਪ੍ਰੀਤ ਕੌਰ, ਜੋ ਰੀੜ੍ਹ ਦੀ ਹੱਡੀ ਵਿਚ ਸੱਟ ਲੱਗਣ ਕਾਰਨ ਅਪਾਹਜ ਹੋ ਕੇ ਬੜੇ ਸੰਘਰਸ਼ ਵਿਚੋਂ ਗੁਜ਼ਰ ਰਹੀ ਹੈ, ਦੀ ਵਿਸ਼ੇਸ਼ ਤੌਰ 'ਤੇ ਮਾਇਕ ਸਹਾਇਤਾ ਨਾਲ ਹੌਂਸਲਾ ਅਫਜ਼ਾਈ ਕੀਤੀ ਜਾਏਗੀ।
*ਖੇਡਾਂ ਵਿਚ ਪਾਏ ਯੋਗਦਾਨ ਬਦਲੇ ਸ. ਗੁਰਚਰਨ ਸਿੰਘ ਸਰਾਓ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਜਾਏਗਾ।

**ਪਹੁੰਚ ਰਹੇ ਮਹਿਮਾਨ**
ਸ. ਅਮੋਲਕ ਸਿੰਘ ਜੰਮੂ
(ਸੰਪਾਦਕ ਪੰਜਾਬ ਟਾਈਮਜ਼),
ਡਾ. ਹਰਜਿੰਦਰ ਸਿੰਘ ਖਹਿਰਾ,
ਨਿੱਕ ਗਾਖਲ (ਸ਼ਿਕਾਗੋ),
ਜਗੀਰ ਸਿੰਘ ਬੈਂਸ (ਨਿਊ ਯਾਰਕ),
ਜਗੀਰ ਸਿੰਘ ਕੰਦੋਲਾ-ਕੈਨੇਡਾ

**ਮੀਡੀਆ ਸਪਾਂਸਰ**
ਪੰਜਾਬ ਟਾਈਮਜ਼
ਰੇਡੀਓ ਹਮਸਫਰ
ਰੇਡੀਓ ਗੀਤ ਸੰਗੀਤ

ਖਾਸ ਨੋਟ:ਮੇਲੇ ਦੀ ਨਿਰਪੱਖਤਾ ਲਈ ਸਾਰੇ ਅਧਿਕਾਰ ਯੂਨਾਈਟਿਡ ਕਲੱਬ ਕੋਲ ਰਾਖਵੇਂ ਹੋਣਗੇ।
ਵਿਸ਼ੇਸ਼ ਨੋਟ:ਕੋਈ ਵੀ ਲੋਕਲ ਕਲੱਬ 4 ਖਿਡਾਰੀ ਅਮਰੀਕਾ ਤੋਂ ਬਾਹਰੋਂ ਕਿਸੇ ਵੀ ਰੰਗ ਨਸਲ ਜਾਂ ਦੇਸ਼ ਤੋਂ ਪਾ ਸਕਦਾ ਹੈ।

*ਕੈਲੀਫੋਰਨੀਆ ਵਿਚ ਪਹਿਲੀ ਵਾਰ ਗੋਰਿਆਂ ਦੀ ਪੀਲ ਪੁਲਿਸ ਦੀ ਟੀਮ ਲੀਗ ਦੇ ਸਾਰੇ ਮੈਚਾਂ ਵਿਚ ਬਾਕੀ ਦੇ ਸੁਪਰ ਸਟਾਰਾਂ ਨਾਲ ਆਹਮੋ ਸਾਹਮਣੇ ਭਿੜੇਗੀ।*

# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।